# ਸਤਿਗੁਰੂ ਪਰਤਾਪ ਸਿੰਘ ਜੀ ਅਤੇ ਹੋਲੇ ਮਹੱਲੇ

ਪ੍ਰਿੰ: ਬੇਅੰਤ ਕੌਰ

# ਸਤਿਗੁਰੂ ਪਰਤਾਪ ਸਿੰਘ ਜੀ
# ਅਤੇ
# ਹੋਲੇ ਮਹੱਲੇ

# ਸਤਿਗੁਰੂ ਪਰਤਾਪ ਸਿੰਘ ਜੀ

## ਅਤੇ

# ਹੋਲੇ ਮਹੱਲੇ

ਬੇਅੰਤ ਕੌਰ
ਐਮ.ਏ. (ਅੰਗ੍ਰੇਜ਼ੀ, ਪੰਜਾਬੀ, ਸਾਹਿੱਤ ਰਤਨ ਹਿੰਦੀ) ਬੀ.ਟੀ.
ਪ੍ਰਿੰਸੀਪਲ
ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ
ਮਾਨਸਰੋਵਰ ਗਾਰਡਨ, ਨਵੀਂ ਦਿੱਲੀ ।

ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
12, ਪੰਡਤ ਪੰਤ ਮਾਰਗ, ਨਵੀਂ ਦਿੱਲੀ-110001

SATGURU PARTAP SINGH JI
ATAY HOLAY MOHALLAY
by Principal BEANT KAUR

© ਨਾਮਧਾਰੀ ਦਰਬਾਰ

ਪਹਿਲੀ ਵਾਰ : 1991 ਈ.

ਕੀਮਤ : 100.00 ਰੁਪਏ

ਕਵਰ ਡਿਜ਼ਾਈਨ : ਪਰਮਜੀਤ ਸਿੰਘ

ਪ੍ਰਕਾਸ਼ਕ :
ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
12, ਪੰਡਤ ਪੰਤ ਮਾਰਗ, ਨਵੀਂ ਦਿੱਲੀ-110001

ਛਾਪਕ :
ਜਨਤਕ ਪ੍ਰੈੱਸ
159, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006

# ਤਤਕਰਾ

| | |
|---|---|
| ਮੁਖ-ਬੰਦ | 8 |
| ਦੋ ਸ਼ਬਦ | 12 |
| ਮੁੱਢਲੇ ਸ਼ਬਦ | 13 |
| ਹੋਲੇ ਮਹੱਲੇ ਦਾ ਪਿਛੋਕੜ | 27 |
| ਸੇਵਾ ਤੇ ਸਿੱਖੀ | 37 |
| ਸ਼ਰਧਾ ਦੀ ਦਸਤਾਰ | 40 |
| ਹੋਲੇ ਵਾਲਾ ਮੇਰੀ ਬੁਕਲੇ | 40 |
| ਨਿਆਰੇ ਕੂਕੇ | 42 |
| ਸੰਤ ਫਤਹਿ ਸਿੰਘ ਜੀ | 43 |
| ਸੰਤ ਮਿਤ ਸਿੰਘ ਜੀ | 47 |
| ਬਾਬਾ ਜੈਮਲ ਸਿੰਘ ਜੀ | 47 |
| ਬੋਲ ਕਬੋਲ ਸਹਿਣਾ | 48 |
| ਸਤਿਜੁਗ ਦੀ ਸਥਾਪਨਾ | 50 |
| ਕੂਕਾ | 50 |
| ਲੰਗਰ ਹਰ ਸਮੇਂ | 51 |
| ਗਹਿਣੇ ਪੈਣਾ | 51 |
| ਨਾਮਧਾਰੀ ਦਰਬਾਰ ਦੀ ਸਥਾਪਨਾ | 52 |
| ਨੀਲੇ ਕਾਲੇ ਦੀ ਨਿਖੇਧੀ | 53 |
| ਮਸਤਾਨਾ ਝੰਡਾ ਸਿੰਘ ਜੀ | 56 |
| ਸੰਤ ਕੇਸਰ ਸਿੰਘ ਜੀ ਚਵਿੰਡਾ | 58 |
| ਮਾਈਆਂ ਤੇ ਕਿਰਪਾ | 61 |
| ਬੰਧਨ ਕਾਟੇ | 63 |
| ਸੋਧ | 63 |
| ਥਾਣੇਦਾਰ ਨੂੰ ਹੈਰਾਨੀ | 65 |
| ਸੰਤਾ ਤੇਜਾ ਸਿੰਘ ਜੀ ਸਮਸੇ ਵਾਲੇ | 68 |
| ਬੀਬੀ ਤਾਰੋ ਜੀ | 69 |
| ਹਵਨ ਵਿਚ ਸੋਨਾ | 70 |
| ਪੰਥਕ ਬੋਰਡ ਦੀ ਸਥਾਪਨਾ | 72 |

| | |
|---|---|
| ਬੀਬੀਆਂ ਨੂੰ ਸਿੱਖਿਆ | 74 |
| ਸੰਤ ਮੀਹਾਂ ਸਿੰਘ ਜੀ | 75 |
| ਰੱਬ ਰਾਖਾ | 77 |
| ਮਿਲਾਪ ਕਾਨਫਰੰਸ | 81 |
| ਹਿੰਦੂ ਸਿੱਖ ਮਿਲਾਪ ਕਾਨਫਰੰਸ | 84 |
| ਮਾਤਾ ਜੀਊਣ ਕੋਰ | 88 |
| ਵਿਸ਼ੇਸ਼ ਕ੍ਰਿਪਾ | 89 |
| ਬੀਬੀ ਧੰਨ ਕੌਰ | 92 |
| ਰਾਵੀ ਪਾਰ ਹੋ ਜਾਉ | 95 |
| ਸੁਚਾਰੂ ਢੰਗ | 96 |
| ਧੰਨ ਸਤਿਗੁਰੂ ਪਰਤਾਪ ਸਿੰਘ ਜੀ | 98 |
| ਸ਼ੁਧ ਪਾਠ | 112 |
| ਗੁਰੂ ਬਿਨ ਘੋਰ ਅੰਧਾਰ | 117 |
| ਆਪਸੀ ਫੁਟ | 119 |
| ਗਊ ਹੱਤਿਆ | 123 |
| ਦੁਨੀਆ ਵਿਚ ਨਾ ਰਲੋ | 126 |
| ਸਿੱਖੀ | 128 |
| ਸ਼ਾਂਤੀ ਕਿਵੇਂ ? | 130 |
| ਪਵਿੱਤ੍ਰ ਉਪਦੇਸ਼ | 134 |
| ਗਰੀਬਾਂ ਦੀ ਭਲਾਈ | 149 |
| ਇਹੋ ਮਹੱਲਾ ਹੋਲੇ ਖੇਲੇ | 155 |


ਪੁਸਤਕਾਂ ਤੇ ਪਤ੍ਰਿਕਾਵਾਂ 'ਚੋਂ' ਧੰਨਵਾਦ ਸਹਿਤ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ (1890-1959)



ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਕੇ ਅਤਾਪੀ ਨਾਥ
ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ ।

(ਅਕਾਲ ਉਸਤਤ, ਦਸਮ ਗ੍ਰੰਥ ਸਾਹਿਬ ਪੰਨਾ ੩੮)

## ਬੇਮੁਖ

ਜੇ ਅਪਨੇ ਗੁਰ ਤੇ ਮੁਖ ਫਿਰਹੈ ॥
ਈਹਾਂ ਊਹਾਂ ਤਿਨਕੇ ਗ੍ਰਿਹ ਗਿਰ ਹੈ ॥
ਇਹਾਂ ਉਪਹਾਸ ਨ ਸੁਰਪੁਰ ਬਾਸਾ ॥
ਸਭ ਬਾਤਨ ਤੇ ਰਹੈ ਨਿਰਾਸਾ ॥੫॥
ਦੂਖ ਭੂਖ ਤਿਨ ਕੋ ਰਹੈ ਲਾਗੀ ॥
ਸੰਤ ਸੇਵ ਤੇ ਜੋ ਹੈ ਤਿਆਗੀ ॥
ਜਗਤ ਬਿਖੈ ਕੋਈ ਕਾਮ ਨ ਸਰਹੀ ॥
ਅੰਤਹਿ ਕੁੰਡ ਨਰਕ ਕੀ ਪਰਹੀ ॥੬॥
ਤਿਨ ਕੋ ਸਦਾ ਜਗਤ ਉਪਹਾਸਾ ॥
ਅੰਤਹਿ ਕੁੰਡ ਨਰਕ ਕੀ ਬਾਸਾ ॥
ਗੁਰ ਪਗ ਤੇ ਜੇ ਬੇਮੁਖ ਸਿਧਾਰੇ ॥
ਈਹਾਂ ਊਹਾਂ ਤਿਨਕੇ ਮੁਖ ਕਾਰੇ ॥੭॥
ਪੁਤ੍ਰ ਪਉਤ੍ਰ ਤਿਨਕੇ ਨਹੀ ਫਰੈ ॥
ਦੁਖ ਦੈ ਮਾਤ ਪਿਤਾ ਕੋ ਮਰੈ ॥
ਗੁਰ ਦੋਖੀ ਸਗ ਕੀ ਮ੍ਰਿਤ ਪਾਵੈ ॥
ਨਰਕ ਕੁੰਡ ਡਾਰੇ ਪਛੁਤਾਵੈ ॥੮॥...

## ਸਨਮੁਖ

ਜੇ ਜੇ ਗੁਰ ਚਰਨਨ ਰਤ ਹ੍ਵੈ ਹੈ ॥
ਤਿਨ ਕੋ ਕਸਟਿ ਨ ਦੇਖਨ ਪੈਹੈਂ ॥
ਰਿੱਧ ਸਿੱਧ ਤਿਨ ਕੇ ਗ੍ਰਿਹ ਮਾਹੀਂ ॥
ਪਾਪ ਤਾਪ ਛ੍ਵੈ ਸਕੈ ਨ ਛਾਹੀਂ ॥੧੪॥
ਤਿਹ ਮਲੇਛ ਛ੍ਵੈਹੈ ਨਹੀ ਛਾਹਾਂ ॥
ਅਸਟ ਸਿੱਧ ਹ੍ਵੈਹੈ ਘਰਿ ਮਾਹਾਂ ॥
ਹਾਸ ਕਰਤ ਜੋ ਉਦਮ ਉਠੈ ਹੈ ॥
ਨਵੋਨਿਧਿ ਤਿਨ ਕੇ ਘਰਿ ਐਹੈ ॥੧੫॥...

(ਬਚਿਤ੍ਰ ਨਾਟਕ ਦਸਮ ਗ੍ਰੰਥ ਸਾਹਿਬ, ਪੰਨਾ ੭੧, ੭੨)

# ਮੁਖ-ਬੰਦ

ਸਤਿਗੁਰੂ ਅਤੇ ਸਿੱਖ ਦਾ ਸੰਬੰਧ ਮਨੁੱਖਤਾ ਦੀ ਹੋਂਦ ਜਿੰਨਾ ਹੀ ਪੁਰਾਣਾ ਹੈ। ਅਕਾਲ ਪੁਰਖ ਦੀ ਰਚੀ ਸ੍ਰਿਸ਼ਟੀ ਤੇ ਸ਼ਕਤੀਆਂ ਵਿਚੋਂ, ਮਨੁੱਖ ਨੇ ਆਪਣੇ ਸੁਖ ਦੇ ਸਾਧਨ ਪੈਦਾ ਕੀਤੇ ਹਨ, ਜਿਸ ਕਰਕੇ ਉਸ ਦੇ ਅੰਤਹਕਰਨ ਵਿਚ ਹਉਮੈ ਨੇ ਵੀ ਪੈਰ ਪਸਾਰ ਲਏ ਹਨ। ਉਸ ਦੇ ਇਸ ਹੰਕਾਰ ਦੀ ਨਵਿਰਤੀ ਲਈ ਸਤਿਗੁਰੂ ਹੀ ਸਹਾਈ ਹੁੰਦਾ ਹੈ। ਕਰਤਾ ਦੀ ਸਰਵਸ੍ਰੇਸ਼ਟਤਾ ਅਤੇ ਸਰਵਉੱਚਤਾ ਦਾ ਗਿਆਨ ਦੇਣ ਲਈ ਤੇ ਉਸ ਦਾ ਜੱਸ ਗਾਉਣ ਦੀ ਜੁਗਤ ਦੱਸਣ ਲਈ ਵੀ ਸਤਿਗੁਰੂ ਹੀ ਸਿੱਖ ਦੀ ਅਗਵਾਹੀ ਕਰਦਾ ਹੈ।

ਕਲਿਜੁਗ ਵਿਚ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਾਨਵਤਾ ਨੂੰ ਰੂਹਾਨੀ ਸਿੱਖਿਆ ਦੇ ਕੇ ਅਕਾਲ ਪੁਰਖ ਨਾਲ ਜੋੜਿਆ ਅਤੇ ਆਪ ਨੇ ਸਿੱਖਾਂ ਨੂੰ ਸਮਾਜਕ, ਭਾਈਚਾਰਕ ਸੰਸਾਰਕ ਜ਼ੁੰਮੇਵਾਰੀਆਂ ਨਿਭਾਉਣ ਦੇ ਨਾਲ ਨਾਲ ਅਕਾਲ ਪੁਰਖ ਦਾ ਸਿਮਰਨ ਕਰਕੇ ਲੋਕ-ਪ੍ਰਲੋਕ ਸਵਾਰਨ ਦੀ ਜਾਚ ਦੱਸੀ।

ਸਤਿਗੁਰੂ ਅਰਜਨ ਦੇਵ ਜੀ ਨੇ ਸਿੱਖੀ ਸਿਧਾਂਤ ਤੇ ਗੁਰ ਮਰਯਾਦਾ ਨੂੰ, ਅਕਾਲ ਪੁਰਖ ਦੇ ਸਿਮਰਨ, ਗਿਆਨ ਤੇ ਭਗਤੀ ਦੀ ਭਾਵਨਾ ਅਤੇ ਸੰਸਾਰ ਦੀ ਨਾਸ਼ਮਾਨਤਾ ਤੇ ਅਧਿਆਤਮਵਾਦੀ ਵਿਚਾਰਾ ਸੰਬੰਧੀ ਸੰਤਾਂ, ਭਗਤਾਂ ਅਤੇ ਪੂਰਵ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਇਕੱਤਰ ਕਰਕੇ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਆਉਣ ਵਾਲੇ ਸਮੇਂ ਵਿਚ ਗੁਰੂ ਸਾਹਿਬਾਨ ਨੇ ਇਸ ਨੂੰ ਪ੍ਰਵਾਨ ਕੀਤਾ ਅਤੇ ਸਿੱਖਾਂ ਨੂੰ ਇਸ ਦਾ ਪਾਠ ਕਰ ਤੇ ਸੁਣ ਕੇ ਗੁਰਮਤ ਅਨੁਸਾਰ ਚਲਣ ਦਾ ਉਪਦੇਸ਼ ਦਿੱਤਾ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਦੇ ਨਾਲ ਸ਼ਕਤੀ ਦਾ ਵੀ ਸੁਮੇਲ ਕੀਤਾ ਅਤੇ ਭਾਰਤਵਾਸੀਆਂ ਨੂੰ ਅਣਖ ਨਾਲ ਜਿਉਣ ਦੀ ਜਾਚ ਦਸੀ। ਆਪ ਨੇ ਆਪਣੀ ਅਮੀਰ ਸਨਾਤਨੀ ਪ੍ਰੰਪਰਾ ਨੂੰ ਕਾਵਿ ਬਧ ਕਰਕ ਦਸਮ ਗ੍ਰੰਥ ਦੀ ਰਚਨਾ ਕੀਤੀ। ਆਪ ਨੇ ਹੋਲੇ-ਮਹੱਲੇ ਖੇਡਣ ਦੀ ਰੀਤ ਤੋਰੀ। ਹੋਲੇ-ਮਹੱਲੇ ਸਮੇਂ ਸੂਰਬੀਰਾਂ ਦੇ ਕਰਤਬ ਪ੍ਰਗਟ ਹੁੰਦੇ ਸਨ। ਆਪ ਦੀ ਛਤ੍ਰ ਛਾਂ ਵਿਚ ਸਿੱਖ ਦਲੇਰ ਹੋਣ ਲੱਗੇ ਅਤੇ ਜ਼ੁਲਮ ਜਬਰ ਨਾਲ ਟੱਕਰ ਲੈਣ ਯੋਗ ਹੋ ਗਏ।

ਮੁਗਲ ਰਾਜ ਦਾ ਢਹਿੰਦੀ ਕਲਾ ਵੱਲ ਜਾਣ ਦਾ ਲਾਭ ਈਸਟ ਇੰਡੀਆ ਕੰਪਨੀ ਨੇ ਉਠਾਇਆ। ਉਹਨਾਂ ਹਿੰਦੁਸਤਾਨੀ ਰਾਜਿਆਂ ਨੂੰ ਲਾਲਚ ਦੇ ਕੇ ਤੇ ਇਕ ਦੂਜੇ ਵਿਰੁੱਧ ਭੜਕਾ ਕੇ ਲੜਾ ਕੇ ਮਰਵਾਇਆ। ਹਿੰਦੁਸਤਾਨੀਆਂ ਨੂੰ ਫਰੇਬ ਨਾਲ ਇਸਾਈ

ਬਣਾਉਣਾ ਸ਼ੁਰੂ ਕੀਤਾ, ਤੇ ਸਾਰਾ ਭਾਰਤ ਅਧੀਨ ਕਰਕੇ ਬਰਤਾਨਵੀ ਸਾਮਰਾਜ ਨੂੰ ਸੌਂਪ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਬਰਤਾਨਵੀ ਸ਼ਾਸਕਾਂ ਦੀ ਚਾਲ ਵਿਰੁੱਧ ਪੰਜਾਬ ਵਿਚੋਂ ਸਿੱਖਾਂ ਨੂੰ ਇਕ ਝੰਡੇ ਥੱਲੇ ਇਕੱਠਿਆਂ ਕੀਤਾ। ਉਹਨਾਂ ਨੂੰ ਆਪਣਾ ਮੂਲ ਪਛਾਣ ਕੇ ਰੂਹਾਨੀ ਸ਼ਕਤੀ ਕਾਇਮ ਕਰਨ ਲਈ ਤਿਆਰ ਕੀਤਾ। ਸੁੱਚ, ਸੋਧ, ਨਾਮਬਾਣੀ ਰਾਹੀਂ ਗੁਰੂ ਨਾਨਕ ਦੇ ਵਿਰਸੇ ਨਾਲ ਜੋੜਿਆ। ਬਰਤਾਨਵੀ ਵਸਤਾਂ, ਡਾਕ ਪ੍ਰਬੰਧ, ਕਾਨੂੰਨ ਵਿਦਿਅਕ ਸੰਸਥਾਵਾਂ ਦਾ ਪੂਰਨ ਬਾਈਕਾਟ ਕਰਵਾਇਆ। ਗਊ ਗ਼ਰੀਬ ਦੀ ਰੱਖਿਆ ਸ਼ੁਰੂ ਹੋਈ। ਆਪ ਦੇ ਡੇਢ ਦਹਾਕੇ ਦੇ ਪ੍ਰਚਾਰ ਨੇ, ਲੱਗਭਗ 10 ਲੱਖ ਸਿੱਖਾਂ ਨੂੰ ਆਪਣੀ ਮਾਣ ਮਰਯਾਦਾ ਵਿਚ ਅਣਖ ਨਾਲ ਜਿਉਣ ਦੀ ਜਾਚ ਦੱਸੀ। ਇਸ ਨਾਲ ਬਰਤਾਨਵੀ ਹਾਕਮਾਂ ਦੀ ਨੀਂਦ ਹਰਾਮ ਹੋ ਗਈ। ਸਰਕਾਰ ਐਨੀ ਘਬਰਾਈ ਕਿ ਉਸ ਨੇ ਆਪਣੇ ਕਾਨੂੰਨ ਨੂੰ ਵੀ ਛਿੱਕੇ ਉਤੇ ਟੰਗ ਦਿੱਤਾ ਅਤੇ ਬਿਨਾ ਕੋਈ ਮੁਕੱਦਮਾ ਚਲਾਇਆਂ ਤੇ ਦੋਸ਼ ਸਾਬਤ ਕੀਤਿਆਂ, ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰਾਂ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਅਤੇ ਆਪ ਨੂੰ ਮੁੱਖੀ ਸੂਬਿਆਂ ਸਮੇਤ ਜਲਾਵਤਨ ਕਰ ਦਿੱਤਾ। ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ (ਪੰਜਾਬ) ਦੀ ਡਿਉਢੀ ਅੱਗੇ ਪੁਲਿਸ ਚੌਕੀ ਬਿਠਾਲ ਦਿੱਤੀ। ਪੰਜ ਨਾਮਧਾਰੀ ਸਿੱਖਾਂ ਦੇ ਇਕੱਠੇ ਹੋਣ ਨੂੰ ਵੀ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। ਉਹਨਾਂ ਉਤੇ ਬੇਹੱਦ ਸਖਤੀਆਂ ਤੇ ਜ਼ੁਲਮ ਕੀਤੇ ਜਾਣ ਲੱਗੇ। ਇਥੋਂ ਤਕ ਕਿ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਬਦਲੇ ਵੀ ਸਰਕਾਰ ਕੈਦ ਕਰਦੀ ਅਤੇ ਜੁਰਮਾਨੇ ਲਾਉਂਦੀ।

ਸਤਿਗੁਰੂ ਹਰੀ ਸਿੰਘ ਦੇ ਗ੍ਰਹਿ ਵਿਖੇ, ਮਾਤਾ ਜੀਵਣ ਕੌਰ ਦੀ ਕੁੱਖੋਂ, ਚੇਤ ਵਦੀ ਤੀਜ, ਸੰਮਤ 1946 ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਵਤਾਰ ਧਾਰਿਆ। ਸਤਿਗੁਰੂ ਹਰੀ ਸਿੰਘ ਜੀ ਦੇ 1906 ਈ. ਨੂੰ ਜੋਤੀ ਜੋਤ ਸਮਾ ਜਾਣ ਕਾਰਣ ਕਿਸ਼ੋਰ ਅਵਸਥਾ ਵਿਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਗੱਦੀ ਨਸ਼ੀਨ ਹੋਏ। ਆਪ ਨੇ ਤਪੱਸਿਆ ਕੀਤੀ ਅਤੇ ਚਾਰੇ ਚੱਕ ਤਾਰਨ ਲਈ ਪ੍ਰੋਗਰਾਮ ਤਿਆਰ ਕੀਤੇ। ਇਸ ਸਮੇਂ ਰਾਜ-ਭਗਤ ਸਿੱਖ ਆਗੂ ਅੰਗਰੇਜ਼ ਪ੍ਰਤੀ ਵਫ਼ਾਦਾਰੀ ਦਾ ਸਬੂਤ ਦੇਣ ਲਈ ਧਰਮ ਸਥਾਨਾਂ ਉਤੇ ਵੀ "ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ" ਗਾਉਂਦੇ ਸਨ। ਧਰਮ-ਸਥਾਨਾਂ ਉਤੇ ਧਾਰਮਕ ਕਾਰਜਾਂ ਦੀ ਥਾਂ ਐਸ਼ ਪ੍ਰਸਤੀ ਪ੍ਰਧਾਨ ਸੀ ਸਰਬਰਾਹ ਤੇ ਮਹੰਤ ਪੂਜਾ ਦਾ ਧੰਨ ਸਿੱਖੀ ਪ੍ਰਚਾਰ ਪ੍ਰਸਾਰ ਲਈ ਨਹੀਂ ਸਨ ਵਰਤਦੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਿੱਖਾਂ ਨੂੰ ਆਪਣੀਆਂ ਰਹੁ ਰੀਤਾਂ, ਸਿੱਖੀ ਰਹਿਤ ਮਰਯਾਦਾ ਦੇ ਅਮੀਰ ਪਿਛੋਕੜ ਨਾਲ ਜੋੜਨ ਲਈ ਦੌਰੇ ਕੀਤੇ। ਨਾਮਧਾਰੀ ਸਿੱਖਾਂ ਨੂੰ ਨਾਮ ਸਿਮਰਨ, ਸ਼ਬਦ ਕੀਰਤਨ, ਪੂਜਾ ਪਾਠ ਵਲ ਪ੍ਰੇਰਿਆ।

20 ਅਕਤੂਬਰ 1909 ਈ. ਤਕ ਕੋਈ ਸਿੱਖੀ ਅਨੰਦ ਮਰਯਾਦਾ ਨਹੀਂ ਸੀ। ਸਤਿਗੁਰੂ ਜੀ ਨੇ ਵਾਇਸਰਾਇ ਦੀ ਕੌਂਸਲ ਨੂੰ ਦੱਸਿਆ ਕਿ ਸਿਖ 1863 ਈ: ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਦੀ ਦਸੀ ਮਰਯਾਦਾ ਅਨੁਸਾਰ ਅਨੰਦ ਕਾਰਜ ਕਰਦੇ ਆ ਰਹੇ ਹਨ। ਇਸੇ ਨੂੰ ਆਧਾਰ ਮੰਨ ਕੇ ਕੌਂਸਲ ਨੇ ਅਨੰਦ ਮੈਰਿਜ ਐਕਟ ਪਾਸ ਕੀਤਾ।

1939 ਈ: ਵਿਚ ਸ੍ਰੀ ਭੈਣੀ ਸਾਹਿਬ ਵਿਖੇ ਵਰਨੀਆਂ ਦਾ ਪ੍ਰਯੋਗ ਕੀਤਾ ਗਿਆ। ਉਸ ਸਮੇਂ ਹੋਏ ਵੱਖ ਵੱਖ ਬਾਣੀਆਂ ਦੇ ਪਾਠਾਂ ਦੀ ਗਿਣਤੀ ਕੀਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ 525000 ਚੰਡੀ ਦੀ ਵਾਰ ਦੇ, 3000 ਜਪੁਜੀ ਸਾਹਿਬ, 4000 ਜਾਪ ਸਾਹਿਬ, 4500 ਉਗ੍ਰਦੰਤੀ, 125 ਅਕਾਲ ਉਸਤਤ ਅਤੇ 125 ਹੀ ਚੰਡੀ ਚਰਿਤ੍ਰ (ਦੂਜੇ) ਦੇ ਪਾਠ ਕੀਤੇ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਦੇ 10,000 ਅਖੰਡ ਪਾਠ ਤੇ 6,00,000 ਸਾਧਾਰਨ ਪਾਠ ਕਰਵਾਏ। ਸ੍ਰੀ ਦਸਮ ਗ੍ਰੰਥ ਸਾਹਿਬ ਦੇ ਹਜ਼ਾਰਾਂ ਦੀ ਗਿਣਤੀ ਵਿਚ ਅਖੰਡ ਪਾਠ ਤੇ ਸਾਧਾਰਨ ਪਾਠਾਂ ਦੇ ਭੋਗ ਪਵਾਏ।

ਭਾਰਤ ਦੇ ਸੁਤੰਤਰਤਾ ਸੰਗਰਮ ਦਾ ਮੁੱਢ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਬੱਧਾ ਸੀ। ਉਸੇ ਨਾਮਿਲਵਰਤਨ ਦੇ ਅਸੂਲਾਂ ਨੂੰ ਕਾਂਗਰਸ ਨੇ ਅਪਨਾ ਲਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਉਨ੍ਹਾਂ ਅਸੂਲਾਂ ਤੇ ਚਲਣ ਵਾਲੀ ਪਾਰਟੀ ਨੂੰ ਪੂਰਨ ਸਹਿਯੋਗ ਦਿੱਤਾ।

ਭਾਰਤੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਇਕ ਝੰਡੇ ਹੇਠ ਲਿਆਉਣ ਅਤੇ ਮਿਲਵਰਤਣ ਪੈਦਾ ਕਰਨ ਲਈ ਆਪ ਨੇ ਸਟੇਟ ਪੀਪਲਜ਼ ਕਾਨਫਰੰਸ, ਹਿੰਦੂ ਸਿੱਖ ਮਿਲਾਪ ਕਾਨਫਰੰਸ, ਗੁਰੂ ਨਾਨਕ ਸਰਬ ਸੰਪਰਦਾ ਕਾਨਫਰੰਸ, ਸਰਬ ਹਿੰਦ ਪੰਜਾਬੀ ਕਾਨਫਰੰਸ ਕਰਵਾ ਕੇ ਇਕ ਦੂਜੇ ਪ੍ਰਤੀ ਸਦਭਾਵਨਾ ਪੈਦਾ ਕੀਤੀ।

ਆਪ ਨੇ ਭੂਮੀਹੀਣਾਂ ਨੂੰ 2000 ਏਕੜ ਜ਼ਮੀਨ ਵੰਡੀ, ਖੂਹ ਲੁਆ ਕੇ ਦਿੱਤੇ ਤੇ ਕਿਰਤ ਕਰਨ ਜੋਗੇ ਕੀਤੇ। ਆਪ ਨਿਓਟਿਆਂ ਦੀ ਓਟ ਨਿਆਸਰਿਆਂ ਦਾ ਆਸਰੇ ਬਣੇ।

ਸਤਿਗੁਰੂ ਪਰਤਾਪ ਸਿੰਘ ਜੀ ਸਿੱਖਾਂ ਨੂੰ ਸਾਲ ਵਿਚ ਇਕ ਵਾਰ ਇਕ ਥਾਂ ਇਕੱਠਾ ਕਰਦੇ ਸੀ। ਇਹ ਇਕੱਠ ਮਿੱਠੇ ਜਿਹੇ ਮੌਸਮ ਵਿਚ ਹੋਲੇ ਸਮੇਂ ਕੀਤਾ ਜਾਂਦਾ ਸੀ ਜਿਸ ਇਲਾਕੇ ਵਿਚ ਹੋਲਾ ਹੁੰਦਾ ਉਸ ਇਲਾਕੇ ਦੇ ਲੋਕ ਆਪਣੇ ਧੰਨ ਭਾਗ ਸਮਝਦੇ। ਉਹ ਰੱਜ ਕੇ ਹਰ ਵਸਤ ਦੇਂਦੇ ਅਤੇ ਸਾਧ-ਸੰਗਤ ਦੀ ਸੇਵਾ ਕਰਦੇ। ਇਹਨਾਂ ਦੀਵਾਨਾਂ ਵਿਚ ਪੜ੍ਹੇ ਜਾਂਦੇ ਸ਼ਬਦ ਮਸਤਾਨਿਆਂ ਨੂੰ ਮੁਗਧ ਕਰ ਦੇਂਦੇ ਸਨ। ਉਹ ਹਾਲੋਂ ਬੇਹਾਲ ਹੋਏ ਕੂਕਦੇ। ਸਿੰਘ ਸਭਾਈ, ਸਹਿਜਧਾਰੀ, ਨਿਰਮਲੇ, ਉਦਾਸੀ, ਅੱਡਨਸ਼ਾਹੀ, ਸੇਵਾ ਪੰਥੀ, ਵੱਡੀ ਗਿਣਤੀ ਵਿਚ ਹੋਲੇ ਦੇ ਦਿਵਾਨਾਂ ਨੂੰ ਸੁਣਨ ਲਈ ਹੁੰਮ-ਹੁੰਮਾ ਕੇ ਆਉਂਦੇ। ਬਹੁਤੇ ਤਾਂ ਨਾਮਧਾਰੀ ਹੀ ਬਣ ਜਾਂਦੇ। ਹੋਲਾ ਸਾਂਝੀਵਾਲਤਾ ਦਾ ਜਿਉਂਦਾ ਜਾਗਦਾ ਰੂਪ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਨੇ 54 ਹੋਲੇ ਕੀਤੇ। ਇਹਨਾਂ ਹੋਲਿਆਂ ਦੀ ਮਹੱਤਤਾ ਬੀਬੀ ਬੇਅੰਤ ਕੌਰ ਦੀ ਇਸ ਪੁਸਤਕ ਨੂੰ ਪੜ੍ਹ ਕੇ ਹੋਰ ਵੀ ਸੌਖੀ ਸਮਝ ਆ ਜਾਂਦੀ ਹੈ। ਇਹਨਾਂ ਨੇ ਹਰ ਹੋਲੇ ਬਾਰੇ ਲੋੜੀਂਦੀ ਜਾਣਕਾਰੀ ਬੜੀ ਮਿਹਨਤ ਕਰਕੇ ਇਕੱਤਰ ਕੀਤੀ ਹੈ। ਕੁਝ ਦੁਰਲਭ ਤਸਵੀਰਾਂ ਵੀ ਇਕੱਤਰ ਕੀਤੀਆਂ ਹਨ, ਹੋਲਿਆਂ ਸਮੇਂ ਹੋਏ ਚਮਤਕਾਰਾਂ ਦਾ ਵੇਰਵਾ ਵੀ ਦਿੱਤਾ ਹੈ। ਇਹ ਸ਼ਰਧਾਵਾਨਾਂ ਅਤੇ ਵਿਦਵਾਨਾਂ ਲਈ ਇਕ ਵੱਡਮੁੱਲੀ ਪੁਸਤਕ ਹੈ।

ਬੀਬੀ ਬੇਅੰਤ ਕੌਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ, ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ, ਮਾਨਸਰੋਵਰ ਗਾਰਡਨ, ਨਵੀਂ ਦਿੱਲੀ, ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾ ਰਹੇ ਹਨ। ਇਹ ਸਕੂਲ ਜਿਥੇ ਇਕ ਪਾਸੇ ਨਾਮਧਾਰੀ ਪਹਿਰਾਵੇ 'ਤੇ ਰਹਿਤ ਮਰਯਾਦਾ ਦਾ ਨਮੂਨਾ ਹੈ ਉਥੇ ਪ੍ਰਤੀਯੋਗਤਾਵਾਂ ਵਿਚ ਚੰਗੇ ਇਨਾਮ ਜਿੱਤ ਕੇ, ਚੰਗੇ ਨਤੀਜੇ ਵਿਖਾ ਕੇ, ਦੂਸਰੇ ਸਕੂਲਾਂ ਦੇ ਮੁਕਾਬਲੇ ਆਪਣੀ ਪਛਾਣ ਯੋਗ ਥਾਂ ਬਣਾ ਰਿਹਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਕਾਰਜ ਕਰ ਰਹੀ, ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ, ਨਵੀਂ ਦਿੱਲੀ, ਨੂੰ ਇਹ ਪੁਸਤਕ ਪ੍ਰਕਾਸ਼ਤ ਕਰਕੇ ਸਾਧ-ਸੰਗਤ ਤਕ ਪਹੁੰਚਾਣ ਵਿਚ ਬੜੀ ਪ੍ਰਸੰਨਤਾ ਹੋ ਰਹੀ ਹੈ। ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਨਵੀਂ ਦਿੱਲੀ ਅਫਰੀਕਾ ਦੀ ਸਾਧ-ਸੰਗਤ ਦਾ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਮਾਇਕ ਸਹਾਇਤਾ ਦਿੱਤੀ ਹੈ। ਸਾਨੂੰ ਭਰੋਸਾ ਹੈ ਕਿ ਸਾਧ-ਸੰਗਤ ਇਸ ਪੁਸਤਕ ਦਾ ਭਰਪੂਰ ਸੁਆਗਤ ਕਰੇਗੀ।

ਨਿਮਾਣੀ ਇਕਾਦਸੀ
੧ ਹਾੜ ੨੦੪੭
22 ਜੂਨ 1991

—**ਹਰਵਿੰਦਰ ਸਿੰਘ ਹੰਸਪਾਲ** ਐਮ. ਪੀ.
ਪ੍ਰਧਾਨ
ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ,
ਨਵੀਂ ਦਿੱਲੀ।

# ਦੋ ਸ਼ਬਦ

ਆਪਣੇ ਪੂਜਯ ਪਿਆਰੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ-ਕੋਟ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀ ਅਪਾਰ ਕ੍ਰਿਪਾ ਸਦਕਾ, 'ਸਤਿਗੁਰੂ ਪਰਤਾਪ ਸਿੰਘ ਜੀ ਤੇ ਹੋਲੇ ਮਹੱਲੇ' ਪੁਸਤਕ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਬਹੁ-ਪੱਖੀ, ਸਰਬ ਗੁਣ ਸੰਪੰਨ, ਪ੍ਰਤਿਭਾਸ਼ਾਲੀ, ਵਿਅਕਤਿਤਵ ਦਾ ਇਕ ਅਸ਼ਕਾਲੀਨ ਭਾਗ ਪ੍ਰਗਟ ਕਰਨ ਦਾ ਉਪਰਾਲਾ ਕੀਤਾ ਹੈ। ਸਮੁੱਚਾ ਨਾਮਧਾਰੀ ਜਗਤ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਤਿ ਕ੍ਰਿਤਗੱਯ ਹੈ, ਕਿਉਂਕਿ ਕੀ ਖੇਡਾਂ, ਕੀ ਵਿਦਿਆ, ਕੀ ਇਤਿਹਾਸ, ਕੀ ਮੰਦਿਰਾਂ ਦਾ ਨਿਰਮਾਣ, ਕੀ ਸੰਗੀਤ, ਕੀ ਸਾਹਿੱਤਕ ਸਿਰਜਣਾ, ਸਭਿਆਚਾਰਕ, ਨੈਤਿਕ, ਆਰਥਿਕ, ਰਾਜਨੀਤਿਕ, ਸਮਾਜਿਕ ਖੇਤਰ ਵਿਚ ਆਪ ਜੀ ਦੇ ਸੇਵਕਾਂ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਵਿਸ਼ੇਸ਼ ਉਪਲੱਬਧੀਆਂ ਪ੍ਰਾਪਤ ਕੀਤੀਆਂ ਹਨ।

ਸਰਦਾਰ ਹਰਵਿੰਦਰ ਸਿੰਘ ਜੀ ਹੰਸਪਾਲ, ਮੈਂਬਰ ਪਾਰਲੀਮੈਂਟ ਦੀ ਧੰਨਵਾਦੀ ਹਾਂ, ਜਿਨ੍ਹਾਂ ਨੂੰ ਨਾਮਧਾਰੀ ਸਾਹਿੱਤਕ ਸਿਰਜਣਾ ਕਰਾਉਣ ਦੀ ਰੁੱਚੀ ਹੈ। ਉਨ੍ਹਾਂ ਦੀ ਅਣੱਥਕ ਮਿਹਨਤ ਤੇ ਲਗਨ ਸਦਕਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਵਤਾਰ ਸ਼ਤਾਬਦੀ ਦੇ ਸ਼ੁਭ ਅਵਸਰ ਤੇ ਨਾਮਧਾਰੀ ਸਾਹਿਤ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਸ਼ਖਸੀਅਤ ਤੇ ਅਧਾਰਿਤ ਕਈ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਮੈਂ ਵੀ ਉਸੇ ਪ੍ਰੇਰਨਾ ਸਦਕਾ ਇਹ ਪੁਸਤਕ ਪਾਠਕਾਂ ਦੀ ਭੇਟ ਕਰ ਰਹੀ ਹਾਂ।

ਮੈਂ ਆਪਣੇ ਪਤੀ ਸ: ਸੰਤ ਸਿੰਘ ਜੀ, ਜਨਰਲ ਮੈਨੇਜਰ ਭਾਰਤ ਹੈਵੀ ਇਲੈਕਟ-ਰੀਕਲ ਦੀ ਅਤਿ ਰਿਣੀ ਹਾਂ ਜਿਹੜੇ ਹਮੇਸ਼ਾਂ ਮੈਨੂੰ ਲਿਖਣ ਲਈ ਉਤਸਾਹਿਤ ਕਰਦੇ ਰਹਿੰਦੇ ਹਨ ਅਤੇ ਮੇਰੀਆਂ ਲਿਖਤਾਂ ਦੇ ਹਰੇਕ ਸ਼ਬਦ, ਭਾਵ ਨੂੰ ਬੜੇ ਗਹੁ ਨਾਲ ਸੁਣਦੇ ਹਨ, ਤੇ ਸਮੇਂ ਸਮੇਂ ਸਿਰ ਆਪਣੀਆਂ ਵਡਮੁੱਲੀਆਂ ਰਾਵਾਂ ਦਿੰਦੇ ਹਨ।

ਸ: ਜਸਵਿੰਦਰ ਸਿੰਘ ਜੀ, ਰਿਸਰਚ ਸਕਾਲਰ ਧੰਨਵਾਦ ਦੇ ਪਾਤਰ ਹਨ, ਕਿਉਂਕਿ ਜਦੋਂ ਕਦੇ ਮਿਲਦੇ ਹਨ, ਲਿਖਣ ਲਈ ਪ੍ਰੇਰਿਤ ਕਰਦੇ ਹਨ। ਸ: ਤਾਰਾ ਸਿੰਘ ਅਨਜਾਣ ਨੇ ਇਸ ਖਰੜੇ ਨੂੰ ਪੜ੍ਹਿਆ ਤੇ ਆਪਣੇ ਸੁਝਾਅ ਦਿੱਤੇ। ਠੇਕੇਦਾਰ ਸ: ਸੁਲੱਖਣ ਸਿੰਘ ਜੀ ਭੱਟੀ ਪੁਸਤਕ ਦੇ ਪਰੂਫਾਂ ਨੂੰ ਛਾਪਕ ਤੋਂ ਲਿਖਾਰੀ ਤਕ ਪਹੁੰਚਾਣ ਤੇ ਵਾਪਿਸ ਲਿਜਾਣ ਦੀ ਅਣਥੱਕ ਸੇਵਾ ਪ੍ਰਸ਼ੰਸਣੀਯ ਹੈ।

ਅੰਤ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਨੂਰਾਨੀ, ਤੇਜੱਸਵੀ, ਚੁੰਬਕਮਈ ਮੂਰਤ ਨੂੰ ਕੋਟਾਨ-ਕੋਟ ਨਮਸਕਾਰ ਜਿਨ੍ਹਾਂ ਦੇ ਵੱਡਮੁੱਲੇ ਦਰਸ਼ਨਾਂ ਦੀ ਦਾਤ ਦਾ ਸ਼ੁਭ ਅਵਸਰ ਮੈਨੂੰ ਆਪਣੇ ਪੂਜਯ ਪਿਤਾ ਸੂਬਾ ਗੰਡਾ ਸਿੰਘ ਜੀ ਦੀ ਕ੍ਰਿਪਾ ਸਦਕਾ ਪ੍ਰਾਪਤ ਹੋਇਆ।

**—ਬੇਅੰਤ ਕੌਰ**

# ਮੁੱਢਲੇ ਸ਼ਬਦ

ਇਤਿਹਾਸ ਦੇ ਪੰਨੇ ਫਰੋਲਣ ਤੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜਦੋਂ ਵੀ ਅਧਰਮ, ਜ਼ਬਰ, ਜ਼ੁਲਮ, ਅਤਿਆਚਾਰ, ਅਨਿਆਂ ਚਰਮ ਸੀਮਾ ਤੇ ਪਹੁੰਚਿਆ, ਉਦੋਂ ਉਦੋਂ ਅਕਾਲ ਪੁਰਖ ਨੂੰ ਦੁਸ਼ਟਾਂ ਦਾ ਸੰਹਾਰ ਕਰਨ ਲਈ, ਸੰਤਾਂ ਨੂੰ ਉਬਾਰਨ ਲਈ, ਸੰਸਾਰਿਕ ਜੀਵਾਂ ਨੂੰ ਦੁਰਗਤੀ ਤੋਂ ਬਚਾਅ ਕੇ ਸਦਗਤੀ ਪ੍ਰਦਾਨ ਕਰਨ ਲਈ, ਮਨੁੱਖੀ ਜਾਮਾ ਪਹਿਨਣਾ ਪਿਆ। ਭਗਵਾਨ ਸ੍ਰੀ ਕ੍ਰਿਸ਼ਨ ਜੀ ਗੀਤਾ ਵਿਚ ਅਰਜਨ ਨੂੰ ਇਹ ਉਪਦੇਸ਼ ਦਿੰਦੇ ਹਨ :—

ਯਦਹ ਯਦਹ ਧਰਮਸਯ
ਗਿਲਾਨਿਰ ਭਵਤਿ ਭਾਰਤ।
ਅਭਯੋ ਤਥਾਨਮ,
ਧ੍ਰਮਸਯ ਤਦਾਤਿ ਮਾਨੰ ਸਰਜਾਮੀਯਮ।
ਪ੍ਰੀਤ੍ਰਾਣਾਇ ਸਾਧੂ ਨਾ ਵਿਨਾਸ਼ਾਇਚ ਦੁਸ਼ਕ੍ਰਿਤਾਮ।
ਧ੍ਰਮ ਸੰਸਥਾ ਪਨਾਰਥਾਯ ਸੰਭਿਵਾਮੀ ਯੁਗੇ ਯੁਗੇ।

ਗੋਸਵਾਮੀ ਤੁਲਸੀਦਾਸ ਜੀ ਰਾਮਾਇਣ ਵਿਚ ਲਿਖਦੇ ਹਨ :—

ਜਬ ਜਬ ਹੋਯ ਧਰਮ ਕੀ ਹਾਨੀ।
ਬਾਢਾ ਅਸੁਰ ਅਧਮ ਅਭਿਮਾਨੀ।
ਤਬ ਤਬ ਪ੍ਰਭੂ ਧਰ ਧਨੁਜ ਸਰੀਰਾ।
ਹਰਿਹ ਕ੍ਰਿਪਾ ਨਿਧ ਸਜਨ ਪੀਰਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :—

ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।
ਧਰਮ ਚਲਾਵਨ ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਨਿ।

ਆਦਿ ਸ੍ਰੀ ਗ੍ਰੰਥ ਸਾਹਿਬ 'ਚ ਭੱਟਾਂ ਦੇ ਸ੍ਵੈਯੇ ਚਾਰੇ ਜੁਗਾਂ ਵਿਚ ਅਕਾਲ ਪੁਰਖ

ਦਾ ਆਪ ਮਨੁੱਖੀ ਜਾਮਾ ਪਹਿਨ ਕੇ ਹਰੇਕ ਜੁਗ ਦੀ ਪ੍ਰਤਿਨਿਧਤਾ ਕਰਨ ਦੀ ਪ੍ਰੋੜਤਾ ਕਰਦੇ ਹਨ ।

ਸਤਿਜੁਗ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ ।
ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਨ ਨਾਨਕ ਗੁਰੁ ਅੰਗਦ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜ ਅਬਿਚਲੁ ਅਟੱਲ, ਆਦਿ ਪੁਰਖਿ ਫੁਰਮਾਇਓ ॥
(ਪੰ. ੧੩੮੯-੯੦ ਆਦਿ ਗ੍ਰੰਥ ਸਾਹਿਬ)

ਸਤਿਯੁਗ ਵਿਚ ਬਲ ਦੇ ਰੂਪ ਵਿਚ ਅਵਤਾਰ ਧਾਰਿਆ । ਤ੍ਰੇਤਾ ਯੁਗ ਵਿਚ ਸ੍ਰੀ ਰਾਮ ਚੰਦਰ ਜੀ ਨੂੰ ਰਾਵਣ ਵਰਗਿਆਂ ਦਾ ਸੰਹਾਰ ਕਰਨ ਲਈ ਆਉਣਾ ਪਿਆ । ਕ੍ਰਿਸ਼ਨ ਜੀ ਨੇ ਜਦੋਂ ਧਰਤੀ ਪਾਪੀਆਂ ਦੇ ਭਾਰ ਨਾਲ ਅਤਿ ਭਾਰੀ ਹੋ ਚੁਕੀ ਸੀ, ਕੰਸ ਜੈਸੇ ਅਨੇਕਾਂ ਪਾਪੀਆਂ ਦਾ ਉਧਾਰ ਕਰਕੇ ਪ੍ਰਿਥਵੀ ਦੇ ਭਾਰ ਨੂੰ ਹੌਲਾ ਕੀਤਾ ਤੇ ਇੰਝ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਲਿਜੁਗੀ ਜੀਵਾਂ ਦਾ ਉਧਾਰ ਕਰਨ ਦੀ ਜ਼ਿੰਮੇਵਾਰੀ ਸੰਭਾਲ ਲਈ ।

ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ ।

ਅਜਿੱਤੇ ਰੰਧਾਵੇ ਦੀ ਗੋਸ਼ਟ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਅਜਿੱਤੇ ਨੂੰ ਦੱਸਿਆ, "ਮੈਨੂੰ ਅਕਾਲ-ਪੁਰਖ ਨੇ ਸਾਰੇ ਕਲਿਜੁਗ ਦੇ ਜੀਵਾਂ ਦਾ ਉਧਾਰ ਕਰਨ ਦੀ ਜ਼ਿੰਮੇਵਾਰੀ ਦੇ ਕੇ ਘਲਿਆ ਹੈ । ਇਸ ਵਾਸਤੇ ਮੈਂ ਕਲਿਜੁਗ ਵਿਚ ਆਪਣੇ ਕਈ ਜਾਮੇ ਧਾਰਾਂਗਾ ਔਰ ਉਹਨਾਂ ਜਾਮਿਆਂ ਵਿਚ 14 ਜਾਮੇ ਰਾਇ ਗੁਰੂ ਦੇ ਰੂਪ ਵਿਚ ਤੇ ਸੱਤਰ ਜਾਮੇ ਭਗਤ ਦੇ ਰੂਪ ਵਿਚ ਹੋਣਗੇ ।"

ਜੁਗਾ ਜੁਗੰਤਰ ਸਤਗੁਰੂ ਦੂਸਰ ਹੂਆ ਨ ਹੋਗ ॥
ਚਉਰਾਸੀ ਜਾਮੇ ਪਹਿਰ ਕੇ ਪਾਛੇ ਹੋਇਆ ਅਲੋਪ ॥
ਸਤਰ ਜਾਮੇ ਭਗਤਿ ਜਨ ਚਉਦਹਿ ਸਤਗੁਰੂ ਰਾਇ ॥
ਗੁਰਮੁਖ ਹੋਇ ਸੋ ਮਿਲ ਰਹੈ ਮਨਮੁਖ ਮਿਲਹਿ ਸਜਾਇ ॥
ਭਰ ਬੇੜੇ ਲੈ ਜਾਹਿਗੇ ਸੰਤ ਜਨਾ ਕੇ ਪੂਰਿ ॥
ਬੇਮੁਖ ਤੁਟੇ ਤੁਟ ਮੂਏ ਮਨਿਮੁਖ ਭਏ ਕਬੂਲ ॥
ਗੁਰਮੁਖ ਜਿੰਨੀ ਜਾਣਿਆ ਮਿਟ ਗਏ ਆਵਣ ਜਾਣ ॥
ਨਾਨਕ ਜਾਤਾ ਖਸਮ ਜਿਨ ਆਏ ਤੇ ਪਰਵਾਣ ॥

ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਸਤਿਗੁਰੂ ਦੀ ਪੀੜ੍ਹੀ ਚਲਦੀ ਰਹਿਣ ਬਾਰੇ ਸਪੱਸ਼ਟ ਲਿਖਿਆ ਹੈ :—

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ,
ਸਦ ਪੀੜ੍ਹੀ ਗੁਰੂ ਚਲੰਦੀ ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਜਰੀ ਰਾਗ ਵਿਚ ਇਸ ਕਥਨ ਦੀ ਪ੍ਰੋੜਤਾ

ਕੀਤੀ ਹੈ :—

ਅਬਚਲ ਨੀਵ ਧਰੀ ਗੁਰ ਨਾਨਕ,
ਨਿਤ ਨਿਤ ਚੜ੍ਹੈ ਸਵਾਈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵੱਖ ਵੱਖ ਜਾਮਿਆਂ ਵਿਚ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਕੀਤੀ । ਜਿਹੜਾ ਕੰਮ ਇਕ ਗੁਰੂ ਸਾਹਿਬ ਜੀ ਨੇ ਆਰੰਭਿਆ, ਉਨ੍ਹਾਂ ਨੇ ਜਿਥੇ ਉਸ ਕੰਮ ਨੂੰ ਛੱਡਿਆ, ਆਉਣ ਵਾਲੇ ਸਤਿਗੁਰੂ ਜੀ ਨੇ ਉਸ ਨੂੰ ਨੇਪਰੇ ਚਾੜ੍ਹਿਆ । ਆਦਿ ਗ੍ਰੰਥ ਸਾਹਿਬ ਵਿਚ ਗਉੜੀ ਦੀ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ :—

ਗੁਰਿ ਬਾਬੈ ਫਿਟਕੇ ਸੇ ਫਿਟੇ,
ਗੁਰਿ ਅੰਗਦਿ ਕੀਤੇ ਕੂੜਿਆਰੇ ।
ਗੁਰਿ ਤੀਜੀ ਪੀੜੀ ਵੀਚਾਰਿਆ,
ਕਿਆ ਹਥਿ ਏਨਾ ਵੇਚਾਰੇ ।
ਗੁਰੁ ਚਉਥੀ ਪੀੜੀ ਟਿਕਿਆ,
ਤਿਨਿ ਨਿੰਦਕ ਦੁਸਟ ਸਭਿ ਤਾਰੇ ।

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਕਿਧਰੇ ਅੰਗਦ ਦੇ ਰੂਪ ਵਿਚ ਆਪਣੇ ਪਿਆਰੇ ਸਤਿਗੁਰੂ ਦੇ ਹੁਕਮਾਂ ਦੀ ਪਾਲਣਾ ਕੀਤੀ, ਕਿਧਰੇ ਸ੍ਰੀ ਗੁਰੂ ਅਮਰ ਦਾਸ ਤੇ ਰਾਮ ਦਾਸ ਬਣ ਕੇ ਸੇਵਾ ਤੇ ਨਿਮ੍ਰਤਾ ਦੇ ਇਕ ਮਹਾਨ ਆਦਰਸ਼ ਬਣ ਗਏ, ਕਿਧਰੇ ਸ੍ਰੀ ਗੁਰੂ ਅਰਜਨ ਦੇਵ ਦੇ ਰੂਪ ਵਿਚ ਆਪਣੇ ਸੀਸ ਤੇ ਗਰਮ ਗਰਮ ਰੇਤ ਦੇ ਕੜਛੇ ਪਵਾ ਕੇ, ਤੱਤੀਆਂ ਤਵੀਆਂ ਤੇ ਬਹਿ ਕੇ, ਉਬਲਦੀਆਂ ਦੇਗਾਂ ਅੰਦਰ ਬਹਿ ਕੇ, ਜਹਾਂਗੀਰ ਦੇ ਅਭਿਮਾਨ ਨੂੰ ਚਕਨਾ-ਚੂਰ ਕਰ ਦਿੱਤਾ । ਸ੍ਰੀ ਹਰਿ ਗੋਬਿੰਦ ਦਾ ਜਾਮਾ ਪਹਿਣ ਕੇ ਮੀਰੀ-ਪੀਰੀ ਦੇ ਮਾਲਕ ਬਣ ਗਏ । ਸ੍ਰੀ ਹਰਿ ਰਾਇ ਦਾ ਜਾਮਾ ਪਹਿਣ ਕੇ ਦੁੱਖਾਂ ਦਾ ਨਿਵਾਰਨ ਕੀਤਾ ।

ਸ੍ਰੀ ਹਰਿ ਕ੍ਰਿਸ਼ਨ ਬਣ ਕੇ ਗੂੰਗਿਆਂ ਨੂੰ ਜਿਹਭਾ ਪ੍ਰਦਾਨ ਕੀਤੀ । ਸ੍ਰੀ ਗੁਰੂ ਤੇਗ ਬਹਾਦਰ ਦਾ ਰੂਪ ਧਾਰ ਕੇ ਤਿਲਕ ਜੰਞੂ, ਦੇਸ਼, ਧਰਮ ਤੇ ਕੌਮ ਦੀ ਖਾਤਿਰ ਆਪਾ ਨਿਛਾਵਰ ਕਰ ਦਿੱਤਾ ਤੇ ਕਿਧਰੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਾਮਾ ਪਹਿਣ ਕੇ :—

ਧਰਮ ਚਲਾਵਨ ਸੰਤ ਉਬਾਰਨ ।
ਦੁਸ਼ਟ ਸਭਨ ਕੋ ਮੂਲ ਉਪਾਰਨਿ ।

ਦਾ ਮੁੱਖ ਮੰਤਵ ਸਾਹਮਣੇ ਰਖ ਕੇ ਦੁਸ਼ਟਾਂ ਦਾ ਨਾਸ ਕੀਤਾ, ਤੇ ਅਨਿਆਇ, ਜਬਰ, ਜ਼ੁਲਮ, ਤਸ਼ੱਦਦ ਸਹਿਣ ਕਰਦੀ ਹੋਈ ਲੋਕਾਈ ਨੂੰ ਸੁੱਖ ਤੇ ਸਾਂਤਵਨਾ ਪ੍ਰਦਾਨ ਕੀਤੀ । ਇਸ ਉਦੇਸ਼ ਦੀ ਪੂਰਤੀ ਲਈ ਉਹਨਾਂ ਨੇ ਆਪਣਾ ਸਰਬੰਸ ਹੀ ਵਾਰ ਦਿੱਤਾ । ਐਸੀ ਅਦੁੱਤੀ ਕੁਰਬਾਨੀ ਦੀ ਮਿਸਾਲ ਸਾਰੇ ਵਿਸ਼ਵ ਭਰ ਵਿਚ ਉਪਲਬੱਧ ਨਹੀਂ । ਬਹੁਤ ਸਾਰੇ ਸਿੱਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪੁੱਛਿਆ, "ਸੱਚੇ ਪਾਤਿਸ਼ਾਹ ਆਪ ਤੋਂ ਪਿਛੋ ਕਾਰ ਕਿਵੇਂ ਵਰਤੇਗੀ ?"

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ ਕਿ ਆਲਮ ਸਿੰਘ ਜੀ

ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ :—

ਆਲਮ ਸਿੰਘ ਬੰਦ ਕਰ ਦੋਇ ।
ਕਹਿਯੋ ਕਿ ਦਰਸਨ ਭੀ ਤੁਮ ਹੋਇ ।
ਕਹਯੋ ਗੁਰੂ ਹਮ ਭੀ ਰਖਹਿ ਹਿਰਦੈ ਭਾਵਨੀ ਸੋਇ ।
ਸ੍ਰੀ ਅੰਮ੍ਰਿਤਸਰ ਪਹੁੰਚਬੋ ਰਾਮ ਸਰੋਵਰ ਜੋਇ ।

ਇਸੇ ਪ੍ਰਸ਼ਨੋਤਰੀ ਵਿਚ ਜਦੋਂ ਆਲਮ ਸਿੰਘ ਜੀ ਨੇ ਗੁਰੂ ਪ੍ਰਣਾਲੀ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨੀ ਚਾਹੀ ਤਾਂ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਲਮ ਸਿੰਘ ਆਦਿਕ ਸਿੱਖਾਂ ਨੂੰ ਸੰਬੋਧਨ ਕਰਕੇ ਫੁਰਮਾਇਆ :—

ਬੇਰ ਗਿਆਰਵੀਂ ਹਮ ਚਲ ਆਵਹਿ ।
ਤਿਸ ਤੇ ਕੋ ਇਕ ਹਮ ਲਖ ਪਾਵਹਿ ॥।
ਪੰਥ ਖਾਲਸਾ ਖੇਤੀ ਮੇਰੀ ।
ਕਰੋ ਸੰਭਾਲਣ ਮੈਂ ਤਿਸ ਬੇਰੀ ।

(ਸੂਰਜ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ)

ਅਥਵਾ

ਗੁਪਤ ਗਿਆਰਵਾਂ ਖੇਲਸੀ ।
ਕੋ ਇਕ ਪਾਵੈ ਪਾਰ ॥

ਸਿਰਫ ਇਹ ਨਹੀਂ, ਸਗੋਂ ਆਪ ਨੇ ਆਪਣੇ ਅਗਲੇ ਜਾਮੇ ਬਾਰੇ ਵੀ ਭਵਿੱਖਤ ਵਾਕ ਕਰ ਦਿੱਤਾ :—

ਕਹਿਣ ਸੁਣਨ ਕੀ ਬਾਤਨ ਮਾਹੀ ।
ਅੰਤ੍ਰ ਦੀਰਘ ਅੰਤ ਨਾ ਕਾਹੀ ।
ਰਾਮ ਸਿੰਘ ਮੇਰੋ ਹੋਇ ਨਾਮਾ ।
ਬਾਢੀ ਸੁਤ ਭੈਣੀ ਕੋ ਧਾਮਾ ।

ਅਥਵਾ :

ਰਾਮ ਸਿੰਘ ਉਚ ਨੀਚਨ ਡਰੈ ।
ਅਵਨੀ ਏਕ ਰਸੌਦੀ ਕਰੈ ।
ਸਿੰਘਨ ਚਲ ਪਤਿ ਪਾਛੈ ਰਾਖੈ ।
ਤਾ ਸਭਿ ਮਾਰ ਰਾਜ ਰਸ ਚਾਖੈ ।
ਰਾਜ ਸਿੰਘਾਸਨ ਟਿਕਨ ਨ ਹੂਆ ।
ਬੈਠਤ ਪਰਤ ਤੁਰਤ ਨਰ ਮੂਆ । 50ਵੀਂ ਸਾਖੀ (ਸੌ ਸਾਖੀ)

ਇਸ ਤਰ੍ਹਾਂ ਹੋਰ ਵੀ ਕਈ ਪੁਰਾਤਨ ਪੁਸਤਕਾਂ ਵਿਚੋਂ ਸ੍ਰੀ ਦਸਮੇਸ਼ ਜੀ ਦੇ ਉਚਾਰੇ ਹੋਏ ਇਤ ਆਦਿਕ ਵਾਕ ਲਿਖੇ ਮਿਲਦੇ ਹਨ । ਜਿਹਾ ਕਿ—

ਜਾਮਾ ਪਹਿਰੇ ਬਾਰ੍ਹਵਾਂ ਪ੍ਰਗਟੈ ਆਦਿ ਰਘੁਬੰਸੁ ।
ਸੰਗਤ ਮਿਲੈ ਅਨੰਤਿ ਤਬ ਮਾਨੋ ਕੋਟ ਸਹੰਸੁ । (ਗੁਰਿੰਡ ਨਾਮਾ)

ਯਥਾ :—

ਯਾਹੀ ਕੁਲ ਤੇ ਪ੍ਰਗਟ ਹੁਇ ਤਾਹੀ ਕੁਲ ਕੋ ਨਾਮ ।
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਣਾਮ ॥ (ਗੁਰਿੰਡ ਨਾਮਾ)

ਅਥਵਾ :—

ਕਲਜੁਗ ਮੇ ਸਤਿਜੁਗ ਵਰਤਾਊਂ ।
ਤਬ੍ਹੀ ਬਾਰੁਵਾਂ ਬਪੁ ਕਹਾਊਂ ।
ਕਲਜੁਗ ਤੇ ਸਤਿਜੁਗ ਕਰ ਠਾਨੋਂ ।
ਤਬ ਹੀ ਬਾਰੁਵਾਂ ਬਪ ਪਹਿਚਾਨੋਂ । (ਗੁਰਿੰਡ ਨਾਮਾ)

ਕਿਧਰੇ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਧਾਰਨ ਕਰਕੇ ਗੁਪਤ ਰੂਪ ਵਿਚ ਸਿੱਖੀ ਦੀ ਸੰਭਾਲ ਕੀਤੀ ਤੇ ਕਿਧਰੇ ਸ੍ਰੀ ਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਅਵਤਾਰ ਧਾਰਨ ਕਰਕੇ ਸਭ ਮਨੁੱਖਤਾ ਦੀਆਂ ਅੱਖੀਆਂ ਨੂੰ ਚੁੰਧਿਆ ਦਿੱਤਾ ਤੇ ਹਰ ਖੇਤਰ ਵਿਚ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ, ਸਭਿਆਚਾਰਕ, ਕ੍ਰਾਂਤੀਕਾਰੀ ਪਰਿਵਰਤਨ ਲਿਆ ਦਿੱਤੇ, ਤੇ ਜਿਸ ਖਾਲਸੇ ਦੀ ਰੂਪ-ਰੇਖਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਲੀਕੀ ਸੀ, ਉਸਨੂੰ ਪੂਰਨ ਰੂਪ ਵਿਚ ਅਮਲੀ ਜਾਮਾ ਪਹਿਨਾਇਆ । ਉਸ ਵੇਲੇ ਖਾਲਸਾ ਢਹਿੰਦੀਆਂ ਕਲਾ ਵਿਚ ਸੀ । ਸੱਚੇ ਪਾਤਸ਼ਾਹ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿਚੋਂ ਸਿਰਫ ਢਾਈ ਸਿੱਖ ਹੀ ਮਿਲੇ ਸਨ ।

1. ਸੰਤ ਲਹਿਣਾ ਸਿੰਘ ਜੀ, ਪੂਰਨ ਸਿੱਖ (ਸ੍ਰੀ ਹਰੀ ਸਿੰਘ ਜੀ ਨਲੂਆ ਦੇ ਜਵਾਈ) ।
2. ਬਾਬਾ ਜਮੀਅਤ ਸਿੰਘ ਜੀ, ਪੂਰਨ ਸਿੱਖ, ਕਾਹਨਾ ਕਾਛਹ ।
3. ਬਾਬਾ ਜਮੀਅਤ ਸਿੰਘ ਜੀ, ਅਧਾ ਸਿੱਖ, ਗਿਲ (ਜ਼ਿਲਾ ਸਿਆਲ-ਕੋਟ)

ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਉਸ ਵਿਚ ਨਵੀਂ ਰੂਹ ਫੂਕ ਦਿੱਤੀ । ਗੁਰੂ ਗੋਬਿੰਦ ਸਿੰਘ ਜੀ ਤੋਂ ਠੀਕ 158 ਸਾਲਾਂ ਬਾਅਦ ਵਿਸਾਖੀ ਵਾਲੇ ਦਿਨ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ 1 ਵੈਸਾਖ ਸੰਮਤ 1914 ਮੁਤਾਬਕ 12 ਅਪ੍ਰੈਲ 1857 ਈ. ਨੂੰ ਹੇਠ ਲਿਖੇ ਪੰਜ ਗੁਰਮੁਖਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਗੁਰਸਿੱਖ ਸਜਾਇਆ :—

1) ਸੰਤ ਕਾਹਨ ਸਿੰਘ ਜੀ ਨਿਹੰਗ, ਮਲੇਰ ਕੋਟਲਾ ।
2) ਸੰਤ ਲਾਭ ਸਿੰਘ ਜੀ ਰਾਗੀ, ਅੰਮ੍ਰਿਤਸਰ ।
3) ਸੰਤ ਨੈਣਾਂ ਸਿੰਘ ਜੀ, ਅੰਮ੍ਰਿਤਸਰ ।
4) ਸੰਤ ਆਤਮਾ ਸਿੰਘ ਜੀ, ਸਿਆਲਕੋਟ ।
5) ਸੰਤ ਸੁਧ ਸਿੰਘ ਜੀ, ਜਲੰਧਰ ।

ਫਿਰ ਸਤਿਗੁਰੂ ਰਾਮ ਸਿੰਘ ਜੀ ਦੇ ਸਫੇਦ ਝੰਡੇ ਹੇਠਾਂ ਖਾਲਸੇ ਪੰਥ ਦਾ ਹੜ੍ਹ ਹੀ ਆ ਗਿਆ । ਸਭ ਤੋਂ ਪਹਿਲਾਂ ਖਾਲਸੇ ਵਿਚ ਆਏ ਹੋਏ ਭੇੜ ਨੂੰ ਜੜ੍ਹ ਤੋਂ ਉਖਾੜ ਕੇ ਪਰ੍ਹਾਂ ਸੁਟਿਆ । ਗਿਆਨੀ ਗਿਆਨ ਸਿੰਘ ਜੀ ਦੇ ਕਬਿੱਤ ਇਸ ਗੱਲ ਦੀ ਪੁਸ਼ਟੀ ਬੜੇ ਸੋਹਣੇ ਸ਼ਬਦਾਂ ਵਿਚ ਕਰਦੇ ਹਨ :—

ਪਾਇ ਏਹ ਹੁਕਮ ਪ੍ਰਮੇਸ ਕਾ ਵਿਸੇਸ ਫਿਰ,

ਰਾਮ ਮਿਰਗੇਸ ਉਪਦੇਸ ਦੈਨ ਲਾਗਿਓ ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋ ਕੇ,
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ !
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਜਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆਗਿਓ ।

ਅਲਮਾਰੀਆਂ ਵਿਚ ਪਏ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਸਿਉਂਕਾਂ ਨਾਲ ਲੈਸ ਸਨ । ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਨੂੰ ਅਲਮਾਰੀਆਂ ਵਿਚੋਂ ਕੱਢ ਕੇ ਆਪਣੇ ਪਵਿੱਤ੍ਰ ਹਸਤ-ਕੰਵਲਾਂ ਨਾਲ ਪੂੰਝ ਕੇ ਅਦਬ ਨਾਲ ਪ੍ਰਕਾਸ਼ ਕੀਤਾ, ਤੇ ਖਾਲਸੇ ਨੂੰ ਇਹ ਸਿਖਿਆ ਦਿੱਤੀ ਕਿ ਇਹ ਅਲਮਾਰੀਆਂ ਤਕ ਸੀਮਿਤ ਕਰਨ ਵਾਲੀ ਵਸਤੂ ਨਹੀਂ, ਸਗੋਂ ਇਸ ਦਾ ਪਾਠ ਕਰਕੇ, ਮੰਨਣ ਕਰਕੇ ਆਪਣੇ ਜੀਵਨ ਨੂੰ ਗੁਰਸਿੱਖੀ ਮਰਿਆਦਾ ਅਨੁਸਾਰ ਢਾਲਣ ਦੀ ਲੋੜ ਹੈ । ਅੰਮ੍ਰਿਤ ਵੇਲੇ ਉਠ ਕੇ, ਸਣੇ ਕੇਸੀ ਇਸ਼ਨਾਨ ਕਰਕੇ, ਸਤਿਗੁਰੂ ਜੀ ਨੇ ਆਪਣੇ ਸਿੱਖ ਨੂੰ ਪਾਠ ਭਜਨ ਕਰਨ ਦੀ ਪ੍ਰੇਰਨਾ ਦਿੱਤੀ ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ।

ਇਸ ਦੇ ਨਾਲ ਹੀ ਸ਼ੁੱਧ ਖਾਣ-ਪਾਣ, ਸਾਂਤਵਿਕ ਭੋਜਨ ਛੱਕਣ ਦੀ ਜਾਚ ਦੱਸੀ । ਮਾਸ, ਸ਼ਰਾਬ ਆਦਿ ਤੋਂ ਕੋਹਾਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ । ਸਾਦੇ, ਸਫੇਦ, ਸਵੱਛ ਬਸਤਰ ਪਹਿਰਨ ਦੀ ਦਾਤ ਬਖਸ਼ੀ । ਕੰਨ ਵਿਚ ਗੁਰ ਮੰਤਰ ਲੈਣ ਤੋਂ ਉਪਰੰਤ, ਉਸ ਦਾ ਜਾਪ ਕਰਕੇ, ਅਕਾਲ ਪੁਰਖ ਦੇ ਨਾਮ ਨੂੰ ਆਪਣੇ ਅੰਦਰ ਵਸਾ ਕੇ, ਆਪਣੇ ਪਿਆਰੇ ਸਤਿਗੁਰੂ ਜੀ ਦੀ ਛਤ੍ਰ ਛਾਂ ਹੇਠ ਸਿੱਖ ਪੂਰਨ ਖਾਲਸਾ, ਪੂਰਨ ਨਾਮਧਾਰੀ ਬਣ ਗਿਆ । ਉਸ ਦਾ ਕਾਯਾ ਕਲਪ ਹੋ ਗਿਆ । ਉਸਨੇ ਉੱਚ ਅਧਿਆਤਮਕ ਸਿਖਰਾਂ ਦੀਆਂ ਉਚਿਆਈਆਂ ਨੂੰ ਛੋਹ ਕੇ ਅਗਮ ਨਿਗਮ ਦੀ ਸੋਝੀ ਪ੍ਰਾਪਤ ਕਰ ਲਈ ਤੇ ਜੀਵਨ ਦੇ ਹਰ ਖੇਤਰ ਵਿਚ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸਫਲਤਾ ਉਸਦੇ ਪੈਰ ਚੁੰਮਨ ਲਗ ਪਈ । ਉਸਨੇ ਜੀਵਨ ਦੇ ਹਰ ਪੱਖ ਵਿਚ, ਹਰ ਪਹਿਲੂ ਵਿਚ ਆਪਣੇ ਸਤਿਗੁਰੂ ਜੀ ਦੇ ਆਦਰਸ਼ਾਂ ਨੂੰ ਆਪਣੇ ਸਾਹਮਣੇ ਰਖਿਆ ।

ਇਸ ਵਕਤ ਅੰਗਰੇਜ਼ ਪੰਜਾਬ ਵਿਚ ਆਪਣੇ ਪੈਰ ਜਮਾਣ ਦੀ ਕੋਸ਼ਿਸ਼ ਵਿਚ ਸੀ, ਪਰ ਕ੍ਰਾਂਤੀਕਾਰੀ ਸਤਿਗੁਰੂ ਜੀ ਦੇ ਕ੍ਰਾਂਤੀਕਾਰੀ ਸਿੱਖਾਂ ਨੇ ਉਸਦੇ ਪੈਰ ਨਾ ਟਿੱਕਨ ਦਿੱਤੇ । ਉਸਦੇ ਹਰ ਮੋੜ ਤੇ, ਉਸਦੇ ਹਰ ਕਦਮ ਤੇ ਡੱਟ ਕੇ ਵਿਰੋਧਤਾ ਕੀਤੀ ਤੇ ਹਰ ਖੇਤਰ ਵਿਚ ਬਾਈਕਾਟ । ਉਸਨੇ ਪ੍ਰਣ ਕੀਤਾ ਕਿ ਅੰਗਰੇਜ਼ੀ ਸਕੂਲਾਂ ਵਿਚ ਸਿਖਿਆ ਗ੍ਰਹਿਣ ਨਹੀਂ ਕਰਨੀ, ਅੰਗਰੇਜ਼ਾਂ ਦੇ ਬਸਤਰ ਨਹੀਂ ਧਾਰਨ ਕਰਨੇ, ਅੰਗਰੇਜ਼ਾਂ ਦੀਆਂ ਕਚਹਿਰੀਆਂ ਵਿਚ ਨਹੀਂ ਜਾਣਾ, ਅੰਗਰੇਜ਼ਾਂ ਦੀਆਂ ਬਣਾਈਆਂ ਹੋਈਆਂ ਰੇਲਾਂ ਦੀ ਸਵਾਰੀ ਨਹੀਂ ਕਰਨੀ, ਅੰਗਰੇਜ਼ਾਂ ਦੀ ਪੋਸਟਲ ਸਰਵਿਸ ਦਾ ਲਾਭ ਨਹੀਂ ਲੈਣਾ ਤੇ ਆਪਣਾ ਡਾਕ ਸਿਸਟਮ ਪ੍ਰਚਲਿਤ ਕਰ ਲਿਆ ।

ਇਹ ਸਭ ਕੁਝ ਵੇਖ ਕੇ ਅੰਗਰੇਜ਼ ਘਬਰਾ ਗਿਆ। ਉਸਨੂੰ ਸਤਿਗੁਰੂ ਜੀ, ਉਹਨਾਂ ਦੇ ਕ੍ਰਾਂਤੀਕਾਰੀ ਸਿੱਖਾਂ ਕੋਲੋਂ ਡਰ ਮਹਿਸੂਸ ਹੋਣ ਲਗ ਪਿਆ। ਗਵਰਨਰ ਜਨਰਲ ਨੂੰ ਭੇਜੀ ਗਈ ਇਕ ਰਿਪੋਰਟ ਵਿਚ ਲਿਖਿਆ ਹੈ, "ਇਕ ਬੜੀ ਖਤਰਨਾਕ ਗੱਲ ਦੇਸ਼ ਵਿਚ ਚਲ ਰਹੀ ਹੈ, ਰਾਮ ਸਿੰਘ ਨਾਂ ਦਾ ਆਦਮੀ ਜੋ ਅੱਜ-ਕਲ੍ਹ ਮਾਲਵੇ ਵਿਚ ਦੌਰਾ ਕਰ ਰਿਹਾ ਹੈ ਅਤੇ ਕਰੀਬ ਦੋ ਲੱਖ ਆਦਮੀ ਇਕੱਠੇ ਕਰਕੇ ਬਗਾਵਤ ਕਰਕੇ ਸਾਨੂੰ ਪੰਜਾਬ 'ਚੋਂ ਕੱਢਣ ਦਾ ਪ੍ਰੋਗਰਾਮ ਬਣਾ ਰਿਹਾ ਹੈ। ਇਹਨਾਂ ਦਾ ਆਪਣਾ ਹੀ ਡਾਕ ਸਿਸਟਮ ਹੈ, ਹੱਥੋਂ ਹੱਥੀਂ ਡਾਕ ਜਾਂਦੀ ਹੈ। ਸਾਨੂੰ ਬੜੇ ਸਾਵਧਾਨ ਰਹਿਣ ਦੀ ਲੋੜ ਹੈ।"

ਅੰਗਰੇਜ਼ ਹਕੂਮਤ ਬੁਰੀ ਤਰ੍ਹਾਂ ਡਰ ਗਈ ਤੇ ਉਸਨੇ ਹਰ ਪ੍ਰਕਾਰ ਨਾਲ ਇਸ ਲਹਿਰ ਨੂੰ ਪੂਰੀ ਤਰ੍ਹਾਂ ਕੁਚਲਣ ਦਾ ਪ੍ਰਯਤਨ ਕੀਤਾ।

ਆਪਣੇ ਦੇਸ਼ ਨੂੰ ਪਰਤੰਤਰਤਾ ਦੀਆਂ ਜ਼ੰਜੀਰਾਂ ਵਿਚੋਂ ਮੁਕਤ ਕਰਵਾਉਣ ਲਈ, ਨਾਮਧਾਰੀ ਸਿੰਘਾਂ ਨੇ, ਸਿੰਘਣੀਆਂ ਨੇ, ਬੱਚਿਆਂ ਨੇ, ਬੁੱਢਿਆਂ ਨੇ ਆਪਣੀ ਸ਼ਹਾਦਤ ਦੇ ਕੇ, ਦੇਸ਼ ਧਰਮ ਦੀ ਖਾਤਰ ਆਪਾ ਵਾਰਿਆ। ਕਿਧਰੇ 19 ਸਾਵਣ ਸੰਮਤ 1928—5 ਅਗਸਤ 1871 ਈ: ਸਿੰਘਾਂ ਨੇ ਰਾਇ-ਕੋਟ ਵਿਖੇ ਹੱਸ ਹੱਸ ਕੇ ਫਾਹੀ ਦੇ ਫੰਦੇ ਆਪਣੇ ਗਲਾਂ ਵਿਚ ਪਾ ਲਏ। ਕਿਧਰੇ ਲੁਧਿਆਣੇ ਦੀ ਜੇਲ੍ਹ ਵਿਖੇ ਸੰਮਤ 1928, 26 ਨਵੰਬਰ 1871 ਈ: ਨੂੰ ਨਿਰਦੋਸ਼ ਸਿੰਘਾਂ ਨ ਸ਼ਹਾਦਤ ਦੇ ਕੇ ਆਜ਼ਾਦੀ ਦੀਆਂ ਜੜ੍ਹਾਂ ਨੂੰ ਆਪਣੇ ਖੂਨ ਨਾਲ ਸਿੰਚਿਆ। ਕਿਧਰੇ 6-7 ਮਾਘ ਸੰਮਤ 1928 ਅਨੁਸਾਰ, 17-18 ਜਨਵਰੀ 1872 ਈ: ਮਲੇਰ-ਕੋਟਲਾ ਵਿਖੇ ਆਜ਼ਾਦੀ ਦੇ ਦੀਵਾਨਿਆਂ ਦਾ ਹੜ੍ਹ ਹੀ ਆ ਗਿਆ। ਤੋਪਾਂ ਦੇ ਸਾਹਮਣੇ ਖੜੇ ਹੋ ਕੇ, ਹੱਸ ਹੱਸ ਕੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਇਕ ਪਾਸੇ ਆਕਾਸ਼ ਗੂੰਜਾ ਦਿੱਤਾ ਤੇ ਦੂਸਰੇ ਪਾਸੇ ਆਪਣੇ ਸਰੀਰ ਨੂੰ ਫੀਤਾ ਫੀਤਾ ਕਰਵਾ ਕੇ ਅਸਮਾਨ ਨੂੰ ਲਾਲੋ ਲਾਲ ਕਰ ਦਿੱਤਾ।

ਅੱਜ ਉਹਨਾਂ ਸ਼ਹੀਦਾਂ ਸਦਕਾ ਹੀ ਸਾਰੇ ਭਾਰਤਵਾਸੀ ਆਜ਼ਾਦੀ ਦੇ ਬ੍ਰਿੱਛ ਦੀ ਠੰਡੀ ਠੰਡੀ ਛਾਂ ਦਾ ਆਨੰਦ ਮਾਣ ਰਹੇ ਹਨ।

ਸਤਿਗੁਰੂ ਜੀ ਨੇ ਇਸਤਰੀ ਜਾਤੀ ਤੇ ਵਿਸ਼ੇਸ਼ ਉਪਕਾਰ ਕੀਤੇ। ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਆਮ ਰਿਵਾਜ਼ ਸੀ। ਵੱਟਾ ਕਰਨਾ ਆਮ ਪ੍ਰਚਲਿਤ ਸੀ, ਵਿਧਵਾਵਾਂ ਨੂੰ ਸਾਰੀ ਉਮਰ ਸਮਾਜ ਦੇ ਤਾਹਨੇ ਮਿਹਣੇ ਸਹਿਨ ਕਰਨੇ ਪੈਂਦੇ ਸਨ, ਛੋਟੇ-ਛੋਟੇ ਬੱਚਿਆਂ ਨੂੰ ਵਿਆਹ ਦੇ ਪਵਿੱਤ੍ਰ ਬੰਧਨ ਵਿਚ ਅਨਜਾਣਪੁਣੇ ਵਿਚ ਹੀ ਬੰਨ ਦਿੱਤਾ ਜਾਂਦਾ ਸੀ, ਸਤਿਗੁਰੂ ਰਾਮ ਸਿੰਘ ਜੀ ਨੇ ਉਪਰੋਕਤ ਸਾਰੀਆਂ ਸਮਾਜਿਕ ਕੁਰੀਤੀਆਂ ਨੂੰ ਜੜ੍ਹ ਤੋਂ ਪੁੱਟ ਕੇ ਉਖੇੜ ਦਿੱਤਾ। ਸਤਿਗੁਰੂ ਜੀ ਦੀ ਛਤ੍ਰ ਛਾਂ ਹੇਠਾਂ, ਜੰਮਦਿਆਂ ਕੁੜੀਆਂ ਨੂੰ ਜੀਵਨ-ਦਾਨ ਮਿਲਿਆ, ਹੁਣ ਉਸ ਨੂੰ ਵੱਟੇ ਵਿਚ ਨਹੀਂ ਸੀ ਦਿੱਤਾ ਜਾਂਦਾ, ਵਿਧਵਾਵਾਂ ਦਾ ਦੁਬਾਰਾ ਅਨੰਦ ਕਾਰਜ ਕਰਾ ਕੇ ਸੁਖਮਈ ਜੀਵਨ ਗੁਜ਼ਾਰਨ ਦਾ ਸ਼ੁਭ ਅਵਸਰ ਪ੍ਰਦਾਨ ਕੀਤਾ ਤੇ ਮੁੰਡਿਆਂ ਕੁੜੀਆਂ ਦੇ ਵਿਆਹ ਦੀ ਆਯੂ ਨਿਰਧਾਰਿਤ ਕਰ ਦਿੱਤੀ। ਬੀਬੀ ਖੇਮ ਕੌਰ ਨੇ ਰਹਿਹਿਰਾ ਧਾਰਨ ਕਰਕੇ,

ਅੰਮ੍ਰਿਤਪਾਨ ਕੀਤਾ । ਸੁਚ ਸੋਧ ਦੀ ਮਰਿਆਦਾ ਨੂੰ ਧਾਰਨ ਕੀਤਾ । ਬੀਬੀ ਇੰਦ ਕੌਰ, ਖੇਮ ਕੌਰ ਆਪਣੇ ਹੱਥ ਵਿਚ ਸਫੈਦ ਝੰਡੇ ਫੜ ਕੇ ਸੁਤੰਤਰਤਾ ਸੰਗ੍ਰਾਮ ਵਿਚ ਯੋਗਦਾਨ ਦੇ ਕੇ ਬਹਾਦੁਰ ਵੀਰਾਂਗਣਾਂ ਦੀ ਕਤਾਰ ਵਿਚ ਖੜੀਆਂ ਹੋ ਗਈਆਂ । ਬੀਬੀ ਹੁਕਮੀ ਨੇ ਸੂਬੇ ਦਾ ਸਥਾਨ ਪ੍ਰਾਪਤ ਕਰਕੇ, ਆਪਣੀਆਂ ਜਿੰਮੇਵਾਰੀਆਂ ਨੂੰ ਬੜੀ ਸੂਝ-ਬੂਝ ਨਾਲ ਨੇਪਰੇ ਚਾੜ੍ਹਿਆ ।

ਸਤਿਗੁਰੂ ਰਾਮ ਸਿੰਘ ਜੀ ਨੇ ਹਾੜ ਵਦੀ ਦੂਜ ਸੰਮਤ 1920, 4 ਜੂਨ 1863 ਈ: ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਛੇ ਜੋੜਿਆਂ ਦਾ ਅਨੰਦ-ਕਾਰਜ ਜੁਲਾਹੇ ਦਾ ਖਤਰੀ ਦੇ ਘਰ, ਅਰੋੜਿਆਂ ਦਾ ਰਾਮਗੜ੍ਹੀਆਂ ਦੇ ਘਰ, ਇਤਿਆਦਿ ਕਰਾ ਕੇ ਜਾਤ ਦੇ ਭੇਦ-ਭਾਵ ਤੇ ਵਿਤਕਰਿਆਂ ਨੂੰ ਖਤਮ ਕਰ ਦਿੱਤਾ ਤੇ ਅਨੰਦ-ਕਾਰਜ ਦੀ ਮਰਿਆਦਾ ਨੂੰ ਪੂਰਨਤਾ ਪ੍ਰਦਾਨ ਕੀਤੀ ।

ਅੰਗ੍ਰੇਜ਼ ਸਤਿਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਅਨੁਯਾਈਆਂ ਤੋਂ ਪੂਰਨ ਰੂਪ ਵਿਚ ਭੈਅ ਭੀਤ ਹੋ ਗਏ । ਇਸ ਕਰਕੇ 7 ਮਾਘ (ਸੰਮਤ 1928) 18 ਜਨਵਰੀ 1872 ਈ: ਵਿਚ ਬਿਨਾ ਕਿਸੇ ਮੁਕਦਮੇ ਚਲਾਏ ਜਾਣ ਤੋਂ ਸਤਿਗੁਰੂ ਜੀ ਨੂੰ ਜਲਾਵਤਨ ਕਰ ਦਿੱਤਾ ।

ਇਸ ਤੋਂ ਉਪਰੰਤ ਨਾਮਧਾਰੀ ਪੰਥ ਨੂੰ ਅੰਗ੍ਰੇਜ਼ਾਂ ਦੀਆਂ ਕਰੜਾਈਆਂ, ਸਖਤਾ-ਈਆਂ ਤੇ ਪਾਬੰਧੀਆਂ ਦਾ ਸਾਹਮਣਾ ਕਰਨਾ ਪਿਆ । ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਤੋਂ ਇਕ ਹੁਕਮਨਾਮੇ ਰਾਹੀਂ ਬਾਬਾ ਬੁੱਧ ਸਿੰਘ ਜੀ ਨੂੰ ਹਰੀ ਸਿੰਘ ਦਾ ਨਾਮ ਦੇ ਕੇ ਨਾਮਧਾਰੀ ਪੰਥ ਦੇ ਪਥ-ਪ੍ਰਦਰਸ਼ਕ, ਰਹਿਨੁਮਾ ਰਹਿਬਰ ਥਾਪ ਦਿੱਤਾ । ਸਤਿਗੁਰੂ ਹਰੀ ਸਿੰਘ ਜੀ ਨੇ 33 ਸਾਲ ਨਜ਼ਰਬੰਦੀ ਵਿਚ ਗੁਜ਼ਾਰੇ, ਸਿੱਖੀ ਨੂੰ ਹਰਾ-ਭਰਾ ਰਖਿਆ ਤੇ ਆਜ਼ਾਦੀ ਦੀ ਸ਼ਮਾ ਨੂੰ ਪ੍ਰਜਵਲਿਤ ਰਖਿਆ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ, ਚੇਤ ਵਦੀ ਤੀਜ ਸੰਮਤ 1946 ਬਿ: ਮੁਤਾਬਿਕ 9 ਮਾਰਚ 1890 ਈ. ਨੂੰ ਐਤਵਾਰ ਵਾਲੇ ਦਿਨ ਸੂਰਜ ਢਲੇ ਥੋੜ੍ਹੀ ਥੋੜ੍ਹੀ ਬਰਸਾਤ ਹੁੰਦੇ ਹੋਇਆ । ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਹੋਇਆ ਤਾਂ ਗੁਰੂ ਹਰੀ ਸਿੰਘ ਜੀ ਰਾਮ ਸਰ ਕੋਠੀ ਵਿਚ ਸਨ । ਪ੍ਰਕਾਸ਼ ਹੋਣ ਦਾ ਸੁਣ ਗੁਰੂ ਹਰੀ ਸਿੰਘ ਜੀ ਬਚਨ ਕੀਤਾ, "ਵੱਡੇ ਪ੍ਰਤਾਪ ਵਾਲਾ ਆਇਆ ਹੈ । ਘਰ ਦਾ ਮਾਲਕ ਆਇਆ ਹੈ । ਮੇਰੇ ਤੋਂ ਬਲੀ ਆਇਆ ਹੈ । ਇਹ ਬੜੇ ਕੰਮ ਕਰੇਗਾ ਇਸਦੀ ਛੱਤ੍ਰ ਛਾਇਆ ਹੇਠ ਸੰਗਤ ਸੁਖ ਮਾਣੇਗੀ ।" ਸਤਿਗੁਰੂ ਪ੍ਰਤਾਪ ਸਿੰਘ ਜੀ ਅਜੇ ਤਿੰਨ ਦਿਨਾਂ ਦੇ ਹੀ ਸਨ ਕਿ ਦੋ ਨਿਹੰਗ ਸਿੰਘਾਂ, ਕਲਿਆਣ ਸਿੰਘ ਤੇ ਕ੍ਰਿਪਾਲ ਸਿੰਘ ਨੇ ਆਪ ਜੀ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਦਰਸ਼ਨ ਕੀਤੇ, ਉਨ੍ਹਾਂ ਦੀ ਮਨੋਕਾਮਨਾ ਪੂਰੀ ਹੋਈ । ਸਤਿਗੁਰੂ ਪ੍ਰਤਾਪ ਸਿੰਘ ਜੀ ਅਜੇ ਥੋੜ੍ਹੇ ਦਿਨਾਂ ਦੇ ਸਨ ਕਿ ਪੁਲਿਸ ਚੌਕੀ ਡਿਉੜੀ ਤੋਂ ਉਠ ਪਰੇ ਪਿੱਪਲਾਂ, ਬੋਹੜਾਂ ਕੋਲ ਹੋ ਗਈ ।

ਜਦੋਂ ਆਪ ਜੀ ਪੰਜ ਸਾਲਾਂ ਦੇ ਹੋਏ ਤਾਂ ਸਭ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਾਬਾ ਸੰਤੋਖ ਸਿੰਘ ਜੀ ਕੋਲ ਗੁਰਮੁਖੀ ਅੱਖਰ ਪੜ੍ਹਨ ਲਈ ਭੇਜਿਆ ।

ਪਹਿਲੇ ਦਿਨ ਹੀ ਪੈਂਤੀ ਅੱਖਰੀ ਸਿਖ ਲਈ। ਫੇਰ ਲਗਾਂ-ਮਾਤ੍ਰਾਂ ਦੇ ਜੋੜ ਆਦਿ ਪੜ੍ਹੇ। ਸੰਤ ਧਿਆਨ ਸਿੰਘ ਜੀ ਪਾਸੋਂ ਪੰਜ ਗਰੰਥੀ ਸਰਲ ਕੀਤੀ। ਸੱਤ ਸਾਲ ਦੀ ਉਮਰ ਤਕ 'ਆਦਿ ਗਰੰਥ' ਦਾ ਪਾਠ ਸਰਲ ਕਰ ਲਿਆ। ਵਿਆਕਰਣ ਲਘੂ ਕੌਮਦੀ, ਪੰਚ ਸੰਧੀ, ਹਿੱਤ ਉਪਦੇਸ਼, ਸੰਸਕ੍ਰਿਤ ਤੇ ਹਿੰਦੀ ਦੇ ਅੱਖਰ ਪੰਡਤ ਬਸੰਤ ਸਿੰਘ ਜੀ ਪਧਾਣਾ ਪਾਸੋਂ ਸਿਖੇ। ਨੌਂ ਸਾਲ ਦੀ ਛੋਟੀ ਉਮਰ ਵਿਚ ਹੀ ਇਕੱਲਿਆਂ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਭੋਗ ਪਾਉਣ ਦੀ ਸੋਚ ਲਈ। ਦਸ ਸਾਲ ਦੀ ਉਮਰ ਵਿਚ ਅਖਾੜੇ ਜਾਣਾ ਸ਼ੁਰੂ ਕਰ ਦਿੱਤਾ। ਗਤਕਾ ਤੇ ਨੇਜੇਬਾਜ਼ੀ ਕਰਨੀ ਸਿਖ ਲਈ। ਘੋੜ ਸਵਾਰੀ ਦਾ ਸ਼ੌਕ ਤਾਂ ਹਦੋਂ ਵੱਧ ਸੀ। ਤੈਰਾਕੀ ਦੀ ਮੁਹਾਰਤ ਵੀ ਹਾਸਲ ਕਰ ਲਈ। ਗਊਆਂ ਨਾਲ ਛੋਟੇ ਹੁੰਦਿਆਂ ਤੋਂ ਹੀ ਪਿਆਰ ਸੀ। ਆਲਸ ਤਾਂ ਸਾਰੀ ਉਮਰ ਆਪ ਦੇ ਨੇੜੇ ਨਹੀਂ ਆਇਆ। ਆਪ ਨੇ ਸੰਤ ਸਿੰਘ ਨੂੰ ਆਖਣਾ, 'ਮੈਨੂੰ ਤੜਕੇ ਉਠਾ ਕੇ ਗੜਵਾ ਜਲ ਦਾ ਪਾਉਣ ਦੀ ਢਿੱਲ ਨਾ ਕਰਿਆ ਕਰੋ।' ਸਵੇਰੇ 2 ਵਜੇ ਉਠ ਕੇ ਇਸ਼ਨਾਨ ਕਰਕੇ ਆਸਾ ਦੀ ਵਾਰ ਵਿਚ ਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰ ਪਿਛੇ ਬੈਠ ਜਾਣਾ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਆਪ ਗਿਆਨ ਦੀ ਪ੍ਰਾਪਤੀ ਕਰਦੇ ਰਹੇ।

ਸੰਮਤ 1963 ਬਿ: ਸੰਨ 1906 ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰੂ ਗੱਦੀ ਤੇ ਸੁਭਾਇਮਾਨ ਹੋਏ ਤਾਂ ਆਪ ਜੀ ਨੇ ਨਾਮਧਾਰੀਆਂ ਨੂੰ ਗੁਲਾਮੀ ਦਾ ਗਲਬਾ ਲਾਹੁਣ ਲਈ ਅੰਗ੍ਰੇਜ਼ਾਂ ਵਿਰੁਧ ਜੰਗ ਵਿਚ ਜੁਟੇ ਰਹਿਣ ਲਈ ਪ੍ਰੇਰਣਾ ਸ਼ੁਰੂ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਜੋ ਨਾ-ਮਿਲਵਰਤਨ ਦਾ ਹਥਿਆਰ ਦਿੱਤਾ ਸੀ ਉਸ ਦੀ ਵਰਤੋਂ ਉਸੇ ਤਰ੍ਹਾਂ ਜਾਰੀ ਰੱਖੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਵਿਰਸੇ ਨੂੰ ਸਾਂਭੀ ਰਖਣ ਲਈ ਅਤਿ ਦੀਆਂ ਮੁਸ਼ਕਲਾਂ ਨਾਲ ਖੋਜ ਕਰਵਾ ਕੇ ਇਤਿਹਾਸ ਲਿਖਵਾਇਆ। ਸੰਨ 1925 ਈ. ਵਿਚ 'ਸਤਿਜੁਗ' ਛਪਵਾਣਾ ਸ਼ੁਰੂ ਕੀਤਾ। ਆਪ ਦੇ ਹੁਕਮ ਅਨੁਸਾਰ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਹੇਠ ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਤੀ, ਨਿਰੰਕਾਰ ਸਿੰਘ 'ਚੇਤਨ' ਤੇ ਹੋਰ ਲੇਖਕਾਂ ਨੇ ਦਿਨ ਰਾਤ ਖੋਜ ਕਰਕੇ ਇਤਿਹਾਸ ਲਿਖ ਕੇ ਛਾਪੇ। ਸਤਿਜੁਗ ਦੇ ਅਨੇਕਾਂ ਬਸੰਤ ਅੰਕ, ਬੇਅੰਤ ਕਿਤਾਬਾਂ, ਤਸਵੀਰਾਂ, ਕੈਲੰਡਰ ਆਦਿ ਉਸ ਵਕਤ ਛਪਵਾਏ ਜਦੋਂ ਇਹ ਸਭ ਕੁਝ ਕਰਨਾ ਜੁਰਮ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਫੁਰਮਾਉਂਦੇ ਸਨ ਕਿ ਬੱਚੇ ਨੂੰ ਮੁੱਢਲੀ ਸਿੱਖਿਆ ਹੀ ਵੱਡੇ ਹੋ ਕੇ ਉੱਚੇ ਆਚਰਨ ਵਾਲਾ ਜੀਵਨ ਬਿਤਾਉਣ ਲਈ ਮਦਦ ਕਰਦੀ ਹੈ। ਆਪ ਜੀ ਬਚਨ ਕਰਦੇ, "ਬਹੁਤੇ ਬੱਚਿਆਂ ਨਾਲੋਂ ਥੋੜ੍ਹੀ ਪਰ ਗੁਣਵਾਨ ਔਲਾਦ ਹੋਣੀ ਚੰਗੀ ਹੈ ਤਾਂ ਜੋ ਬੱਚਿਆਂ ਨੂੰ ਸਹੀ ਸਿੱਖਿਆ ਦਿੱਤੀ ਜਾ ਸਕੇ।" ਜਦੋਂ ਸ੍ਰੀ ਜੀਵਨ ਨਗਰ ਦੀ ਸਥਾਪਨਾ ਹੋਈ ਤਾਂ ਉਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਖੋਲ੍ਹ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇੱਛਾ ਸੀ ਕਿ ਨਾਮਧਾਰੀ ਬੱਚੇ ਦੁਨੀਆਂ ਵਿਚ ਆਪਣੀ ਮਿਸਾਲ ਆਪ ਹੋਣ। ਆਪ ਜੀ ਜਦੋਂ

ਬੈਂਕੋਕ ਗਏ ਤਾਂ ਨੌਜਵਾਨਾਂ ਨੂੰ ਵੱਖਰਾ ਬੁਲਾ ਉਹਨਾਂ ਨੂੰ ਸਿਖਿਆ ਦਿੰਦੇ ਰਹੇ।

ਸੰਨ 1929 ਵਿਚ ਕਾਂਗਰਸ ਨੇ ਆਪਣਾ ਸਾਲਾਨਾ ਸਮਾਗਮ ਲਾਹੌਰ ਰਖਿਆ। ਆਮ ਸਿੱਖਾਂ ਨੇ ਇਸਦਾ ਵਿਰੋਧ ਕੀਤਾ। ਉਸ ਵੇਲੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਜ਼ਾਰਾਂ ਨਾਮਧਾਰੀ ਇਸ ਜਲਸੇ ਵਿਚ ਸ਼ਾਮਲ ਹੋਏ। ਜਦੋਂ ਜਲੂਸ ਕਢਿਆ ਗਿਆ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 100 ਘੋੜਾ ਇਸ ਜਲੂਸ ਵਿਚ ਭੇਜਿਆ। ਬਾਹਰੋਂ ਆਏ ਲੱਖਾਂ ਲੋਕਾਂ ਦੇ ਲੰਗਰ ਦਾ ਪ੍ਰਬੰਧ ਤੇ ਖਰਚਾ ਆਪਣੇ ਕੋਲੋਂ ਕੀਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਸ੍ਰੀ ਭੈਣੀ ਸਾਹਿਬ ਦੇਸ਼ ਭਗਤਾਂ ਦਾ ਬਚਾਓ ਗੁਹਿ ਸੀ। ਇਕ ਵਾਰ ਲਾਟ ਕਹਿਣ ਲਗਾ, 'ਤੁਹਾਨੂੰ ਪਤਾ ਹੈ, ਰਤਨ ਸਿੰਘ ਬੱਬਰ ਅਕਾਲੀ ਸਰਕਾਰ ਦਾ ਦੁਸ਼ਮਣ ਪੁਲੀਟੀਕਲ ਕਾਤਲ ਤੇ ਡਾਕੂ ਹੈ, ਤੁਸੀਂ ਉਸ ਨੂੰ ਪਨਾਹ ਦਿੱਤੀ ਹੈ ਤੇ ਖਾਣਾ ਖੁਆਇਆ ਹੈ। ਤੁਹਾਨੂੰ ਪਤਾ ਹੈ, ਇਸਦਾ ਕੀ ਫਲ ਹੋ ਸਕਦਾ ਹੈ ?' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਠਰੰਮੇ ਨਾਲ ਉੱਤਰ ਦਿੱਤਾ, "ਸ੍ਰੀ ਗੁਰੂ ਰਾਮ ਸਿੰਘ ਜੀ ਦੇ ਦਰ ਤੇ ਜੋ ਵੀ ਆਵੇ ਭੁੱਖਾ ਨੰਗਾ ਨਹੀਂ ਜਾ ਸਕਦਾ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਚ ਗੁਰੂ ਨਾਨਕ ਜੀ ਦੀ ਚਲਾਈ ਸੰਗੀਤ ਪ੍ਰਥਾ ਨੂੰ ਸ਼ਿਖਰਾਂ ਛੋਹਣ ਦਾ ਬਲ ਬਖਸ਼ਿਆ। ਆਪ ਜਦੋਂ ਕਦੀ ਦਿਲਰੁਬਾ ਲੈ ਬਹਿ ਜਾਂਦੇ ਤਾਂ ਉਸ ਤੋਂ ਨਿਕਲਦੀਆਂ ਅਲਾਹੀ ਧੁੰਨਾਂ ਸੁਣ ਕੇ ਉਡਦੇ ਪੰਛੀ ਵੀ ਉਡਣਾ ਭੁਲ ਜਾਂਦੇ ਸਨ। ਸਿੱਖਾਂ ਵਿਚ ਸੰਗੀਤਕ ਰੁਚੀ ਪੈਦਾ ਕਰਨ ਤੇ ਗਿਆਨ ਦੇਣ ਲਈ ਸ੍ਰੀ ਭੈਣੀ ਸਾਹਿਬ ਵਿਖੇ ਇਕ ਸੰਗੀਤ ਵਿਦਿਆਲਾ ਖੋਲ੍ਹਿਆ ਜਿਸਦੇ ਸਰਬ ਪ੍ਰਥਮ ਅਧਿਆਪਕ ਸੰਗੀਤ ਆਚਾਰੀਆ ਉਸਤਾਦ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਦੇ ਪ੍ਰਸਿਧ ਰਾਗੀਆਂ ਤੇ ਸੰਗੀਤਕਾਰਾਂ ਨੂੰ ਬੁਲਾਂਦੇ, ਰਾਗ ਸੁਣਦੇ ਤੇ ਬੱਚਿਆਂ ਨੂੰ ਸੰਗੀਤ ਦੀ ਸਿਖਿਆ ਦਿਲਵਾਂਦੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1933 ਈ. ਅੱਸੂ ਦੇ ਮਹੀਨੇ ਸ੍ਰੀ ਭੈਣੀ ਸਾਹਿਬ ਵਿਖੇ 'ਗੁਰਮਤਿ ਸੰਗੀਤ ਸੰਮੇਲਨ' ਰਖਿਆ, ਜਿਸ ਵਿਚ ਇਨਾਮੀ ਪ੍ਰਤਿਯੋਗਿਤਾ ਕਰਵਾਈ ਗਈ। ਪਹਿਲਾ ਇਨਾਮ ਸ੍ਰ. ਹਰਨਾਮ ਸਿੰਘ ਜੀ (ਠੱਟਾ ਟਿਬਾ ਜ਼ਿਲ੍ਹਾ ਫ਼ਿਰੋਜ਼ਪੁਰ) ਦੂਜਾ ਇਨਾਮ ਭਾਈ ਲਾਲ ਜੀ ਰਬਾਬੀ ਸ੍ਰੀ ਅੰਮ੍ਰਿਤਸਰ ਅਤੇ ਤੀਜਾ ਇਨਾਮ ਭਾਈ ਸਮੁੰਦ ਸਿੰਘ ਜੀ ਰਾਗੀ ਨਨਕਾਣਾ ਸਾਹਿਬ ਦੇ ਹਿੱਸੇ ਆਇਆ। ਹੋਰ ਆਏ ਰਾਗੀਆਂ ਨੂੰ ਵੀ ਨਕਦ ਇਨਾਮ ਤੇ ਸਿਰੋਪੇ ਦਿੱਤੇ ਗਏ।

ਗੁਰੂ ਨਾਨਕ ਸਰਬ ਸੰਪਰਦਾਇ ਕਾਨਫ਼ਰੰਸ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 13 ਅਕਤੂਬਰ 1934 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਬੁਲਾਈ। ਇਸ ਕਾਨਫ਼ਰੰਸ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆ ਸਨ। ਇਸ ਕਾਨਫ਼ਰੰਸ ਵਿਚ ਜੋ ਮਤਾ ਪਾਸ ਹੋਇਆ ਉਹ ਇਸ ਪ੍ਰਕਾਰ ਸੀ "ਗੁਰੂ ਨਾਨਕ ਨੂੰ ਮੰਨਣ ਵਾਲੀਆਂ ਸਭ ਸੰਪ੍ਰਦਾਵਾਂ ਆਪਣੇ ਅਸੂਲਾਂ ਦਾ ਪ੍ਰੇਮ-ਪਿਆਰ ਤੇ ਵਿਦਵਤਾ ਸਹਿਤ ਮੰਡਨ ਰੂਪ ਵਿਚ ਪ੍ਰਚਾਰ ਕਰਨ ਅਤੇ ਇਕ ਦੂਜੇ ਦੇ ਸਿੱਧਾਂਤਾਂ ਤੇ ਵਿਚਾਰਾਂ ਨੂੰ ਖੰਡਨ ਕਰਨ ਦੀ ਪਰੰਪਰਾ ਬੰਦ ਕਰ ਦਿੱਤੀ ਜਾਵੇ।" ਕਾਨਫ਼ਰੰਸ ਦੇ ਪ੍ਰਧਾਨ ਬਾਗੜੀਆ ਜੀ ਨੇ ਕਿਹਾ, "ਇਸ ਕਾਨਫ਼ਰੰਸ ਦਾ ਮਨੋਰਥ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪਰਦਾਵਾਂ ਵਿਚ

ਪ੍ਰਸਪਰ ਪ੍ਰੇਮ ਪਿਆਰ ਤੇ ਏਕਤਾ ਪੈਦਾ ਕਰਨਾ ਹੈ।" ਸਰ ਸੁੰਦਰ ਸਿੰਘ ਜੀ ਮਜੀਠੀਆ ਨੇ ਕਿਹਾ, "ਮੈਨੂੰ ਆਸ ਹੈ ਕਿ ਸ੍ਰੀ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਜਿਵੇਂ ਸਾਨੂੰ ਮਾਲਾ ਦੇ ਮਣਕਿਆਂ ਵਾਂਗ ਇਕ ਲੜੀ ਵਿਚ ਪਿਰੋਣ ਦਾ ਉਦਮ ਕੀਤਾ ਹੈ ਅਸੀਂ ਉਸੇ ਤਰ੍ਹਾਂ ਪਰੁੱਚ ਕੇ ਆਪਣੇ ਫਰਜ਼ ਦਾ ਪਾਲਣ ਕਰੀਏ।"

ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਸ਼ਬਦਾਂ ਵਿਚ :—

"ਕੀ ਅਕਾਲੀ, ਕੀ ਚੀਫ ਖਾਲਸਾ ਦੀਵਾਨ ਤੇ ਕੀ ਹੋਰ ਸਾਰੇ ਇਸ ਜਾਦੂ ਅਸਰੀ ਨਾਲ ਮੋਹਿਤ ਮਾਲੂਮ ਹੁੰਦੇ ਸਨ। ਬਿਨਾਂ ਸੰਕੋਚ ਤੋਂ ਮਹਾਰਾਜ ਸ਼ਬਦ ਵਰਤਿਆ ਜਾਂਦਾ ਸੀ ਤੇ ਚਰਨੀਂ ਹੱਥ ਲਾਏ ਜਾਂਦੇ ਸਨ। ਜਿਨ੍ਹਾਂ ਨੇ ਕਦੇ ਕਿਸੇ ਦੇ ਪੈਰੀਂ ਹੱਥ ਨਹੀਂ ਲਾਇਆ ਉਹਨਾਂ ਨੂੰ ਮੈਂ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਚਰਨ ਛੋਹਦਿਆਂ ਵੇਖਿਆ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਲੀ ਇੱਛਾ ਸੀ ਕਿ ਰਿਸ਼ੀਆਂ ਮੁਨੀਆਂ ਦੇ ਦੇਸ਼ ਵਿਚ ਗਊ ਬੱਧ ਪੂਰਨ ਤੌਰ ਤੇ ਵਿਵਰਜਿਤ ਹੋਵੇ। ਇਸ ਲਈ ਆਪ ਉਪਰਾਲੇ ਕਰਦੇ ਹੀ ਰਹਿੰਦੇ। ਅੰਗਰੇਜ਼ਾਂ ਨੇ ਸੰਨ 1937 ਵਿਚ ਲਾਹੌਰ ਵਿਖੇ ਮਾਡਰਨ ਮਸ਼ੀਨਰੀ ਨਾਲ ਲੈਸ ਇਕ ਬੁਚੜਖਾਨਾ ਖੋਲ੍ਹਣ ਦਾ ਫੈਸਲਾ ਕਰ ਲਿਆ। ਉਸੇ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਹਵਨ ਯੱਗ ਆਰੰਭ ਕਰ ਦਿੱਤਾ ਗਿਆ। ਇਸ ਯੱਗ ਵਿਚ ਦੇਵ ਸਰੂਪ 500 ਸਿੱਖ ਹਵਨ ਕੁੰਡ ਦੁਆਲੇ ਬੈਠ ਕੇ ਚੰਡੀ ਦੀ ਵਾਰ ਦਾ ਪਾਠ ਕਰਦੇ। ਪੂਰਨ ਆਹੂਤੀ ਵਾਲੇ ਦਿਨ 20 ਸੇਰ ਪ੍ਰਤੀ ਘੰਟਾ ਦੇਸੀ ਘਿਉ ਪਾਇਆ ਗਿਆ। ਜਦੋਂ 125000 ਪਾਠ ਹੋਏ ਤੇ ਯੱਗ ਸੰਪੂਰਨਤਾ ਹੋਈ ਤਾਂ ਅੰਗਰੇਜ਼ਾਂ ਨੇ ਬੁਚੜਖਾਨਾ ਨਾ ਖੋਲਣ ਦਾ ਐਲਾਨ ਕਰ ਦਿੱਤਾ।

ਸੰਨ 1939 ਵਿਚ ਲੁਧਿਆਣੇ ਸਟੇਟ ਪੀਪਲਜ਼ ਕਾਨਫਰੰਸ ਹੋਈ। ਪੰਡਿਤ ਨਹਿਰੂ ਤੇ ਹੋਰ ਦੇਸ਼ ਦੇ ਪ੍ਰਸਿੱਧ ਨੇਤਾ ਆਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੁਧਿਆਣੇ ਖੁਦ ਦਰਸ਼ਨ ਦਿੱਤੇ। ਜੋ ਜਲੂਸ ਨਿਕਲਿਆ ਉਸ ਵਿਚ ਸਤਿਗੁਰੂ ਜੀ ਵੀ ਸ਼ਾਮਲ ਹੋਏ। ਉਪਰੰਤ ਸਾਰੇ ਰਾਜਸੀ ਨੇਤਾ ਪੰਡਿਤ ਨਹਿਰੂ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਮਾਤ ਭਾਸ਼ਾ 'ਪੰਜਾਬੀ' ਨੂੰ ਸਿੰਘਾਸਨ ਤੇ ਬੈਠਿਆਂ ਵੇਖਣਾ ਚਾਹੁੰਦੇ ਸਨ। ਆਪ ਜੀ ਇਹ ਨਹੀਂ ਸਨ ਚਾਹੁੰਦੇ ਕਿ ਲੜਕੇ ਲੜਕੀਆਂ ਅਨਪੜ੍ਹਤਾ ਦੇ ਗਲਬੇ ਥੱਲੇ ਦੱਬੇ ਜਾਣ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਹਿਤ ਸਾਧਨ ਲੱਭਣ ਲਈ ਅਕਤੂਬਰ 17-18 ਸੰਨ 1942 ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਇਕ ਪੰਜਾਬੀ ਕਾਨਫ਼ਰੰਸ ਬੁਲਾਈ ਜਿਸ ਦੇ ਪ੍ਰਧਾਨ ਸ੍ਰ: ਬਲਦੇਵ ਸਿੰਘ (ਸਾਬਕਾ ਰੱਖਿਆ ਮੰਤਰੀ) ਸਨ। ਪੰਜਾਬੀ ਦਾ ਪ੍ਰਚਾਰ ਕਰਨ ਤੇ ਲਿਖਣ ਵਾਲਾ ਕਿਸੇ ਵੀ ਮੱਤ ਦਾ ਧਾਰਨੀ ਹੁੰਦਾ ਉਸ ਦੀ ਆਪ ਬਹੁਤ ਕਦਰ ਕਰਦੇ। ਕੇਵਲ ਇਕ ਹੀ ਇੱਛਾ ਤੇ ਆਸ ਰਖਦੇ ਕਿ ਸਾਹਿਤਕਾਰ ਪੰਜਾਬੀ ਦਾ ਵੱਧ ਤੋਂ ਵੱਧ ਪ੍ਰਚਾਰ ਤੇ ਪ੍ਰਸਾਰ ਕਰਨ।

ਸੰਨ 1943 ਈ. ਬਿਕ੍ਰਮੀ 1999, 10-11-12 ਚੇਤਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹਿੰਦੂ ਸਿੱਖ ਮਿਲਾਪ ਕਾਨਫਰੰਸ ਬੁਲਾ ਲਈ। ਇਸ ਕਾਨਫਰੰਸ ਵਿਚ ਦੇਸ਼ ਦੇ ਉੱਘੇ

ਹਿੰਦੂ ਤੇ ਸਿੱਖ ਸ਼ਾਮਲ ਹੋਏ । ਕਾਨਫਰੰਸ ਦੇ ਪ੍ਰਧਾਨ ਸੇਠ ਜੁਗਲ ਕਿਸ਼ੋਰ ਜੀ ਬਿਰਲਾ ਨੂੰ ਬਣਾਇਆ ਗਿਆ । ਕਾਨਫਰੰਸ ਵਿਚ ਸਭ ਨੇ ਸੌਂਹਾਂ ਖਾਧੀਆਂ ਕਿ ਅਸੀਂ ਇਕੱਠੇ ਰਹਾਂਗੇ । ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਅੱਜ ਉਹ ਸਾਰੇ "ਹਮ ਏਕ ਹੈਂ" ਦੇ ਨਾਹਰੇ ਲਾ ਰਹੇ ਸਨ ਜਿਹੜੇ ਕਦੀ ਇਕ ਦੂਜੇ ਨੂੰ ਵੇਖਣਾ ਨਹੀਂ ਸਨ ਚਾਹੁੰਦੇ ।

ਸੰਨ 1945 ਵਿਚ ਸ਼ਿਮਲੇ ਵੇਵਲ ਕਾਨਫਰੰਸ ਹੋਈ । ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਤੇ ਦੇਸ਼ ਭਗਤ ਸ਼ਿਮਲੇ ਪਹੁੰਚੇ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਿਮਲੇ ਦਰਸ਼ਨ ਦਿੱਤੇ । ਪੰਡਿਤ ਨਹਿਰੂ ਕਹਿਣ ਲੱਗੇ, "ਮਹਾਰਾਜ ਜੀ ਆਪ ਕੀ ਕਿਆ ਮਾਂਗ ਹੈ ?" ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਅਸੀਂ ਅੰਗਰੇਜ਼ ਕੋਲੋਂ ਕਿਉਂ ਕੁਝ ਮੰਗੀਏ । ਮੇਰੀ ਤਾਂ ਇਕੋ ਇੱਛਾ ਹੈ ਅਸੀਂ ਆਜ਼ਾਦ ਹੋਈਏ ਤੇ ਆਜ਼ਾਦ ਦੇਸ਼ ਵਿਚ ਗਊ-ਬੱਧ ਪੂਰਨ ਤੌਰ ਤੇ ਬੰਦ ਹੋਵੇ ਤੇ ਗਰੀਬ ਆਬਾਦ ਹੋਣ ।"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਸੇ ਦੇ ਕੋਲ ਚੁਚਾਲ ਕੋਟਲੀ, ਜਗਮਲੇਰਾ, ਕੰਜਰ-ਵਾਲ, ਅਲੀਪੁਰ (ਜਿਨ੍ਹਾਂ ਦੇ ਕ੍ਰਮਵਾਰ ਨਵੇਂ ਨਾਮ ਸ੍ਰੀ ਜੀਵਨ ਨਗਰ, ਸੰਤ ਨਗਰ, ਦਮਦਮਾ, ਹਰੀਪੁਰ) ਆਦਿ ਦੇ ਪਿੰਡਾਂ ਵਿਚ ਜੰਗਲ ਤੇ ਬੰਜਰ ਧਰਤੀ ਦੇ ਕਰੀਬ 19890 ਪੱਕੇ ਵਿੱਘੇ ਜ਼ਮੀਨ ਖਰੀਦ ਲਈ । ਇਸ ਜ਼ਮੀਨ ਦੀ ਰਜਿਸਟਰੀ 30 ਲੱਖ, 90 ਹਜ਼ਾਰ ਰੁਪਏ ਦੇ ਕੇ ਜਨਵਰੀ 1947 ਵਿਚ ਕਰਵਾਈ ਗਈ । ਇਕ ਸੌ ਇਕ ਅਖੰਡ ਪਾਠਾਂ ਦੇ ਭੋਗ ਪਾਏ ਗਏ । ਸਤਿਗੁਰਾਂ ਦੀ ਚਰਨ ਛੁਹ ਪ੍ਰਾਪਤ ਕਰਦੇ ਹੀ ਬੰਜਰ ਜ਼ਮੀਨ ਦੀ ਬੁਕਲ 'ਚੋਂ ਹਰਿਆਵਲ ਝਾਕਣ ਲੱਗੀ । ਇਸ ਇਲਾਕੇ ਦੇ ਪਿੰਡ ਚੁਚਾਲ ਕੋਟਲੀ ਦਾ ਨਾਮ ਆਪ ਨੇ ਜੀਵਨ ਦਾਤੀ, ਜਗਤਮਾਤਾ, ਮਾਤਾ ਜੀਵਨ ਕੌਰ ਜੀ ਦੇ ਨਾਮ ਤੇ 'ਸ੍ਰੀ ਜੀਵਨ ਨਗਰ' ਰਖਿਆ ।

ਅੰਤ ਸਾਰੇ ਦੇਸ਼ ਵਾਸੀਆਂ ਦੀਆਂ ਘਾਲਣਾ ਥਾਇ ਪਈਆਂ ਤੇ 15 ਅਗਸਤ, 1947 ਈ. ਵਿਚ ਦੇਸ਼ ਆਜ਼ਾਦ ਹੋ ਗਿਆ ।

ਸ੍ਰੀ ਸਤਿਗੁਰੂ ਜੀ ਸਿੱਖਾਂ ਦੇ ਪੱਛਮੀ ਪੰਜਾਬ ਤੋਂ ਆਉਣ ਬਾਅਦ, ਪਹਿਲੇ 6 ਮਹੀਨੇ ਤਕ ਸਭ ਨੂੰ ਰਾਸ਼ਨ ਆਪਣੇ ਪਾਸੋਂ ਦਿੱਤਾ । ਕਰੀਬ 1200 ਮਣ ਦਾਣੇ ਇਕ ਮਹੀਨੇ ਦਾ ਖਰਚਾ ਸੀ । ਪੰਦਰਾਂ ਸੋਲ੍ਹਾਂ ਸੌ ਦੇ ਕਰੀਬ ਰਜਾਈਆਂ ਬਣਾ ਕੇ ਦਿੱਤੀਆਂ । ਗਊਆਂ, ਮੱਝਾਂ ਅਤੇ ਬੈਲ ਸਰਕਾਰ ਤੋਂ ਨਿਲਾਮੀ ਕਰਵਾ ਕੇ ਗਰੀਬ ਸਿੱਖਾਂ ਨੂੰ ਵੰਡੇ । 20-25 ਖੂਹ, ਕਾਲ ਦੇ ਦਿਨਾਂ ਵਿਚ ਕੋਲੋਂ ਪੈਸੇ ਖਰਚ ਕੇ ਲਵਾਏ ।

ਗਊਆਂ ਦਾ ਪਾਲਣ ਪੋਸ਼ਣ ਸੁਚੱਜੇ ਢੰਗਾਂ ਨਾਲ ਹੋਵੇ, ਇਹ ਦੱਸਣ ਲਈ ਆਪ ਜੀ ਨੇ ਸ੍ਰੀ ਜੀਵਨ ਨਗਰ ਇਕ ਫਾਰਮ ਖੋਲ੍ਹਿਆ । ਇਸ ਫਾਰਮ ਵਿਚ ਗਊਆਂ ਦੀ ਸੇਵਾ ਕਰਕੇ, ਉਹਨਾਂ ਤੋਂ ਚੰਗਾ ਦੁੱਧ ਲਿਆ ਜਾਂਦਾ । ਉਹਨਾਂ ਦੇ ਨਰੋਏ ਬੱਚੇ ਖੇਤੀ ਵਿਚ ਮਦਦ ਕਰਦੇ । ਇਸ ਫਾਰਮ ਦੀਆਂ ਗਊਆਂ ਨੇ ਦੁੱਧ ਦੀ ਮਾਤਰਾ ਤੇ ਖਿੰਦਾਈ ਵਿਚ ਕਈ ਇਨਾਮ ਜਿੱਤੇ । ਈਸਵੀ 1956 ਵਿਚ ਪੰਜਾਬ ਵਿਚ ਭਾਰੀ ਹੜ੍ਹ ਆਏ । ਜਾਨ-ਮਾਲ ਦਾ ਕਾਫੀ ਨੁਕਸਾਨ ਹੋਇਆ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸਿੱਖਾਂ ਨੇ ਪਿੰਡ ਪਿੰਡ, ਘਰ ਘਰ ਜਾ ਕੇ ਅੰਨ, ਬਿਸਤਰ ਤੇ ਤੰਬੂ ਵੰਡੇ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਬਾਣੀ ਦਾ ਨਿਰੰਤਰ ਪ੍ਰਵਾਹ ਚਲਾਉਣ ਹਿਤ ਸੰਨ 1939 ਈ. ਵਿਚ ਸ੍ਰੀ ਭੈਣੀ ਸਾਹਿਬ ਤੇ ਸੰਨ 1947 ਈ. ਵਿਚ ਸ੍ਰੀ ਜੀਵਨ ਨਗਰ ਵਿਖੇ ਭਜਨ ਦੀਆਂ ਨਿਰੰਤਰ ਵਰਨੀਆਂ ਸ਼ੁਰੂ ਕੀਤੀਆਂ। ਗਰੀਬ ਨਿਵਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੋਕ ਭਲਾਈ ਹਿਤ ਕਿੰਨੇ ਕੁ ਪਾਠ, ਹਵਨ ਤੇ ਵਰਨੀਆਂ ਕਰਵਾਈਆਂ ਹੋਣਗੀਆਂ, ਕੋਈ ਅੰਤ ਨਹੀਂ, ਪਰ ਕੁਝ ਕੁ ਅੰਕੜੇ ਇਸ ਪ੍ਰਕਾਰ ਹਨ।

ਅਖੰਡ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ—10,000

ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ—1000

ਸਾਧਾਰਨ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ—6,00,000

ਚੰਡੀ ਦੀ ਵਾਰ ਦੇ ਹਵਨ ਯੱਗ—ਦੋ ਵਾਰ (ਸਵਾ ਲੱਖ ਪਾਠ ਇਕ ਹਵਨ ਯੱਗ ਵਿਚ)

ਦੁਨੀਆਂ ਨੂੰ ਤਾਰਨ ਲਈ, ਭੁਲੇ ਭਟਕੇ ਲੋਕਾਂ ਦਾ ਸਹੀ ਮਾਰਗ ਦਰਸ਼ਨ ਕਰਨ ਲਈ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੇਠ ਲਿਖੇ ਦੇਸ਼ਾਂ ਦੇ ਦੌਰੇ ਕੀਤੇ :—

ੳ) ਥਾਈਲੈਂਡ 22 ਵਾਰ

ਅ) ਅਫ਼ਰੀਕਾ 4 ਵਾਰ

ੲ) ਸਿੰਘਾਪੁਰ 1 ਵਾਰ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਰਾਗੀ ਰਬਾਬੀਆਂ ਨੂੰ ਬੁਲਾ ਕੇ ਉਹਨਾਂ ਪਾਸੋਂ ਪੁਰਾਤਨ ਰੀਤਾਂ ਚੌਕੀਆਂ ਦੇ ਢੰਗ ਤੇ ਸ਼ਬਦ ਸੁਣਦੇ ਰਹਿੰਦੇ। ਆਪ ਜੀ ਨੂੰ ਜਿਥੇ-ਜਿਥੇ ਕਿਸੇ ਕਲਾਕਾਰ ਦਾ ਪਤਾ ਲਗਦਾ, ਆਪ ਜੀ ਉਚੇਚੇ ਤੌਰ ਤੇ ਉਥੇ ਜਾਂਦੇ। ਪੰਡਿਤ ਓਅੰਕਾਰ ਨਾਥ, ਬੜੇ ਗੁਲਾਮ ਅਲੀ ਖਾਂ, ਪੰਨਾ ਲਾਲ, ਪੰਡਿਤ ਮਹਾਂਦੇਓ, ਕ੍ਰਿਸ਼ਨ ਰਾਓ ਤੇ ਜੋਸ਼ੀ ਪੂਨੇ ਵਾਲੇ, ਸ. ਗੁਰਬਖਸ਼ ਸਿੰਘ ਜੀ ਘੜੀ ਸਾਜ਼ ਤੇ ਕਈ ਹੋਰ ਉੱਘੇ ਕਲਾਕਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਰਹੇ। ਇਕ ਵਾਰ ਸੰਨ 1953 ਈ. ਵਿਚ ਫਗਵਾੜੇ ਪੰਡਿਤ ਮਹਾਂਦੇਓ ਜੀ ਦੇ ਸਪੁੱਤਰ ਪੰਨਾ ਲਾਲ ਜੀ ਕਥੱਕ ਨੇ ਰਾਗ ਗਾਇਆ। ਆਪ ਘੜੀ ਕੋਲ ਰੱਖ ਮਾਤਰਾ ਗਿਣਦੇ ਰਹੇ। ਪਰ ਪੰਨਾ ਲਾਲ ਇਕ ਪਲ ਵੀ ਨਾ ਖਿੜਕੇ। ਸੱਚੇ ਪਾਤਸ਼ਾਹ ਜੀ ਨੇ ਉਸ ਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ ਤੇ ਬਚਨ ਕੀਤਾ, "ਅੱਜ ਦੀ ਦੁਨੀਆ ਵਿਚ ਪੁਰਾਤਨ ਗਾਉਣ ਦਾ ਢੰਗ ਖਤਮ ਹੋ ਗਿਆ ਹੈ, ਤੁਸੀਂ ਖੁਸ਼ਕਿਸਮਤ ਹੋ, ਜਿਨ੍ਹਾਂ ਬਜ਼ੁਰਗਾਂ ਦੇ ਖਜ਼ਾਨੇ ਨੂੰ ਸੰਭਾਲ ਕੇ ਰਖਿਆ ਹੋਇਆ ਹੈ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਸ਼ਾਂ ਵਿਦੇਸ਼ਾਂ ਵਿਚ, ਕਿਧਰੇ ਬਸੰਤ ਦੇ ਮੇਲੇ ਆਯੋਜਿਤ ਕਰਕੇ ਸਾਧ-ਸੰਗਤ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦੇ ਆਦਰਸ਼ਾਂ ਤੇ ਹੁਕਮਨਾਮਿਆਂ ਤੇ ਪ੍ਰਕਾਸ਼ ਪਾ ਕੇ ਗਿਆਨ ਪ੍ਰਦਾਨ ਕਰਦੇ, ਕਿਧਰੇ ਅੱਸੂ ਦੇ ਮਹੀਨੇ ਵਿਚ ਲਗਾਤਾਰ ਜਪੁ ਪ੍ਰਯੋਗ ਕਰਕੇ ਸਾਧ-ਸੰਗਤ ਨੂੰ ਭਜਨ ਬਾਣੀ ਕਰਨ ਤੇ ਨਾਮ ਜਪਣ ਦੀ ਜਾਚ ਦਸੀ, ਤੇ ਕਿਧਰੇ ਨਿਮਾਣੀ ਦੇ ਮੇਲੇ ਮਨਾਏ, ਕਿਧਰੇ ਹੋਲੇ ਮਹੱਲੇ ਆਯੋਜਿਤ ਕਰਕੇ ਕੱਥਾ ਕੀਰਤਨ, ਉਪਦੇਸ਼ਾਂ ਰਾਹੀਂ ਸਾਧ-ਸੰਗਤ ਨੂੰ ਰੂਹਾਨੀਅਤ

ਦੀ ਦਾਤ ਬਖਸ਼ੀ ।

ਆਪ ਜੀ ਦੀ ਛਤ੍ਰ ਛਾਂ ਹੇਠ ਬਿਕ੍ਰਮੀ ਸੰਮਤ 1963 ਤੋਂ 2015, ਈ. ਸੰਨ 1907 ਤੋਂ 1959 ਤਕ ਇਕ ਤੋਂ ਇਕ ਵੱਧ ਚੜ੍ਹ ਕੇ ਹੋਲਿਆਂ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ। ਸਤਿਗੁਰੂ ਹਰੀ ਸਿੰਘ ਜੀ ਨੇਤਰਾਂ ਦੀ ਤਕਲੀਫ ਕਰਕੇ ਮਾਨਾਂ ਵਾਲੇ ਦੇ ਹੋਲੇ ਤੇ ਸੰਮਤ 1962, ਸੰਨ 1906 ਵਿਚ ਦਰਸ਼ਨ ਨਾ ਦੇ ਸਕੇ । ਇਸ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀਆਂ ਪੂਜਯ ਮਾਤਾਵਾਂ ਮਾਤਾ ਜੀਵਨ ਕੌਰ ਤੇ ਫਤਹਿ ਕੌਰ ਜੀ ਦੇ ਨਾਲ ਮਾਨਾਂ ਵਾਲੇ ਹੋਲੇ ਤੇ ਦਰਸ਼ਨ ਦਿੱਤੇ । ਸੰਮਤ 1963, ਸੰਨ 1907 ਈ. ਦਾ ਹੋਲਾ ਗੁਰੂ ਰੂਪ ਵਿਚ ਆਪ ਜੀ ਦਾ ਪਹਿਲਾ ਹੋਲਾ ਸੀ ਤੇ ਬਿਕ੍ਰਮੀ ਸੰਮਤ 2015 ਸੰਨ 1959 ਈ. ਦਾ ਆਖਰੀ ਹੋਲਾ ।

ਇਸ ਪੁਸਤਕ ਵਿਚ ਸੰਮਤ 1963 ਤੋਂ 2015, ਸੰਨ 1907 ਤੋਂ 1959 ਈ. ਤਕ ਦੇ ਹੋਲਿਆਂ ਦੀਆਂ ਕੁਝ ਕੁ ਵਿਸ਼ੇਸ਼ ਘਟਨਾਵਾਂ ਇਕੱਤ੍ਰ ਕਰਕੇ ਪੁਸਤਕ ਰੂਪ ਵਿਚ ਸੰਭਾਲਣ ਦਾ ਪ੍ਰਯਾਸ ਕੀਤਾ ਗਿਆ ਹੈ । ਬਹੁਤ ਕੁਝ ਬਾਕੀ ਰਹਿ ਗਿਆ ਹੋਵੇਗਾ, ਆਸ ਹੈ, ਪਾਠਕ ਜਨ ਇਹਨਾਂ ਘਟਨਾਵਾਂ ਨੂੰ ਪੜ੍ਹ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਵਿਸ਼ੇਸ਼ ਬਖਸ਼ਸ਼ਾਂ ਤੇ ਉਪਲੱਬਧੀਆਂ ਬਾਰੇ ਗਿਆਨ ਪ੍ਰਾਪਤ ਕਰਕੇ, ਸਤਿਗੁਰੂ ਜੀ ਦੇ ਦਰਸਾਏ ਮਾਰਗ ਤੇ ਚਲ ਕੇ, ਉਹਨਾਂ ਦੇ ਪਵਿਤ੍ਰ ਉਪਦੇਸ਼ਾਂ ਅਨੁਸਾਰ ਆਪਣਾ ਜੀਵਨ ਢਾਲ ਕੇ, ਜੀਵਨ ਦੇ ਸਹੀ ਪੱਥ ਦਾ ਅਨੁਸਰਣ ਕਰਨਗੇ ।

—o—

# ਹੋਲੇ ਮਹੱਲੇ ਦਾ ਪਿਛੋਕੜ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਕੀਤੇ ਹੋਏ ਭਾਸ਼ਣਾਂ ਵਿਚ ਸਤਿਗੁਰੂ ਜੀ ਹੋਲੇ ਬਾਰੇ ਫੁਰਮਾਂਦੇ ਹਨ :—

"ਹੋਲੇ ਦਾ ਮੁੱਢ ਬਝਿਆ ਵੇਖੀਏ ਪਹਿਲੇ ਜੋ ਦੇਖੀਏ ਤਿਉਹਾਰ ਤੇ ਇਹ ਬੜੇ ਚਿਰ ਦਾ ਹੈ, ਸਤਿਜੁਗ ਤੋਂ ਲੈ ਕੇ ਇਹਨੂੰ ਮੰਨਣਾ ਪਵੇਗਾ, ਕਿਉਂਕਿ ਹੋਲੀ ਸੀ ਉਹਦਾ ਨਾਮ, ਜਿਹੜੀ ਪ੍ਰਹਿਲਾਦ ਦੀ ਸੀ ਭੂਆ, ਜਿਹਨੂੰ ਇਹ ਮਾਣ ਸੀ ਕਿ ਮੈਂ ਅੱਗ ਵਿਚ ਸੜਦੀ ਨਹੀਂ, ਉਹ ਲੈ ਕੇ ਪ੍ਰਹਿਲਾਦ ਨੂੰ ਗੋਦ ਵਿਚ ਬੈਠੀ ਸੀ। ਭਾਈ ਗੁਰਦਾਸ ਜੀ ਕਹਿੰਦੇ ਨੇ—

ਜਲ ਅਗਨੀ ਵਿਚ ਘਤਿਆ,
ਜਲਹਿ ਨ ਡੁਬਹਿ ਗੁਰ ਪ੍ਰਸਾਦਿ।

ਉਹ ਸੜੀ ਸੀ, ਉਸ ਦਿਨ ਤੋਂ ਹਿੰਦੂ ਲੋਕ ਇਸ ਤਿਉਹਾਰ ਨੂੰ ਮਨਾਉਂਦੇ ਸਨ। ਪਰ ਗੁਰੂ ਗੋਬਿੰਦ ਸਾਹਿਬ ਨੇ ਇਸਦਾ ਨਾਮ ਜਿਹੜਾ ਹੋਲੀ ਤੋਂ ਹੋਲਾ ਕਰ ਦਿੱਤਾ, ਹੋਲਾ ਬਣਾਇਆ ਔਰ ਗੁਰੂ ਗੋਬਿੰਦ ਸਾਹਿਬ ਨੇ ਇਸਨੂੰ ਆਰੰਭਿਆ। ਨਾਮਧਾਰੀਆਂ ਵਾਸਤੇ ਦੋ ਪਰਵ ਹਨ, ਇਨ੍ਹਾਂ ਦੇ ਵਿਚ ਗੁਰੂ ਗੋਬਿੰਦ ਸਿੰਘ ਦਾ ਬਨਾਉਣਾ ਹੋਲੇ ਦਾ ਮੇਲਾ ਤੇ ਗੁਰੂ ਬਾਲਕ ਸਿੰਘ ਜੀ ਦੇ ਜਨਮ ਦਾ ਦਿਨ।"

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਹੋਰ ਵਿਸ਼ੇਸ਼ ਕ੍ਰਿਪਾ ਕੀਤੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਦਿਵਸ ਚੇਤ ਵਦੀ ਤੀਜ ਨੂੰ ਦੋ ਪਰਵਾ ਦੇ ਨਾਲ ਰਲਾ ਕੇ ਤ੍ਰਿਬੇਣੀ ਦਾ ਕੁੰਭ ਬਣਾ ਦਿੱਤਾ।

ਹੋਲੀ ਦਾ ਤਿਉਹਾਰ ਸੱਚ ਦੀ ਵਿਜਯ ਤੇ ਝੂਠ ਦੀ ਪਰਾਜਯ, ਅਧਰਮ ਉਤੇ ਧਰਮ ਦੀ ਵਿਜਯ ਦਾ ਪ੍ਰਤੀਕ ਹੈ। ਇਸ ਲਈ ਸਾਧਾਰਨ ਮਨੁੱਖਾਂ ਨੇ ਆਪਣੇ ਖੁਸ਼ੀ ਦੇ ਵਲਵਲਿਆਂ ਨੂੰ ਇਕ ਦੂਸਰੇ ਤੇ ਰੰਗ-ਗੁਲਾਲ ਛਿੜਕਾ ਕੇ ਇਸ ਨੂੰ ਪਰਵ ਦੇ ਰੂਪ ਵਿਚ ਮਨਾਣਾ ਸ਼ੁਰੂ ਕਰ ਦਿੱਤਾ। ਸੰਤਾਂ, ਸਾਧਾਂ, ਪ੍ਰਭੂ ਪਿਆਰਿਆਂ ਨੇ ਆਪਣੇ ਆਪ ਨੂੰ ਇਸ਼ਟ ਦੇ ਰੰਗ ਵਿਚ ਰੰਗ ਕੇ ਇਸ ਸ਼ੁਭ ਪਰਵ ਦੇ ਅਵਸਰ ਤੇ ਉਸ ਨਾਲ ਇਕਮਿਕ ਹੋਣਾ ਚਾਹਿਆ। ਸ੍ਰੀ ਕ੍ਰਿਸ਼ਨ ਜੀ ਵੇਲੇ ਮਥੁਰਾ

ਨਗਰੀ, ਗੋਪੀਆਂ ਤੇ ਸ੍ਰੀ ਕ੍ਰਿਸ਼ਨ ਜੀ ਦੇ ਅਥਾਹ ਪਿਆਰ ਦਾ, ਹਾਸ, ਪਰਿਹਾਸ, ਵਿਲਾਸ, ਗਾਣ ਬਜਾਣ ਦਾ ਇਕ ਅਦਭੁਤ ਦ੍ਰਿਸ਼ ਸੀ। ਇਕ ਪਾਸੇ ਜੇਕਰ ਸ੍ਰੀ ਕ੍ਰਿਸ਼ਨ ਜੀ ਦੇ ਬੁਲ੍ਹਾਂ ਨਾਲ ਲਗੀ ਬਾਂਸੁਰੀ, ਨਿਤ ਨਵੀਆਂ ਧੁਨਾਂ ਵਜਾ ਕੇ ਸਾਰੇ ਵਾਤਾਵਰਣ ਨੂੰ ਮੰਤਰ ਮੁਗਧ ਬਣਾਂਦੀ ਤੇ ਦੂਸਰੇ ਪਾਸੇ ਨ੍ਰਿਤਕਾਰੀ ਨਾਲ ਕੁੰਜ ਗਲੀਆਂ ਵਿਚ ਗਹਿਮਾ-ਗਹਿਮੀ, ਚਾਵਾਂ ਮਲਾਰਾਂ ਦਾ ਠਾਠਾਂ ਮਾਰਦਾ ਸੁਮੰਦ੍ਰ, ਇਕ ਚਿਰਵਿਸਮਰਣੀਯ ਦ੍ਰਿਸ਼ ਬਣਾ ਰਿਹਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਨਾਵਤਾਰ ਵਿਚ ਅਨੁਪਮ, ਅਨੂਠੀ ਸ਼ੈਲੀ ਵਿਚ ਇਹ ਸਭ ਵਰਨਣ ਕਰਕੇ, ਅਨੋਖਾ ਸੁਆਦਲਾ ਰਸ ਬੰਨਿਆ ਹੈ—ਜਿਸਦਾ ਇਕ ਉਦਾਹਰਣ...

"ਮਾਘ ਬਿਤੀਤ ਭਏ ਰੁਤ ਫਾਗਨ ਆਇ ਗਈ ਸਭ ਖੇਲਤ ਹੋਰੀ।
ਗਾਵਤ ਗੀਤ ਬਜਾਵਤ ਤਾਲ, ਕਹੈ ਮੁਖ ਤੇ ਭਰੂਆ ਮਿਲ ਜੋਰੀ।"

ਦਸਮ ਗ੍ਰੰਥ ਸਾਹਿਬ ਦੇ ਅਨਗਿਣਤ ਪੰਨੇ ਇਸ ਰੰਗ ਦਾ ਵਰਨਣ ਕਰਦੇ ਹਨ।

ਸਾਡੇ ਗੁਰੂ ਸਾਹਿਬਾਂ ਨੇ ਇਸ ਹੋਲੇ ਦੇ ਤਿਉਹਾਰ ਦੇ ਸ਼ੁਭ ਅਵਸਰ ਤੇ ਆਪਣੇ ਆਪ ਨੂੰ ਨਾਮ ਦੇ ਗੂੜੇ ਰੰਗ ਵਿਚ ਰੰਗ ਕੇ ਪ੍ਰਭੂ ਨਾਲ (ਅਕਾਲ-ਪੁਰਖ ਨਾਲ) ਇਕਮਿਕ ਹੋਣਾ ਚਾਹਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਬੜੇ ਸੁੰਦਰ ਸ਼ਬਦਾਂ ਵਿਚ ਫੁਰਮਾਉਂਦੇ ਹਨ :—

— ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ ਸਿਰੀ ਰਾਗੁ ਮਹਲਾ ੧ (੧੮)

— ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ ॥ ਪ੍ਰਭਾਤੀ ਮਹਲਾ ੧ (੧੩੩੧-੩੨)

— ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠੁ ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥

ਤਿਲੰਗ ਮਹਲਾ ੧ ਘਰੁ ੩ (੭੨੧-੨੨)

ਸ੍ਰੀ ਗੁਰੂ ਅਮਰ ਦਾਸ ਜੀ ਨੇ ਫੁਰਮਾਇਆ—

— ਏ ਮਨ ਰੂੜੇ ਰੰਗੁਲੇ, ਤੂੰ ਸਚਾ ਰੰਗੁ ਚੜਾਇ ॥
ਰੂੜੀ ਬਾਣੀ ਜੇ ਰਮੈ ਤਾਂ ਇਹੁ ਰੰਗੁ ਲਹੈ ਨ ਜਾਇ ॥

ਆਸਾ ਮਹਲਾ ੩ (੪੨੬-੨੭)

— ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ।! ਧਨਾਸਰੀ ਮਹਲਾ ੩ (੬੪੪)

ਸ੍ਰੀ ਸਤਿਗੁਰੂ ਰਾਮ ਦਾਸ ਜੀ ਨੇ ਆਪਣੇ ਆਪ ਨੂੰ ਹਰਿ ਜੀਅ ਦੇ ਰੰਗ ਵਿਚ ਚੰਗੀ ਤਰ੍ਹਾਂ ਰੰਗ ਲਿਆ—

— ਹਰਿ ਰੰਗਿ ਚਲੂਲੈ ਜੋ ਰਤੇ, ਤਿੰਨੁ ਭਿਨੀ ਹਰਿ ਰੰਗਿ ਚੋਲੀਆ ॥

ਸਲੋਕ ਮਹਲਾ ੪ (੩੧੧)

— ਗੁਰਮੁਖਿ ਰੰਗੁ ਭਇਆ ਅਤਿ ਗੂੜਾ, ਹਰਿ ਰੰਗਿ ਭੀਨੀ ਮੇਰੀ ਚੋਲੀ ॥

ਮਹਲਾ ੪ ਗਉੜੀ ਪੂਰਬੀ (੧੬੮-੬੯)

— ਮਨ ਰੰਗਹੁ ਵਡਭਾਗੀਹੋ, ਗੁਰੁ ਤੁਠਾ ਕਰੇ ਪਸਾਉ ॥

ਸਿਰੀ ਰਾਗੁ ਮਹਲਾ ੪ (੪੦)

— ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥ ਸੂਹੀ ਮਹਲਾ ੪ (੭੩੧-੩੨)

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਆਪ ਨੂੰ ਨਾਮ ਦੇ ਰੰਗ ਵਿਚ ਤਾਂ ਰੰਗਿਆ ਹੀ, ਨਾਲ ਹੀ ਆਪਣੇ ਸੰਤਾਂ, ਸਾਧਾਂ, ਸੇਵਕਾਂ ਨੂੰ ਨਾਮ ਦੇ ਗੂੜੇ ਰੰਗ ਵਿਚ ਗੜੁੱਚ ਕਰ ਦਿੱਤਾ । ਉਨ੍ਹਾਂ ਨੇ ਇਸਦੀ ਵਿਆਖਿਆ ਬੜੇ ਸੁੰਦਰ ਸ਼ਬਦਾਂ ਵਿਚ ਇਸ ਤਰ੍ਹਾਂ ਕੀਤੀ ਹੈ :

— ਆਜ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥

ਬਸੰਤ ਮਹਲਾ ੫ (੧੧੮੦)

— ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲ ॥ ਮ: ੫ (੧੦੯੭)

— ਹਰਿ ਰੰਗਿ ਰਾਤਾ ਸੋ ਮਨ ਸਾਚਾ ॥ ਗਉੜੀ ਮਹਲਾ ੫ (੧੯੪)

— ਜਾ ਕਉ ਹਰਿ ਰੰਗ ਲਾਗੋ ਇਸੁ ਜਗ ਮਹਿ, ਸੋ ਕਹੀਅਤ ਹੈ ਸੂਰਾ ॥

—ਧਨਾਸਰੀ ਮਹਲਾ ੫ (੬੭੯-੮੦)

— ਲਾਲ ਰੰਗੁ ਤਿਸ ਕਉ ਲਗਾ ਜਿਸਕੇ ਵਡਭਾਗਾ ਬਿਲਾਵਲ ਮਹਲਾ ੫ (੮੦੮-੯)

— ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥
ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥

ਧਨਾਸਰੀ ਮਹਲਾ ੫ (੬੮੨)

— ਇਹ ਮਨੁ ਸੁੰਦਰਿ ਆਪਣਾ, ਹਰਿ ਨਾਮਿ ਮਜੀਠੈ ਰੰਗਿ ਰੀ ॥ ਆਸਾ ਮਹਲਾ ੫ (੪੦੦)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵਾਂ ਰੂਪ ਦਿੱਤਾ । ਉਹ ਸੁੱਤੀ ਹੋਈ ਕੌਮ ਨੂੰ ਜਗਾਉਣਾ ਚਾਹੁੰਦੇ ਸਨ, ਉਹ ਚਿੜੀਆਂ ਤੋਂ ਬਾਜ ਤੜਾਉਣਾ ਚਾਹੁੰਦੇ ਸਨ, ਉਹ ਇਕ ਨੂੰ ਸਵਾ ਲੱਖ ਨਾਲ ਲੜਾਉਣਾ ਚਾਹੁੰਦੇ ਸਨ, ਉਹ ਗਿੱਦੜਾਂ ਤੋਂ ਸ਼ੇਰ ਬਨਾਉਣਾ ਚਾਹੁੰਦੇ ਸਨ, ਸੱਚੇ ਪਾਤਸ਼ਾਹ ਜੀ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿੱਤਾ । ਭਗਤੀ ਭਾਵ ਦੇ ਵਿਚ ਬੀਰ ਰਸ ਮਿਲਾ ਕੇ ਹੋਲੀ ਨੂੰ ਹੋਲੇ ਮਹੱਲੇ ਵਿਚ ਪਰਵਰਤਿਤ ਕਰ ਦਿੱਤਾ । ਭਾਈ ਕਾਹਨ ਸਿੰਘ ਜੀ ਨਾਭਾ ਮਹਾਨ-ਕੋਸ਼ ਵਿਚ ਹੋਲੇ ਮਹੱਲੇ ਦੀ ਪਰਿਭਾਸ਼ਾ ਇਸ ਪ੍ਰਕਾਰ ਲਿਖਦੇ ਹਨ ।

ਹੋਲਾ ਮਹੱਲਾ—ਸੰਗਯਾ—ਹਮਲਾ ਅਤੇ ਜਾਯ ਹਮਲਾ, ਹੱਲਾ ਅਤੇ ਹੱਲੇ ਦੀ ਥਾਂ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧ ਵਿਦਿਆ ਵਿਚ ਨਿਪੁੰਣ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ, ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸੁਭ ਸਿਖਿਆ ਦਿੰਦੇ ਸਨ, ਔਰ ਜੋ ਦਲ ਕਾਮਯਾਬ ਹੁੰਦਾ ਉਸਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ ।

ਕਵੀ ਨਿਹਾਲ ਸਿੰਘ ਜੀ ਹੋਲੇ ਬਾਰੇ ਲਿਖਦੇ ਹਨ :—

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ,
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰ ਦੋਨਾ ਟੋਲਾ ਹੈ,
ਸੁਭਟ ਸੁਚਾਲਾ ਅਰ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ,

ਅਪਰ ਮਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ ।

ਸਤਿਗੁਰੂ ਜੀ ਨੇ ਖਾਲਸਈ ਹੋਲੇ ਨੂੰ ਬੀਰ ਰਸ ਪ੍ਰਦਾਨ ਕਰਕੇ ਅਨੰਦ-ਪੁਰ ਸਾਹਿਬ ਦੇ ਵਾਤਾਵਰਨ ਦੇ ਹਰ ਕਣ-ਕਣ ਵਿਚ ਬੀਰਤਾ ਦੀ ਮਹਿਕ ਚਾਰ-ਚੁਫੇਰੇ ਖਿਲਾਰ ਦਿੱਤੀ । ਸਤਿਗੁਰੂ ਜੀ ਆਪਣੇ ਸਿੰਘਾਂ ਸੂਰਮਿਆਂ ਨੂੰ ਸਿਖਿਆ ਦੇਣ ਲਈ, ਉਹਨਾਂ ਨੂੰ ਦੋ ਟੋਲੀਆਂ ਵਿਚ ਵੰਡ ਕੇ ਬਨਾਵਟੀ ਯੁੱਧ ਰਚਾਉਂਦੇ, ਜੇਤੂ ਟੋਲੀ ਤੇ ਖੁਸ਼ੀਆਂ ਦੇ ਭੰਡਾਰੇ ਖੋਹਲ ਦਿੰਦੇ । ਹੋਲੇ ਵਾਲੇ ਦਿਨ ਪਿਚਕਾਰੀਆਂ ਨਾਲ ਗੁਲਾਲ ਭਰ ਕੇ ਆਪਣੇ ਪਿਆਰੇ ਸੂਰਮਿਆਂ ਨਾਲ ਰੰਗ ਰਲੀਆਂ ਮਨਾਉਂਦੇ । ਭਾਈ ਸੰਤੋਖ ਸਿੰਘ ਜੀ ਇਸਦਾ ਵਰਨਣ ਇੰਝ ਕਰਦੇ ਹਨ—

ਉਡਯੋ ਏਕ ਬਾਰ ਹੀ ਗੁਲਾਲ ਲਾਲ ਘਟਾ ਮਾਨੋ
ਰੰਗਨ ਕੀ ਬੂੰਦ ਬਰਖਤ ਚੀਨਿਉ
ਰੰਗਦਾਰ ਅੰਬਰ ਕੈ, ਰੰਗਦਾਰ ਅੰਬਰ ਕੇ
ਮੂਠ ਭਰ ਮਾਰੇ ਰੰਗ, ਡਾਰਤ, ਨਵੀਨਿਉ ।

ਇਕ ਪਾਸੇ ਗੁਲਾਲ ਨਾਲ ਆਮੋਦ ਪ੍ਰਮੋਦ ਤੈ ਦੂਜੇ ਪਾਸੇ ਗੁਰਬਾਣੀ ਤੇ ਨਾਮ ਸਿਮਰਨ ਦੇ ਮਜੀਠੇ ਰੰਗ ਵਿਚ ਰੰਙਨ ਦੇ ਅਲੌਕਿਕ ਦ੍ਰਿਸ਼ਯ :—

ਕੇਤਕਿ ਕਰਤਿ ਪਾਠ ਗੁਰਬਾਣੀ ॥
ਕੇਚਿਤ ਅਰਥਨਿ ਕਰਤਿ ਵਖਾਨੀ ॥
ਕੇਚਿਤ ਸੁਨਹਿ ਕਮਾਵਹਿ ਕੇਈ ॥
ਕੇਚਿਤ ਸਤਿਨਾਮੁ ਸਿਮਰੇਈ ॥
ਕੇਚਿਤ ਅਰਥਨਿ ਪਾਠ ਸੰਬਾਦੈ ॥
ਕਿਤਿਕ ਸਰਾਹਤਿ ਪ੍ਰਾਪਤਿ ਸਾਦਹਿ ॥
ਖੇਲਤਿ ਫਾਗ ਅਨੰਦ ਉਪਾਯੋ ॥
ਅਲਤਾ ਗਨ ਅੰਬੀਰ ਗੁਲਾਲ ॥
ਲਾਲ ਪੀਤ ਭਰਿ ਰੰਗ ਬਿਸਾਲ ॥
ਮਿਲਤਿ ਖੁਸੀ ਹੋਇ ਊਪਰ ਡਾਰਹਿੰ ॥
ਨਾਨ ਰੰਗ ਬਸਤ੍ਰ ਕੇ ਧਾਰਹਿੰ ॥
ਜਮਹਿ ਸਭਨਿ ਕੇ ਬਦਨ ਗੁਲਾਲ ॥
ਪਰਹਿੰ ਪਛਾਨਹਿੰ ਨਹਿੰ ਤਿਸ ਕਾਲ ॥
ਇਕ ਸਮ ਹੋਇ ਫਿਰਹਿੰ ਜਨ ਮਾਤੇ ॥
ਗਾਇੰ ਸ਼ਬਦ ਮੁਖ ਪ੍ਰੇਮ ਸੁਰਾਤੇ ॥
ਗਰੀ ਗਰੀ ਅਨੰਦਪੁਰ ਕੇਰੀ ॥
ਇਕ ਸਮ ਲਾਲ ਭਈ ਤਿਸੁ ਬੇਰੀ ॥

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪ ਸਫੇਦ ਬਸਤ੍ਰ ਧਾਰਨ ਕੀਤੇ...

ਸ੍ਵੇਤ (ਚਿੱਟੀ) ਪੁਸ਼ਾਕ ਸਕਲ ਗੁਰ ਪਹਿਰੀ ॥
ਅਦਭੁਤ ਦੁਤਿ ਸਭ ਤਨ ਪਰ ਠਹਿਰੀ ॥

ਪੁਨ ਪ੍ਰਭੁ ਪਰ ਗੁਲਾਲ ਛਿਰਕਾਏ ॥
ਅਲਤਾਗਨ ਸੁਗੰਧ ਮਹਿੰ ਪਾਏ ॥
ਆਪਸ ਮਹਿੰ ਸਿਖ ਖੇਲਨਿ ਲਾਗੇ ॥
ਰੰਗ ਅਨੇਕਨ ਮਹਿੰ ਪਗ ਪਾਗੇ ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਪ੍ਰਥਾ ਨੂੰ ਫਿਰ ਤੋਂ ਸੁਰਜੀਤ ਕੀਤਾ, ਤੇ ਖਾਲਸਈ ਹੋਲੇ ਮਹੱਲੇ ਨੂੰ ਹੋਰ ਵੀ ਮਹਾਨਤਾ ਬਖਸੀ। ਸਤਿਗੁਰੂ ਰਾਮ ਸਿੰਘ ਜੀ ਨੇ ਵੱਖ-ਵੱਖ ਥਾਵਾਂ ਤੇ ਹੋਲਾ ਮਹੱਲਾ ਮਨਾਉਣ ਦੀ ਪ੍ਰਥਾ ਨੂੰ ਟੋਰ ਕੇ ਹੋਲੇ ਨੂੰ ਹੋਰ ਵੀ ਵਿਸ਼ੇਸ਼ ਮਹਾਨਤਾ ਪ੍ਰਦਾਨ ਕੀਤੀ। ਭਾਈ ਧਿਆਨ ਸਿੰਘ ਜੀ ਲਿਖਦੇ ਹਨ—

ਕੇਸਾਧਾਰੀ ਖੇਲੇ ਹੋਲਾ, ਵਕਤ ਅਮੋਲਾ, ਸ਼ੁਭ ਧਿਆਨ ਸਿੰਘ,
ਗੋਲਾ ਤਾਂਕੋ ਸਦਾ ਜੱਸ ਗਾਇ ਹੈ ॥

ਅਨੰਦਪੁਰ ਸਾਹਿਬ ਦੇ ਹੋਲੇ ਤੇ ਭਾਵੇਂ ਅੰਗ੍ਰੇਜ਼ਾਂ ਵਲੋਂ ਬੜੀਆਂ ਸਖਤੀਆਂ ਤੇ ਕਰੜਾਈਆਂ ਸਨ, ਪਰ ਸਤਿਗੁਰ ਰਾਮ ਸਿੰਘ ਜੀ ਨੇ ਅੰਗ੍ਰੇਜ਼ਾਂ ਦੀਆਂ ਪਾਬੰਦੀਆਂ ਦੀ ਰਤਾ ਵੀ ਪਰਵਾਹ ਨਾ ਕੀਤੀ, ਤੇ ਸੰਗਤਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਤੇ ਪਹੁੰਚਣ ਦਾ ਸੱਦਾ ਦਿੱਤਾ। ਮਨ ਨਾਮ ਦੇ ਪਵਿਤ੍ਰ ਰੰਗ ਵਿਚ ਰੰਗਿਆ ਹੋਇਆ ਤੇ ਸਫੈਦ ਕਪੜੇ ਤੇ ਗੁਲਾਲ ਛਿੜਕਦੇ-ਛਿੜਕਦੇ ਸਾਧ-ਸੰਗਤ ਅਨੰਦਪੁਰ ਸਾਹਿਬ ਦੀ ਪਵਿਤ੍ਰ ਧਰਤੀ ਤੇ ਪਹੁੰਚੀ।

ਇਕ ਅਨੋਖਾ ਰਸ, ਇਕ ਅਨੋਖੀ ਮਸਤੀ ਸੰਤ ਭਗਤ ਸਿੰਘ ਜੀ ਦਾਤੇ ਵਾਲੇ ਸਾਧ-ਸੰਗਤ ਨੂੰ ਅਨੰਦਪੁਰ ਸਾਹਿਬ ਦੇ ਹੋਲੇ ਬਾਰੇ ਗਾ ਕੇ ਸੁਨਾਂਦੇ...

"ਹੋਲਾ ਖੇਡਣ ਕੇਸਾ ਧਾਰੀ, ਹੋਲਾ ਖੇਡਣ ਜੀ"।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ 1922 ਤੋਂ 1927 ਤਕ ਹੇਠ ਲਿਖਿਤ ਛੇ ਹੋਲੇ ਹੋਏ।

| ਈਸਵੀ | ਬਿਕ੍ਰਮੀ | ਸਥਾਨ |
|---|---|---|
| 1866 | 1922 | ਖੋਟੇ ਨਗਰ ਜ਼ਿਲਾ ਫ਼ਿਰੋਜ਼ਪੁਰ। |
| 1867 | 1923 | ਅਨੰਦਪੁਰ ਸਾਹਿਬ-ਜ਼ਿਲ੍ਹਾ ਹੁਸ਼ਿਆਰਪੁਰ |
| 1868 | 1924 | ਸ੍ਰੀ ਭੈਣੀ ਸਾਹਿਬ-ਲੁਧਿਆਣਾ |
| 1869 | 1925 | ਮਾਨਾਂ ਵਾਲੇ-ਸਿਆਲਕੋਟ |
| 1870 | 1926 | ਸ੍ਰੀ ਭੈਣੀ ਸਾਹਿਬ-ਲੁਧਿਆਣਾ |
| 1871 | 1927 | ਅਨੰਦਪੁਰ ਸਾਹਿਬ-ਹੁਸ਼ਿਆਰਪੁਰ |

ਜਦੋਂ ਸਾਧ-ਸੰਗਤ ਨੇ ਅਗਲੇ ਹੋਲੇ ਬਾਰੇ ਅਰਜ ਕੀਤੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਉੱਤਰ ਦਿੱਤਾ ਉਹ ਉੱਤਰ ਭਾਈ ਧਿਆਨ ਸਿੰਘ ਜੀ ਇਨ੍ਹਾਂ ਸ਼ਬਦਾਂ ਵਿਚ ਵਰਨਣ ਕਰਦੇ ਹਨ—

ਬੋਲੇ ਪ੍ਰਭੁ ਸੁਣੋਹੁ ਮਮ ਭ੍ਰਾਤ। ਭਾਣੇ ਕੀ ਕਿਛ ਅਚਰਜ ਬਾਤ।
...ਪਰਾਲਬਧ ਸੇ ਦੇਖੋਂ ਹੋਲਾ।

ਜਾਇ ਬਦੇਸ ਕੋਇ ਦਿਨ ਚੋਲਾ

ਇਹੋ ਮਹੱਲਾ ਹੋਲਾ ਖੇਲੇਂ, ਨਦੀਆ ਵਾਹੁ ਸੰਜੋਗੀ ਮੇਲੇ ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਉਪਰੰਤ ਸਭ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਸਤਿਗੁਰੂ ਹਰੀ ਸਿੰਘ ਜੀ ਦੇ ਮੋਢਿਆਂ ਤੇ ਆਨ ਪਈਆਂ । ਇਕ ਪਾਸੇ ਆਪਣੇ ਪਿਆਰੇ ਸਤਿਗੁਰੂ ਭਰਾ ਦਾ ਵਿਯੋਗ ਤੇ ਦੂਸਰੇ ਪਾਸੇ ਅੰਗ੍ਰੇਜ਼ਾਂ ਦੀਆਂ ਸਖਤੀਆਂ ਤੇ ਕਰੜਾਈਆਂ । ਇਕ ਪਾਸੇ ਪੰਥ ਦੀ ਸੰਭਾਲ ਤੇ ਦੂਸਰੇ ਪਾਸੇ ਗ਼ੁਲਾਮੀ ਦੀਆਂ ਜ਼ੰਜੀਰਾਂ ਕਾਰਨ ਸਤਿਗੁਰੂ ਹਰੀ ਸਿੰਘ ਜੀ 27 ਸਾਲਾਂ ਤਕ ਸਰਕਾਰੀ ਪਾਬੰਦੀਆਂ ਹੋਣ ਕਰਕੇ ਹੋਲੇ ਨਾ ਕਰ ਸਕੇ । ਸਾਧ-ਸੰਗਤ ਮਿਲ-ਜੁਲ ਕੇ ਕਿਤੇ-ਕਿਤੇ ਮੇਲੇ ਕਰ ਲੈਂਦੀ। 1944 ਬਿ: ਵਿਚ ਪਿੰਡ ਕੰਗੀ ਜ਼ਿਲ੍ਹਾ ਸਿਆਲ-ਕੋਟ, 1945 ਬਿ: ਵਿਚ ਪਿੰਡ ਭੋਏਵਾਲੀ ਜ਼ਿਲ੍ਹਾ ਅੰਮ੍ਰਿਤਸਰ ਮਸੈਕੋ ਵਾਲੀ, ਹਿੰਦੂ ਚੱਕ, ਰੋੜੀ ਸਾਹਿਬ ਜ਼ਿਲ੍ਹਾ ਗੁਜਰਾਂਵਾਲੇ ਵਿਚ ਨਾਮਧਾਰੀ ਸਾਧ-ਸੰਗਤ ਇਕੱਤ੍ਰ ਹੋਕੇ, ਹੋਲੇ-ਮੇਲੇ ਕੀਤੇ । ਇਹ ਮੇਲੇ ਕਰਨ ਲਈ ਪਹਿਲਾ ਸਰਕਾਰ ਕੋਲ ਅਰਜ਼ੀ ਮਨਜ਼ੂਰ ਕਰਾਉਣੀ ਪੈਂਦੀ, ਤੇ ਇਸ ਇਕੱਠ ਦੀ ਪ੍ਰਵਾਨਗੀ ਸਿੱਖਾਂ ਰਾਹੀਂ ਅਨੇਕਾਂ ਜਤਨ ਕਰਨ ਤੇ ਇਕ ਜਾਂ ਦੋ ਦਿਨਾਂ ਲਈ ਹੀ ਮਿਲਦੀ, ਪਰ ਸਤਿਗੁਰੂ ਹਰੀ ਸਿੰਘ ਜੀ ਹੋਲੇ ਵਾਲੇ ਸਥਾਨ ਤੇ ਦਰਸ਼ਨ ਨਹੀਂ ਦੇ ਸਕਦੇ ਸਨ । ਸਤਿਗੁਰੂ ਹਰੀ ਸਿੰਘ ਜੀ ਨੇ ਹੋਲਿਆਂ ਦਾ ਪ੍ਰਵਾਹ ਸੰਨ 1955 ਬਿ: ਤੋਂ ਆਰੰਭਿਆ ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਹੋਏ ਹੋਲੇ :—


| ਈਸਵੀ | ਬਿਕ੍ਰਮੀ | ਸਥਾਨ |
|---|---|---|
| 1899 | 1955 | ਗੁਰੂ ਚੱਕ-ਸਿਆਲਕੋਟ |
| 1900 | 1956 | ਰੋੜੀ ਸਾਹਿਬ-ਗੁਜਰਾਂਵਾਲਾ |
| 1901 | 1957 | ਸਦੋਵਾਲ-ਲਾਇਲਪੁਰ |
| 1902 | 1958 | ਮਟਵੀਂ-ਗੁਜਰਾਂਵਾਲਾ |
| 1903 | 1959 | ਗੁਰੂ ਚੱਕ-ਸਿਆਲਕੋਟ |
| 1904 | 1960 | ਗਿੱਲੀਂ-ਸ਼ੇਖੂਪੁਰਾ |
| 1905 | 1961 | ਸ੍ਰੀ ਭੈਣੀ ਸਾਹਿਬ ਤੇ ਨੁਸ਼ਹਿਰੇ (ਗੁਜਰਾਤ) |
| 1906 | 1962 | ਮਾਨਾਂ ਵਾਲੇ |

ਹੋਲੇ ਸਮੇਂ ਨੇਤਰਾਂ ਦੀ ਤਕਲੀਫ ਕਰਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਆਪ ਨਾ ਜਾ ਸਕੇ ਤੇ ਮਾਤਾ ਜੀਵਨ ਕੌਰ ਜੀ, ਸ੍ਰੀ ਮਹਾਰਾਜ (ਸਤਿਗੁਰੂ) ਪ੍ਰਤਾਪ ਸਿੰਘ ਜੀ ਨੂੰ ਭੇਜਿਆ ।

ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਨਿਰੰਤਰ ਹੋਲਿਆਂ ਦਾ ਪ੍ਰਵਾਹ ਉਮੜ ਪਿਆ :—

| ਈਸਵੀ | ਬਿਕ੍ਰਮੀ | ਸਥਾਨ |
|---|---|---|
| 1907 | 1963 | ਨੁਸ਼ਹਿਰਾ ਜ਼ਿਲਾ ਗੁਜਰਾਤ |
| 1908 | 1964 | ਫਲੋਕੇ-ਗੁਜਰਾਂਵਾਲਾ |
| 1909 | 1965 | ਗਿੱਲੀਂ-ਸ਼ੇਖੂਪੁਰਾ |
| 1910 | 1966 | 45 ਚੱਕ-ਸਰਗੋਧਾ |

# ਹੋਲਿਆਂ ਦੇ ਸਥਾਨਾਂ ਦਾ ਵੇਰਵਾ ਨਕਸ਼ੇ ਵਿਚ



| ਈਸਵੀ | ਬਿਕ੍ਰਮੀ | ਸਥਾਨ |
|---|---|---|
| 1911 | 1967 | ਲਾਹੌਰ ਖਾਸ |
| 1912 | 1968 | ਅਨੰਦਪੁਰ ਸਾਹਿਬ |
| 1913 | 1969 | ਖੂਹ ਮਾਂਗਾ-ਲਾਹੌਰ |
| 1914 | 1970 | ਘੋਟੇ-ਫਿਰੋਜ਼ਪੁਰ |
| 1915 | 1971 | ਵਲਟੋਹਾ-ਲਾਹੌਰ |
| 1916 | 1972 | ਗਿੱਲੀਂ-ਸ਼ੇਖੂਪੁਰਾ |
| 1917 | 1973 | ਰਤਾ ਚੋਆ-ਲਾਇਲਪੁਰ |
| 1918 | 1974 | ਚੂਹੇ ਝਾੜ-ਸ਼ੇਖੂਪੁਰਾ |
| 1919 | 1975 | ਅਨੰਦਪੁਰ ਸਾਹਿਬ |
| 1920 | 1976 | ਵਰਨ-ਸ਼ੇਖੂਪੁਰਾ |
| 1921 | 1977 | ਮੁਕਤਸਰ-ਫਿਰੋਜ਼ਪੁਰ |
| 1922 | 1978 | ਰਾਵਲਪਿੰਡੀ (ਖਾਸ) |
| 1923 | 1979 | ਚੋਟੀਆਂ-ਲਾਇਲਪੁਰ |
| 1924 | 1980 | ਬਿਜਲੀ ਵਾਲ-ਗੁਰਦਾਸਪੁਰ |
| 1925 | 1981 | ਅੰਮ੍ਰਿਤਸਰ (ਖਾਸ) |
| 1926 | 1982 | ਗੁਜਰਾਂਵਾਲੇ (ਖਾਸ) |
| 1927 | 1983 | ਨਾਰੋਵਾਲ-ਸਿਆਲਕੋਟ |
| 1928 | 1984 | ਵਲਟੋਹਾ-ਲਾਹੌਰ |
| 1929 | 1985 | ਸਿਆਹੜ-ਲੁਧਿਆਣਾ |
| 1930 | 1986 | ਚੂੰਨੀ-ਅੰਬਾਲਾ |
| 1931 | 1987 | ਸੰਧਵਾ-ਜਲੰਧਰ |
| 1932 | 1988 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1933 | 1989 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1934 | 1990 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1935 | 1991 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1936 | 1992 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1937 | 1993 | ਸ਼ੇਖੂਪੁਰਾ-ਗੁਜਰਾਂਵਾਲਾ |
| 1938 | 1994 | ਸ਼ੇਖੂਪੁਰਾ ਸ਼ਹਿਰ ਖਾਸ |
| 1939 | 1995 | ਤਿਲਵਾੜਾ-ਸਿਆਲਕੋਟ |
| 1940 | 1996 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1941 | 1997 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1942 | 1998 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1943 | 1999 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |

| ਈਸਵੀ | ਬਿਕ੍ਰਮੀ | ਸਥਾਨ |
|---|---|---|
| 1944 | 2000 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1945 | 2001 | ਗਿਲੀ-ਸ਼ੇਖੂਪੁਰਾ |
| 1946 | 2002 | ਚੁਗਾਵਾਂ-ਅੰਮ੍ਰਿਤਸਰ |
| 1947 | 2003 | ਸ਼ੇਖੂਪੁਰਾ ਬੇਦਾਦ-ਗੁਜਰਾਂਵਾਲਾ |
| 1948 | 2004 | ਸੰਤ ਨਗਰ-ਹਿਸਾਰ |
| 1949 | 2005 | ਸੰਤ ਨਗਰ-ਹਿਸਾਰ |
| 1950 | 2006 | ਬੈਂਕੋਕ-ਥਾਈਲੈਂਡ |
| 1951 | 2007 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1952 | 2008 | ਮੰਡੀ-ਹਿਮਾਚਲ |
| 1953 | 2009 | ਟਾਲਾ ਸਾਹਿਬ-ਹਿਮਾਚਲ |
| 1954 | 2010 | ਨਕੋੜਾ-ਹਿਸਾਰ |
| 1955 | 2011 | ਸੰਤ ਨਗਰ-ਹਿਸਾਰ |
| 1956 | 2012 | ਦਿੱਲੀ ਖਾਸ |
| 1957 | 2013 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1958 | 2014 | ਸੰਤ ਨਗਰ-ਹਿਸਾਰ |
| 1959 | 2015 | ਸ੍ਰੀ ਜੀਵਨ ਨਗਰ-ਹਿਸਾਰ |
| 1959 | 2015 | ਅਤੇ ਕੰਪਾਲਾ-ਯੂਗੰਡਾ |

ਇਹਨਾਂ ਹੋਲਿਆਂ ਦੇ ਸਮੇਂ ਸਤਿਗੁਰੂ ਜੀ ਦਾ ਆਪਣੇ ਰਾਗੀਆਂ ਸਮੇਤ ਸੁਰੀਲੀਆਂ ਸੁਰਾਂ ਰਾਹੀਂ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਕਰਨਾ, ਮਨ ਖਿਚਵੀਆਂ ਧੁਨਾਂ ਰਾਹੀਂ ਢੋਲਕ ਛੈਣਿਆਂ ਦੀ ਗੁੰਜਾਰ ਨਾਲ ਹੱਲੇ ਦੇ ਦੀਵਾਨ ਸਜਾਉਣੇ ਤੇ ਮਸਤਾਨਿਆਂ ਦੇ ਟੋਲਿਆਂ ਦਾ ਮਸਤਾਨੀ ਅਵਸਥਾ ਵਿਚ ਵਿਚਰਨ ਕਰਨਾ, ਮਨ ਮਰਜ਼ੀ ਦੀਆਂ ਤਰਜ਼ਾਂ ਨਾ ਪੜ੍ਹ ਕੇ ਸ਼ੁੱਧ ਸ਼ਾਸਤ੍ਰੀਯ ਸੰਗੀਤ ਦੇ ਆਧਾਰ ਤੇ ਕੀਰਤਨ ਕਰਨਾ 'ਅੱਜ ਹੋਲਾ ਏ, ''ਮਾਘ ਬਤੀਤ ਭਏ ਰੁਤਿ ਫਾਗਣ ਆਇ ਗਈ ਸਭ ਖੇਲਤ ਹੋਰੀ ।''

ਕਵੀ ਦਰਬਾਰਾਂ ਵਿਚ ਵੱਖ-ਵੱਖ ਵਿਸ਼ਿਆਂ ਤੇ ਕਵਿਤਾਵਾਂ ਨਾਲ ਸਾਧ-ਸੰਗਤ ਨੂੰ ਆਨੰਦਿਤ ਕਰਨਾ, ਨਾਮਧਾਰੀ ਦਰਬਾਰ ਦੀ ਹੋਂਦ ਕਾਇਮ ਕਰਨ ਤੋਂ ਉਪਰੰਤ ਵਿਸ਼ੇਸ਼ ਇਕਤ੍ਰਤਾਵਾਂ ਕਰਕੇ ਕਈ ਤਰ੍ਹਾਂ ਦੇ ਮਤੇ ਪਾਸ ਕਰਨੇ, ਸਮੇਂ-ਸਮੇਂ ਸਿਰ ਉੱਘੇ ਜਥੇਦਾਰਾਂ, ਪ੍ਰਚਾਰਕਾਂ ਨੇ ਨਾਮਧਾਰੀ ਇਤਿਹਾਸ ਦੇ ਵੱਖ-ਵੱਖ ਵਿਸ਼ਿਆਂ ਤੇ ਸਾਧ-ਸੰਗਤ ਨੂੰ ਗਿਆਨ ਪ੍ਰਦਾਨ ਕਰਕੇ ਸੂਝਵਾਨ ਬਨਾਉਣਾ, ਢਾਡੀਆਂ ਦਾ ਬੀਰ ਰਸ ਦੇ ਗੀਤ ਗਾਇਨ ਕਰਕੇ ਵਾਤਾਵਰਣ ਵਿਚ ਬੀਰ ਰਸ ਪ੍ਰਦਾਨ ਕਰਨਾ, ਹਵਨ ਕਰਕੇ ਵਾਤਾਵਰਣ ਨੂੰ ਸ਼ੁਧ ਤੇ ਸੁਗੰਧ ਮਈ ਬਨਾਉਣਾ, ਅੰਮ੍ਰਿਤ ਪਾਣ ਕਰਾ ਕੇ ਕਈ ਸੱਜਣਾਂ ਨੂੰ ਸਿੰਘ ਸਜਾਉਣਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਉਣੇ, ਸੂਤਰ ਕੱਤਣਾ ਸਾਰੀ ਸਾਧ-ਸੰਗਤ ਨੂੰ ਆਪਣੇ ਪਵਿਤ੍ਰ ਹਸਤ-

ਕੰਵਲਾਂ ਨਾਲ ਲੰਗਰ ਛਕਾਉਣਾ, ਸੂਤਰ ਕੱਤਣਾ ਤੇ ਸ਼ੁੱਧ ਪਾਠ ਉਚਾਰਣ ਤੇ ਕਵਿਤਾਵਾਂ ਪ੍ਰਤਿਯੋਗਤਾਵਾਂ ਕਰਾ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਪਵਿਤ੍ਰ ਹਸਤ-ਕੰਵਲਾਂ ਨਾਲ ਵਿਜਯੀ ਪ੍ਰਤਿਯੋਗੀਆਂ ਨੂੰ ਪੁਰਸਕਾਰ ਵਿਤਰਣ ਕਰਕੇ ਉਤਸਾਹਿਤ ਕਰਨਾ, ਹੋਲੇ ਮਹੱਲਿਆਂ ਦੀ ਕੁਝ ਕੁ ਵਿਸ਼ੇਸ਼ਤਾਵਾਂ ਸਨ ।

## 1963 ਬਿਕ੍ਰਮੀ–1907 ਈਸਵੀ, ਹੋਲਾ ਨੁਸ਼ਹਿਰਾ ਜ਼ਿਲ੍ਹਾ ਗੁਜਰਾਤ ।

ਇਹ ਹੋਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਗੁਰੂ ਰੂਪ ਵਿਚ ਪਹਿਲਾ ਹੋਲਾ ਸੀ । ਇਸ ਹੋਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੁਸ਼ਹਿਰੇ ਜ਼ਿਲ੍ਹਾ ਗੁਜਰਾਤ ਵਿਚ ਪਰਮ-ਪੂਜਯ ਮਾਤਾਵਾਂ ਤੇ ਭਰਾਵਾਂ ਸਹਿਤ ਦਰਸ਼ਨ ਦਿਤੇ। ਇਹ ਹੋਲਾ ਸੰਤ ਗੰਗਾ ਸਿੰਘ ਜੀ ਤੇ ਮਾਈ ਗੰਗੋ ਜੀ ਨੇ, ਜਿਹੜੇ ਸਤਿਗੁਰੂ ਜੀ ਦੇ ਚਰਨ-ਕੰਵਲਾਂ ਦੇ ਭੌਰੇ ਸਨ, ਬੜੀ ਚਾਵਾਂ ਤੇ ਰੀਝਾਂ ਨਾਲ ਕਰਵਾਇਆ । ਇਹ ਜੋੜਾ ਸਤਿਗੁਰੂ ਹਰੀ ਸਿੰਘ ਜੀ ਦਾ ਆਸ਼ਕ ਸੀ, ਤੇ ਇਹ ਆਪਣੀਆਂ ਮਿੱਠੀਆਂ-ਮਿੱਠੀਆਂ ਸੁਰੀਲੀਆਂ ਧੁਨਾਂ ਰਾਹੀਂ ਸ਼ਬਦ ਕੀਰਤਨ ਕਰਦੇ । ਸਤਿਗੁਰੂ ਹਰੀ ਸਿੰਘ ਜੀ ਦੀ ਇਸ ਦੰਪਤੀ ਤੇ ਵਿਸ਼ੇਸ਼ ਕ੍ਰਿਪਾ ਸੀ, ਇਸੇ ਕਰਕੇ ਸਤਿਗੁਰੂ ਜੀ ਉਚੇਚੇ ਤੌਰ ਤੇ ਇਸ ਸੁਭਾਗੀ ਜੋੜੇ ਨੂੰ ਬੁਲਾਉਂਦੇ ਤੇ ਉਨ੍ਹਾਂ ਦਾ ਸ਼ਬਦ-ਕੀਰਤਨ ਬੜੇ ਪਿਆਰ ਨਾਲ ਸੁਣਦੇ :—

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ
ਜਿਸ ਤੂੰ ਆਪਿ ਕਰਾਇਹਿ ।
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥
(ਮ: ੫ ਪੰਨਾ 749)

... ... ...

ਹਰਿ ਜਨ ਕਉ ਇਹੀ ਸੁਹਾਵੈ ॥
ਪੇਖਿ ਨਿਕਟਿ ਕਰਿ ਸੇਵਾ ਸਤਿਗੁਰ,
ਹਰਿ ਕੀਰਤਨਿ ਹੀ ਤ੍ਰਿਪਤਾਵੈ ॥ (ਮ: ੫ ਪੰਨਾ 613)

ਇਨ੍ਹਾਂ ਦੀ ਸੇਵਾ ਦੇ ਨਾਲ-ਨਾਲ ਇਥੋਂ ਦੀਆਂ ਹੋਰ ਸੰਗਤਾਂ ਨੇ ਵੀ ਯਥਾ-ਸ਼ਕਤ, ਤਨ, ਮਨ, ਧਨ ਨਾਲ ਹੋਲੇ ਤੇ ਸਾਧ-ਸੰਗਤ ਦੀ ਸੇਵਾ ਤੇ ਪ੍ਰਬੰਧ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ । ਇਸ ਵੇਲੇ ਸਤਿਗੁਰੂ ਜੀ ਦੀ ਯੁਵਾਵਸਥਾ ਸੀ, ਪਰ ਮਨ ਸ਼ਾਂਤ, ਗੰਭੀਰ, ਸੰਜੀਦਾ । ਕਈ-ਕਈ ਘੰਟੇ ਇਕਾਂਤ ਵਿਚ ਨਾਮ ਬਾਣੀ ਤੇ ਸਿਮਰਨ ਵਿਚ ਲਿਵਲੀਨ ਰਹਿੰਦੇ ।

## 1964 ਬਿਕ੍ਰਮੀ–1908 ਈਸਵੀ, ਹੋਲਾ ਫਿਲੋਕੇ–ਜ਼ਿਲ੍ਹਾ ਗੁਜਰਾਂਵਾਲਾ ।

1964 ਬਿਕ੍ਰਮੀ–1908 ਈਸਵੀ ਨਿਮਾਣੀ ਦੇ ਮੇਲੇ ਤੇ ਮਾਈ ਸਾਹਿਬੋ ਪੱਧਰੀ ਜ਼ਿਲ੍ਹਾ ਅੰਮ੍ਰਿਤਸਰ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਆਈ ਤੇ ਆਪਣੀ ਹੱਥੀਂ ਸੂਤ ਕੱਤ ਕੇ ਸਤਿਗੁਰੂ ਜੀ ਲਈ ਖੱਦਰ ਦਾ ਰੇਜਾ, ਥਾਨ ਜਿੱਡਾ ਬਣਾ ਕੇ ਭੇਟ ਕਰਨ ਲਈ ਆਪਣੇ ਨਾਲ ਲੈ ਕੇ ਆਈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਈ ਦਾ ਅੱਗ ਵਾਲਾ ਸਾਰਾ ਬ੍ਰਿਤਾਂਤ ਸੁਣਿਆ ਤੇ ਸਾਰੀ ਸਾਧ-ਸੰਗਤ ਵਿਸਮਾਦ ਮਈ ਅਵਸਥਾ ਵਿਚ ਪਹੁੰਚ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਥਾਨ ਵਿਚੋਂ ਆਪਣਾ ਕੁੜਤਾ ਤੇ ਕਛਹਿਰਾ ਸਵਾਇਆ। ਸਤਿਗੁਰੂ ਜੀ ਦੇ ਸਰੀਰ ਨਾਲ ਜਿਨ੍ਹਾਂ ਚਿਰ ਉਹ ਬਸਤ੍ਰ ਛੁਹਦੇ ਰਹਿੰਦੇ, ਉਹ ਅਚਰਜ ਜਿਹਾ ਸੁਆਦ ਅਨੁਭਵ ਕਰਦੇ ਰਹਿੰਦੇ। ਇਸੇ ਨਿਮਾਣੀ ਦੇ ਮੇਲੇ ਤੇ ਸੇਠ ਲਧਾ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਹੋਲੇ ਲਈ ਅਰਜ਼ ਬੇਨਤੀ ਕੀਤੀ। ਅਰਜ਼ੋਈ ਪਰਵਾਨ ਹੋ ਗਈ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1964 ਬਿਕ੍ਰਮੀ–1908 ਈਸਵੀ ਨੂੰ ਫਿਲੋਕੇ ਜ਼ਿਲ੍ਹਾ ਗੁਜਰਾਂਵਾਲਾ ਵਿਖੇ ਪਰਮ ਪੂਜਯ ਮਾਤਾਵਾਂ ਮਾਤਾ ਜੀਵਨ ਕੌਰ ਜੀ ਤੇ ਫਤਹਿ ਕੌਰ ਜੀ ਤੇ ਦੋਹਾਂ ਭਰਾਵਾਂ ਮਹਾਰਾਜ ਨਿਹਾਲ ਸਿੰਘ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਸਮੇਤ ਫਿਲੋਕੇ ਮੇਲੇ ਤੇ ਦਰਸ਼ਨ ਦਿੱਤੇ।

ਸ੍ਰੀ ਸਤਿਗੁਰੂ ਜੀ ਦੀ ਛਤ੍ਰ ਛਾਂ ਹੇਠ ਸ਼ਬਦ ਕੀਰਤਨ, ਨਾਮ ਸਿਮਰਨ ਦਾ ਪ੍ਰਵਾਹ ਉਮੜ ਪਿਆ। ਸੰਗਤਾਂ ਨੇ ਰੱਜ ਕੇ ਆਨੰਦ ਮਾਣਿਆ ਤੇ ਸਤਿਗੁਰੂ ਜੀ ਦੀਆਂ ਅਪਾਰ ਖੁਸ਼ੀਆਂ ਤੇ ਸਨੇਹ ਦੇ ਪਾਤਰ ਬਣੇ। ਭੋਗ ਵਾਲੇ ਦਿਨ ਗਿਲਬਾਰ ਜ਼ਿਲ੍ਹਾ ਸ਼ੇਖੂਪੁਰਾ ਦੀ ਸੰਗਤ ਨੇ ਅਗਲੇ ਹੋਲੇ ਬਾਰੇ ਅਰਜ਼ ਕੀਤੀ, ਜਿਹੜੀ ਪ੍ਰਵਾਨ ਹੋ ਗਈ।

## 1965 ਬਿਕ੍ਰਮੀ–1909 ਈਸਵੀ, ਹੋਲਾ ਗਿੱਲੀ–ਜ਼ਿਲ੍ਹਾ ਸ਼ੇਖੂਪੁਰਾ ।

1965 ਬਿਕ੍ਰਮੀ–1909 ਈਸਵੀ ਦਾ ਹੋਲਾ ਸਾਧ-ਸੰਗਤ ਦੀ ਅਰਜ਼ ਬੇਨਤੀ ਤੇ ਗਿਲ-ਬਾਰ ਜ਼ਿਲ੍ਹਾ ਸ਼ੇਖੂਪੁਰਾ ਵਿਚ ਪ੍ਰਵਾਨ ਹੋਇਆ। ਇਸ ਮੇਲੇ ਦੀ ਸੇਵਾ ਬਾਬਾ ਜਮੀਤ ਸਿੰਘ ਜੀ ਗਿਲਾਂਵਾਲੇ ਦੇ ਪਰਿਵਾਰ ਤੇ ਉਥੋਂ ਦੇ ਵਸਨੀਕਾਂ ਨੇ ਮਿਲ-ਜੁਲ ਕੇ ਕੀਤੀ। ਇਸ ਮੇਲੇ ਵਿਚ ਸੰਤ ਕਿਸ਼ਨ ਸਿੰਘ ਤੇ ਮਾਈ ਲੱਛਮੀ ਨੇ ਅਗਾਂਹ ਵੱਧ ਚੜ੍ਹ ਕੇ ਦਿਨ-ਰਾਤ ਮੇਲੇ ਦੀ ਅਣਥੱਕ ਸੇਵਾ ਕੀਤੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਣਾਂ ਵਿਚ ਸੋਨੇ ਦੇ ਕੜਿਆਂ ਦੀ ਜੋੜੀ ਭੇਟ ਕੀਤੀ।

ਅਨਿਕ ਭਾਂਤਿ ਕਰਿ ਸੇਵਾ ਕਰੀਐ ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥ (ਮ: ੫ ਪੰਨਾ ੩੯੧)

ਇਸ ਹੋਲੇ ਤੇ ਇਕ ਦਿਨ ਸੰਤ ਲਾਲ ਸਿੰਘ ਜੀ ਭੂਰੇ ਗਿਲਾ, ਕਾਲੂ ਰਾਗੀ ਸਮੇਤ, "ਪੁਤ੍ਰ ਨੰਦ ਦਾ ਨੀ ਨੰਦ ਦਾ" ਐਨੀ ਮਸਤੀ ਵਿਚ ਪੜ੍ਹਿਆ ਕਿ ਸਾਰੀ ਸਾਧ-ਸੰਗਤ ਮਸਤਾਨੀ ਅਵਸਥਾ ਵਿਚ ਪਹੁੰਚ ਗਈ, ਸੂਤਰ ਪੈ ਗਿਆ ਤੇ ਸਭ ਲੋਟ-ਪੋਟ ਹੋ ਰਹੇ ਸਨ। ਕਿਸੇ ਨੂੰ ਆਪਣੇ ਆਪ ਦੀ ਹੋਸ਼ ਨਾ ਰਹੀ। ਇਸ ਤੋਂ ਉਪਰੰਤ ਸੰਤ ਲਾਲ ਸਿੰਘ ਜੀ ਨੇ

"ਬਿਨ ਚਿਤ ਦੀਨ ਹਾਥ ਨਹੀਂ ਆਵੈ ॥<br>ਚਾਰ ਬੇਦ ਇਮ ਭੇਦ ਬਤਾਵੈ ॥"

ਦੀ ਵਿਆਖਿਆ ਕਰਦਿਆਂ ਜਦ ਕਿਹਾ, "ਸਾਧੋ। ਸਿਰ ਦੇਣ ਨਾਲੋਂ ਦਿਲ ਦੇਣਾ ਔਖਾ ਹੈ। ਜੀਂਦੇ ਰਹਿ ਰਗੜ ਸਭ ਸਹਿਣੀ। ਮੂਲ ਮੂੰਹੋਂ ਸੀ, ਹਾਏ ਨ ਕਹਿਣੀ" ਤਾਂ ਸਭ ਸੁਨਣ ਵਾਲੇ ਵਿਸਮਾਦਿਤ ਹੋ ਗਏ। ਮਸਤਾਨੇ ਉੱਚੀ ਅਵਾਜ਼ ਵਿਚ ਬੋਲਦੇ, "ਇਹ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਲੇਵਾ, ਬਾਬੇ ਜਮੀਤ ਸਿੰਘ ਜੀ ਦੀ ਪ੍ਰੀਤ ਦਾ ਮੇਵਾ ਏ! ਲੁਟ ਲੋ ਕਰਮਾਂ ਵਾਲਿਓ, ਭਰਮਾਂ ਵਾਲਿਓ ਭਰਮ ਦੂਰ ਕਰ ਦਿਉ ਤੇ ਮਨ ਨੂੰ ਪ੍ਰੇਮ ਨਾਲ ਭਰਪੂਰ ਕਰ ਦਿਉ, ਤੇ ਕਹਿੰਦੇ। "ਅਬਹਿ ਨ ਮਾਤਾ ਸੁ ਕਬਹੁ ਨ ਮਾਤਾ।"

**ਸੇਵਾ ਤੇ ਸਿੱਖੀ**—ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ, "ਅਸਾਂ ਸਿਖਰ ਦੀ ਸੇਵਾ ਤੇ ਸਿੱਖੀ ਦੇ ਸੁਆਦ ਦਾ, ਸੇਵਾ ਮਸਤੀ, ਜੋ ਗਿਲਾਂ ਦੇ ਹੋਲੇ ਤੇ ਵੇਖੀ ਹੈ, ਉਹ ਅੱਜ ਤਕ ਆਪਣੇ ਸੁਆਦ ਵਾਲਾ ਨਜ਼ਾਰਾ, ਪਿਆਰਾ ਪਿਆਰਾ ਮਨ ਵਿਚ ਜਦੋਂ ਚੇਤੇ ਆਉਂਦਾ ਹੈ, ਝਾਤ ਅੰਦਰ ਪੈਂਦੀ ਹੈ, ਤਾਂ ਉਸੇ ਤਰ੍ਹਾਂ ਰਸ ਤੇ ਤਰਾਰਾ ਦੇਂਦਾ ਹੈ। ਤੇ ਕਹਿੰਦੇ ਉਸ ਦਿਨ ਤੋਂ ਮੇਰੇ ਮਨ ਵਿਚ ਐਸਾ ਅਸਰ ਹੋ ਗਿਆ ਹੈ, ਜਿਵੇਂ ਕੋਰੇ ਭਾਂਡੇ ਵਿਚ ਘਿਓ ਭਰ ਦੇਈਦਾ ਹੈ, ਤਾਂ ਉਹਦੇ ਰੋਮ ਰੋਮ ਵਿਚ ਰਚ ਜਾਂਦਾ ਹੈ ਤੇ ਉਹ ਫੇਰ ਕੋਰਿਆਂ ਨਾਲ ਸਾਰੀ ਉਮਰ ਨਹੀਂ ਰਲਦਾ। ਮੈਂ ਤਦੋਂ ਤੋਂ ਅਜਿਹਾ ਹੋ ਗਿਆ ਹਾਂ। ਜਿਵੇਂ ਚੰਦਨ ਦੇ ਨੇੜੇ ਦੇ ਰੁੱਖ, ਜਿਸ ਵਿਚ ਉਹ ਵਾਸ਼ਨਾ ਭਰੀ ਜਾਏ, ਉਸ ਦੀਆਂ ਲਕੜੀਆਂ ਵਿਚੋਂ ਭੀ ਉਹ ਸੁਗੰਧੀ ਨਹੀਂ ਜਾਂਦੀ। ਤਿਵੇਂ ਉਹ ਰਸ ਮੇਰੇ ਰੋਮ ਰੋਮ ਵਿਚ ਰਚ, ਉਹ ਨਜ਼ਾਰਾ ਮੇਰਾ ਸਾਰਾ ਜਨਮ ਹੀ ਰਸ ਵਾਲਾ ਕਰ ਗਿਆ ਹੈ ਤੇ ਭੁਲਾਇਆ ਭੀ ਭੁਲਦਾ ਨਹੀਂ। ਸਮਾਂ ਆਇਆ, ਉਹ ਸਭ ਰਸ ਸਾਹਵੇਂ ਆ ਮੈਨੂੰ ਸਵਾਦ ਸਵਾਦ ਕਰ ਦੇਂਦਾ ਹੈ।" ਇਸ ਮੇਲੇ ਤੇ ਅਗਲੇ ਹੋਲੇ ਦੀ ਅਰਜ਼ 45 ਚੱਕ ਸਰਗੋਧਾ ਦੇ ਸੰਤ ਮੂਲਾ ਸਿੰਘ ਜੀ ਤੇ ਕਿਸ਼ਨ ਸਿੰਘ ਜੀ ਨੇ ਕੀਤੀ।

## 1966 ਬਿਕ੍ਰਮੀ–1910 ਈਸਵੀ, ਹੋਲਾ 45 ਚੱਕ–ਜ਼ਿਲ੍ਹਾ ਸਰਗੋਧਾ।

ਸੰਤ ਮੂਲਾ ਸਿੰਘ ਜੀ ਤੇ ਕਿਸ਼ਨ ਸਿੰਘ ਜੀ ਦੀ ਅਰਜ਼ ਪ੍ਰਵਾਨ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1966 ਬਿਕ੍ਰਮੀ-1910 ਈਸਵੀ 45 ਚੱਕ ਸਰਗੋਧੇ ਵਿਖੇ ਹੋਲੇ ਦੇ ਸ਼ੁਭ ਅਵਸਰ ਤੇ ਦਰਸ਼ਨ ਦਿੱਤੇ। ਸਾਰੀ ਸਾਧ-ਸੰਗਤ ਇਕ ਅਨੋਖੇ ਜਿਹੇ ਹੁਲਾਸ ਤੇ ਖੇੜੇ ਦਾ ਅਨੁਭਵ ਕਰ ਰਹੀ ਸੀ, ਕਿਉਂਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ

ਪ੍ਰਦੇਸ ਗਵਨ ਉਪਰੰਤ ਇਥੋਂ ਦੀ ਸਾਧ-ਸੰਗਤ ਲਈ ਇਹ ਪਹਿਲਾ ਮੇਲਾ ਮਨਾਉਣ ਦਾ ਸ਼ੁਭ ਅਵਸਾਰ ਪ੍ਰਾਪਤ ਹੋਇਆ ਸੀ। ਸਾਰਾ ਪਿੰਡ ਸਾਧ-ਸੰਗਤ ਦੇ ਚਰਣਾਂ ਦੀ ਰਜ ਨਾਲ ਸੁਸ਼ੋਭਿਤ ਹੋ ਰਿਹਾ ਸੀ। ਇਥੋਂ ਦੀ ਸਾਧ-ਸੰਗਤ ਨੇ ਬੁੱਢੇ, ਬਾਲੇ, ਮਾਈਆਂ, ਭਾਈਆਂ ਦੀ ਅਣੱਥਕ ਸੇਵਾ ਤਾਂ ਕੀਤੀ ਹੀ, ਪਰ ਨਾਲ-ਨਾਲ ਪਸ਼ੂਆਂ ਦੇ ਚਾਰੇ ਆਦਿ ਦੇ ਪ੍ਰਬੰਧ ਵਿਚ ਵੀ ਕੋਈ ਕਸਰ ਨਾ ਛਡੀ। ਸਾਰੀਆਂ ਸੰਗਤਾਂ ਨੇ ਮਿਲ-ਜੁਲ ਕੇ ਹੋਲੇ ਦੇ ਪ੍ਰਬੰਧ ਵਿਚ ਸੇਵਾ ਕੀਤੀ। ਤਿੰਨ ਦਿਨ ਲਗਾਤਾਰ, ਕਿਧਰੇ ਸਾਧ-ਸੰਗਤ ਢੋਲਕ ਛੇਣਿਆਂ ਦੀ ਮਧੁਰ ਧੁਣਾਂ ਵਿਚ ਮਸਤ ਹੋ ਰਹੀ ਸੀ, ਤੇ ਕਿਧਰੇ ਸੱਜਣ ਪੁਰਖ ਸਤਿਗੁਰੂ ਜੀ ਦੇ ਬਚਨ ਤੇ ਗੋਸ਼ਟੀਆਂ ਕਰਕੇ ਆਨੰਦ ਵਿਭੋਰ ਹੋ ਰਹੇ ਸਨ। ਸਾਰਾ ਵਾਤਾਵਰਣ ਭਜਨ-ਬਾਣੀ ਦੇ ਪ੍ਰਵਾਹ ਨਾਲ ਸ਼ੁੱਧ, ਸ਼ਾਂਤ ਤੇ ਸੁਖਮਈ ਬਣਿਆ ਹੋਇਆ ਸੀ। ਹਰ ਪਾਸੇ ਵੈਰਾਗ ਤੇ ਬਿਰਹੋਂ ਦੇ ਗੀਤ ਹਿਰਦਿਆਂ ਨੂੰ ਝੰਜੋੜ ਰਹੇ ਸਨ। ਜੇਕਰ ਇਕ ਪਾਸੇ ਮਸਤਾਨੇ ਆਪਣੇ ਪਿਆਰੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ, ਵੈਰਾਗੀ ਹੋ ਕੇ ਇਹ ਸੱਤਰਾਂ ਪੜ੍ਹ ਰਹੇ ਸਨ :

ਡੇਰੇ ਪੂਰਬ ਦਾ ਤਾਹੀਉਂ ਸੁਆਦ ਅੜਿਆ,
ਜੇ ਤੂੰ ਆਪ ਆਵੇਂ ਤੇ ਦੀਵਾਨ ਲਾਵੇਂ।
ਰਾਮਦਾਸ ਪੁਰ ਮੁੜ ਆਬਾਦ ਹੋਵੇ,
ਭੈਣੀ ਭੂੰਦੜ ਨੂੰ ਆਣ ਕੇ ਭਾਗ ਲਾਵੇਂ।

ਤੇ ਦੂਸਰੇ ਪਾਸੇ ਸੰਤ ਭਗਤ ਸਿੰਘ ਜੀ ਆਪਣੇ ਸੁਰੀਲੇ ਕੰਠ ਰਾਹੀਂ ਗਜ ਵਜ ਕੇ ਉੱਚੀਆਂ ਸੁਰਾਂ ਰਾਹੀਂ ਗਾ ਕੇ ਸਾਰੀ ਸਾਧ-ਸੰਗਤ ਨੂੰ ਵੈਰਾਗੀ ਬਣਾ ਰਹੇ ਸਨ।

ਦਿਨ ਤੇ ਰਹਿ ਗਏ ਥੋੜ੍ਹੇ ਹੁਣ ਕੀ ਵੇਖਨੈਂ ॥
ਸਤਿਗੁਰੂ ਪਾ ਲੈ ਮੋੜੇ ਹੁਣ ਕੀ ਵੇਖਨੈਂ ॥

ਸੰਤ ਮੂਲਾ ਸਿੰਘ ਜੀ ਤੇ ਕਿਸ਼ਨ ਸਿੰਘ ਜੀ ਬੜੇ ਸਤਿਕਾਰ ਤੇ ਪਿਆਰ ਸਹਿਤ ਸਾਧ-ਸੰਗਤ ਦੀ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਕੋਈ ਪਦਾਰਥਕ ਤੋਟ ਨਾ ਆਈ। ਸਾਧ-ਸੰਗਤ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਕਈ ਪਾਠਾਂ ਦੇ ਭੋਗ ਪਵਾ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

## 1967 ਬਿਕ੍ਰਮੀ-1911 ਈਸਵੀ, ਹੋਲਾ ਲਾਹੌਰ ਖਾਸ।

ਬਾਬਾ ਧਿਆਨ ਸਿੰਘ ਜੀ ਲਾਹੌਰ ਵਾਲਿਆਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਮਹੱਲੇ ਦੀ ਪ੍ਰਵਾਨਗੀ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਣਾਂ ਵਿਚ ਬੇਨਤੀ ਕੀਤੀ। ਅਰਜ਼ ਬੇਨਤੀ ਪ੍ਰਵਾਨ ਹੋ ਗਈ ਤੇ ਬਾਬਾ ਧਿਆਨ ਸਿੰਘ ਜੀ ਹੋਲੇ ਦਾ ਪ੍ਰਬੰਧ ਕਰਨ ਵਿਚ ਜੁੱਟ ਗਏ। ਉਨ੍ਹਾਂ ਦੇ ਨਾਲ ਸੰਤ ਦੇਵਾ ਸਿੰਘ ਜੀ ਤੇ ਸੰਤ ਦਿਆਲ ਸਿੰਘ ਜੀ ਲੰਗਰ ਦੀ ਰਸਦ ਪਾਣੀ, ਡੇਰਿਆਂ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਕਰਨ ਲਈ ਦਿਨ-ਰਾਤ ਇਕ ਕਰ ਦਿੱਤਾ। ਸਤਿਗੁਰੂ ਜੀ 1967 ਬਿਕ੍ਰਮੀ-1911 ਈਸਵੀ ਨੂੰ ਆਪਣੀਆਂ ਮਾਤਾਵਾਂ ਤੇ ਭਰਾਵਾਂ ਸਹਿਤ ਲਾਹੌਰ ਹੋਲੇ ਤੇ ਦਰਸ਼ਨ ਦਿੱਤੇ। ਨਾਮਧਾਰੀ

ਪੰਥ ਦੇ ਉੱਘੇ ਵਿਦਵਾਨ, ਜਥੇਦਾਰ, ਰਾਗੀ, ਗ੍ਰਿਹਸਤੀ, ਬਿਹੰਗਮ ਆਦਿ ਹੁੰਮ-ਹੁੰਮਾ ਕੇ ਹੋਲੇ ਦੇ ਮੇਲੇ ਵਿਚ ਸੰਮਿਲਤ ਹੋਣ ਲਈ ਲਾਹੌਰ ਪੁਜੇ । ਰਾਵੀ (ਦਰਿਆ) ਨਾਮਧਾਰੀ ਸੰਤਾਂ, ਭਗਤਾਂ ਦੀ ਚਰਨ ਰਜ ਪ੍ਰਾਪਤ ਕਰਕੇ ਧੰਨ ਧੰਨਯ ਹੋ ਰਿਹਾ ਸੀ ਤੇ ਸ਼ਹਿਰ ਸਾਧ-ਸੰਗਤ ਦੀ ਚਰਨ ਧੂੜ ਨਾਲ ਆਪਣੇ ਭਾਗਾਂ ਦੀ ਸਰਾਹੁਣਾ ਕਰ ਰਿਹਾ ਸੀ । ਤਿੰਨ ਦਿਨ ਸੰਗਤਾਂ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ਼ਬਦ ਕੀਰਤਨ, ਨਾਮ ਦਾ ਰਸ ਰੱਜ ਕੇ ਆਨੰਦ ਮਾਣਿਆ । ਸੰਤ ਲਾਲ ਸਿੰਘ ਜੀ ਬੂਰੇ ਗਿਲਾਂ ਵਾਲੇ ਮਸਤਾਨੀ ਅਵਸਥਾ ਵਿਚ ਸ਼ਬਦ ਗਾਇਨ ਕਰਦੇ ।

ਐਸੋ ਕਉਨੁ ਬਲੀ ਰੇ, ਐਸੋ ਕਉਨੁ ਬਲੀ ।
ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ ।
ਜਿਨਿ ਪੰਚ ਮਾਰਿ ਬਿਦਾਰਿ ਗੁੰਦਾਰੇ ਸੋ ਪੂਰਾ ਇਹ ਕਲੀ ਰੇ ।
ਵਡੀ ਕੋਮ ਵਸਿ ਭਾਗਹਿ ਨਾਹੀ ਮੋਹਕਮ ਫਉਜ ਹਠਲੀ ਰੇ ।

ਸਾਰੀ ਸਾਧ-ਸੰਗਤ ਨੂੰ ਪ੍ਰਮਾਣ ਆਦਿ ਦੇ ਕੇ ਨਿਹਾਲ ਕਰ ਰਹੇ ਸਨ । ਕੀ ਹਿੰਦੂ, ਕੀ ਸਿੱਖ, ਕੀ ਮੁਸਲਮਾਨ ਸਭ ਸੰਤ ਜੀ ਦੀਆਂ ਮਿੱਠੀਆਂ-ਮਿੱਠੀਆਂ ਸੁਰਾਂ ਵਿਚ ਸ਼ਬਦ ਕੀਰਤਨ ਸੁਣਦੇ ਹੋਏ ਨਾਮ ਬਾਣੀ ਦੇ ਰਸ ਵਿਚ ਗੜੁੱਚ ਦਿਖਾਈ ਦੇ ਰਹੇ ਸਨ ।

## 1968 ਬਿਕ੍ਰਮੀ-1912 ਈਸਵੀ, ਹੋਲਾ ਅਨੰਦਪੁਰ ਸਾਹਿਬ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਿਮਾਣੀ ਦੇ ਮੇਲੇ ਤੇ ਪ੍ਰੋਗਰਾਮ ਬਣਾਇਆ ਕਿ ਇਸ ਵਾਰੀ ਦਾ ਹੋਲਾ ਅਨੰਦਪੁਰ ਸਾਹਿਬ ਕੀਤਾ ਜਾਵੇ । ਮੁਕਤਸਰ ਤੋਂ ਆਈ ਸਾਧ-ਸੰਗਤ ਨੇ ਸਤਿਗੁਰੂ ਜੀ ਦੇ ਚਰਣਾਂ ਵਿਚ ਮਾਘੀ ਦੇ ਮੇਲੇ ਤੇ ਮੁਕਤਸਰ ਵਿਖੇ ਦਰਸ਼ਨ ਦੇਣ ਲਈ ਅਰਜ਼ ਕੀਤੀ ਪਰ ਸਤਿਗੁਰੂ ਜੀ ਨੇ ਸਭ ਸਾਧ-ਸੰਗਤ ਨੂੰ ਸ੍ਰੀ ਅਨੰਦਪੁਰ ਸਾਹਿਬ ਆਉਣ ਲਈ ਆਖਿਆ । ਉਥੇ ਹੋਲਾ ਕਰਨ ਦਾ ਇਕ ਵਿਸ਼ੇਸ਼ ਉਦੇਸ਼ ਸੀ । ਇਸ ਸ਼ੁਭ ਅਵਸਰ ਤੇ ਅਨੰਦਪੁਰ ਸਾਹਿਬ ਦੇ ਨੇੜੇ ਤੇੜਿਉਂ ਦੇ ਲੋਕ ਉਥੇ ਪਹੁਚ ਕੇ ਟੋਲੀਆਂ ਬਣਾ ਕੇ ਫਿਰਦੇ ਤੇ ਹੁੱਕਾ, ਤੰਬਾਕੂ, ਸ਼ਰਾਬ ਆਦਿ ਦਾ ਨਸ਼ਾ ਕਰ ਕੇ ਗੰਦ ਬਕਦੇ । ਜੇਕਰ ਉਨ੍ਹਾਂ ਦੇ ਨੇੜੇ ਕੋਈ ਸਿੱਖ ਸਾਧ ਭੁੱਲੇ ਭਟਕੇ ਪਹੁੰਚ ਜਾਂਦਾ, ਸਾਰਾ ਦਿਨ ਅਤਿ ਦੁਖੀ ਹੋ ਕੇ ਗੁਜ਼ਾਰਦਾ ।

ਸਤਿਗੁਰੂ ਜੀ ਨੇ ਇਸ ਮੇਲੇ ਦੇ ਪ੍ਰਬੰਧ ਦੀ ਪਹਿਲਾਂ ਹੀ ਵਿਉਂਤ ਬਣਾ ਲਈ । ਕੁਝ ਦਿਨ ਪਹਿਲਾਂ ਇਸ਼ਤਿਹਾਰ ਛਪਵਾ ਕੇ ਦੂਰ ਨੇੜੇ ਦੀ ਸਾਧ-ਸੰਗਤ ਨੂੰ ਵੰਡੇ ਅਨੰਦਪੁਰ ਸ਼ਹਿਰ ਦੀਆਂ ਕੰਧਾਂ ਉਨ੍ਹਾਂ ਇਸ਼ਤਿਹਾਰਾਂ ਨਾਲ ਸਜ ਰਹੀਆਂ ਸਨ, ਜਿਸ ਵਿਚ ਮੇਲੇ ਦੇ ਪ੍ਰੋਗਰਾਮ ਦੇ ਨਾਲ-ਨਾਲ ਇਹ ਸਪੱਸ਼ਟ ਕੀਤਾ ਗਿਆ ਸੀ, ਕਿ ਹੋਲੇ ਦੇ ਸ਼ੁਭ ਅਵਸਰ ਤੇ ਕੋਈ ਗੰਦ ਨਾ ਬੋਲੇ, ਸ਼ਰਾਬ, ਹੁੱਕਾ, ਸਿਗਰਟ ਆਦਿ ਲੈ ਕੇ ਨਾ ਫਿਰੇ, ਤੇ ਸਾਧ-ਸੰਗਤ ਗੁਰੂ ਦੀ ਨਗਰੀ ਦੇ ਅੰਦਰ ਸ਼ਬਦ ਗਾਇਨ ਕੀਰਤਨ ਕਰਦਿਆਂ-ਕਰਦਿਆਂ ਪ੍ਰਵੇਸ਼ ਕਰੇ । ਸ੍ਰੀ ਭੈਣੀ ਸਾਹਿਬ ਤੋਂ ਲੰਗਰ ਦੀ ਰਸਦ ਊਠਾਂ, ਗਡਿਆਂ ਤੇ ਭੇਜੀ ਗਈ । ਰਿਹਾਇਸ਼ ਵਾਸਤੇ ਤੰਬੂ ਅਤੇ ਬਾਕੀ ਸਾਰਾ ਸਾਮਾਨ ਵੀ

ਭੇਜਿਆ ਗਿਆ।

ਸਤਿਗੁਰੂ ਜੀ ਨੇ ਮੇਲੇ ਦੇ ਦਿਨਾਂ ਵਿਚ ਜ਼ਿੰਮੇਵਾਰ ਸਿੱਖ, ਪੁਲਿਸ ਤੇ ਥਾਣੇਦਾਰ ਆਦਿ ਨੂੰ ਪਹਿਲਾਂ ਹੀ ਹਦਾਇਤਾਂ ਭੇਜ ਦਿਤੀਆਂ ਕਿ ਕੋਈ ਵੀ ਸ਼ਰਾਬ, ਹੁੱਕਾ ਆਦਿ ਲੈ ਕੇ ਮੇਲੇ ਦੇ ਅੰਦਰ ਨਾ ਵੜੇ। ਤਗੜੇ ਤੇ ਬਲਵਾਨ ਸਿੱਖਾਂ ਨੂੰ ਸਦ ਕੇ ਸਮਝਾਇਆ ਕਿ ਉਹ ਹਰ ਮੋੜ ਤੇ ਖੜੇ ਹੋ ਕੇ ਹਰ ਤਰ੍ਹਾਂ ਦੀ ਗੁੰਡਾ ਗਰਦੀ ਨੂੰ ਰੋਕਣ ਤੇ ਮੇਲਿਆਂ ਦੇ ਵਿਚ ਫਿਰ ਫਿਰ ਕੇ ਨਿਗਰਾਨੀ ਵੀ ਕਰਨ। ਗੁਰਦੁਆਰੇ ਦੇ ਸਿੰਘਾਂ ਨੂੰ ਵੀ ਭਰੋਸਾ ਦਿੱਤਾ ਕਿ ਉਹ ਕਿਸੇ ਕਿਸਮ ਦੀ ਚਿੰਤਾ ਨਾ ਕਰਨ, ਤੇ ਸਿੰਘਾਂ ਨੂੰ ਸੁਨੇਹਾ ਭੇਜਿਆ ਕਿ ਉਹ ਹੋਲੇ ਮਹੱਲੇ ਵਾਲੇ ਦਿਨਾਂ ਵਿਚ ਪ੍ਰਸ਼ਾਦ ਪਾਣੀ ਲੰਗਰ ਵਿਚੋਂ ਹੀ ਛਕਣ।

**ਸ਼ਰਧਾ ਦੀ ਦਸਤਾਰ**—ਸੰਤ ਜਵੰਦ ਸਿੰਘ ਜੀ ਨੇ ਆਪਣੇ ਸੰਤ ਸਾਥੀਆਂ ਨਾਲ ਸੰਤ ਕੇਸਰ ਸਿੰਘ ਜੀ, ਮਿੱਤ ਸਿੰਘ ਜੀ, ਸੰਤ ਲਾਲ ਸਿੰਘ ਜੀ ਆਦਿ ਨਾਲ ਸਲਾਹ ਕਰਕੇ ਹੋਲੇ ਦੇ ਇਸ ਪਾਵਨ ਪਰਵ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਾਰੇ ਨਾਮਧਾਰੀ ਜਗਤ ਵਲੋਂ ਸ਼ਰਧਾ ਦੀ ਦਸਤਾਰ ਭੇਟਾ ਕੀਤੀ। ਸਤਿਗੁਰੂ ਜੀ ਨੇ ਦਸਤਾਰ ਨੂੰ ਸਹਰਸ਼ ਸਵੀਕਾਰ ਕੀਤਾ ਤੇ ਆਪਣੇ ਸੀਸ ਤੋਂ ਪੁਰਾਣੀ ਦਸਤਾਰ ਉਤਾਰ ਕੇ ਨਵੀਂ ਸਜਾ ਲਈ। ਸਾਰੀ ਸਾਧ-ਸੰਗਤ ਨੇ ਖੁਸ਼ੀ ਦੇ ਜੈਕਾਰੇ ਛੱਡ ਦਿੱਤੇ। ਸਭ ਸਿੰਘਾਂ, ਪੁਲਿਸ ਦੇ ਥਾਣੇਦਾਰ ਸਿਪਾਹੀਆਂ ਸਮੇਤ, ਨਗਰ ਦੇ ਪੰਚੈਤੀਆਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਕ੍ਰਿਪਾ ਸਦਕਾ ਹੋਲੇ ਦਾ ਆਨੰਦ ਸਭ ਨੇ ਮਾਣਿਆ ਹੈ। ਸਤਿਗੁਰੂ ਜੀ ਨੇ ਹੱਥ ਜੋੜ ਕੇ ਬਚਨ ਕੀਤਾ :—

'ਹਿੰਮਤ ਅੱਗੇ ਫਤਹ ਬਥੇਰੀ ਜੇ ਕੋਈ ਸੂਰਾ ਹੋਵੇ। ਅਟਕਨ ਨਹੀਂ ਅੜਿਚਣਾ ਅੱਗੇ, ਜੇ ਉਦਮੀ ਪੂਰਾ ਹੋਵੇ।'

ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ ਸੰਗਤ ਨੂੰ ਵਿਦਾ ਦੇ ਕੇ ਖੁਸ਼ੀਆਂ ਬਖਸ਼ੀਆਂ।

## 1969 ਬਿਕ੍ਰਮੀ–1913 ਈਸਵੀ, ਹੋਲਾ ਖੂਹ ਮਾਂਗਾ–ਜ਼ਿਲ੍ਹਾ ਲਾਹੌਰ।

**ਹੋਲੇ ਵਾਲਾ ਮੇਰੀ ਬੁਕਲੇ**—ਅਨੰਦਪੁਰ ਸਾਹਿਬ ਹੋਲੇ ਦਾ ਭੋਗ ਪੈਣ ਉਪਰੰਤ, ਸੰਤ ਸੰਮਾ ਸਿੰਘ ਜੀ ਮਾਂਗੇ ਵਾਲਿਆਂ ਨੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਣਾਂ ਵਿਚ ਅਗਲੇ ਹੋਲੇ ਲਈ ਬੇਨਤੀ ਕੀਤੀ। ਹੋਰ ਵੀ ਕਈ ਸਿੱਖਾਂ ਨੇ ਅਗਲੇ ਹੋਲੇ ਲਈ ਅਰਜ਼ੋਈਆਂ ਕੀਤੀਆਂ। ਸੰਤ ਮੰਗਲ ਸਿੰਘ ਜੀ ਫਤੂਹੀ ਚੱਕੀਏ ਸਟੇਜ ਸਕੱਤਰ ਦਾ ਕੰਮ ਨਿਭਾ ਰਹੇ ਸਨ। ਜਦੋਂ ਸੰਤਾਂ ਨੇ ਹੋਲਾ ਮੰਗਿਆ ਤਾਂ ਉਨ੍ਹਾਂ ਨੇ ਕਿਹਾ, "ਮਸਤਾ-ਨਿਆਂ ਤੂੰ ਕੀ ਹੋਲਾ ਕਰਨਾ ਹੈ। ਜਾਹ ਜਾ ਕੇ ਬੈਠ ਜਾ।" ਸੰਤ ਸੰਮਾ ਸਿੰਘ ਜੀ ਹੁਕਮ ਮੰਨ ਕੇ ਦੂਰ ਜਾ ਕੇ ਬੈਠ ਗਏ। ਪਰ ਅੰਤਹਕਰਨ ਵਿਚ ਸ਼ਾਂਤੀ ਨਹੀਂ ਆ ਰਹੀ ਸੀ, ਮਨ ਹੋਲੇ ਲਈ ਲਾਲਾਯਿਤ ਹੋ ਰਿਹਾ ਸੀ। ਇਕ ਵਾਰੀ ਫਿਰ ਉਠ ਕੇ ਸਾਧ-ਸੰਗਤ ਵਿਚ ਹੱਥ ਜੋੜ ਕੇ ਬੇਨਤੀ ਕੀਤੀ, "ਸਤਿਗੁਰ ਜੀਓ ਤੇ ਸਾਧ-ਸੰਗਤ ਜੀਓ, ਹੋਲਾ ਮੈਨੂੰ

ਦਿਉ।'' ਸੰਤ ਮੰਗਲ ਸਿੰਘ ਜੀ ਨੇ ਫਿਰ ਕਿਹਾ, ''ਤੂੰ ਫੇਰ ਜੁ ਘਰ ਘਰ ਗੜਵਾ ਖੜਕਾਂਦਾ ਫਿਰੇਂਗਾ, ਜੇ ਹੋਲਾ ਲੈਣਾਂ ਹੈ ਤਾਂ ਕਿਸੇ ਪੁਜਦੇ ਪੁਰਸ਼ ਨੂੰ ਨਾਲ ਲਿਆ।'' ਸੰਤ ਜੀ ਆਪਣੇ ਪਿੰਡ ਦੇ ਧਨੀ ਪੁਰਸ਼ ਲਧਾ ਸਿੰਘ ਜੀ ਨੂੰ ਨਾਲ ਲੈ ਕੇ ਫਿਰ ਹੋਲੇ ਦੀ ਅਰਜ਼ ਕਰਨ ਲਈ ਗਏ ਪਰ ਫਿਰ ਵੀ ਅਰਜ਼ ਮਨਜ਼ੂਰ ਨਾ ਹੋਈ। ਤੀਸਰੀ ਵਾਰੀ ਫਿਰ ਗਲ ਵਿਚ ਪਲਾ ਪਾ ਕੇ ਹੱਥ ਜੋੜ ਕੇ ਖੜੇ ਹੋ ਗਏ। ਸੰਤ ਮੰਗਲ ਸਿੰਘ ਜੀ ਉਹਨਾਂ ਨੂੰ ਵੇਖ ਕੇ ਬੋਲਣ ਹੀ ਲਗੇ ਸਨ, ਕਿ ਹੋਲਾ ਕਰਨਾ ਕੋਈ ਖੇਡ ਹੈ, ਤਾਂ ਸੰਤ ਜੀ ਇਕਦਮ ਉੱਤਰ ਦਿੱਤਾ, ''ਹੋਲੇ ਵਾਲਾ ਤੇ ਮੇਰੀ ਬੁਕਲੇ ਹੈ, ਤੂੰ ਕੀ ਆਖਦਾ ਹੈਂ ?'' ਇਹ ਸਭ ਦ੍ਰਿਸ਼ ਵੇਖ ਕੇ ਸੰਤ ਕੇਸਰ ਸਿੰਘ ਜੀ ਕਿੱਲੀ ਇਕਦਮ ਦੀਵਾਨ ਵਿਚ ਕੁੱਦ ਪਏ ਤੇ ਕਹਿਣ ਲਗ ਪਏ।, ''ਇਹ ਹੋਲਾ ਮੰਗ ਤੰਗ ਦਾ, ਟੁਕੜਾ, ਫਕਰਾਂ ਦਾ ਹੈ, ਇਹ ਹੋਲਾ ਅੱਗੋਂ ਸੰਮਾ ਸਿੰਘ ਦਾ ਹੈ'' ਤੇ ਸਾਧ-ਸੰਗਤ ਵਿਚੋਂ ਆਵਾਜ਼ਾਂ ਆਈਆਂ 'ਹੋਲਾ ਫਕਰਾਂ ਦਾ, ਹੋਲਾ ਮਸਤਾਨਿਆਂ ਦਾ।'

1969 ਬਿਕ੍ਰਮੀ-1913 ਈਸਵੀ ਦੇ ਹੋਲੇ ਦੀ ਪ੍ਰਵਾਨਗੀ ਸੰਤ ਸੰਮਾ ਸਿੰਘ ਜੀ ਮਸਤਾਨੇ ਨੂੰ ਮਿਲ ਤਾਂ ਗਈ, ਪਰ ਬਾਕੀ ਦੇ ਲੋਕ ਸੰਤ ਸੰਮਾ ਸਿੰਘ ਜੀ ਨਾਲ ਨਾਰਾਜ਼ ਹੋ ਗਏ ਕਿਉਂਕਿ ਉਨ੍ਹਾਂ ਨਾਲ ਹੋਲੇ ਦੀ ਸਲਾਹ ਤੇ ਗੱਲ-ਬਾਤ ਨਹੀਂ ਸੀ ਕੀਤੀ ਗਈ। ਇਸ ਲਈ ਸੰਤ ਸੰਮਾ ਸਿੰਘ ਜੀ, ਜਦੋਂ ਹੋਲੇ ਦੀ ਉਗਰਾਹੀ ਲਈ ਗਏ ਤਾਂ ਬਹੁਤਿਆਂ ਨੇ ਇਹ ਉੱਤਰ ਦਿੱਤਾ, ''ਤੁਸਾਂ ਸਾਥੋਂ ਬਿਨਾਂ ਪੁਛੇ ਹੋਲਾ ਮੰਗ ਲਿਆ, ਸਲਾਹ ਕਰਕੇ ਦਸਾਂਗੇ।'' ਸੰਤ ਜੀ ਰਾਤ ਭਰ ਸੋਚ ਚਿੰਤਾ ਵਿਚ ਡੁਬੇ ਰਹੇ। ਪਰ ਸਤਿਗੁਰੂ ਜੀ ਨੂੰ ਆਪਣੇ ਪਿਆਰੇ ਭਗਤਾਂ ਦੀ ਹਮੇਸ਼ਾ ਹੀ ਚਿੰਤਾ ਰਹਿੰਦੀ ਹੈ। ਪਿਛਲੀ ਰਾਤ ਸਤਿਗੁਰੂ ਜੀ ਨੇ ਆਵਾਜ਼ ਦੇ ਕੇ ਕਿਹਾ, ''ਉਠੋ ਸੰਤ ਜੀ ਇਸ਼ਨਾਨ ਕਰੋ ਤੇ ਭਜਨ ਕਰੋ। ਜੇ ਹੋਲਾ ਲੈਣ ਸਮੇਂ ਮੈਂ ਤੁਹਾਡਾ ਸਲਾਹੀ ਸਾਥੀ ਸਾਂ ਤਾਂ ਹੁਣ ਭੀ ਤੁਹਾਨੂੰ ਕਿਸੇ ਕੋਲ ਜਾਣ ਦੀ ਲੋੜ ਨਹੀਂ, ਮੈਂ ਆਪ ਸਭ ਕੰਮ ਕਰਾਂਗਾ। ਤੁਸੀਂ ਅੰਦਰ ਬੈਠ ਭਜਨ ਕਰੋ।'' ਸੰਤ ਜੀ ਹੁਕਮਾਨੁਸਾਰ ਅੰਦਰ ਬੈਠ ਭਜਨ ਕਰਨ ਲਗੇ। ਸਤਿਗੁਰੂ ਜੀ ਨੇ ਸਿੱਖਾਂ ਨੂੰ ਆਪਣੇ ਅੰਦਰੋਂ ਪ੍ਰੇਰਿਆ ਤੇ ਆਪਣੇ ਆਪ ਹੀ ਅਨਗਿਣਤ ਲੋਕਾਂ, ਨੇ ਕਈਆਂ ਨੇ ਆਪ ਆਪਣੀਆਂ ਜ਼ਮੀਨਾਂ ਗਹਿਣੇ ਰਖ ਕੇ, ਕਈਆਂ ਨੇ ਮੱਝਾਂ, ਬੈਲ ਵੇਚ ਕੇ ਹੋਲੇ ਲਈ ਮਾਇਆ ਇਕੱਤ੍ਰ ਕੀਤੀ ਤੇ ਸੰਤਾਂ ਦੇ ਚਰਨਾਂ ਵਿਚ ਇਕੱਠਾ ਕੀਤਾ ਹੋਇਆ ਧਨ ਜਾ ਕੇ ਅਰਪਣ ਕੀਤਾ। ਸੰਤ ਜੀ ਆਪਣੇ ਮਨ ਵਿਚ ਹੈਰਾਨ ਹੋ ਰਹੇ ਸਨ ਕਿ ਉਨ੍ਹਾਂ ਦੇ ਜਾਣ ਤੇ ਕਿਸੇ ਨੇ ਉਨ੍ਹਾਂ ਦੀ ਰਤਾ ਵੀ ਪਰਵਾਹ ਨਹੀਂ ਕੀਤੀ ਤੇ ਹੁਣ ਮਾਇਆ ਦੇ ਅੰਬਾਰ ਲਗ ਗਏ ਹਨ 'ਦਿਲਾਂ ਕਾ ਮਾਲਕੁ ਕਰੇ ਹਾਕੁ'।

ਸਾਧ-ਸੰਗਤ ਆਪਣੇ ਆਪ ਸੰਤਾਂ ਕੋਲ ਪਹੁੰਚ ਕੇ ਮਾਇਆ ਦੀ ਵਰਖਾ ਕਰਨ ਲਗੇ। ਇਸ ਤਰ੍ਹਾਂ ਇਕ ਦਿਨ ਚਾਨਣੀ ਮੰਗਣ ਲਈ ਨਾਲ ਦੇ ਪਿੰਡ ਗਏ। ਉਹਨਾਂ ਨੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਤੇ ਚਾਨਣੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਰਾਤ ਨੂੰ ਫਿਰ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਕਿਹਾ, ''ਤੈਨੂੰ ਕਿਸੇ ਕੋਲ ਜਾਣ ਦੀ ਲੋੜ ਨਹੀਂ, ਤੈਨੂੰ ਕਿਸੇ ਗੱਲ ਦੀ ਤੋਟ ਨਹੀਂ ਆਵੇਗੀ 'ਸੰਤ ਜੀ ਨੇ ਕਿਹਾ, 'ਚਾਨਣੀ ਤਾਂ ਹੁਣ ਇੰਦਰ ਹੀ ਦੇਵੇਗਾ। ਹੋਲੇ ਵਾਲੇ ਦਿਨਾਂ ਵਿਚ ਨਾ ਤੇ ਬਾਰਿਸ਼ ਹੀ

ਹੋਈ, ਨਾ ਹੀ ਸੂਰਜ ਨਿਕਲਿਆ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਂਗੇ ਦੇ ਖੂਹ ਤੇ ਆਪਣੇ ਸੇਵਕਾਂ ਸਮੇਤ ਦਰਸ਼ਨ ਦਿੱਤੇ । ਤੇ ਉਥੋਂ ਦੇ ਸਿੱਖਾਂ ਨੂੰ ਮੇਲੇ ਤੇ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ । ਸੰਤ ਸੰਮਾ ਸਿੰਘ ਜੀ ਹੋਲੇ ਦੇ ਦਿਨਾਂ ਵਿਚ ਮਸਤਾਨੀ ਅਵਸਥਾ ਵਿਚ ਰਹਿੰਦੇ । ਤੇ ਉੱਚੀ-ਉੱਚੀ ਬੜੀਆਂ ਸੁਰੀਲੀਆਂ ਸੁਰਾਂ ਰਾਹੀਂ ਇਹ ਤੁਕਾਂ ਪੜ੍ਹਦੇ "ਸੰਤਾਂ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ" ਇਹ ਸ਼ਬਦ ਪੜ੍ਹਦੇ-ਪੜ੍ਹਦੇ ਸੰਤ ਜੀ ਇਧਰ ਉਧਰ ਮਸਤਾਨੀ ਅਵਸਥਾ ਵਿਚ ਬੁਕ ਭਰ-ਭਰ ਕੇ ਮਸਤੀਆਂ ਵੰਡ ਰਹੇ ਸਨ । ਹਰਿ ਕੰਮੁ 'ਕਰਾਵਣਿ ਆਇਆ ਰਾਮ' ਦਾ ਸੁਆਦ ਸਭ ਸਾਧ-ਸੰਗਤ ਮਾਣ ਰਹੀ ਸੀ । ਆਸਾ ਦੀ ਵਾਰ ਵਿਚ "ਮੈਂ ਬਉਰੀ ਮੇਰਾ ਰਾਮੁ ਭਤਾਰੁ" ਐਨੀ ਮਸਤਾਨੀ ਅਵਸਥਾ ਵਿਚ ਪੜ੍ਹ ਰਹੇ ਸਨ ਕਿ ਆਸਾ ਦੀ ਵਾਰ ਦਾ ਭੋਗ ਪਾਣਾ ਕਿਸੇ ਨੂੰ ਚੇਤੇ ਹੀ ਨਹੀਂ ਸੀ । ਸੰਤ ਹਾਕਮ ਸਿੰਘ ਜੀ ਉਸ ਹੋਲੇ ਬਾਰੇ ਦਸਦੇ 'ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ' ਸਾਖਿਆਤਕਾਰ ਹੋ ਰਿਹਾ ਸੀ । ਸੰਗਤਾਂ ਨੇ ਸ਼ਬਦ ਕੀਰਤਨ ਦਾ ਰਸ ਮਾਣਿਆ ਤੇ ਹੋਲੇ ਦੇ ਆਨੰਦ ਦਾ ਸਹਿਜ ਸੁਆਦ ਤੇ ਨਜ਼ਾਰੇ ਕਈ ਦਿਨਾਂ ਤਕ ਸੰਗਤਾਂ ਨੂੰ ਅਨੰਦ ਮਗਨ ਕਰਦੇ ਰਹੇ ।

## 1970 ਬਿਕ੍ਰਮੀ-1914 ਈਸਵੀ, ਹੋਲਾ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ।

ਪਿੰਡ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ਨਾਮਧਾਰੀ ਇਤਿਹਾਸ ਵਿਚ ਇਕ ਵਿਸ਼ੇਸ਼ ਮਹੱਤਤਾ ਰਖਦਾ ਹੈ । ਇਥੇ ਸਤਿਗੁਰੂ ਰਾਮ ਸਿੰਘ ਜੀ ਨੇ ਜੂਨ 4 1863 ਈ. ਵਿਚ ਆਨੰਦ ਕਾਰਜਾਂ ਦਾ ਮੁੱਢ ਬੰਨਿਆ ਸੀ, ਇਸ ਤੋਂ 48 ਸਾਲਾਂ ਬਾਅਦ ਇਸੇ ਹੀ ਪਿੰਡ ਵਿਚ ਸਾਧ-ਸੰਗਤ ਨੇ ਹੋਲੇ ਮੇਲੇ ਦਾ ਸ਼ੁਭ ਕਾਰਜ ਆਰੰਭਿਆ ।

**ਨਿਆਰੇ ਕੂਕੇ**—ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਲੀ ਰੀਝ ਸੀ ਕਿ ਇਸ ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਸਾਧ ਸੰਗਤ ਵੱਧ ਤੋਂ ਵੱਧ ਗੁਰਮਰਿਆਦਾ ਬਾਰੇ ਗਿਆਨਪ੍ਰਾਪਤ ਕਰਕੇ ਆਪਣੇ ਘਰਾਂ ਨੂੰ ਪਰਤੇ । 1970 ਬਿਕ੍ਰਮੀ-1914 ਈਸਵੀ ਅਨੁਸਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀਆਂ ਦੋਹਾਂ ਮਾਤਾਵਾਂ, ਤੇ ਦੋਹਾਂ ਭਰਾਵਾਂ ਸਮੇਤ ਪਿੰਡ ਖੋਟੇ ਸਾਧ-ਸੰਗਤ ਨੂੰ ਆ ਕੇ ਦਰਸ਼ਨ ਦਿੱਤੇ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰੀ ਸਾਧ-ਸੰਗਤ ਨੂੰ ਇਕੱਠਿਆਂ ਕਰਕੇ ਆਪਣਾ ਪਵਿਤ੍ਰ ਉਪਦੇਸ਼ ਦਿੱਤਾ । ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਉਪਰੰਤ, ਅੰਗ੍ਰੇਜ਼ਾਂ ਦਾ ਦਬ-ਦਬਾ ਬਹੁਤ ਵੱਧ ਗਿਆ, ਜਿਸ ਕਰਕੇ ਗੁਰਮਰਿਆਦਾ ਦਾ ਪ੍ਰਭਾਵ ਦਿਨ-ਬਦਿਨ ਘੱਟਨਾ ਸ਼ੁਰੂ ਹੋ ਗਿਆ ਸੀ ਤੇ ਨਾਮਧਾਰੀ ਪੰਥ ਹੋਰ ਜ਼ਮਾਨੇ ਜਿਹਾ ਹੀ ਰਲ ਗੱਡਾ ਜਿਹਾ ਹੋ ਰਿਹਾ ਸੀ । ਹੁਣ ਇਸ ਤਰ੍ਹਾਂ ਦਾ ਨਾ ਰਹੇ । ਜਿਵੇਂ ਗੁਰੂ ਜੀ ਜਗਤ 'ਚੋਂ ਕੱਢ ਕੇ ਨਿਆਰੇ ਕੂਕੇ ਕੀਤੇ ਸੀ, ਤਿਵੇਂ ਦੇ ਹੀ ਫੇਰ ਹੋਣ । ਜੋ ਇਹਨਾਂ ਨੂੰ ਮਿਟ ਮੁਕ ਗਿਆ ਜਾਣਦੇ ਹਨ ਤੇ ਵੱਧਣੋਂ ਰੁਕ ਗਿਆ ਜਾਣਦੇ ਹਨ, ਉਹਨਾਂ ਨੂੰ ਜਾਪੇ ਕਿ ਜੋ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ । "ਮੈਂ ਇਸ ਕੂਕਾ ਪੰਥ ਦੀ ਨੀਂਹ ਅਕਾਲ ਪੁਰਖ ਦੀ ਰਖਾਈ ਪਤਾਲੋਂ ਧਰੀ ਹੈ ।" ਉਹੋ ਸਭ

ਸੰਸਾਰ ਨੂੰ ਪ੍ਰਗਟ ਆਪੇ ਪਈ ਜਾਪੇ । ਸੱਜਣ, ਦੁਸ਼ਮਣ ਇਸ ਨੂੰ ਮੰਨੇ ਕਿ, ਇਹ ਉਹੋ ਕੂਕਾ ਪੰਥ ਹੈ ਜੋ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਾਕ—

'ਮੈਂ ਫੇਰ ਕਰੂੰਗਾਂ ਖਾਲਸਾ ਵਸੇ ਵਿਚ ਪੰਜਾਬ ।'

ਅਨੁਸਾਰ ਐਸਾ ਪੰਥ ਸਜਾਇਆ ਜੋ ਸਾਰੀ ਦੁਨੀਆਂ ਤੋਂ ਨਿਆਰਾ, ਉੱਚਾ ਤੇ ਸੁੱਚਾ ਸੀ । ਸਤਿਗੁਰੂ ਜੀ ਨੇ ਹੋਲੇ ਦੇ ਭੋਗ ਸਮੇਂ ਉਪਰੋਕਤ ਮਤਾ ਸਮੂਹ ਸਾਧ-ਸੰਗਤ ਅੱਗੇ ਧਰਿਆ । ਸਾਧ-ਸੰਗਤ ਨੇ ਸਰਬ ਸੰਮਤੀ ਨਾਲ ਹੋਲੇ ਦੇ ਭੋਗ ਸਮੇਂ ਮਤਾ ਪ੍ਰਵਾਨ ਕਰਨ ਦਾ ਹੁੰਗਾਰਾ ਭਰਿਆ । ਸਾਰੀ ਸਾਧ-ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਏ ਤੇ ਇਸ ਖੁਸ਼ੀ ਵਿਚ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਸਾਰਾ ਵਾਤਾਵਰਨ ਗੂੰਜਾ ਦਿੱਤਾ ।

ਇਕ ਦਿਨ ਸੰਤ ਕੇਸਰ ਸਿੰਘ ਜੀ ਮਹਾਂਵੇ ਵਾਲੇ, ਬੜੀ ਮਸਤ ਬਿਰਤੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ, "ਬੱਚਾ ਰਾਜ਼ੀ ਏਂ ।" ਥੋੜ੍ਹੇ ਚਿਰ ਪਿੱਛੋਂ ਫਿਰ ਆ ਕੇ ਸਤਿਗੁਰੂ ਜੀ ਦੇ ਸਾਹਮਣੇ ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲਗੇ, "ਪਾਤਸ਼ਾਹ ਤੂੰ ਪਹਿਰੇ ਤੇ ਸਮੇਂ ਦਾ ਮਾਲਕ ਹੈਂ । ਇਸ ਕੇਸਰ ਨੂੰ ਮਾਫ ਕਰ ਦੇ ।"

ਇਸ ਹੋਲੇ ਤੇ ਖੋਟਿਆਂ ਦੀ ਸਾਧ ਸੰਗਤ ਨੇ ਤਨ, ਮਨ ਧਨ, ਲਾ ਕੇ ਸੇਵਾ ਕੀਤੀ ਪਰ ਸੰਤ ਖਜਾਨ ਸਿੰਘ ਜੀ ਪਰਉਪਕਾਰੀ, ਸੰਤ ਗੁਰਦਿਤ ਸਿੰਘ ਜੀ, ਸੰਤ ਸੰਤਾ ਸਿੰਘ ਜੀ ਸੇਵਾ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਵਿਸ਼ੇਸ਼ ਪਾਤਰ ਬਣੇ । ਅਗਲੇ ਹੋਲੇ ਬਾਰੇ ਵਲਟੋਹੇ ਦੀ ਸਾਧ-ਸੰਗਤ ਨੇ ਅਰਜ਼ ਕੀਤੀ, ਜੋ ਪ੍ਰਵਾਨ ਹੋ ਗਈ ।

## 1911 ਬਿਕ੍ਰਮੀ-1915 ਈਸਵੀ ਹੋਲਾ ਵਲਟੋਹਾ–ਜ਼ਿਲ੍ਹਾ ਲਾਹੌਰ ।

1971 ਬਿਕ੍ਰਮੀ–1915 ਈਸਵੀ ਦਾ ਹੋਲਾ ਪਿੰਡ ਵਲਟੋਹਾ, ਜ਼ਿਲ੍ਹਾ ਲਾਹੌਰ ਵਿਚ ਹੋਇਆ । ਇਸ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾਵਾਂ, ਭਰਾਵਾਂ ਤੇ ਮਾਤਾ ਭੁਪਿੰਦਰ ਕੌਰ ਸਹਿਤ ਵਲਟੋਹੇ ਦਰਸ਼ਨ ਦਿੱਤੇ । ਮੇਲੇ ਤੇ ਸਾਧ-ਸੰਗਤ ਦੀ ਖੂਬ ਗਹਿਮਾ ਗਹਿਮੀ ਸੀ । ਸ਼ਬਦ-ਕੀਰਤਨ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ ਤੇ ਅਖੀਰਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤ੍ਰ-ਯਾਦ ਵਿਚ ਅਨੇਕਾਂ ਪਾਠਾਂ ਦੇ ਭੋਗ ਪਾਏ ਗਏ । ਇਸ ਹੋਲੇ ਵਿਚ ਸਾਰੇ ਪਿੰਡ ਦੇ ਲੋਕਾਂ ਨੇ ਤਨ, ਮਨ, ਧਨ ਨਾਲ ਸੇਵਾ ਕੀਤੀ ਪਰ ਬਾਬਾ ਫਤਹਿ ਸਿੰਘ ਜੀ, ਸੰਤ ਲਛਮਣ ਸਿੰਘ, ਦੁਸੌਂਧਾ ਸਿੰਘ, ਕਪੂਰ ਸਿੰਘ ਆਦਿ ਦੇ ਨਾਮ ਵਿਸ਼ੇਸ਼ ਰੂਪ ਵਿਚ ਵਰਨਣੀਯ ਹਨ ।

**ਸੰਤ ਫਤਹਿ ਸਿੰਘ ਜੀ**—ਵਲਟੋਹੇ ਦੇ ਨਾਮ ਨਾਲ ਸੰਤ ਫਤਹਿ ਸਿੰਘ ਜੀ ਦਾ ਨਾਮ ਜੁੜਿਆ ਹੋਇਆ ਹੈ । ਪਾਠਕਾਂ ਦੀ ਜਾਣਕਾਰੀ ਲਈ ਸੰਤ ਫਤਹਿ ਸਿੰਘ ਜੀ ਦੀ ਜੀਵਨੀ ਸੰਖੇਪ ਵਿਚ ਦਿੱਤੀ ਜਾ ਰਹੀ ਹੈ ।

ਸੰਤ ਬਾਬਾ ਫਤਹਿ ਸਿੰਘ ਜੀ ਜਦੋਂ ਜੁਆਨ ਹੋਏ ਤਾਂ ਫ਼ੌਜ ਵਿਚ ਭਰਤੀ ਹੋ ਗਏ । ਕੁਸ਼ਤੀ, ਰੱਸਾਕਸ਼ੀ, ਦੌੜਾਂ, ਗੋਲਾ ਆਦਿ ਸੁੱਟ ਕੇ, ਦੋ ਮੁਰੱਬੇ ਜ਼ਮੀਨ ਪ੍ਰਾਪਤ ਕਰਕੇ, ਫ਼ੌਜ ਵਿਚੋਂ ਆਪਣਾ ਨਾਮ ਕਟਾ ਕੇ, ਵਾਪਸ ਘਰ ਆ ਗਏ । ਪਟਿਆਲੇ ਦੇ ਰਾਜਾ ਨੇ

ਇਹਨਾਂ ਨੂੰ ਆਪਣੇ ਕੋਲ ਰੱਖਣਾ ਚਾਹਿਆ, ਤਾਂ ਉਹਨਾਂ ਕੋਲ ਰਹਿੰਦੇ ਮੁਸਲਮਾਨਾਂ ਨੇ ਕਿਹਾ ਕਿ ਇਸ ਅਕਬ ਜੱਟ ਨੂੰ ਕੀ ਪਤਾ ਘੋਲ ਕੀ ਚੀਜ਼ ਹੈ, ਤੇ ਕਿਵੇਂ ਘੁਲਣਾ ਹੈ ? ਫਤਹਿ ਸਿੰਘ ਨੂੰ ਜਦੋਂ ਪਤਾ ਲਗਾ ਤਾਂ ਰਾਤ ਵੇਲੇ ਉਸਦੇ ਤੰਬੂ ਵਿਚ ਜਾ ਕੇ ਉਸਨੂੰ ਓਦੋਂ ਤੀਕੁਰ ਖੂਬ ਕੁਟਾਪਾ ਚਾੜ੍ਹਿਆ, ਜਿੰਨਾਂ ਚਿਰ ਉਹਨਾਂ ਨੇ ਫਤਹਿ ਸਿੰਘ ਕੋਲੋਂ ਮੁਆਫੀ ਨਾ ਮੰਗ ਲਈ ।

ਇਕ ਦਿਨ ਪਿੰਡ ਵਲਟੋਹੇ ਦੀ ਸਾਧ-ਸੰਗਤ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਗਈ । ਫਤਹਿ ਸਿੰਘ ਜੀ ਸਿਰਫ ਦਸਾਂ ਪਾਤਸ਼ਾਹੀਆਂ ਤਕ ਮੰਨਦੇ ਸਨ । ਸਿੱਖਾਂ ਨੇ ਉਨ੍ਹਾਂ ਨੂੰ ਆਪਣੇ ਨਾਲ ਚਲਣ ਦੀ ਪ੍ਰੇਰਣਾ ਦਿੱਤੀ । ਉਹਨਾਂ ਦੀ ਧਰਮ ਪਤਨੀ ਮਾਨੋਂ, ਕੱਦ ਦੀ ਛੋਟੀ, ਇਕ ਸਿੱਧੀ-ਸਾਧੀ ਔਰਤ ਸੀ । ਫਤਹਿ ਸਿੰਘ ਕਈ ਵਾਰੀ ਉਸਨੂੰ ਬਹੁਤ ਤੰਗ ਕਰਦਾ ਤੇ ਕਈ ਵਾਰੀ ਮਾਰ-ਕੁੱਟ ਤਕ ਨੌਬਤ ਵੀ ਪਹੁੰਚ ਜਾਂਦੀ । ਉਹ ਵੀ ਤਰਲੇ ਮਿੰਨਤਾਂ ਕਰਕੇ ਫਤਹਿ ਸਿੰਘ ਤੇ ਸਾਧ-ਸੰਗਤ ਦੇ ਨਾਲ ਸ੍ਰੀ ਭੈਣੀ ਸਾਹਿਬ ਵੱਲ ਨੂੰ ਟੁਰ ਪਈ । ਟੁਰਨ ਵੇਲੇ ਫਤਹਿ ਸਿੰਘ ਨੇ ਸਿੱਖਾਂ ਨੂੰ ਕਿਹਾ, "ਮੇਰੀਆਂ ਦੋ ਮੰਗਾਂ ਹਨ, ਜੇਕਰ ਉਹ ਪੂਰੀਆਂ ਹੋ ਜਾਣਗੀਆਂ ਤਾਂ ਫਿਰ ਮੈਂ ਭਜਨ ਲੈ ਲਵਾਂਗਾ' ਮਾਨੋਂ ਨੇ ਵੀ ਕਿਹਾ, "ਮੇਰੀ ਵੀ ਇਕ ਮੰਗ ਹੈ, ਜੇਕਰ ਪੂਰੀ ਹੋ ਗਈ ਤਾਂ ਗੁਰੂ ਧਾਰਨ ਕਰਕੇ ਭਜਨ ਪੁੱਛ ਲਵਾਂਗੀ, ਨਹੀਂ ਤੇ ਮੇਲਾ ਤਾਂ ਵੇਖ ਹੀ ਆਵਾਂਗੇ ।" ਸਿੱਖਾਂ ਨੇ ਮੰਗਾਂ ਜਾਨਣ ਦੀ ਇੱਛਾ ਪ੍ਰਗਟ ਕੀਤੀ । ਮੰਗਾਂ ਇਹ ਸਨ "ਇਕ ਤਾਂ ਸਤਿਗੁਰੂ ਜੀ ਆਪ ਅੱਗੋਂ ਹੋ ਕੇ ਮਿਲਣ ਤੇ ਦੂਸਰਾ ਆਪਣੀ ਹੱਥੀਂ ਰੱਜ ਕੇ ਦੁੱਧ ਛਕਾਉਣ ।" ਮਾਨੋਂ ਨੇ ਕਿਹਾ, "ਮੇਰਾ ਇਹ ਬਲਵਾਨ ਪਤੀ ਮੇਰੇ ਵਸ ਵਿਚ ਹੋ ਜਾਵੇ ।"

ਜਿਉਂ ਹੀ ਫਤਹਿ ਸਿੰਘ ਜੀ ਸ੍ਰੀ ਭੈਣੀ ਸਾਹਿਬ ਆਪਣੇ ਸਾਥੀਆਂ ਸਮੇਤ ਅੰਦਰ ਦਾਖਿਲ ਹੋਏ ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਅੱਗੋਂ ਆਨ ਕੇ ਦਰਸ਼ਨ ਦਿੱਤੇ ਤੇ ਬੁੰਗੇ ਵਾਲੇ ਖੂਹ ਤੇ ਬਹਾ ਕੇ ਕਿਹਾ, "ਲੈ ਫਤਹਿ ਸਿੰਘ ਜਲ ਛਕ ਲੈ ।" ਜਿਉਂ ਹੀ ਉਹਨਾਂ ਨੇ ਨੀਵਾਂ ਸਿਰ ਕਰਕੇ ਆਪਣੀ ਇਕ ਮੰਗ ਪੂਰੀ ਹੋਣ ਤੇ ਸੋਚਿਆ ਤੇ ਸਤਿਗੁਰੂ ਜੀ ਨੇ ਆਖਿਆ 'ਲੈ ਦੁੱਧ ਵੀ ਪੀ ਲੈ' । ਫਤਹਿ ਸਿੰਘ ਨੇ ਰੱਜ ਕੇ ਦੁੱਧ ਛਕਿਆ ਤੇ ਨਾਲ ਹੀ ਸਤਿਗੁਰੂ ਜੀ ਦੇ ਚਰਣਾਂ ਵਿਚ ਭਜਨ ਵਾਸਤੇ ਬੇਨਤੀ ਕੀਤੀ । ਭਜਨ ਲੈਣ ਉਪਰੰਤ ਫਤਹਿ ਸਿੰਘ ਨਾਮ ਦੇ ਰੰਗ ਵਿਚ ਰੰਗੇ ਗਏ । ਦੋ ਤਿੰਨ ਦਿਨ ਉਥੇ ਰਹਿਕੇ, ਮੇਲੇ ਦਾ ਖੂਬ ਰੱਜ ਕੇ ਆਨੰਦ ਮਾਣਿਆ । ਮੇਲੇ ਤੋਂ ਵਿਦਾਇਗੀ ਸਮੇਂ ਸਤਿਗੁਰੂ ਜੀ ਨੇ ਹੁਕਮ ਕੀਤਾ, "ਭੈਰੋ ਜੀ । ਤੁਸੀਂ ਇਸ ਪਤਨੀ, ਪ੍ਰੇਮ ਕਰਨ ਵਾਲੀ ਨਾਲ ਭੀ ਹੁਣ ਪ੍ਰੇਮ ਕਰਨਾ । ਅਤੇ ਜੋ ਕਹੇ ਸਤਿ ਬਚਨ ਕਰਨਾ ।" ਫਤਹਿ ਸਿੰਘ ਜੀ ਨੇ ਸੀਸ ਨਿਵਾ ਕੇ ਸਤਿ ਬਚਨ' ਕਿਹਾ । ਮਾਨੋਂ ਇਕ ਮੀਲ ਪੈਦਲ ਟੁਰਦੀ-ਟੁਰਦੀ ਜਾ ਰਹੀ ਸੀ, ਕਿ ਉਸਨੇ ਭੈਰਉਂ ਸਿੰਘ ਨੂੰ ਕਿਹਾ ਕਿ ਉਹ ਬਹੁਤ ਥੱਕ ਗਈ ਹੈ । ਭੈਰਉਂ ਸਿੰਘ ਨੇ ਝਟਾ-ਝਟ ਇਹ ਕਹਿੰਦਿਆਂ, "ਸਤਿ ਬਚਨ ਪ੍ਰੇਮ ਕੌਰ ਜੀ" ਕਹਿ ਕੇ ਝੱਟ ਉਸਨੂੰ ਆਪਣੇ ਮੋਢਿਆਂ ਤੇ ਚੁੱਕ ਲਿਆ । ਮਾਨੋ ਨੇ ਵੀ ਨਾਲ ਜਾਂਦਿਆਂ ਸਾਧੂਆਂ ਕੋਲੋਂ ਭਜਨ ਪੁੱਛ ਕੇ ਆਪਣਾ ਜਨਮ ਸਫਲ ਕੀਤਾ ।

ਘਰ ਪਹੁੰਚ ਕੇ ਫਤਹਿ ਸਿੰਘ ਜੀ ਨੇ ਆਪਣੇ ਘਰ ਵਿਚ ਲਗੇ ਪਿੱਪਲ ਦੀ ਟੀਸੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਫੈਦ ਝੰਡੇ ਨੂੰ ਲਹਿਰਾਇਆ। ਫਤਹਿ ਸਿੰਘ ਜੀ ਐਨੇ ਬਲਵਾਨ ਸਨ :—

—ਖਰਾਸ ਦੇ ਦੋਵੇਂ ਪੁੜ ਆਪਣੀਆਂ ਬਲਵਾਨ ਬਾਹਵਾਂ ਨਾਲ ਆਰਾਮ ਨਾਲ ਚੁਕ ਲੈਂਦੇ।

—ਖੂਹ ਦੀ ਮਾਹਲ ਤਣੇ ਨਾਲ ਬੰਨਕੇ ਖੂਹ ਵਿਚੋਂ ਬਾਹਰ ਕੱਢ ਲੈਂਦੇ।

—ਦਾਣੇ ਬਾਹਰੋਂ ਲਿਆਉਣ ਸਮੇਂ ਗੱਡਾ ਭਰਿਆ ਚੁੱਕ ਕੇ, ਬੰਨਾ ਟਪਾ ਲੈਂਦੇ ਸਨ।

—ਛਾਲ ਮਾਰ ਕੇ ਉੱਠ ਦੀ ਪਿੱਠ ਉਪਰ ਜਾ ਕੇ ਬੈਠ ਜਾਂਦੇ ਸਨ।

—ਮਾਨੋ ਹਮੇਸ਼ਾਂ ਸਜ-ਧਜ ਕੇ ਗਹਿਣੇ ਪਾ ਕੇ ਰੱਖਦੀ ਸੀ।

ਸੰਤ ਫਤਹਿ ਸਿੰਘ ਜੀ ਬਿਰਧ ਹੋ ਗਏ ਸਨ। ਇਕ ਦਿਨ ਆਪਣੀ ਸੁਪੱਤਨੀ ਪ੍ਰੇਮ ਕੌਰ ਨਾਲ ਕੰਦੋਵਾਲੀ ਤੋਂ ਵਾਪਿਸ ਊਠ ਤੇ ਵਲਟੋਹੇ ਆ ਰਹੇ ਸਨ। ਮਾਨੋ ਹਮੇਸ਼ਾ ਗਹਿਣੇ ਆਦਿ ਪਾ ਕੇ ਹਾਰ ਸ਼ਿੰਗਾਰ ਕੇ ਰਹਿੰਦੀ ਸੀ। ਰਸਤੇ ਵਿਚ ਚੋਰਾਂ ਨੇ ਊਠ ਨੂੰ ਫੜ ਕੇ ਬਹਾ ਦਿੱਤਾ ਤੇ ਮਾਨੋ ਨੂੰ ਕਿਹਾ, 'ਸਾਰੇ ਗਹਿਣੇ ਲਾਹ ਦੇ।' ਸੰਤ ਫਤਹਿ ਸਿੰਘ ਜੀ ਨੇ ਕਿਹਾ, 'ਮੈਂ ਤੇ ਬਹੁਤ ਬਿਰਧ ਹੋ ਚੁਕਾ ਹਾਂ, ਤੁਸੀਂ ਨੇੜੇ ਆ ਕੇ ਗਹਿਣੇ ਲਾਹ ਲਵੋ। ਜਿਉਂ ਹੀ ਉਹ ਊਠ ਦੇ ਨੇੜੇ ਪਹੁੰਚੇ, ਬਲਵਾਨ ਫਤਹਿ ਸਿੰਘ ਜੀ ਨੇ ਦੋਹਾਂ ਚੋਰਾਂ ਨੂੰ ਬਾਹਾਂ ਤੋਂ ਫੜ ਕੇ ਊਠ ਨੂੰ ਉਤਾਂਹ ਉਠਾ ਦਿੱਤਾ। ਊਠ ਤੇਜ ਰਫ਼ਤਾਰ ਨਾਲ ਦੌੜ ਰਿਹਾ ਸੀ ਤੇ ਨਾਲੇ ਊਠ ਦੇ ਦੋਹੇਂ ਪਾਸੇ ਚੋਰ ਲਟਕਦੇ-ਲਟਕਦੇ ਜਾ ਰਹੇ ਸਨ। ਇਹ ਦ੍ਰਿਸ਼ ਪਿੰਡ ਦੇ ਸਾਰੇ ਲੋਕਾਂ ਨੇ ਵੇਖਿਆ। ਰਾਤ ਭਰ ਚੋਰਾਂ ਨੂੰ ਆਪਣੇ ਕੋਲ ਰਖਿਆ, ਉਹਨਾਂ ਨੂੰ ਪ੍ਰਸ਼ਾਦਾ ਪਾਣੀ ਛਕਾਇਆ, ਉਹਨਾਂ ਨੂੰ ਬੁਰੇ ਕਰਮਾਂ ਤੋਂ ਵਿਵਰਜਿਤ ਕੀਤਾ। ਉਹਨਾਂ ਚੋਰਾਂ ਨੇ ਆਪਣੇ ਕੰਨ ਫੜ ਕੇ ਵਾਇਦਾ ਕੀਤਾ, ਕਿ ਅੱਗੋਂ ਲਈ ਉਹ ਕਦੇ ਵੀ ਕੁਕਰਮ ਨਹੀਂ ਕਰਨਗੇ। ਇੰਝ ਉਹਨਾਂ ਦਾ ਜੀਵਨ ਪੂਰਨ ਰੂਪ ਵਿਚ ਬਦਲ ਦਿੱਤਾ।

ਸਤਿਗੁਰੂ ਜੀ ਦਾ ਬਚਨ ਮੰਨ ਕੇ ਉਹ ਪ੍ਰੇਮ ਕੌਰ ਨੂੰ ਬਹੁਤ ਪਿਆਰ ਕਰਨ ਲਗ ਪਏ, ਇਥੋਂ ਤਕ ਮੋਢਿਆਂ ਤੇ ਚੁੱਕ ਕੇ ਬਾਹਰ ਖੇਤਾਂ, ਮੇਲਿਆਂ ਤੇ ਲੈ ਕੇ ਜਾਂਦੇ। ਪ੍ਰੇਮ ਕੌਰ ਦੇ ਪੂਰਨ ਰੂਪ ਵਿਚ ਸੇਵਕ ਬਣ ਗਏ ਤੇ ਉਸ ਦੇ ਹੁਕਮ ਤੋਂ ਬਿਨਾਂ ਕਿਧਰੇ ਨਾ ਜਾਂਦੇ।

ਸੰਤ ਅਮਰ ਸਿੰਘ ਜੀ, ਸੰਤ ਫਤਹਿ ਸਿੰਘ ਜੀ ਦੇ ਸਪੁੱਤਰ ਤੇ ਕਿਸ਼ਨ ਸਿੰਘ ਜੀ ਪੋਤਰੇ ਹੋਏ ਹਨ।

ਸਤਿਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਫਤਹਿ ਸਿੰਘ ਜੀ ਤੇ ਵਿਸ਼ੇਸ਼ ਕ੍ਰਿਪਾ ਕੀਤੀ ਤੇ ਇਸਦੇ ਨਾਲ-ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਫਤਹਿ ਸਿੰਘ ਜੀ ਦੇ ਨਾਮ ਤੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦਿੱਲੀ ਵਿਖੇ, ਫਤਹਿ ਸਿੰਘ ਰੋਲਰ ਸਕੇਟਿੰਗ ਕਲੱਬ ਖੋਹਲ ਕੇ, ਸੰਤ ਫਤਹਿ ਸਿੰਘ ਜੀ ਦਾ ਨਾਮ ਹਮੇਸ਼ਾਂ ਹਮੇਸ਼ਾਂ ਲਈ ਅਮਰ ਕਰ ਦਿੱਤਾ।

ਅਖੀਰਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤ੍ਰ ਯਾਦ ਵਿਚ ਸਾਧ-ਸੰਗਤ ਨੇ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ।

## 1972 ਬਿਕ੍ਰਮੀ–1916 ਈਸਵੀ, ਹੋਲਾ ਗਿੱਲੀਂ ਸ਼ੇਖੂਪੁਰਾ।

ਸ੍ਰੀ ਸਤਿਗੁਰੂ ਜੀ ਆਪਣੇ ਸਾਥੀਆਂ ਸਮੇਤ 1972 ਬਿਕ੍ਰਮੀ–1916 ਈਸਵੀ ਦੇ ਹੋਲੇ ਤੇ ਗਿੱਲੀ ਦਰਸ਼ਨ ਦਿੱਤੇ। ਉਥੋਂ ਦੀ ਸਾਧ-ਸੰਗਤ ਕਈ ਦਿਨ ਪਹਿਲਾਂ ਹੋਲੇ ਦੀਆਂ ਤਿਆਰੀਆਂ ਵਿਚ ਰੁੱਝ ਗਈ। ਹੋਲੇ ਵਾਲੀ ਜਗ੍ਹਾ ਦੀ ਸਾਫ ਸਫਾਈ ਚੰਗੀ ਤਰ੍ਹਾਂ ਕੀਤੀ ਗਈ ਤੇ ਸਾਧ-ਸੰਗਤ ਲਈ ਲੰਗਰ ਆਦਿ ਲਈ ਰਸਦ ਆਦਿ ਦਾ ਪ੍ਰਬੰਧ ਪਹਿਲਾਂ ਹੀ ਕਰ ਦਿੱਤਾ ਗਿਆ। ਇਸ ਹੋਲੇ ਵਿਚ ਗਿੱਲਾਂ ਦੇ ਵਸਨੀਕਾਂ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ, ਪਰ ਮਾਈ ਲੱਛਮੀ, ਸੰਤ ਵੀਰ ਸਿੰਘ ਜੀ ਗਿੱਲਾਂ ਵਾਲਿਆਂ ਦੀ ਸੁਪੱਤਨੀ ਤੇ ਸੰਤ ਤੇਜਾ ਸਿੰਘ ਜੀ, ਸ਼ਰਮ ਸਿੰਘ ਆਦਿ ਸਾਧਾਂ ਨੇ ਅਗਾਂਹ ਵੱਧ ਚੜ੍ਹ ਕੇ ਹੋਲੇ ਵਿਚ ਯੋਗਦਾਨ ਪਾਇਆ। ਗਿੱਲੀ, ਸਾਧ-ਸੰਗਤ ਦੀ ਰੌਣਕਾਂ ਨਾਲ ਗਹਿਮਾ ਗਹਿਮ ਹੋ ਰਿਹਾ ਸੀ। ਸਤਿਗੁਰੂ ਜੀ ਨੇ ਆਪਣੇ ਪਵਿੱਤ੍ਰ ਉਪਦੇਸ਼ਾਂ ਨਾਲ ਸਾਧ-ਸੰਗਤ ਨੂੰ ਦੁਨੀਆਵੀ ਆਡੰਬਰਾਂ ਤੋਂ ਵਰਜਿਆ, ਤੇ ਭਜਨ-ਬਾਣੀ ਨਿਤਨੇਮ ਆਦਿ ਅਭਿਆਸ ਕਰਕੇ ਜੀਵਨ ਸਫਲ ਬਨਾਉਣ ਦੀ ਪ੍ਰੇਰਣਾ ਦਿੱਤੀ।

"ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਉ ॥"
(ਮਹਲਾ ੫-੮੦੨)

ਜ਼ੈਲਦਾਰ ਬਾਬੇ ਸਾਉਣ ਸਿੰਘ ਜੀ ਨੇ ਆਪਣੇ ਜ਼ਿਲ੍ਹਾ ਲਾਇਲਪੁਰ ਦੀ ਸਾਧ-ਸੰਗਤ ਨੂੰ ਨਾਲ ਲੈ ਕੇ ਅਗਲੇ ਹੋਲੇ ਦੀ ਪ੍ਰਵਾਨਗੀ ਲਈ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਤੇ ਰੱਤਾ ਚੋਆਂ ਵਿਖੇ ਹੋਲਾ ਕਰਨ ਦੀ ਬੇਨਤੀ ਪ੍ਰਵਾਨ ਹੋ ਗਈ।

## 1973 ਬਿਕ੍ਰਮੀ–1917 ਈਸਵੀ, ਹੋਲਾ ਰਤਾ ਚੋਆ–ਲਾਇਲਪੁਰ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸੇਵਕਾਂ ਸਮੇਤ 1973 ਬਿਕ੍ਰਮੀ–1917 ਈਸਵੀ ਦੇ ਹੋਲੇ ਤੇ ਰਤਾ–ਚੋਆ ਜ਼ਿਲ੍ਹਾ ਲਾਇਲਪੁਰ ਵਿਖੇ ਦਰਸ਼ਨ ਦਿੱਤੇ। ਆਲੇ-ਦੁਆਲੇ ਪਿੰਡਾਂ ਦੇ ਲੋਕਾਂ ਨੇ ਇਸ ਹੋਲੇ ਦੀ ਤਿਆਰੀ ਵਿਚ ਕੋਈ ਕਸਰ ਨਾ ਛੱਡੀ। ਸਭ ਨੇ ਮਿਲ ਜੁਲ ਕੇ ਆਪਣੇ-ਆਪਣੇ ਜ਼ਿੰਮੇਂ ਕੋਈ ਨਾ ਕੋਈ ਸੇਵਾ ਲਈ। ਪਰ ਜ਼ੈਲ-ਦਾਰ ਸਰਦਾਰ ਸਾਉਣ ਸਿੰਘ ਜੀ ਨੇ ਹੋਲੇ ਤੇ ਹੋਣ ਵਾਲੇ ਖਰਚੇ ਦੀ ਜ਼ਿੰਮੇਵਾਰੀ ਸੰਭਾਲੀ। ਸ: ਸਾਉਣ ਸਿੰਘ ਜੀ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ ਸੇਵਕ ਪਰਿਵਾਰ ਸਨ। ਇਸ ਹੋਲੇ ਦੇ ਸ਼ੁਭ ਅਵਸਰ ਤੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤ੍ਰ ਬਚਨਾਂ ਤੇ ਉਪਦੇਸ਼ਾਂ ਨਾਲ ਸਾਧ-ਸੰਗਤ ਨੂੰ ਤਾਂ ਨਿਵਾਜਿਆ ਹੀ ਸੀ, ਪਰ ਇਸ ਦੇ ਨਾਲ-ਨਾਲ ਮਹਾਨ ਗੁਣੀ ਗਿਆਨੀ, ਜਥੇਦਾਰ, ਰਾਗੀ, ਭਾਸ਼ਨਾਂ ਤੇ ਸ਼ਬਦਾਂ ਦਾ ਗਾਇਨ ਕਰਕੇ

ਸੰਗਤਾਂ ਨੂੰ ਨਿਹਾਲ ਕਰਦੇ। ਅਗਲੇ ਸਾਲ ਦੇ ਹੋਲੇ ਲਈ ਚੂਹੇ-ਝਾੜ ਜ਼ਿਲ੍ਹਾ ਸ਼ੇਖੂਪੁਰਾ ਦੀ ਸਾਧ-ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਬੇਨਤੀ ਕੀਤੀ, ਤੇ ਸਤਿਗੁਰੂ ਜੀ ਨੇ ਪ੍ਰਵਾਨਗੀ ਦੇ ਕੇ ਚੂਹੇ-ਝਾੜ ਦੀ ਸਾਧ-ਸੰਗਤ ਨੂੰ ਖੁਸ਼ੀਆਂ ਬਖਸ਼ੀਆਂ।

## 1974 ਬਿਕ੍ਰਮੀ-1918 ਈਸਵੀ, ਹੋਲਾ ਚੂਹੇ-ਝਾੜ (ਲਾਇਲਪੁਰ)।

ਸਤਿਗੁਰੂ ਪ੍ਰਤਾਪ ਸਿੰਘ ਜੀ ਹੋਲੇ ਤੋਂ ਕੁਝ ਦਿਨ ਪਹਿਲਾਂ ਚੂਹੇ-ਝਾੜ (ਲਾਇਲਪੁਰ) ਵਿਖੇ ਜਗਤ ਮਾਤਾ ਜੀਵਨ ਕੌਰ ਤੇ ਭੁਪਿੰਦਰ ਕੌਰ ਸਹਿਤ ਦਰਸ਼ਨ ਦਿੱਤੇ।

**ਸੰਤ ਮਿਤ ਸਿੰਘ ਜੀ**—ਵੀ ਦੋ ਚਾਰ ਦਿਨ ਪਹਿਲਾਂ ਹੋਲੇ ਦੇ ਸਥਾਨ ਤੇ ਪਹੁੰਚ ਗਏ। ਉਹਨਾਂ ਦੇ ਮਨ ਵਿਚ ਵਿਚਾਰ ਆਇਆ "ਜੇਕਰ ਸਤਿਗੁਰੂ ਜੀ ਮੈਨੂੰ ਕੁਝ ਵਿਖਾਣ ਤਾਂ ਮੈਂ ਕੁਝ ਵੇਖ ਕੇ ਹੀ ਉਹਨਾਂ ਨੂੰ ਮੰਨਾਂਗਾ।" ਅੰਤਰਜਾਮੀ ਸਤਿਗੁਰੂ ਜੀ ਇਕ ਦਿਨ ਅੰਮ੍ਰਿਤ-ਵੇਲੇ ਮਿਤ ਸਿੰਘ ਜੀ ਨੂੰ ਮਿਲੇ ਤੇ ਉਤਾਂਹ ਚਪੇੜ ਚੁੱਕ ਕੇ ਕਿਹਾ, "ਬੋਲ ਕੀ ਵੇਖਣਾ ਹੈ ? ਜੋ ਕਹਿੰਦਾ ਫਿਰਦਾ ਹੈਂ, ਕੁਝ ਵੇਖ ਕੇ ਹੀ ਮੰਨਾਗਾ, ਬੋਲ ਕੀ ਵਿਖਾਵਾਂ ਤੈਨੂੰ" ਸਤਿਗੁਰੂ ਜੀ ਦੇ ਬਚਨ ਸੁਣ ਕੇ ਮਿਤ ਸਿੰਘ ਜੀ ਨੇ ਉਤਾਂਹ ਮੂੰਹ ਚੁੱਕ ਕੇ ਵੇਖਿਆ ਤਾਂ ਉਹਨਾਂ ਨੂੰ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ, ਫੇਰ ਸਤਿਗੁਰੂ ਰਾਮ ਸਿੰਘ ਜੀ ਦੇ ਨੂਰਾਨੀ ਤੇ ਤੇਜ-ਮਈ ਚਿਹਰੇ ਦਾ ਐਸਾ ਝਲਕਾਰਾ ਪਿਆ ਕਿ ਹੋਸ਼, ਸੁੱਧ, ਬੁੱਧ ਸਭ ਵਿਸਰ ਗਈ।

ਹੋਸ਼ ਆਉਣ ਤੇ ਸਤਿਗੁਰੂ ਜੀ ਦੇ ਪਵਿੱਤ੍ਰ ਚਰਨਾਂ ਵਿਚ ਧੰਨਵਾਦ ਕੀਤਾ ਤੇ ਸਾਰੀ ਸੰਗਤ ਨੂੰ ਸਤਿਗੁਰੂ ਜੀ ਦੀ ਕ੍ਰਿਪਾ ਤੇ ਦਰਸ਼ਨਾਂ ਦੀ ਬਖਸ਼ਿਸ਼ ਦਾ ਵਰਨਣ ਕੀਤਾ।

**ਬਾਬਾ ਜੈਮਲ ਸਿੰਘ ਜੀ**—ਮਿਤ ਸਿੰਘ ਜੀ ਤੇ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਵਿਸ਼ੇਸ਼ ਬਖਸ਼ਿਸ਼ ਬਾਰੇ ਸੁਣ ਕੇ ਬਾਬਾ ਜੈਮਲ ਸਿੰਘ ਜੀ (ਮਾਂਗੇ ਦੇ ਖੂਹ ਵਾਲੇ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਿੱਖ ਸਨ ਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਰਿਧੀਆਂ ਸਿਧੀਆਂ ਵਾਲੇ ਤੇ ਕਮਾਈ ਵਾਲੇ ਸਿੱਖ ਸਨ) ਕਹਿਣ ਲਗੇ, "ਮੈਂ ਤਾਂ ਸਭ ਦੇ ਸਾਹਵੇਂ ਵੱਟਾਂ ਤੇ ਵੇਖਾਂਗਾ ਤੇ ਜੇਕਰ ਉਚੇਚੇ ਮੇਰੇ ਕੋਲ ਆਉਣਗੇ ਤਾਂ ਮੰਨਾਂਗਾ।" ਮੇਲੇ ਦੇ ਮੌਕੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸਮੇਤ ਨਹਿਰ ਤੋਂ ਇਸ਼ਨਾਨ ਕਰਕੇ ਵਾਪਸ ਆ ਰਹੇ ਸਨ, ਕਿ ਦੂਰੋਂ ਜੈਮਲ ਸਿੰਘ ਜੀ ਆਉਂਦੇ ਵਿਖਾਈ ਦਿੱਤੇ। ਸਤਿਗੁਰੂ ਜੀ ਨੂੰ ਵੇਖ ਕੇ ਜੈਮਲ ਸਿੰਘ ਦੂਜੀ ਵੱਟੇ ਹੋ ਗਏ। ਸਤਿਗੁਰੂ ਜੀ ਭੀ ਦੂਰੋਂ ਹੀ ਦੂਜੀ ਵੱਟੇ ਹੋ ਗਏ। ਜੈਮਲ ਸਿੰਘ ਜੀ ਤੀਜੇ ਕਿਲ੍ਹੇ ਦੀ ਵੱਟ ਵੱਲ ਹੋ ਗਏ। ਸਤਿਗੁਰੂ ਜੀ ਵੀ ਅੱਗੋਂ ਦੀ ਹੋ ਕੇ ਕਿਹਾ, "ਬਸ ਕਿ ਹੋਰ ਕੁਝ।" ਇਸ ਤਰ੍ਹਾਂ ਸਤਿਗੁਰੂ ਜੀ ਨੇ ਬਾਬਾ ਜੈਮਲ ਸਿੰਘ ਜੀ ਦੇ ਮਨ ਦੀਆਂ ਭਾਵਨਾਵਾਂ ਪੂਰਨ ਕਰਕੇ ਖੁਸ਼ੀਆਂ ਬਖਸ਼ੀਆਂ।

ਇਸ ਹੋਲੇ ਦੀ ਜ਼ਿੰਮੇਵਾਰੀ ਮਹੰਤ ਦਲ ਸਿੰਘ ਨੇ ਹਰਨਾਮ ਸਿੰਘ, ਲਾਭ ਸਿੰਘ,

ਹੁਕਮ ਸਿੰਘ ਆਦਿ ਸਿੱਖਾਂ ਨੂੰ ਨਾਲ ਲੈ ਕੇ ਨਿਭਾਈ। (ਇਥੋਂ ਤਕ ਕਿ ਹੋਲੇ ਦੀਆਂ ਮਾਇਕ ਲੋੜਾਂ ਪੂਰੀਆਂ ਕਰਨ ਵਾਸਤੇ ਮਹੰਤ ਦਲ ਸਿੰਘ ਜੀ ਨੇ ਆਪਣਾ ਮਰੱਬਾ ਗਹਿਣੇ ਪਾ ਦਿੱਤਾ।) ਉਥੇ ਲੋੜਾਂ ਪੂਰੀਆਂ ਕਰਨ ਵਾਸਤੇ ਖੂਹ ਲਗਾਇਆ ਗਿਆ, ਤੇ ਲੰਗਰ ਬਨਾਉਣ ਵਾਲੇ ਸਥਾਨ ਤੇ ਛੱਤ ਪਵਾਇਆ। ਸ਼ੇਖੂਪੁਰਾ ਦੀ ਸਾਧ-ਸੰਗਤ ਨੇ ਮਿਲ ਕੇ ਲੰਗਰ ਜਲ-ਪਾਣ ਆਦਿ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਕੀਤਾ। ਇਸ ਹੋਲੇ ਦੇ ਸ਼ੁਭ ਅਵਸਰ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਕਈ ਪਾਠਾਂ ਦੇ ਭੋਗ ਪਾਏ ਗਏ। ਹਵਨ-ਯੱਗ ਕੀਤਾ ਗਿਆ ਤੇ ਅੰਮ੍ਰਿਤ ਦਾ ਪ੍ਰਚਾਰ ਵੀ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਜਥੇਦਾਰਾਂ ਦੇ ਸ਼ੁਭ ਉਪਦੇਸ਼ ਸੁਣ ਕੇ ਬਹੁਤ ਸਾਰੇ ਲੋਕਾਂ ਨੇ ਭਜਨ ਪੁਛ ਕੇ ਆਪਣਾ ਜਨਮ ਸਫਲ ਕੀਤਾ। ਸੇਵਾ ਕਰਨ ਵਾਲਿਆਂ ਤੇ ਸੱਚੇ ਪਾਤਸ਼ਾਹ ਜੀ ਨੇ ਖੁਸ਼ੀਆਂ ਦੇ ਭੰਡਾਰੇ ਖੋਲ੍ਹ ਦਿੱਤੇ।

## 1975 ਬਿਕ੍ਰਮੀ–1919 ਈਸਵੀ, ਹੋਲਾ ਅਨੰਦਪੁਰ ਸਾਹਿਬ।

ਸ੍ਰੀ ਭੈਣੀ ਸਾਹਿਬ ਵਿਖੇ ਸੇਠ ਦਿਆਲ ਸਿੰਘ ਤੇ ਗੁਰਮੁਖ ਸਿੰਘ ਜੀ ਫਿਲੌਕਿਆ ਵਾਲਿਆਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਮਾਇਆ ਭੇਟ ਕਰਦਿਆਂ ਹੋਇਆਂ ਬੇਨਤੀ ਕੀਤੀ, "ਗ਼ਰੀਬ ਨਿਵਾਜ ਮਾਇਆ ਸਵੀਕਾਰ ਕਰੋ ਤੇ ਜਿਥੇ ਆਪ ਜੀ ਦੀ ਰਜ਼ਾ ਹੋਵੇ ਹੋਲਾ ਕਰੋ।" ਸਤਿਗੁਰੂ ਜੀ ਨੇ 1919 ਦਾ ਹੋਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਉਣ ਦਾ ਪ੍ਰੋਗਰਾਮ ਬਣਾਇਆ ਤੇ ਹੋਲੇ ਦੇ ਲੰਗਰ ਆਦਿ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਮਾਤਾ ਜੀਉਣ ਕੌਰ ਜੀ ਨੂੰ ਸੌਂਪੀ ਗਈ। ਸਤਿਗੁਰੂ ਜੀ ਮਿੱਥੇ ਪ੍ਰੋਗਰਾਮ ਅਨੁਸਾਰ ਆਪਣੇ ਪਿਆਰੇ ਸੇਵਕਾਂ, ਸਿੱਖਾਂ, ਮਾਤਾਵਾਂ ਸਹਿਤ ਅਨੰਦਪੁਰ ਸਾਹਿਬ ਆਣ ਦਰਸ਼ਨ ਦਿੱਤੇ। ਹੋਲੇ ਦਾ ਸਥਾਨ ਚਰਨ ਗੰਗਾ ਦੇ ਕੰਢੇ ਚੁਣਿਆ ਗਿਆ, ਸਾਧ-ਸੰਗਤ ਦੇ ਰਹਿਣ ਲਈ ਛਪਰ ਤੇ ਤੰਬੂ ਕਾਫੀ ਗਿਣਤੀ ਵਿਚ ਲਗਵਾ ਦਿੱਤੇ ਗਏ। ਪਿੰਡ ਦੇ ਆਲੇ-ਦੁਆਲੇ ਦੇ ਲੋਕਾਂ ਨੂੰ ਪਹਿਲਾਂ ਵਾਂਗ ਹਿਦਾਇਤਾਂ ਕਰ ਦਿੱਤੀਆਂ ਕਿ ਇਸ ਵਾਰੀ ਵੀ ਲੋਕ 1968 ਦੇ ਹੋਲੇ ਵਾਂਗੂ ਗੰਦੀਆਂ ਬੋਲੀਆਂ ਨਾ ਬੋਲਣ।

ਜਗਤ ਮਾਤਾ ਜੀਉਣ ਕੌਰ ਜੀ ਨੇ ਸਾਧ-ਸੰਗਤ ਦੇ ਲੰਗਰ ਵਾਸਤੇ ਸਾਰੀ ਰਸਦ ਕਾਫੀ ਮਾਤਰਾ ਵਿਚ ਲੁਧਿਆਣੇ ਤੋਂ ਮੰਗਵਾਈ। ਨਿਹੰਗ ਸਿੰਘ ਮਾਤਾ ਜੀ ਦੇ ਚਰਨਾਂ ਵਿਚ ਹਾਜ਼ਰ ਹੁੰਦੇ ਤੇ ਮੂੰਹ ਮੰਗੀ ਰਸਦ ਲੈ ਘਰਾਂ ਨੂੰ ਪਰਤਦੇ।

**ਬੋਲ ਕਬੋਲ ਸਹਿਣਾ**—ਇਕ ਦਿਨ ਨਿਹੰਗਾਂ ਨੂੰ ਸ਼ਰਾਰਤ ਸੁਝੀ ਤੇ ਤੰਬੂਆਂ ਦੀਆਂ ਰੱਸੀਆਂ ਕੱਟ ਦਿੱਤੀਆਂ। ਸਤਿਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਲੜਾਈ ਨਹੀਂ ਕਰਨੀ ਸਗੋਂ ਪਿਆਰ ਨਾਲ ਸਭ-ਕੁਝ ਨਜਿੱਠਣਾ ਚਾਹੀਦਾ ਹੈ, ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ, "ਬੋਲ ਕਬੋਲ ਸਭ ਦਾ ਸਹਿ ਜਾਣਾ" ਤੇ "ਕ੍ਰਾਲ ਕਰਨੀ ਕੁਤਨਿਆਂ ਦੀ ਕਾਰ ਹੈ।"

ਅੰਤਲੇ ਦਿਨ ਦੀਵਾਨ ਸਮੇਂ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਤੇ ਕਾਲੂ ਮਤੂ ਦੇ ਜੱਥੇ ਨੇ ਸ਼ਬਦ ਪੜ੍ਹ ਕੇ ਸੰਗਤਾਂ ਨੂੰ ਨਿਹਾਲ ਕੀਤਾ—

"ਗੁਰਿ ਪੂਰੈ ਮੇਰੀ ਰਾਖਿ ਲਈ ॥
ਤਾਕਿ ਸਰਨਿ ਪਰਿਉ ਨਾਨਕ ਦਾਸ ਜਾ ਕੇ ਊਪਰਿ ਕੋ ਨਾਹੀ ।"
(ਮਹਲਾ ੫-੯੨੪)

ਸਤਿਗੁਰੂ ਜੀ ਕੇਸਗੜ੍ਹ ਸਾਹਿਬ ਗੁਰਦੁਆਰੇ ਦਰਸ਼ਨ ਕਰਨ ਗਏ । ਇਕ ਨਿਹੰਗ ਸਿੰਘ ਹੱਥ ਵਿਚ ਨੰਗੀ ਤਲਵਾਰ ਲੈ ਕੇ ਕਹਿਣ ਲਗਾ "ਮੈਂ ਏਥੇ ਪਰਤਾਪ ਸਿੰਘ ਨੂੰ ਮੱਥਾ ਨਹੀਂ ਟੇਕਣ ਦੇਣਾ, ਕਿਉਂਕਿ ਉਹ ਚੋਰ ਕਰਾਂਦਾ ਹੈ ਤੇ ਗੁਰੂ ਅਖਵਾਂਦਾ ਹੈ ।" ਸੰਗਤਾਂ ਨੇ ਜਦੋਂ ਸਤਿਗੁਰੂ ਜੀ ਨੂੰ ਨਿਹੰਗ ਸਿੰਘ ਬਾਰੇ ਦੱਸਿਆ ਤਾਂ ਸਤਿਗੁਰੂ ਜੀ ਨੇ ਫੁਰਮਾਇਆ "ਸੋ ਡਰੈ ਜਿਨਿ ਪਾਪ ਕਮੇਤ ਰਾਮ ।" ਸਤਿਗੁਰੂ ਜੀ ਨਿਧੱੜਕ ਹੋ ਕੇ ਪੌੜੀਆਂ ਤੇ ਚੜ੍ਹਨ ਲਗੇ ਤੇ ਰਸਤੇ ਵਿਚ ਉਸ ਨਿਹੰਗ ਸਿੰਘ ਦੇ ਪੈਰਾਂ ਤੇ ਹੱਥ ਲਾ ਕੇ ਕਿਹਾ, "ਨਿਹੰਗ ਸਿੰਘ ਜੀ ਸਤਿ ਸ੍ਰੀ ਅਕਾਲ ।" ਨਿਹੰਗ ਸਿੰਘ ਨੂੰ ਸੰਗ ਆਈ ਤੇ ਉਸਨੇ ਝਟ ਨੰਗੀ ਤਲਵਾਰ ਮਿਆਨ ਵਿਚ ਪਾ ਲਈ ਤੇ ਸੰਗਤ ਵਿਚ ਰਲ ਗਿਆ ।

ਇਕ ਦਿਨ ਕਾਲੂ ਰਾਗੀ ਦੇ ਸਾਥੀ ਬੱਚਿਆਂ ਸੰਦਲ, ਹਜ਼ਾਰੀ ਸੋਹਣੇ ਨੇ ਭਰੇ ਦੀਵਾਨ ਵਿਚ ਖੜੇ ਹੋ ਕੇ ਗੀਤ ਸੁਣਾਇਆ—

"ਸਾਈਆਂ ਲਾਜ ਰਖੀਂ ਲਾਈਆਂ ਅੱਖੀਆਂ ਦੀ ।
ਸਾਨੂੰ ਸਾੜਦੀ ਏ ਬੋਲੀ ਸਖੀਆਂ ਦੀ ।
ਉਹ ਆਖਦੀਆਂ ਤੂੰ ਝੂਠੀ ਏਂ ।
ਐਵੇਂ ਬਣ ਬਣ ਬਹਿੰਦੀ ਅਨੂਠੀ ਏਂ ।
ਉਸ ਮਿਲਣਾ ਨਹੀਂ ਹੁਣ ਆ ਤੈਨੂੰ ।
ਲਾ ਲਾਰੇ ਰਿਹਾ ਅਜ਼ਮਾ ਤੈਨੂੰ ।
ਛੋੜ ਤਾਂਘ ਉਡੀਕਾਂ ਰਖੀਆਂ ਦੀ ।"

ਸਤਿਗੁਰੂ ਜੀ ਤੇ ਸਾਰੀ ਸਗਤ ਇਹ ਗੀਤ ਸੁਣ ਕੇ ਵੈਰਾਗੀ ਹੋ ਗਈ । ਸਤਿਗੁਰੂ ਜੀ ਫੁਰਮਾਇਆ, "ਇਹਨਾਂ ਨੂੰ ਬਾਦਾਮ ਤੇ ਹੋਰ ਇਨਾਮ ਦੇ ਕੇ ਚੁੱਪ ਕਰਾ ਦਿਓ ਕਿਉਂਕਿ ਐਡੇ ਦਰਦ ਭਰੇ ਬੋਲ ਸੁਣੇ ਤੇ ਸਹਾਰੇ ਨਹੀਂ ਜਾਂਦੇ ।"

ਸਾਰੀ-ਸਾਰੀ ਰਾਤ ਜੱਥੇਦਾਰਾਂ ਨੇ ਹੱਲੇ ਦੇ ਦੀਵਾਨ ਲਗਾ ਕੇ ਸਾਧ-ਸੰਗਤ ਨੂੰ ਨਿਹਾਲ ਕੀਤਾ । ਜੱਥੇਦਾਰ ਬਿਸ਼ਨ ਸਿੰਘ ਭਦੌੜ ਤੇ ਰਾਏਸਰ ਵਾਲੇ ਸੂਬਾ ਮਸਤਾਨ ਸਿੰਘ ਜੀ ਨੇ ਅਖਰੀਲੇ ਦਿਨ ਸੁਰੀਲੇ ਕੰਠ ਰਾਹੀਂ ਦੀਵਾਨ ਲਗਾ ਕੇ ਸਭ ਨੂੰ ਮਸਤਾਨਿਆਂ ਕੀਤਾ । ਸਾਧ-ਸੰਗਤ ਸਾਰੀ-ਸਾਰੀ ਰਾਤ ਸ਼ਬਦ-ਕੀਰਤਨ, ਹੱਲੇ ਦੇ ਦੀਵਾਨਾਂ ਦਾ ਆਨੰਦ ਰੱਜ ਕੇ ਮਾਣਦੀ ।

## 1976 ਬਿਕ੍ਰਮੀ-1920 ਈਸਵੀ, ਹੋਲਾ ਵਰਨ-ਸ਼ੇਖੂਪੁਰਾ ।

ਇਸ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਤਾ ਜੀਊਣ ਕੌਰ ਜੀ ਨੂੰ ਪਹਿਲਾਂ ਹੀ ਲੰਗਰ ਆਦਿ ਦਾ ਪ੍ਰਬੰਧ ਕਰਨ ਲਈ ਭੇਜ ਦਿੱਤਾ । ਸੰਤ ਆਲਾ ਸਿੰਘ ਜੀ ਦਾ ਡੇਰਾ ਵਰਨਾਂ ਦੇ ਭਿਖੀਆਂ ਵਾਲੇ ਖੂਹ ਤੇ ਸੀ । ਸੰਤਾਂ ਨੇ ਮਾਤਾ ਜੀ ਦੇ ਚਰਨਾਂ ਵਿਚ

ਬੇਨਤੀ ਕੀਤੀ, "ਜੇਕਰ ਮੇਲਾ ਇਥੇ ਖੂਹ ਤੇ ਹੋਵੇਗਾ ਤਾਂ ਅਸੀਂ ਅੱਗੇ ਲੱਗਕੇ ਸਭ ਪ੍ਰਬੰਧ ਕਰਾਂਗੇ ਤੇ ਜੇਕਰ ਨਗਰ ਵਿਚ ਹੋਵੇਗਾ, ਤਾਂ ਅਸੀਂ ਦਸਿਆ ਹੋਇਆ ਕੰਮ ਪਿਛੇ ਲਗ ਕੇ ਕਰਾਂਗੇ।" ਮਾਤਾ ਜੀ ਨੇ ਖੂਹ ਤੇ ਹੀ ਹੋਲਾ ਕਰਨ ਦਾ ਫੈਸਲਾ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰਾ ਸਾਮਾਨ ਲਾਹੌਰ ਤੋਂ ਖਰੀਦਵਾ ਕੇ ਗਡਿਆਂ ਤੇ ਭੇਜ ਦਿੱਤਾ। ਇਸ ਹੋਲੇ ਤੋਂ ਇਕ ਵਿਸ਼ੇਸ਼ ਰਿਵਾਜ ਪ੍ਰਚਲਿਤ ਹੋਇਆ। ਪਹਿਲਾ ਹਰ ਜੱਥੇਦਾਰ ਆਪਣੀ ਮਨ-ਮਰਜੀ ਦਾ ਕੀਰਤਨ ਕਰਦਾ ਸੀ, ਪਰ ਹੁਣ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਰੇਕ ਜੱਥੇਦਾਰ ਨੂੰ ਬੋਲਣ ਵਾਸਤੇ ਇਕ ਵਿਸ਼ਾ ਦਿੱਤਾ ਜਾਂਦਾ ਸੀ। ਤਿੰਨ ਦਿਨ ਸਾਧ-ਸੰਗਤ ਨੇ ਹੋਲੇ ਦੀਆਂ ਰੌਣਕਾਂ ਦਾ ਰੱਜ ਕੇ ਆਨੰਦ ਮਾਣਿਆ। ਇਸ ਹੋਲੇ ਤੇ ਪਹਿਲੇ ਦਿਨ ਲੰਗਰ ਵਿਚ ਤੋਟ ਆ ਗਈ। ਸਿੱਖਾਂ ਵਲੋਂ ਅਰਜ਼ ਕਰਨ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਲੰਗਰ ਤੇ ਕਪੜੇ ਪਾ ਕੇ ਅਰਦਾਸਾ ਕਰੋ।" ਫਿਰ ਲੰਗਰ ਦੇ ਖੁਲ੍ਹੇ ਗੱਫੇ ਵਰਤਾਏ ਗਏ ਤੇ ਕੋਈ ਤੋਟ ਨਾ ਆਈ।

ਸੰਤ ਮੰਗਲ ਸਿੰਘ ਜੀ ਨੇ ਮਸਤ ਬਿਰਤੀ ਵਿਚ ਸਤਿਗੁਰੂ ਜੀ ਤੇ ਸਾਧ-ਸੰਗਤ ਦੇ ਉਪਰੋਂ 180 ਚਾਂਦੀ ਦੇ ਰੁਪਿਆਂ ਦੀ ਸੋਟ ਕਰ ਦਿੱਤੀ। ਸਤਿਗੁਰੂ ਜੀ ਨੇ ਹੁਕਮ ਕੀਤਾ, "ਕੋਈ ਸਿੱਖ ਇਹ ਰੁਪਿਆ ਕੋਲ ਨਾ ਰਖੇ।" ਇਹ ਪੈਸੇ ਸੰਤ ਮੰਗਲ ਸਿੰਘ ਜੀ ਨੂੰ ਵਾਪਸ ਕਰ ਦਿੱਤੇ ਤੇ ਕਿਹਾ, "ਇਸ ਤਰ੍ਹਾਂ ਕਰਨਾ ਠੀਕ ਨਹੀਂ। ਮਸਤਾਨੀ ਦਸ਼ਾ ਵਿਚ ਇਹ ਸਭ ਕੁਝ ਹੋਇਆ ਹੈ, ਇਸ ਕਰਕੇ ਮਾਫ਼ ਕੀਤਾ ਜਾਂਦਾ ਹੈ ਨਹੀਂ ਤੇ ਤਾੜਨਾ ਹੋਣੀ ਅਤਿ ਜ਼ਰੂਰੀ ਸੀ।"

**ਸਤਿਜੁਗ ਦੀ ਸਥਾਪਨਾ**—ਇਸ ਮੇਲੇ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਸਤਿਜੁਗ ਅਖ਼ਬਾਰ, ਨਿਰੰਕਾਰ ਸਿੰਘ ਚੇਤਨ ਤੇ ਮੰਗਲ ਸਿੰਘ ਫਤੂਹੀ ਚੱਕੀਆਂ ਦੀ ਸਹਾਇਤਾ ਨਾਲ ਪ੍ਰਕਾਸ਼ਿਤ ਕਰਕੇ ਲੈ ਕੇ ਪਹੁੰਚੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਅਖ਼ਬਾਰ ਪੜ੍ਹਨ ਦੀ ਪ੍ਰੇਰਣਾ ਸਭ ਨੂੰ ਦਿੱਤੀ ਤੇ ਹੁਕਮ ਕੀਤਾ ਕਿ ਸਭ ਨਾਮਧਾਰੀ ਸਤਿਜੁਗ ਦੇ ਗਾਹਕ ਬਣਨ।

**ਕੂਕਾ**—ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਨੂੰ ਨਾਮਧਾਰੀ ਪੰਥ ਦੇ ਪ੍ਰਚਾਰ ਤੇ ਅੰਗ੍ਰੇਜ਼ਾਂ ਨੂੰ ਆਪਣੇ ਦੇਸ਼ ਤੋਂ ਬਾਹਰ ਕੱਢਣ ਦੀ ਕੜੀ ਲਗਨ ਸੀ। ਉਹਨਾਂ ਸਾਧ-ਸੰਗਤ ਨੂੰ ਉਪਦੇਸ਼ ਦਿੱਤਾ, "ਕੂਕਾ ਭਜਨ-ਪੜ੍ਹਦਾ, ਘਰ ਦਿਆਂ ਤੋਂ ਛੁੱਟੀ ਮੰਗੇ ਜੇ ਨਾ ਦੇਣ ਤਾਂ ਨਿਸੰਗ ਹੋ ਫਿਰੇ। ਜੇ ਕਬੀਰ ਜੀ ਦੀ ਮਾਂ ਵਾਂਗੂ ਮਾਂ ਰੁਨੀ ਨਾ, ਤਾਂ ਕੂਕਾ ਕਿਹਾ ਹੋਇਆ, ਗੜਵਾ ਮੋਢੇ ਤੇ ਪਾਏ ਤੇ ਰਫੂ-ਚੱਕਰ ਹੋ ਜਾਏ। ਚੰਗਾ ਖਾਏ ਤੇ ਪਟ ਹੰਢਾਏ ਤੇ ਮਨ-ਮਰਜੀ ਦਾ ਬੋਲੇ।" ਵੱਡੇ-ਵੱਡੇ ਵਿਦਵਾਨਾਂ ਤੇ ਗਿਆਨੀਆਂ ਨੇ ਆਪਣੇ-ਆਪਣੇ ਸ਼ਬਦਾਂ ਰਾਹੀਂ ਸਾਧ-ਸੰਗਤ ਨੂੰ ਨਿਹਾਲ ਕੀਤਾ।

ਸੰਤ ਭਗਤ ਸਿੰਘ ਜੀ ਦਾਤੇਵਾਲੀਆਂ ਨੇ ਕਿਹਾ, "ਕੂਕਾ ਵਜਦਾ ਗਜਦਾ ਕੂਕੇ ਵੱਲ ਜਾਵੇ। ਜੇ ਉਹ ਘਰ ਹੋਵੇ ਭੱਲੇ ਤਾਂ ਬੱਲੇ-ਬੱਲੇ। ਜੇ ਸਿੱਖ ਘਰ ਨਾ ਹੋਵੇ, ਆਪ ਜਲ ਲਿਆ ਉਸਦੇ ਘਰ ਬਹਿ ਕੇ, ਛੱਕ, ਬਰਕਤ ਪਾ ਜਾਵੇ।"

ਸੰਤ ਲਾਲ ਸਿੰਘ ਜੀ ਕੂਰੇ ਗਿੱਲਾਂ ਸਾਧ-ਸੰਗਤ ਨੂੰ ਸੰਬੋਧਿਤ ਕੀਤਾ, "ਸਿੱਖ-ਸਿੱਖ ਵੱਲ ਜਾਏ ਤੇ ਡੇਰਾ ਬਾਹਰ ਲਾਏ। ਘਰ ਦੇ ਅੰਦਰ ਸਿੱਖ ਆਗਿਆ ਬਿਨਾਂ ਨਾ ਜਾਏ।

ਇਕ ਦੋ ਰੋਜ਼ ਰਹਿ ਰਮਤਾ ਹੋਵੇ ਜੇ ਕੋਈ ਗਾਹਕ ਹੋਵੇ ਤਾਂ ਬੋਲੇ।" ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲੇ ਬੋਲੇ, "ਕੂਕਾ ਭਜਨ ਪੁੱਛ ਪਿਛਲਾ ਜੀਵਨ ਜੀਵ ਹਿੰਸਾ ਵਾਲਾ ਤਿਆਗੇ ਤੇ ਘਰ ਹੀ ਰਵੇ, ਧਰਮ ਦੀ ਕਿਰਤ ਕਰ ਆਏ ਦੀ ਸੇਵਾ ਕਰੇ।"

ਸਤਿਗੁਰੂ ਜੀ ਨੇ ਇਸ ਹੋਲੇ ਤੇ ਖਾਸ ਹਦਾਇਤਾਂ ਦਿੱਤੀਆਂ ਕਿ ਕੋਈ ਇਸਤ੍ਰੀ ਵਿਧਵਾ ਨਾ ਰਹੇ ਤੇ ਮੇਲੇ ਵਿਚ ਕੋਈ ਵੀ ਜਵਾਨ ਬੀਬੀ ਆਪਣੇ ਭਰਾ ਜਾਂ ਪਿਤਾ ਬਿਨਾਂ ਨਾ ਆਵੇ।

**ਲੰਗਰ ਹਰ ਸਮੇਂ**—ਇਕ ਦਿਨ ਸੰਤ ਕੇਸਰ ਸਿੰਘ ਜੀ ਚਵਿੰਡਾ ਕੁਵੇਲੇ ਲੰਗਰ ਵੱਲ ਗਏ ਤੇ ਪ੍ਰਸਾਦਾ ਮੰਗਿਆ। ਸਿੱਖਾਂ ਨੇ ਉੱਤਰ ਦਿੱਤਾ, "ਹੁਣ ਲੰਗਰ ਬੰਦ ਹੋ ਗਿਆ ਹੈ।" ਸੰਤ ਜੀ ਬਿਨਾਂ ਕੁਝ ਕਹੇ ਗੁਜਰਾਂਵਾਲੇ ਚਲੇ ਗਏ। ਸਤਿਗੁਰੂ ਜੀ ਨੇ ਮੇਲੇ ਤੋਂ ਉਪਰੰਤ ਸੰਤਾਂ ਕੋਲੋਂ ਪੁਛਿਆ, "ਅੱਗੋਂ ਤੋਂ ਮੇਲੇ ਤੇ ਕਿਵੇਂ ਲੰਗਰ ਦੀ ਜੁਗਤ ਰਖੀ ਜਾਵੇ ?" ਸੰਤਾਂ ਨੇ ਬਚਨ ਕੀਤਾ, "ਜਿਵੇਂ ਸ੍ਰੀ ਭੈਣੀ ਸਾਹਿਬ ਵਿਖੇ ਹਰ ਵੇਲੇ ਲੰਗਰ ਮਿਲਦਾ ਹੈ, ਇਸੇ ਤਰ੍ਹਾਂ ਹੀ ਮੇਲਿਆਂ ਤੇ ਹੋਣਾ ਚਾਹੀਦਾ ਹੈ, ਕਿਉਂਕਿ ਸਾਧ-ਸੰਗਤ ਕਈ ਵਾਰ ਦੂਰ-ਦੁਰੇਡਿਓਂ ਵੇਲੇ ਕੁਵੇਲੇ ਮੇਲੇ ਤੇ ਪਹੁੰਚਦੀ ਹੈ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਬੰਧਕਾਂ ਨੂੰ ਹੁਕਮ ਕਰ ਦਿੱਤਾ ਕਿ ਹਰ ਮੇਲੇ ਤੇ ਹਰ ਸਮੇਂ ਜਲ-ਪ੍ਰਸਾਦਾ ਸਾਧ-ਸੰਗਤ ਨੂੰ ਮਿਲਣਾ ਚਾਹੀਦਾ ਹੈ।

ਇਕ ਦਿਨ ਲੰਗਰ ਖੁਲ੍ਹਣ ਵਿਚ ਕੁਝ ਦੇਰ ਹੋ ਗਈ। ਸਾਧ-ਸੰਗਤ ਨੇ ਪੰਜ ਕਿਲ੍ਹੇ ਕਮਾਦ ਖਿਨਾਂ ਪਲਾਂ ਵਿਚ ਭੰਨ ਲਿਆ। ਇੰਦਰ ਸਿੰਘ ਤੇ ਤਖਤ ਸਿੰਘ ਨੇ ਕਮਾਦ ਦਾ ਮੁੱਲ ਨਾ ਲਿਆ। ਇਹ ਇੰਦਰ ਸਿੰਘ ਜਦੋਂ ਕਰਜ਼ਾਈ ਹੁੰਦਾ ਮੇਲਾ ਕਰਦਾ ਤੇ ਅਗਲੇ ਸਾਲ ਬਹੁਤ ਫ਼ਸਲ ਹੁੰਦੀ ਤੇ ਉਹ ਆਪਣਾ ਕਰਜ਼ਾ ਉਤਾਰ ਲੈਂਦਾ। ਸੰਤ ਬੰਤਾ ਸਿੰਘ ਜੀ, ਸੰਤ ਹਾਕਮ ਸਿੰਘ ਜੀ, ਸੰਤ ਅਤਰ ਸਿੰਘ ਜੀ ਨੇ ਸ਼ਬਦ ਕੀਰਤਨ ਕਰਕੇ ਸਾਰੀ ਸਾਧ-ਸੰਗਤ ਨੂੰ ਨਿਹਾਲ ਕੀਤਾ ਤੇ ਕਿਹਾ, "ਗੁਰਬਾਣੀ ਆਧਾਰ ਹੈ। ਸਭ ਆਪਸ ਵਿਚ ਪਿਆਰ ਵਧਾਉ ਤੇ ਜ਼ੋਰ ਨਾਲ ਨਾਮਧਾਰੀ ਪੰਥ ਦਾ ਪ੍ਰਚਾਰ ਕਰੋ। ਅੰਗਰੇਜ਼ ਦੀ ਮਤ ਵਾਲੇ ਲੋਕਾਂ ਤੋਂ ਸਿੱਖੀ ਨੂੰ ਬਚਾਉ।" ਅਖਰੀਲੇ ਦਿਨ ਆਦਿ ਅਤੇ ਦਸਮ-ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਬਹੁਤ ਸਾਰੇ ਸਿੱਖਾਂ ਨੇ ਅੰਮ੍ਰਿਤ ਪਾਨ ਕਰਕੇ ਆਪਣਾ ਜਨਮ ਸਫਲ ਕੀਤਾ।

## 1977 ਬਿਕ੍ਰਮੀ-1921 ਈਸਵੀ, ਹੋਲਾ ਮੁਕਤਸਰ-ਫ਼ਿਰੋਜ਼ਪੁਰ।

**ਗਹਿਣੇ ਪੈਣਾ**—ਸੰਤ ਆਲਾ ਸਿੰਘ ਜੀ ਨੇ ਹੋਲੇ ਦਾ ਸਾਰਾ ਸਾਮਾਨ ਆਦਿ ਦਾ ਪ੍ਰਬੰਧ ਕਰ ਦਿੱਤਾ, ਪਰ ਤੰਬੂਆਂ ਦਾ ਕਿਰਾਇਆ ਦੋ ਸੌ ਰੁਪਏ ਦੇਣੇ ਬਾਕੀ ਰਹਿ ਗਏ। ਸੰਤ ਜੀ ਆਪਣੇ ਸਾਥੀਆਂ ਸਮੇਤ ਚੂਹੜਕਾਣੇ ਵੱਲ ਜਾ ਰਹੇ ਸਨ, ਕਿ ਰਸਤੇ ਵਿਚ ਸੰਤ ਸੁੰਦਰ ਸਿੰਘ ਜੀ ਮਿਲੇ। ਸੁੰਦਰ ਸਿੰਘ ਜੀ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਉਹ ਦੋ ਮਹੀਨੇ ਉਨ੍ਹਾਂ ਦੇ ਘਰ ਰਹਿ ਕੇ ਪ੍ਰਸ਼ਾਦਾ ਆਪ ਵੀ ਛਕਣ ਤੇ ਸਾਧ-ਸੰਗਤ ਨੂੰ ਵੀ ਛਕਾਣ। ਜੇਵਰ, ਕਪੜੇ, ਮਕਾਨ ਆਦਿ ਤਾਂ ਲੋਕ ਗਹਿਣੇ ਪਾਂਦੇ ਹੀ ਹਨ, ਪਰ ਇਥੇ

ਸੰਤ ਆਲਾ ਸਿੰਘ ਜੀ ਹੋਲੇ ਦੀ ਖਾਤਿਰ ਸੁੰਦਰ ਸਿੰਘ ਕੋਲ ਗਹਿਣੇ ਪੈ ਗਏ । ਤੇ ਉਸਦੇ ਬਦਲੇ 200 ਰੁਪਏ ਦੀ ਰਕਮ ਤੰਬੂਆਂ ਵਾਲਿਆਂ ਨੂੰ ਪੁਚਾ ਦਿੱਤੀ ।

ਸਤਿਜੁਗ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਸੰਗਤ ਨੂੰ ਹੋਲੇ ਤੇ ਹੁੰਮ ਹੁੰਮਾ ਕੇ ਪਹੁੰਚਣ ਲਈ ਹੁਕਮ ਕੀਤਾ । ਰਾਗੀ, ਢਾਡੀ ਮਸਤਾਨੇ, ਗੁਣੀ-ਗਿਆਨੀ, ਦੋਵੇਂ ਮਾਤਾਵਾਂ, ਸਤਿਜੁਗ ਦੇ ਸੰਪਾਦਕ ਉਸ ਦਿਨ ਹੋਲੇ ਤੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਲਈ ਪਹੁੰਚੇ ।

ਸੰਤ ਨਿਧਾਨ ਸਿੰਘ ਜੀ ਆਲਮ, ਸੰਤ ਹਰਨਾਮ ਸਿੰਘ ਜੀ, ਕਾਲੂ, ਮਤੂ, ਸੰਦਲ ਤੇ ਭਰੋਸਾ ਸਿੰਘ ਆਦਿਕ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੇ ਕਰਨੀਆਂ ਦਾ ਵਰਨਣ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ । ਸਤਿਗੁਰੂ ਜੀ ਹਰ ਰੋਜ਼ ਮੇਲੇ ਤੇ ਇਕੱਠ ਕਰਦੇ । ਇਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੈਰਾਗਮਈ ਅਵਸਥਾ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਸਾਧ-ਸੰਗਤ ਨੂੰ ਆਪ ਪੜ੍ਹ ਕੇ ਸੁਣਾਇਆ । "ਸੰਗਤ ਸਾਡੇ ਨਮਿੱਤ ਭੋਗ ਗ੍ਰੰਥ ਸਾਹਿਬ ਦੇ ਪੁਆਵੇ ਤਾਂ ਕਿ ਗੁਰੂ ਸਾਹਿਬ ਸਾਨੂੰ ਭੀ ਸੰਗਤ ਦਾ ਦੀਦਾਰ ਕਰਾਵੇ । ਜਿਸ ਕੁਝ ਕਰਨਾ ਹੈ, ਹੁਣ ਮੇਰੇ ਨਮਿੱਤ ਕਰੇ ।" ਸਤਿਗੁਰੂ ਜੀ ਦੇ ਨਾਲ-ਨਾਲ ਸਾਰੀ ਸਾਧ-ਸੰਗਤ ਵੀ ਵੈਰਾਗੀ ਹੋ ਗਈ । ਸਤਿਗੁਰੂ ਜੀ ਨੇ ਸਾਧ-ਸੰਗਤ ਨੂੰ ਪ੍ਰੇਰਨਾ ਦਿੱਤੀ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਵੱਧ ਤੋਂ ਵੱਧ ਪਾਠ ਕਰਨ । ਇਸ ਹੋਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਾਰ ਸਫਾਂ ਵਿਛਾਉਣ ਦਾ ਹੁਕਮ ਦਿੱਤਾ । ਪਹਿਰੇ ਤੇ ਸਿੱਖਾਂ ਨੂੰ ਖੜਾ ਕਰ ਦਿੱਤਾ ਕਿ ਉਹ ਸਾਧ-ਸੰਗਤ ਨੂੰ ਠੀਕ ਤਰ੍ਹਾਂ ਬੈਠਣ ਵਿਚ ਮਦਦ ਕਰਨ । ਇਕ ਸਫ ਸਾਧ-ਸੰਗਤ ਲਈ ਸਤਿਗੁਰੂ ਜੀ ਦੇ ਨੇੜੇ ਵਿਛਾਈ ਗਈ, ਦੂਜੀ ਸਫ਼ ਖੁਲ੍ਹਿਆਂ ਲਈ ਤੇ ਸਰਕਾਰੀ ਲੋਕਾਂ ਲਈ ਤੀਜੀ ਹੋਰ ਮਤ ਦੇ ਸਾਧੂਆਂ ਤੇ ਖੁਲ੍ਹੇ ਕੂਕਿਆਂ ਲਈ ਤੇ ਚੌਥੀ ਮਾਈਆਂ ਲਈ ਸਫ਼, ਵਿਛਾਉਣ ਦਾ ਪ੍ਰਬੰਧ ਕੀਤਾ ਗਿਆ ।

**ਨਾਮਧਾਰੀ ਦਰਬਾਰ ਦੀ ਸਥਾਪਨਾ**—ਇਸ ਹੋਲੇ ਮਹੱਲੇ ਦੀ ਖਾਸ ਵਿਸ਼ੇਸ਼ਤਾ ਇਹ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ, ਜਿਸਦਾ ਮੁੱਖ ਉਦੇਸ਼ ਆਪਣੇ ਪੰਥਕ ਕੰਮਾਂ ਦੇ ਨਾਲ-ਨਾਲ ਸਰਕਾਰੀ ਕੰਮਾਂ ਨੂੰ ਸਿਰੇ ਚੜ੍ਹਾਉਣਾ ਸੀ । ਨਾਮਧਾਰੀ ਦਰਬਾਰ ਦੇ ਮੁੱਖੀ ਮਹਾਰਾਜ ਗੁਰਦਿਆਲ ਸਿੰਘ ਜੀ ਬਣੇ । ਇਸਦੇ ਪਹਿਲੇ ਪ੍ਰਧਾਨ ਰਾਜਾ ਧਿਆਨ ਸਿੰਘ ਜੀ ਬਣੇ, ਫਿਰ ਲੱਛਮਣ ਸਿੰਘ, ਆਲਿਮ ਜੀ, ਆਦਿ ਬਣਾਏ ਗਏ ।

ਹੋਲੇ ਦੇ ਅੰਤਲੇ ਦਿਨ ਹਵਨ ਕੀਤਾ ਗਿਆ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤ੍ਰ ਯਾਦ ਵਿਚ ਅਨੇਕਾਂ ਪਾਠਾਂ ਦੇ ਭੋਗ ਪਾਏ ਗਏ । ਸੰਤ ਆਤਮਾ ਸਿੰਘ ਜੀ ਨੇ ਅਗਲਾ ਹੋਲਾ ਰਾਵਲਪਿੰਡੀ ਕਰਨ ਦੀ ਪ੍ਰਵਾਨਗੀ ਲਈ ।

## 1978 ਬਿਕ੍ਰਮੀ-1922 ਈਸਵੀ, ਹੋਲਾ ਰਾਵਲਪਿੰਡੀ।

**ਕਾਲੇ, ਨੀਲੇ ਦੀ ਨਿਖੇਧੀ**—ਸਤਿਗੁਰੂ ਪ੍ਰਤਾਪ ਸਿੰਘ ਜੀ, ਮਾਤਾਵਾਂ, ਜਥੇਦਾਰਾਂ, ਰਾਗੀਆਂ, ਪ੍ਰਚਾਰਕਾਂ, ਸਿੱਖਾਂ ਸੇਵਕਾਂ ਸਮੇਤ 1922 ਈਸਵੀ-1978 ਬਿਕ੍ਰਮੀ ਨੂੰ ਹੋਲੇ ਮੇਲੇ ਦੇ ਸ਼ੁਭ ਅਵਸਰ ਤੇ ਰਾਵਲਪਿੰਡੀ ਦਰਸ਼ਨ ਦਿੱਤੇ। ਸੰਤ ਆਤਮਾ ਸਿੰਘ ਜੀ ਨੇ ਸਾਧ-ਸੰਗਤ ਦੀ ਆਵਾਜਾਈ ਲਈ ਰੇਲ ਦੇ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਸਨ। ਸਿੱਖ ਕੌਮ ਆਪਣੇ ਬਹਾਦਰੀ ਦੇ ਕਾਰਨਾਮਿਆਂ ਕਰਕੇ ਅੰਗ੍ਰੇਜ਼ ਲਈ ਭੈ ਦਾ ਕਾਰਨ ਬਣੀ ਹੋਈ ਸੀ। ਇਸ ਲਈ ਚਲਾਕ ਅੰਗ੍ਰੇਜ਼ ਸਰਕਾਰ ਨੇ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨੂੰ ਅਪਣਾਇਆ। ਉਸਨੇ ਸਿੱਖਾਂ, ਨਾਮਧਾਰੀਆਂ, ਉਦਾਸੀਆਂ, ਨਿਰਮਲਿਆਂ ਆਦਿ ਵਿਚ ਵਿਥਾਂ ਵਧਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ। ਨੀਵੀਂ ਜਾਤ ਦੇ ਲੋਕਾਂ ਨੂੰ ਕਾਲੇ ਪਹਿਰਾਵੇ ਪਹਿਣਾ ਕੇ, ਕਾਲੀਆਂ ਪੱਗਾਂ ਬੰਨ੍ਹਾ ਕੇ ਲੰਗਰ ਆਦਿ ਪਵਿੱਤ੍ਰ ਸਥਾਨਾਂ ਤੇ ਵਾੜ ਦਿੱਤਾ। ਅਕਾਲੀਆਂ ਨੇ ਅੰਮ੍ਰਿਤਸਰ ਦੀਆਂ ਪਰਕਰਮਾਂ ਵਿਚ ਵੱਡੇ-ਵੱਡੇ ਕੜਾਹੇ ਪਾਣੀ ਦੇ ਭਰਵਾ ਕੇ ਰਖ ਦਿੱਤੇ ਤੇ ਸਭ ਦੀਆਂ ਪੱਗਾਂ ਜ਼ਬਰਦਸਤੀ ਉਸ ਕਾਲੇ ਰੰਗ ਵਿਚ ਰੰਗ ਦਿੰਦੇ। ਇਸ ਜ਼ਬਰਦਸਤੀ ਕਰਕੇ ਕਈ ਲੋਕਾਂ ਨੇ ਗੁਰਦੁਆਰੇ ਅੰਦਰ ਜਾਣਾ ਬੰਦ ਕਰ ਦਿੱਤਾ। ਸੰਤ ਨਿਧਾਨ ਸਿੰਘ ਜੀ ਆਲਿਖ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕੀਆਂ ਤੇ ਮੁਨਸ਼ਾ ਸਿੰਘ ਜੀ ਇਹ ਸਭ ਕੁਝ ਸਹਿਣ ਨਾ ਕਰਕੇ ਇਸ ਦੇ ਵਿਰੁੱਧ ਬਹੁਤ ਪ੍ਰਚਾਰ ਕੀਤਾ। ਰਾਵਲਪਿੰਡੀ ਦੇ ਹੋਲੇ ਤੇ ਉਹਨਾਂ ਨੇ ਕਾਲੀਆਂ ਪੱਗਾਂ ਤੇ ਬਹੁਤ ਸਾਰੇ ਵਿਦੇਸ਼ੀ ਵਸਤ੍ਰਾਂ ਨੂੰ ਅੱਗ ਵਿਚ ਪਾ ਕੇ ਸੜਵਾਇਆ।

ਪੰਡਤ ਬਸੰਤ ਸਿੰਘ ਜੀ ਵੇਦ ਸ਼ਾਸਤਰਾਂ ਵਿਚੋਂ ਕਾਲੇ ਤੇ ਨੀਲੇ ਦੇ ਵਿਰੋਧ ਵਿਚ ਲਿਖੀਆ ਸਤਰਾਂ ਪੜ੍ਹ ਕੇ ਬਹੁਤ ਪ੍ਰਚਾਰ ਕੀਤਾ। ਸੰਤ ਭਗਤ ਸਿੰਘ ਜੀ ਦਾਤੇ ਵਾਲਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭਵਿੱਖਤ ਵਾਕ ਸੁਣਾਏ, "ਕੋਈ ਦਿਨ ਤੇ ਪੰਥ ਇਕੱਤ੍ਰ ਰਹੂ ਫਿਰ ਆਪਸ ਮੇਂ ਫਟ ਜਾਵਹਿੰਗੇ। ਮਾਇਆ ਨਾਗਨੀ ਡੰਗ ਚਲਾਊ ਜਦੋਂ ਦੁੱਖ ਖਾਲਸਾ ਸੀਸ ਉਠਾਵਹਿੰਗੇ।" ਗੁਰਦੁਆਰਿਆਂ ਦੇ ਧਨ ਤੇ ਆਪਸ ਵਿਚ ਲੜਾਈਆਂ ਕਰਨਗੇ, ਇਹਨਾਂ ਦਾ ਮਨ ਕਾਲਾ ਕਰ ਦੇਵੇਗਾ ਤੇ ਇਹ ਜਿਵੇਂ ਦਸਮ ਜੀ ਨੇ ਕੜਾਹ ਪ੍ਰਸ਼ਾਦ ਕਰਵਾ ਕੇ ਉਪਰ ਖਾਣ ਲਈ ਕੁੱਤੇ ਛੱਡ ਦਿੱਤੇ ਸੀ। ਉਹ ਕੜਾਹ ਰੁਲ ਗਿਆ ਸੀ ਤੇ ਕੁੱਤੇ ਆਪੋ ਵਿਚ ਕੱਟ ਫਟੜ ਹੋਏ ਸੀ ਤਿਵੇਂ ਹੁੰਦੀ ਹਾਲਤ ਇਨ੍ਹਾਂ ਦੀ ਸਭ ਵੇਖੋਗੇ, ਤੇ ਇਹ ਪੂਜਾ ਦਾ ਧਨ ਉਸ ਕੜਾਹ ਪ੍ਰਸ਼ਾਦ ਵਾਂਗੂ ਵਿਅਰਥ ਰੁਲ ਜਾਵੇਗਾ।"

ਸੰਤ ਹਰਨਾਮ ਸਿੰਘ ਜੀ ਤੇ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਨੇ ਆਪਣੀਆਂ ਮਿੱਠੀਆਂ ਸੁਰੀਲੀਆਂ ਸੁਰਾਂ ਵਿਚ ਸ਼ਬਦ ਕੀਰਤਨ ਕਰਕੇ ਸਾਧ-ਸੰਗਤ ਨੂੰ ਨਿਹਾਲ

ਕੀਤਾ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰਾਤ ਦੇ ਦੀਵਾਨ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਇਕ ਹੁਕਮਨਾਮੇ ਦਾ ਪਾਠ ਸੁਣਾਇਆ ਜਿਸ ਵਿਚ ਹੁਕਮ ਹੈ, "ਜਪੁ ਜਾਪੁ ਦੋਹਾਂ ਦੇ, ਸ਼ਬਦ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ ਤੇ ਚੰਡੀ ਦੀ ਵਾਰ ਦਾ ਪਾਠ ਹਰ ਸਿੱਖ ਜ਼ਰੂਰ ਕਰੇ ।" ਤੇ ਆਪਣੇ ਵਾਸਤੇ ਸਾਧ-ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ, "ਮੇਰੇ ਤੇ ਭੀ ਮਿਹਰ ਹੋਵੇ ਮੈਂ ਇਹ ਗੁਰਮਤ ਵਰਤਨ ਦਾ ਆਪ ਭੀ ਧਾਰਨੀ ਹੋਵਾਂ ।"

ਸੰਤ ਆਲਾ ਸਿੰਘ, ਵਰਿਆਮ ਸਿੰਘ ਤੇ ਫਤਹਿ ਸਿੰਘ ਜੀ ਨੇ ਅਖੰਡ ਨਿਰੋਲ ਗੁਰਬਾਣੀ ਦਾ ਕੀਰਤਨ ਕੀਤਾ ।

ਸੰਤ ਆਤਮਾ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਦੇ 300 ਪਾਠਾਂ ਦੇ ਭੋਗ ਪਵਾਏ ਤੇ ਸਾਰੀ ਸਾਧ-ਸੰਗਤ ਦੀ ਯਥਾ-ਯੋਗ ਸੇਵਾ ਕੀਤੀ । ਢੋਟੀਆਂ ਜ਼ਿਲ੍ਹਾ ਲਾਇਲਪੁਰ ਦੀ ਸਾਧ-ਸੰਗਤ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਗਲੇ ਹੋਲੇ ਲਈ ਬੇਨਤੀ ਕੀਤੀ, ਜੋ ਪ੍ਰਵਾਨ ਹੋ ਗਈ ।

## 1979 ਬਿਕ੍ਰਮੀ-1923 ਈਸਵੀ, ਹੋਲਾ ਢੋਟੀਆਂ-ਲਾਇਲਪੁਰ ।

ਪਿੰਡ ਢੋਟੀਆਂ ਦੀ ਸਾਧ-ਸੰਗਤ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਿਸ਼ੇਸ਼ ਕ੍ਰਿਪਾ ਸੀ । ਇਥੋਂ ਦੇ ਸ: ਲਾਲ ਸਿੰਘ ਜੀ, ਜੋ ਰੱਸਾ ਖਿੱਚਣ ਵਿਚ ਮਾਹਿਰ ਸਨ, ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਹੋਈ ਸੀ ਕਿ ਜਦੋਂ ਵੀ ਸੱਚੇ ਪਾਤਸ਼ਾਹ ਜੀ ਉਸ ਪਾਸੇ ਆਉਣ ਤਾਂ ਢੋਟੀਆਂ ਵਿਖੇ ਜ਼ਰੂਰ ਦਰਸ਼ਨ ਦੇਣ, ਕਿਉਂਕਿ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਨਾਲ ਉਹਨਾਂ ਨੂੰ ਉਤਸ਼ਾਹ ਤੇ ਬਲ ਮਿਲਦਾ ਹੈ । ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਤੋਂ ਹੀ ਇਥੋਂ ਦੀ ਸਾਧ-ਸੰਗਤ ਸੱਚੇ ਪਾਤਸ਼ਾਹ ਜੀ ਦੀ ਵਿਸ਼ੇਸ਼ ਕ੍ਰਿਪਾ ਦੀ ਪਾਤਰ ਬਣ ਚੁਕੀ ਸੀ । ਸੰਤ ਸ਼ੇਰ ਸਿੰਘ, ਬਿਸ਼ਨ ਸਿੰਘ, ਮੰਗਲ ਸਿੰਘ ਰਾਮਗੜ੍ਹੀਏ ਬਾਰੇ ਸਤਿਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ, "ਜਿਵੇਂ ਦੇ ਸੰਤ ਜਵੰਦ ਸਿੰਘ ਜੀ ਬਲੀ ਹਨ ਤਿਵੇਂ ਦੇ ਹੀ ਇਹਨਾਂ ਢੋਟੀਆਂ ਦੇ ਸਿੱਖ ਅਜਿੱਤ ਬਲੀ ਹੋਣਗੇ ।" ਤੇ ਅਤਿਅੰਤ ਪ੍ਰਸੰਨ ਹੋ ਕੇ ਕਿਹਾ, "ਇਹ ਢੋਟੀਆਂ ਨਗਰ ਅੱਜ ਸਾਡਾ ਆਪਣਾ ਹੀ ਹੋ ਗਿਆ ਜਾਪਦਾ ਹੈ ।"

ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਬਚਪਨ ਵਿਚ ਸਤਿਗੁਰੂ ਹਰੀ ਸਿੰਘ ਜੀ ਨਾਲ ਇਸ ਪਿੰਡ ਵਿਚ ਜਾਂਦੇ ਤੇ ਆਪਣੇ ਹਾਣੀ ਬਾਲਕਾਂ ਲਈ ਫਲ ਲੈ ਕੇ ਜਾਂਦੇ ਤੇ ਆਪਣੇ ਨਿੱਕੇ-ਨਿੱਕੇ ਸੁਕੁਮਾਰ ਹੱਥਾਂ ਨਾਲ ਆਪਣੇ ਸਾਥੀ ਬਾਲਕਾਂ ਨੂੰ ਵੰਡਦੇ । ਜਦੋਂ ਜਰਾ ਕੁ ਵੱਡੇ ਹੋਏ ਤੇ ਆਪਣੇ ਸਾਥੀਆਂ ਨੂੰ ਦੌੜਾਂ ਤੇ ਘੋਲ ਕਰਾਂਦੇ । ਜਿੱਤਣ ਵਾਲਿਆਂ ਨੂੰ ਦੁਆਨੀਆਂ, ਚੁਆਨੀਆਂ, ਅਠਿਆਨੀਆਂ ਇਨਾਮ ਵਜੋਂ ਦਿੰਦੇ । ਹਾਰਨ ਵਾਲਿਆਂ ਨੂੰ ਵੀ ਇਨਾਮ ਮਿਲਦਾ ਪਰ ਜਰਾ ਕੁ ਘੱਟ । ਜਦੋਂ ਸਤਿਗੁਰੂ ਜੀ ਤਰੁਨਾਵਸਥਾ ਵਿਚ ਪਹੁੰਚੇ, ਤਾਂ ਉਨ੍ਹਾਂ ਸਾਥੀਆਂ ਦੇ ਨਾਲ ਖੇਡਾਂ ਆਦਿ ਕਰਦੇ । ਉਨ੍ਹਾਂ ਨੂੰ ਸੰਜਮ ਵਿਚ ਰਹਿਣ ਤੇ ਵਧੀਆ ਖਾਲਸ ਖੁਰਾਕ ਲੈਣ ਦੀ ਸਿਖਿਆ ਦਿੰਦੇ । ਜਿਸਦੇ ਫਲਸਰੂਪ

ਇਥੋਂ ਦੇ ਲੋਕ ਬੜੇ ਬਲਵਾਨ ਸਨ । ਕਿਸ਼ਨ ਸਿੰਘ ਜੀ ਸੌ ਮਣ ਭਾਰ ਗੱਡੇ ਤੇ ਰਖ ਕੇ ਇਕੱਲੇ ਹੀ ਚੁੱਕ ਕੇ ਪਹੀਏ ਫਿਰਾ ਦਿੰਦੇ ਸਨ । ਨਰੈਣ ਸਿੰਘ ਜੀ ਸਾਢੇ ਛੇ ਫੁੱਟ ਲੰਬੇ ਕੱਦ ਦੇ ਸਨ ਤੇ ਉਹਨਾਂ ਦਾ ਹੱਥ ਲੰਬਾ ਸੀ ਤੇ ਇਥੋਂ ਦੇ ਫੌਜਾ ਸਿੰਘ ਜੀ ਦੀ ਗਿੱਠ ਸਭ ਤੋਂ ਲੰਬੀ ਸੀ । ਹੀਰਾ ਸਿੰਘ ਜੀ ਛੇ ਫੁੱਟ ਅੱਠ ਇੰਚ ਲੰਬੇ ਸਨ ।

ਇਸ ਤਰ੍ਹਾਂ ਢੇਟੀਆਂ ਦੀ ਸਾਧ-ਸੰਗਤ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਿਸ਼ੇਸ਼ ਬਖਸ਼ਿਸ਼ ਸੀ । ਕਈ-ਕਈ ਦਿਨ ਇਥੇ ਸਤਿਗੁਰੂ ਜੀ ਦਰਸ਼ਨ ਦਿੰਦੇ । ਆਲੇ ਦੁਆਲੇ ਦੇ ਪਿੰਡਾਂ ਵਿਚ ਚਰਨ ਪਾ ਕੇ ਉਥੋਂ ਦੇ ਲੋਕਾਂ ਦਾ ਉਧਾਰ ਕਰਦੇ । ਹੋਲੇ ਮੇਲੇ ਦੇ ਆਰੰਭ ਸਮੇਂ ਸਤਿਗੁਰੂ ਜੀ ਲਾਇਲਪੁਰ ਤੋਂ ਆਪ ਜਲੂਸ ਵਿਚ ਸੰਮਲਿਤ ਹੋਏ । ਰਾਗੀਆਂ, ਜਥੇਦਾਰਾਂ, ਆਦਿ ਜਥਿਆਂ ਦੀ ਭੀੜ ਇਸ ਮੇਲੇ ਤੇ ਉਮੜ ਪਈ । ਆਲਿਮ ਜੀ, ਸੰਤ ਮੰਗਲ ਸਿੰਘ ਜੀ, ਸੰਤ ਅਤਰ ਸਿੰਘ ਜੀ ਤੇ ਹੋਰ ਜਥੇਦਾਰਾਂ ਰਾਗੀਆਂ ਨੇ ਆਪਣੇ ਕੀਰਤਨ, ਵਿਖਿਆਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਅਖੀਰਲੇ ਭੋਗ ਵਾਲੇ ਦਿਨ ਹਵਨ ਹੋ ਰਿਹਾ ਸੀ । ਭਾਵੇਂ ਪਹਿਰੇਦਾਰ ਪਹਿਰਾ ਦੇ ਰਹੇ ਸਨ, ਪਰ ਮਸਤਾਨਾ ਦਸੌਂਧਾ ਸਿੰਘ ਜੀ ਤਖਤ ਪੋਸ਼ ਦੇ ਉਤੋਂ ਦੀ ਟੱਪ ਕੇ ਹਵਨ ਦੀਆਂ ਲਪਟਾਂ ਵਿਚ ਕੁੱਦ ਪਏ । ਉਹਨਾਂ ਨੂੰ ਬਾਹਿਰ ਖਿਚ ਕੇ ਕੱਢਣ ਦੇ ਯਤਨਾਂ ਵਿਚ ਦੋ ਮਿੰਟ ਦਾ ਸਮਾਂ ਲਗਾ । ਮਸਤਾਨੇ ਅਕਾਲ-ਪੁਰਖ ਦੇ ਰੰਗ ਵਿਚ ਇਕਮਿਕ ਹੋਏ ਹੁੰਦੇ ਹਨ । ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਉਨ੍ਹਾਂ ਦੇ ਸਰੀਰ ਨੂੰ ਰਤਾ ਭਰ ਵੀ ਸੇਕ ਨਾ ਲਗਿਆ । 'ਦੇਹਧਾਰੀ ਗੁਰੂ ਦੀ ਲੋੜ' ਦੇ ਵਿਸ਼ੇ ਤੇ ਆਲਿਮ ਜੀ, ਸੰਤ ਮੰਗਲ ਸਿੰਘ ਜੀ ਤੇ ਸੰਤ ਫਤੇ ਸਿੰਘ ਜੀ ਮਾਂਗੇ ਵਾਲਿਆਂ ਨੇ ਪ੍ਰਚਾਰ ਕੀਤਾ ।

ਅਖੀਰਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤ੍ਰ ਯਾਦ ਵਿਚ ਪਾਠਾਂ ਦੇ ਭੋਗ ਪਾਏ ਗਏ ਤੇ ਹੋਲੇ ਤੋਂ ਬਾਅਦ ਵੀ ਸਤਿਗੁਰੂ ਜੀ ਤਿੰਨ ਚਾਰ ਦਿਨ ਉਥੇ ਰਹੇ ਤੇ ਘੋੜ-ਸਵਾਰੀ, ਦੌੜਾਂ, ਨੇਜ਼ੇਬਾਜੀ ਆਦਿ, ਆਪਣੇ ਸਿੱਖਾਂ ਸੇਵਕਾਂ ਨਾਲ ਖੇਡ ਕੇ ਹਾਸ-ਵਿਲਾਸ ਕੀਤਾ । ਇਕ ਨਿਹੰਗ ਸਿੰਘ ਨੇ ਕਿਹਾ "ਕੂਕਿਆਂ ਦਾ ਗੁਰੂ ਐਵੇਂ ਹੀ ਘੋੜਾ ਦੁੜਾਈ ਫਿਰਦਾ ਹੈ ।" ਸਤਿਗੁਰੂ ਜੀ ਕਵਾਸਾ ਕਿੱਲਾ ਗਡਾ ਤਿੰਨ ਵਾਰ ਵਿੰਨ੍ਹ ਕੇ ਲੈ ਗਏ ਤੇ ਹੋਰ ਕਿਸੇ ਤੋਂ ਨਾ ਵਿੰਨ੍ਹਿਆ ਗਿਆ । ਫਿਰ ਸਤਿਗੁਰੂ ਜੀ ਆਪਣੇ ਘੋੜੇ ਨਾਲ ਖੜੇ ਹੋ ਕੇ ਬਾਹਾਂ ਲੱਕ ਨੂੰ ਲਾ ਕੇ, ਉਛਲ ਕੇ ਤਿੰਨ ਵਾਰ ਘੋੜੇ ਤੇ ਬੈਠੇ । ਇਹ ਵੇਖ ਕੇ ਕਿਸੇ ਨੇ ਕਿਹਾ ਕਿ ਇਹਨਾਂ ਦੀ ਕਰਾਮਾਤ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉੱਤਰ ਦਿੱਤਾ "ਇਹ ਕਰਾਮਾਤ ਨਹੀਂ, ਇਹ ਕਸਰਤ ਹੈ । ਮੈਂ ਨਿਤ ਦੌੜਦਾ ਹਾਂ, ਉਛਲਦਾ ਹਾਂ ਤੇ ਘੋੜੇ ਤੇ ਚੜ੍ਹਦਾ ਹਾਂ ।"

## 1980 ਬਿਕ੍ਰਮੀ-1924 ਈਸਵੀ, ਹੋਲਾ ਬਿਜਲੀਵਾਲ-ਗੁਰਦਾਸਪੁਰ ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਹੋਲੇ ਤੋਂ ਪਹਿਲਾਂ ਹੀ ਬਿਜਲੀਵਾਲ ਆਣ ਦਰਸ਼ਨ ਦਿੱਤੇ । ਸੰਤ ਲਾਲ ਸਿੰਘ ਜੀ ਤੇ ਉਹਨਾਂ ਦੇ ਸਪੁੱਤਰ ਗੁਰਬਖਸ਼ ਸਿੰਘ ਨੂੰ ਨਾਲ ਲੈ ਕੇ ਸਵੇਰੇ-ਸਵੇਰੇ ਲੰਗਰ ਤੇ ਦੀਵਾਨ ਦਾ ਸਥਾਨ ਵੇਖਣ ਗਏ । ਉਥੇ ਸਾਰਿਆਂ ਨੂੰ ਉਪਦੇਸ਼ ਦਿੱਤਾ, ਸਾਧ-ਸੰਗਤ ਦੇ ਸੁਆਗਤ ਵਾਸਤੇ ਐਸੇ ਸੋਝੀਵਾਨ ਸਿੱਖਾਂ ਨੂੰ ਰਖਿਆ ਜਾਵੇ ਜਿਹੜੇ ਆਪਣੇ ਮਿੱਠੇ ਬਚਨਾਂ ਤੇ ਆਦਰ ਸਤਿਕਾਰ ਨਾਲ ਆਏ ਸਿੱਖ-ਸਾਧਾਂ ਦਾ ਥਕੇਵਾਂ ਦੂਰ ਕਰ ਦੇਣ । "ਅਸਲ ਹੋਲਾ ਇਹ ਹੈ, ਕਿ ਕੋਈ ਭੁੱਖਾ ਤਾਂ ਭਾਵੇਂ ਚਲਾ ਜਾਵੇ, ਪਰ ਦੁੱਖੀ ਨਾ ਜਾਵੇ । ਕੌੜੇ ਬਚਨਾਂ ਨਾਲ ਕਿਸੇ ਦਾ ਦਿਲ ਨਾ ਦੁਖਾਇਆ ਜਾਵੇ । ਕਿਸੇ ਨਾਲ ਵਾਧਾ ਨਾ ਕਰੋ ਤੇ ਅਨਿਆਂ ਜਰੋ ਨਾ । ਵਾਧਾ ਕਰਨ ਵਾਲੇ ਦੀ ਮੁਥਾਜੀ ਨਹੀਂ ਕਰਨੀ, ਮਾਰ ਨਹੀਂ ਖਾਣੀ ਮਰ ਭਾਵੇਂ ਜਾਣਾ, ਪਰ ਈਮਾਨਦਾਰੀ ਅਣਖ ਤੇ ਆਣ ਵਿਚ ਰਹਿਣਾ ।"

**ਮਸਤਾਨਾ ਝੰਡਾ ਸਿੰਘ ਜੀ**—ਨਾਮਧਾਰੀ ਪੰਥ ਦੇ ਉੱਘੇ ਵਿਦਵਾਨ ਰਾਗੀਆਂ, ਗੁਣੀ, ਵਿਦਵਾਨਾਂ, ਸੰਤਾਂ, ਸੂਬਿਆਂ ਨੇ ਦਰਸ਼ਨ ਦਿੱਤੇ । ਸੰਤ ਲਾਲ ਸਿੰਘ ਜੀ, ਆਲਿਮ ਜੀ ਤੇ ਹਰਨਾਮ ਸਿੰਘ ਜੀ ਨੇ ਦੀਵਾਨ ਸਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ । ਆਲਿਮ ਜੀ ਨੇ ਕਈ ਸ਼ੰਕਿਆਂ ਦੀ ਨਿਵਰਤੀ ਕੀਤੀ ਤੇ 'ਨਾਚੁ ਰੇ ਮਨ ਗੁਰ ਕੈ ਆਗੈ ।' ਤੇ ਸਤਿਗੁਰੂ ਜੀ ਦੇ ਹੁਕਮਨਾਮੇ, "ਜੋ ਝੂਠਾ ਭੜਥੂ ਪਾਊਗਾ, ਉਸਦਾ ਮੂੰਹ ਦੁਹੀ ਜਹਾਨੀ ਕਾਲਾ ਹੋਊਗਾ" ਦਾ ਨਿਰਣਾ ਕੀਤਾ । ਮਸਤਾਨਾ ਝੰਡਾ ਸਿੰਘ ਜੀ ਨੇ ਸੰਤ ਨਿਧਾਨ ਸਿੰਘ ਜੀ ਆਲਮ ਦੇ ਵਿਰੁੱਧ ਇਕ ਕਵਿਤਾ ਪੜ੍ਹੀ, ਤੇਸ ਤਿਗੁਰੂ ਜੀ ਨੇ ਹੁਕਮ ਕੀਤਾ ਕਿ ਉਸਨੂੰ ਫਾੜ ਦੇ । ਝੰਡਾ ਸਿੰਘ ਨੇ ਝਟ ਕਵਿਤਾ ਫਾੜ ਦਿੱਤੀ, ਤੇ ਸਤਿਗੁਰੂ ਜੀ ਨੇ ਉਸਦੇ ਫਟੇ ਹੋਏ ਕਾਗਜ ਦਾ ਹਿੱਸਾ ਪੜ੍ਹ ਕੇ ਆਖਿਆ, "ਝੰਡਾ ਸਿੰਘ ਤੇਰਾ ਫਿਟੇ ਮੂੰਹ, ਤੂੰ ਇਹ ਕੀ ਲਿਖਿਆ ਹੈ ?" ਝੰਡਾ ਸਿੰਘ ਖੁਸ਼ੀ ਨਾਲ ਨੱਚਣ ਟੱਪਣ ਲਗ ਪਿਆ । ਕਿਸੇ ਨੇ ਕੋਲੋਂ ਪੁਛਿਆ, "ਸਤਿਗੁਰਾਂ ਤੈਨੂੰ ਫਿਟਕਾਰਿਆ ਹੈ ਤੇ ਤੂੰ ਖੁਸ਼ ਹੋ ਨਚ ਰਿਹਾ ਹੈਂ ?" ਅੱਗੋਂ ਉੱਤਰ ਦਿੱਤਾ, "ਮੈਂ ਹੀ ਭਲੇ ਭਾਗਾਂ ਵਾਲਾ ਹਾਂ ਕਿਉਂਕਿ ਐਨਿਆਂ ਵਿਚੋਂ ਸਿਰਫ ਮੈਨੂੰ ਹੀ ਸਤਿਗੁਰਾਂ ਫਿੱਟੇ ਮੂੰਹ ਆਖਿਆ ਹੈ । ਜੇ ਗੁਰ ਝਿੜਕੇ ਤੇ ਮੀਠਾ ਲਾਗੈ ਜੇ ਬਖਸੇ ਤੇ ਗੁਰ ਵਡਿਆਈ ।" ਜਦੋਂ ਆਲਿਮ ਜੀ ਨੂੰ ਇਸ ਵਾਰਤਾ ਦਾ ਪਤਾ ਲਗਾ ਉਹਨਾਂ ਨੇ ਝੰਡਾ ਸਿੰਘ ਹੋਰਾਂ ਦੀ ਸਿਫਤ ਕੀਤੀ ਕਿ ਆਸ਼ਕ ਲੋਕ ਇਸ ਤਰ੍ਹਾਂ ਦੇ ਹੀ ਹੁੰਦੇ ਹਨ ।

ਸਤਿਜੁਗ ਵਲੋਂ ਪ੍ਰਕਾਸ਼ਿਤ ਕਾਵਿ ਪੁਸ਼ਪ ਮਾਲਾ ਵੰਡਿਆ ਗਿਆ । ਸਤਿਗੁਰੂ ਜੀ ਨੇ ਲਾਭ ਸਿੰਘ ਜੀ ਨੂੰ ਇਸ ਹੋਲੇ ਤੇ ਸੂਬਾ ਥਾਪਿਆ । ਸੰਤ ਨਿਧਾਨ ਸਿੰਘ ਜੀ ਆਲਿਮ

ਤੇ ਉਹਨਾਂ ਦੇ ਸੇਵਕ ਟਹਿਲ ਸਿੰਘ ਫਕਰ ਨੇ ਪ੍ਰਸ਼ਨੋਤ੍ਰੀ ਪੁਸਤਕ ਵਿਚੋਂ ਜਿਸ ਵਿਚ ਗ੍ਰੰਥ ਸਾਹਿਬ ਨੂੰ ਗੁਰਤਾ ਦਿੱਤੀ ਕਿ ਨਹੀਂ ਤੇ ਗ੍ਰੰਥ ਸਾਹਿਬ ਗੁਰੂ ਹੋ ਸਕਦਾ ਹੈ ਕਿ ਨਹੀਂ ?" ਇਸ ਬਾਰੇ ਸਾਧ-ਸੰਗਤ ਨੂੰ ਗਿਆਨ ਦੇ ਕੇ ਆਨੰਦਿਤ ਕੀਤਾ ।

ਮਾਤਾ ਭੁਪਿੰਦਰ ਕੌਰ ਜੀ ਤੇ ਸਤਵੰਤ ਕੌਰ ਜੀ ਨੇ ਵੀ ਇਸ ਹੋਲੇ ਤੇ ਦਰਸ਼ਨ ਦਿੱਤੇ ।

'ਇਸ ਹੋਲੇ ਮਹੱਲੇ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਮੁਟਿਆਰ ਹੋਈਆਂ ਬੀਬੀਆਂ ਦੀ ਮੰਗਣੀ ਕੋਈ ਨਾ ਕਰੇ । ਉਸੇ ਵੇਲੇ ਲੜਕਾ ਲੱਭ ਕੇ ਅਨੰਦ ਕਰ ਦੇਣਾ ਚਾਹੀਦਾ ਹੈ । ਮੰਗਣੀ ਕਰਨ ਵਾਲਿਆਂ ਨੂੰ ਡੰਨ ਲਗੇਗਾ ।' ਆਸਾ ਸਿੰਘ ਜੀ, ਸੰਤ ਜੀ, ਜੀਊਣ ਸਿੰਘ ਜੀ ਤੇ ਭਗਵਾਨ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਗਲਾ ਹੋਲਾ ਅੰਮ੍ਰਿਤਸਰ ਵਿਖੇ ਕਰਨ ਦੀ ਅਰਜ਼ ਬੇਨਤੀ ਕੀਤੀ ਤੇ ਸਤਿਗੁਰੂ ਜੀ ਨੇ ਪ੍ਰਵਾਨਗੀ ਦੇ ਦਿੱਤੀ ।

## 1981 ਬਿਕ੍ਰਮੀ–1925 ਈਸਵੀ, ਹੋਲਾ ਅੰਮ੍ਰਿਤਸਰ (ਖਾਸ) ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਹੋਲੇ ਦੇ ਸ਼ੁਭ ਅਵਸਰ ਤੇ 1925 ਈਸਵੀ–1981 ਬਿਕ੍ਰਮੀ ਨੂੰ ਅੰਮ੍ਰਿਤਸਰ ਦੀ ਪਵਿੱਤ੍ਰ-ਪਾਵਨ ਭੂਮੀ ਨੂੰ ਤਪੋ-ਭੂਮੀ ਬਣਾ ਦਿੱਤਾ । ਦੀਵਾਨ ਰਾਮ ਤਲਾਈ ਸਜਦੇ, ਤੇ ਲੰਗਰ ਆਦਿ ਦਾ ਪ੍ਰਬੰਧ ਨਾਮਧਾਰੀ ਧਰਮਸਾਲਾ ਵਿਖੇ ਕੀਤਾ ਗਿਆ । ਭਾਵੇਂ ਸ: ਆਸਾ ਸਿੰਘ ਜੀ, ਸਦਾ ਸਿੰਘ ਜੀ ਤੇ ਭਗਵਾਨ ਸਿੰਘ ਜੀ ਨੇ ਇਸ ਹੋਲੇ ਲਈ ਯਥਾ ਯੋਗ ਸੇਵਾ ਕੀਤੀ, ਪਰ ਸੰਤ ਜੀਊਣ ਸਿੰਘ ਜੀ ਦਾ ਨਾਮ ਵਿਸ਼ੇਸ਼ ਰੂਪ ਵਿਚ ਵਰਨਣੀਯ ਹੈ ਕਿਉਂਕਿ ਉਹਨਾਂ ਨੇ ਇਸ ਹੋਲੇ ਨੂੰ ਸਫਲ ਬਨਾਉਣ ਲਈ ਆਪਣੇ ਘਰ ਦੇ ਜੇਵਰ, ਪੂੰਜੀ ਆਦਿ ਸਭ ਗਹਿਣੇ ਪਾ ਦਿੱਤੇ । ਅੰਮ੍ਰਿਤਸਰ ਦੇ ਕੂਚੇ, ਬਾਜ਼ਾਰ, ਗਲੀਆਂ ਨਾਮਧਾਰੀ ਸਿੰਘਾਂ ਦੀਆਂ ਮਿੱਠੀਆਂ-ਮਿੱਠੀਆਂ ਧੁਨਾਂ ਨਾਲ ਮਹਿਕ ਰਹੀਆਂ ਸਨ । ਇਸ ਹੋਲੇ ਤੇ ਸੰਤ ਨਿਧਾਨ ਸਿੰਘ ਜੀ ਆਲਿਮ ਨੇ ਕਈ ਸੱਜਣਾਂ ਦੇ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਦਲੀਲਾਂ ਦੇ ਆਧਾਰ ਤੇ ਸ਼ੰਕੇ ਨਵਿਰਤ ਕੀਤੇ । ਨਾਮਧਾਰੀ ਪ੍ਰਚਾਰਕਾਂ ਨੇ ਪਰਤਖਿ ਦਾ ਅਰਥ ਸਾਖਿਆਤ ਕਰਕੇ ਦਸਿਆ । "ਹੋ ਦੈ ਪਰਤਖਿ ਗੁਰੂ ਜੋ ਵਿਛੜੇ । ਸਤਿਗੁਰੂ ਪਰਤਖਿ ਹੋ ਦੈ ਬਹਿ ਰਾਜੁ ਆਪ ਟਿਕਾਇਆ" ਆਦਿ ਵਾਕ ਸੁਣ ਕੇ ਸ਼ੰਕਾ ਕਰਨ ਵਾਲੇ ਨਿਰੁਤ੍ਰ ਹੋ ਜਾਂਦੇ । ਅੰਮ੍ਰਿਤਸਰ ਦੇ ਹਿੰਦੂ ਹਵਨ ਤੇ ਬਾਣੀ ਦੀ ਮਰਿਆਦਾ ਵੇਖ ਕੇ ਬਹੁਤ ਪ੍ਰਸੰਨ ਹੋਏ । ਬਹੁਤ ਸਾਰੀਆਂ ਪਾਰਟੀਆਂ ਦੇ ਲੋਕਾਂ ਨੇ ਕਾਂਗਰਸ, ਅਕਾਲੀ, ਬੱਬਰ ਅਕਾਲੀ, ਗਦਰੀ ਬਾਬੇ ਆਦਿ) ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਕੇ ਆਸ਼ੀਰਵਾਦ ਪ੍ਰਾਪਤ ਕੀਤਾ ।

ਹੋਲੇ ਦੇ ਭੋਗ ਵਾਲੇ ਦਿਨ ਵੱਖ-ਵੱਖ ਥਾਵਾਂ ਤੋਂ ਅਰਜ਼ਾਂ ਆਈਆਂ । ਗੁਜਰਾਂਵਾਲੇ ਦੀ ਸਾਧ ਸੰਗਤ ਨੇ ਸੰਤ ਕੇਸਰ ਸਿੰਘ ਜੀ ਚਵਿੰਡਾ ਨੂੰ ਵੀ ਨਾਲ ਲੈ ਕੇ ਹੋਲਾ ਕਰਨ ਲਈ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ

ਸੰਤਾਂ ਨੂੰ ਸਾਧ ਸੰਗਤ ਵਿਚ ਖਲੋਤੇ ਵੇਖ ਕੇ ਅਰਜ਼ ਬੇਨਤੀ ਪ੍ਰਵਾਨ ਕਰ ਲਈ। ਸਤਿਗੁਰੂ ਪ੍ਰਤਾਪ ਸਿੰਘ ਜੀ ਹੋਲੇ ਤੋਂ ਅਗਲੇ ਦਿਨ ਵੀ ਅੰਮ੍ਰਿਤਸਰ ਵਿਖੇ ਹੀ ਦਰਸ਼ਨ ਦਿੱਤੇ। ਰਾਗੀ ਸਿੰਘਾਂ ਦਾ ਰਾਗ ਸੁਣਿਆ, ਕਾਂਗਰਸ ਦੇ ਕੁਝ ਸੱਜਣਾਂ ਨਾਲ, ਦੇਸ਼ ਭਗਤਾਂ ਤੇ ਸਾਧੂਆਂ ਨਾਲ 'ਬਚਨ ਬਿਲਾਸ' ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

## 1982 ਬਿਕ੍ਰਮੀ–1926 ਈਸਵੀ, ਹੋਲਾ ਗੁਜਰਾਂਵਾਲੇ (ਖਾਸ)।

1982 ਬਿਕ੍ਰਮੀ–1926 ਈਸਵੀ ਦਾ ਹੋਲਾ ਗੁਜਰਾਂਵਾਲੇ ਗੋਂਦਲਾਂ ਵਾਲੇ ਸੜਕ ਤੇ, ਨਾਮਧਾਰੀ ਧਰਮ-ਸ਼ਾਲਾ ਵਿਖੇ ਆਯੋਜਿਤ ਕੀਤਾ ਗਿਆ। ਗੁਜਰਾਂਵਾਲੇ ਦੇ ਸੰਤ ਬਲਵੰਤ ਸਿੰਘ ਜੀ ਆੜ੍ਹਤੀ, ਈਸ਼ਰ ਸਿੰਘ, ਗੁਰਦਿਤ ਸਿੰਘ ਘਿਉ ਵਾਲੇ, ਇੰਦਰ ਸਿੰਘ ਜੀ ਜਥੇਦਾਰ, ਗੰਡਾ ਸਿੰਘ ਜੀ ਮਿਸਤ੍ਰੀ, ਸੇਠ ਦਿਆਲ ਸਿੰਘ ਤੇ ਟਹਿਲ ਸਿੰਘ ਜੀ ਤੇ ਸਾਰੀ ਸਾਧ-ਸੰਗਤ ਨੇ ਮਿਲ-ਜੁਲ ਕੇ ਹੋਲੇ ਦੀ ਉਗਰਾਹੀ ਤੇ ਸਾਰਾ ਪ੍ਰਬੰਧ ਬੜੀ ਲਗਨ ਤੇ ਅਣੱਥਕ ਮਿਹਨਤ ਨਾਲ ਕੀਤਾ।

**ਸੰਤ ਕੇਸਰ ਸਿੰਘ ਜੀ ਚਵਿੰਡਾ**—ਇਸ ਹੋਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਸਾਨੂੰ ਸੰਤ ਕੇਸਰ ਸਿੰਘ ਜੀ ਚਵਿੰਡਾ ਵਾਲਿਆਂ ਦੇ ਬਚਨ ਯਾਦ ਆ ਜਾਂਦੇ ਹਨ, "ਮਹਾਰਾਜ ਐਡੀ ਵੱਡੀ ਕਾਰ ਕਲਿਜੁਗੀ ਜੀਵਾਂ ਤੋਂ ਨਾ ਲਿਆ ਕਰੋ। ਇਹ ਜੀਅ ਐਡਾ ਭਾਰ ਨਹੀਂ ਚੁੱਕ ਸਕਦੇ ਤੇ ਅਸੀਂ ਇਹ ਮੰਗ ਮੰਗਦੇ ਹਾਂ ਕਿ ਆਪਣੀ ਬਖਸ਼ਸ਼ ਦਾ ਦਰਵਾਜ਼ਾ ਇਹਨਾਂ ਜੀਆਂ ਲਈ ਸਦਾ ਖੁਲ੍ਹਾ ਰਖਣਾ।

ਮਿਸਤ੍ਰੀ ਗੰਡਾ ਸਿੰਘ ਹੋਰਾਂ ਨੂੰ ਵੇਖ ਕੇ ਸਾਨੂੰ ਸੰਤਾਂ ਦੇ ਬਚਨ ਯਾਦ ਆ ਜਾਂਦੇ ਹਨ, ਤੁਸੀਂ ਸਾਰੇ ਹੀ ਨਾਜ਼ਾਇਜ਼ ਫਾਇਦਾ ਉਠਾ ਲੈਂਦੇ ਹੋ, ਜਾਉ ਸਾਰਿਆਂ ਦੇ ਕਸੂਰ ਬਖਸ਼ੇ ਜਾਂਦੇ ਹਨ, ਪਰ ਅੱਗੋਂ ਤੋਂ ਕੋਈ ਵੀ ਕੂਕਾ ਐਸੀ ਮਨ-ਮਤ ਨਾ ਕਰੇ।"

ਇਸ ਹੋਲੇ ਦੀ ਖਾਸ ਵਿਸ਼ੇਸ਼ਤਾ ਇਹ ਵੀ ਸੀ, ਕਿ ਇਸ ਹੋਲੇ ਦੀ ਪ੍ਰਵਾਨਗੀ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਸੰਤ ਕੇਸਰ ਸਿੰਘ ਚਵਿੰਡਾ ਨੇ ਅਰਜ਼ ਬੇਨਤੀ ਕੀਤੀ ਸੀ, ਪਰ ਉਹ ਦੇਹ ਕਰਕੇ ਇਸ ਹੋਲੇ ਤੇ ਨਹੀਂ ਸਨ।

ਸੰਤ ਕੇਸਰ ਸਿੰਘ ਜੀ ਚਵਿੰਡਾ ਨੂੰ ਢਿਲਿਆਂ ਵੇਖ ਕੇ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਨੇ ਸੰਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ "ਬਾਬਾ ਜੀ ਹੋਲਾ ਆਪ ਜੀ ਨੇ ਏਥੇ ਲਿਆਂਦਾ ਹੈ, ਕ੍ਰਿਪਾ ਕਰਕੇ ਇਸ ਨੂੰ ਨੇਪਰੇ ਵੀ ਤੁਸਾਂ ਹੀ ਚਾੜ੍ਹਨਾ ਹੈ। ਇਸ ਤਰ੍ਹਾਂ ਨਾ ਕਰੋ।" ਸੰਤਾਂ ਨੇ ਬਚਨ ਕੀਤਾ, "ਇਸ ਤੋਂ ਪਹਿਲਾਂ ਦੋ ਵਾਰੀ ਮੈਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਭੇਜਿਆ ਹੁਕਮ ਮੋੜਿਆ ਹੈ। ਹੁਣ ਤੀਸਰੀ ਵਾਰ ਆਇਆ ਹੁਕਮ ਮੋੜਨਾ ਮੇਰੇ ਲਈ ਅਸੰਭਵ ਹੈ। ਇਸ ਕਰਕੇ ਮੈਂ ਇਹ ਸਰੀਰ ਨਹੀਂ ਰੱਖ ਸਕਦਾ ਪਰ ਮੈਂ ਸਤਿਗੁਰੂ ਜੀ ਦੀ ਸੇਵਾ ਵਿਚ ਅਰਜ਼ ਜ਼ਰੂਰ ਕਰਾਂਗਾ, ਕਿ ਹੋਲੇ ਵਿਚ ਨਾ ਜਲ ਮੁੱਕੇ ਤੇ ਨਾ ਅੰਨ। ਹੋਲਾ ਹਰ ਪ੍ਰਕਾਰ ਨਿਰਵਿਘਨ ਸਮਾਪਤ ਹੋਵੇ। ਸੱਚੇ ਪਾਤਸ਼ਾਹ ਇਹ ਅਰਜ਼ ਜ਼ਰੂਰ ਮੰਨ ਲੈਣਗੇ ਤੇ ਹੋਲਾ ਨਿਰਵਿਘਨ ਹੋਵੇਗਾ। ਤੁਸਾਂ ਕੋਈ ਫਿਕਰ ਨਾ ਕਰਨਾ।" ਸੰਤਾਂ ਦਾ ਇਹ ਬਚਨ ਰੰਗ ਲਿਆਇਆ ਤੇ ਹੋਲੇ ਤੇ

ਕਿਸੇ ਕਿਸਮ ਦੀ ਤੋਟ ਨਾ ਆਈ ।

ਸੰਤ ਮੰਗਲ ਸਿੰਘ ਜੀ, ਆਲਿਮ ਜੀ, ਇੰਦਰ ਸਿੰਘ ਜੀ ਚੱਕਰਵਰਤੀ ਆਦਿ ਨੇ ਨਾਮਧਾਰੀ ਮਰਿਆਦਾ ਦੇ ਇਤਿਹਾਸ ਤੇ ਚਾਨਣਾ ਪਾਂਦਿਆਂ ਹੋਇਆਂ ਤਾੜਨਾ ਕੀਤੀ ਕਿ ਕੂਕਾ ਆਪਣੀ ਧੀ ਕਦੇ ਕਿਸੇ ਕੁਸੰਗੀ ਨੂੰ ਨਾ ਦੇਵੇ, ਨਾ ਮੰਗਣੀ ਕਰੇ ਤੇ ਭੇਡ-ਚਾਲ ਵਿਚ ਪੈ ਕੇ ਫਜ਼ੂਲ ਰਸਮਾਂ ਤੇ ਖਰਚ ਕਰਕੇ ਨਾ ਉਜਾੜੇ । ਵਰੀ, ਦਾਜ ਦਾ ਵਿਖਾਲਾ ਆਦਿ ਨਾ ਕਰੇ । ਇਸ ਗੱਲ ਦੀ ਸਰਾਹੁਣਾ ਕੀਤੀ ਕਿ ਨਾਮਧਾਰੀ ਆਪਣੇ ਨਾਮਧਾਰੀ ਪਹਿਰਾਵੇ ਵਿਚ ਸਜ, ਪ੍ਰਚਾਰ ਕਰ ਦੁਨੀਆਂ ਨੂੰ ਦਸਿਆ ਹੈ ਕਿ ਅਸਲ ਨਾਮਧਾਰੀ ਇਸ ਤਰ੍ਹਾਂ ਦਾ ਹੁੰਦਾ ਹੈ ਜੇਕਰ ਉਹ ਇਸ ਤਰ੍ਹਾਂ ਦੀਆਂ ਰਸਮਾਂ ਵਿਚ ਪਵੇਗਾ, ਤਾਂ ਉਸਨੂੰ ਸਖਤ ਡੰਨ ਲਗੇਗਾ । ਹਰ ਰੋਜ਼ ਨਵੇਂ ਮਤੇ ਪਾਸ ਹੁੰਦੇ ਤੇ ਸਾਧ-ਸੰਗਤ ਨੂੰ ਸੁਣਾਏ ਜਾਂਦੇ । ਗ਼ਰੀਬਾਂ ਦੇ ਗਲੇ ਵਿਚੋਂ ਵਾਧੂ ਰਸਮਾਂ ਰਿਵਾਜ਼ਾਂ ਦੀਆਂ ਬੇੜੀਆਂ ਲਾਹੁਣ ਦੇ ਪ੍ਰੋਗਰਾਮ ਉਲੀਕੇ ਗਏ । ਅਖਰੀਲੇ ਦਿਨ ਹਵਨ ਕੀਤਾ ਗਿਆ, ਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ । ਅਗਲੇ ਸਾਲ ਦਾ ਹੋਲਾ ਜ਼ਿਲ੍ਹਾ ਸਿਆਲ-ਕੋਟ ਵਿਖੇ ਕਰਨ ਦਾ ਪ੍ਰੋਗਰਾਮ ਬਣਿਆ ।

## 1983 ਬਿਕ੍ਰਮੀ-1927 ਈਸਵੀ, ਹੋਲਾ ਨਾਰੋਵਾਲ-ਸਿਆਲਕੋਟ ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਨਾਰੋਵਾਲ, ਜ਼ਿਲ੍ਹਾ ਸਿਆਲਕੋਟ ਵਿਖੇ ਦਰਸ਼ਨ ਦਿੱਤੇ । ਸਾਰੀ ਸੰਗਤ ਬਾਜ਼ਾਰਾਂ, ਗਲੀਆਂ ਵਿਚ ਆਪਣੇ ਪਿਆਰੇ ਪ੍ਰੀਤਮ ਦੇ ਰੰਗ ਵਿਚ ਰੰਗੇ ਹੋਏ ਮਸਤ ਬਿਰਤੀ ਵਿਚ ਢੋਲਕੀ ਛੈਣਿਆਂ ਦੀ ਮਧੁਰ ਛਣਕਾਰ ਨਾਲ ਕੀਰਤਨ ਕਰਦੇ ਨਾਰੋਵਾਲ ਦੀ ਰੌਣਕ ਵਧਾ ਰਹੇ ਸਨ । ਸਤਿਗੁਰੂ ਜੀ ਆਪ ਘੋੜੇ ਤੇ ਸਵਾਰ ਸਨ ਤੇ ਰਾਗੀ ਆਦਿ ਸਾਧ-ਸੰਗਤ ਗਡਿਆਂ ਤੇ ਟਾਂਗਿਆਂ ਤੇ ਪ੍ਰਚਾਰ ਕਰਦੇ-ਕਰਦੇ ਸ਼ਬਦ ਪੜ੍ਹਦੇ ਜਾ ਰਹੇ ਸਨ । ਭੁਖ, ਤ੍ਰੇਹ, ਧੂੜ, ਧੁੱਪ ਕੁਝ ਬੱਚੇ ਤੇ ਬਿਰਧ ਮਹਿਸੂਸ ਕਰ ਰਹੇ ਸਨ । ਕਈਆਂ ਦੀਆਂ ਜੇਬਾਂ ਦਾ ਸਫਾਇਆ ਹੋਇਆ । ਕੁਝ ਸ਼ਰਧਾਲੂਆਂ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, 'ਇਹ ਜਲੂਸ ਦਾ ਰਿਵਾਜ ਤਾਂ ਸਿਰਫ ਜਗਤ ਵਿਖਾਲਾ ਹੈ ।' ਸਤਿਗੁਰੂ ਜੀ ਨੇ ਸਹਿਮਤੀ ਪ੍ਰਗਟ ਕਰਦਿਆਂ ਕਿਹਾ, 'ਕਿ ਅੱਗੋਂ ਤੋਂ ਜਲੂਸ ਇਸ ਤਰ੍ਹਾਂ ਨਾ ਕੱਢਿਆ ਜਾਵੇ । ਹਾਂ ਜਦੋਂ ਕਿਸੇ ਦਾ ਕੋਈ ਖਾਸ ਸੁਆਗਤ ਕਰਨਾ ਹੋਵੇ, ਤਦੋਂ ਜਲੂਸ ਕੱਢ ਸਕਦੇ ਹੋ ।'

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਬੰਧਕਾਂ ਨੂੰ ਕਿਹਾ ਕਿ ਖੁਲ੍ਹਿਆਂ ਦੇ ਲੰਗਰ ਦਾ ਪ੍ਰਬੰਧ ਵੱਖਰੇ ਤੌਰ ਤੇ ਕੀਤਾ ਜਾਵੇ । ਪਰ ਪ੍ਰਬੰਧਕਾਂ ਨੇ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ । ਜਿਸਦਾ ਪਰਿਣਾਮ ਇਹ ਹੋਇਆ, ਭੀੜ ਬਹੁਤ ਜ਼ਿਆਦਾ ਹੋਣ ਕਰਕੇ ਲੋਕ ਬੇਕਾਬੂ ਹੋ ਰਹੇ ਸਨ ਇਸ ਲਈ ਕਿ ਖੁਲ੍ਹੇ ਲੋਕਾਂ ਨੇ ਲੰਗਰ ਵਾਲੀ ਜਗ੍ਹਾ ਤੇ ਕੰਧਾਂ ਕੋਠੇ ਟੱਪ ਕੇ ਹੱਲਾ ਗੁੱਲਾ ਕਰਨਾ ਸ਼ੁਰੂ ਕਰ ਦਿੱਤਾ । ਪ੍ਰਬੰਧਕਾਂ ਨੇ ਜਾ ਕੇ ਸਤਿਗੁਰੂ ਜੀ ਕੋਲੋਂ ਆਪਣੀ ਭੁੱਲ ਬਖਸ਼ਾਈ । ਖੁਲ੍ਹਿਆਂ ਲਈ ਵੱਖਰਾ ਪ੍ਰਬੰਧ ਕੀਤਾ

ਸਤਿਗੁਰੂ ਜੀ ਨੇ ਹੁਕਮ ਕੀਤਾ, 'ਬਜ਼ਾਰ ਦੇ ਵਿਚ ਤੰਦੂਰ ਤਪਾ ਦੇਵੋ ਤੇ ਆਪੇ ਪਕਾਓ ਤੇ ਆਪੇ ਖਾਓ ਵਾਲਾ ਸਿਧਾਂਤ ਬਹੁਤ ਕਾਮਯਾਬ ਹੋਇਆ ।' ਭੀੜ ਭੜੱਕਾ ਕਾਬੂ ਵਿਚ ਆ ਗਿਆ ਤੇ ਸਿੱਖਾਂ ਸ਼ਰਧਾਲੂਆਂ ਸੁੱਖ ਦਾ ਸਾਹ ਲਿਆ । ਸਭ ਸਾਧ-ਸੰਗਤ ਨੇ ਮੇਲੇ ਦਾ ਰਸ ਮਾਣਿਆ ਤੇ 'ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ।' ਦਾ ਗੁਰਵਾਕ ਸਚ ਹੋ ਰਿਹਾ ਸੀ । ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੇ ਨਮਿੱਤ ਪਾਠਾਂ ਦੇ ਭੋਗ ਪਾਏ ਗਏ । ਹਵਨ ਤੇ ਅੰਮ੍ਰਿਤ ਤਿਆਰ ਕੀਤਾ ਗਿਆ । ਸੈਂਕੜੇ ਲੋਕ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ । ਕੜਾਹ ਪ੍ਰਸਾਦ ਦੇ ਖੁਲ੍ਹੇ ਗੱਫੇ ਵਰਤਾਏ ਗਏ । ਅਗਲੇ ਹੋਲੇ ਦੀ ਮੰਗ ਵਲਟੋਹੇ ਦੀ ਸਾਧ-ਸੰਗਤ ਵਲੋਂ ਹੋਈ ।

## 1984 ਬਿਕ੍ਰਮੀ–1928 ਈਸਵੀ, ਹੋਲਾ ਪਿੰਡ ਵਲਟੋਹਾ (ਲਾਹੌਰ) ।

ਸਤਿਗੁਰੂ ਜੀ ਸੰਨ 1984 ਬਿਕ੍ਰਮੀ ਦੇ ਹੋਲੇ ਤੇ ਆਪਣੇ ਸਿੱਖਾਂ ਸੇਵਕਾਂ ਸਮੇਤ ਵਲਟੋਹੇ, ਜ਼ਿਲ੍ਹਾ ਲਾਹੌਰ ਵਿਖੇ ਦਰਸ਼ਨ ਦਿੱਤੇ । ਜ਼ਿਲ੍ਹੇ ਦੀ ਸੰਗਤ ਨੇ ਆਏ ਗਏ ਦੀ ਸੇਵਾ ਕਰਨ ਵਿਚ ਕੋਈ ਕਸਰ ਨਾ ਛੱਡੀ ਪਰ ਸੰਤ ਸੁਰਜਨ ਸਿੰਘ ਜੀ, ਲੱਛਮਣ ਸਿੰਘ ਜੀ, ਕਪੂਰ ਸਿੰਘ ਜੀ, ਦਸੌਂਧਾ ਸਿੰਘ ਜੀ ਦੇ ਨਾਮ ਵਿਸ਼ੇਸ਼ ਰੂਪ ਵਿਚ ਵਰਨਣੀਯ ਹਨ । ਇਸ ਹੋਲੇ ਤੇ ਸੰਤ ਫਤਹਿ ਸਿੰਘ ਜੀ ਭਲਵਾਨ ਨੇ ਆਪਣਾ ਸਰੀਰ ਤਿਆਗ ਦਿੱਤਾ । ਫਤਹਿ ਸਿੰਘ ਜੀ, ਜੋ ਕਿ ਉੱਚੇ ਲੰਮੇ ਨੌਜੁਆਨ ਸਨ, ਦਾ ਘਰ ਸਾਧ-ਸੰਗਤ ਲਈ ਆਕਰਸ਼ਨ ਦਾ ਕੇਂਦਰ ਬਣਿਆ ਹੋਇਆ ਸੀ । ਵੱਡੇ-ਵੱਡੇ ਪੱਥਰ ਦੇ ਪੁੜ ਪਏ ਸਨ, ਜਿਨ੍ਹਾਂ ਨਾਲ ਉਹ ਕਸਰਤ ਕਰਦੇ ਸਨ, ਕੋਠੇ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦਾ ਸਫੈਦ ਝੰਡਾ ਉਸੇ ਤਰ੍ਹਾਂ ਹੀ ਝੂਲਦਾ ਵਿਖਾਈ ਦੇ ਰਿਹਾ ਸੀ । ਘਰ ਦੇ ਵੱਡਿਆਂ ਬਜ਼ੁਰਗਾਂ ਕੋਲੋਂ ਉਹਨਾਂ ਦੇ ਕਾਰਨਾਮਿਆਂ ਬਾਰੇ ਸੁਣਦੇ ਕਿ ਕਿਵੇਂ ਉਹ ਆਪਣੀ ਮਾਨੋ ਨੂੰ ਹਾਰ ਸ਼ਿੰਗਾਰ ਕੇ ਮੋਢਿਆਂ ਤੇ ਚੁਕੀ ਫਿਰਦੇ ਸਨ, ਤੇ ਉਸਦਾ ਨਾਮ ਪ੍ਰੇਮ ਸਿੰਘ ਰਖਿਆ ਹੋਇਆ ਸੀ । ਲੋਕਾਂ ਦੇ ਪੁਛਣ ਤੇ ਕਹਿੰਦੇ "ਮੈਂ ਮਾਨੋ ਦਾ ਬਚਨ ਨਹੀਂ ਮੰਨਦਾ, ਆਪਣੇ ਗੁਰੂ ਦਾ ਬਚਨ ਮੰਨਦਾ ਹਾਂ ।" ਘਰ-ਘਰ ਵਿਚ ਲੰਗਰ ਲਗੇ ਹੋਏ ਸਨ । ਅੰਤਿਮ ਦਿਨ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸੈਂਕੜੇ ਆਦਿ ਤੇ ਦਸਮ-ਗ੍ਰੰਥ ਦੇ ਅਖੰਡ ਤੇ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰਾਗੀਆਂ ਦੇ ਨਾਲ ਮਿਲ ਬੈਠ ਕੇ ਗੀਤ ਸਭਾਵਾਂ ਕਰਕੇ ਰਜ ਕੇ ਆਨੰਦ ਮਾਣਿਆ । ਭੋਗ ਪੈਣ ਸਮੇਂ ਅਗਲੇ ਹੋਲੇ ਬਾਰੇ ਅਰਜ਼ ਸਿਆਹੜ, ਜ਼ਿਲ੍ਹਾ ਸਿਆਲਕੋਟ ਦੀ ਸਾਧ-ਸੰਗਤ ਨੇ ਕੀਤੀ ਤੇ ਸਤਿਗੁਰੂ ਜੀ ਨੇ ਪ੍ਰਵਾਨਗੀ ਦੇ ਦਿੱਤੀ ।

## 1985 ਬਿਕ੍ਰਮੀ–1929 ਈਸਵੀ, ਹੋਲਾ ਪਿੰਡ ਸਿਆਹੜ (ਲੁਧਿਆਣਾ)।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਸਿਆਹੜ ਪਿੰਡ ਦੀ ਆਪਣੀ ਹੀ ਇਕ ਵਿਸੇਸ਼ ਮਹੱਤਤਾ ਹੈ। ਇਹ ਸੰਤ ਵਸਾਵਾ ਸਿੰਘ ਜੀ, ਸੰਤ ਬੇਲਾ ਸਿੰਘ ਜੀ, ਸੰਤ ਲਾਲ ਸਿੰਘ ਜੀ ਤੇ ਸੰਤ ਰਣ ਸਿੰਘ ਜੀ ਦਾ ਪਿੰਡ ਸੀ, ਮਾਈ ਖੇਮ ਕੌਰ ਵਰਗੀਆਂ ਮਾਈਆਂ ਇਸ ਪਿੰਡ ਦੀਆਂ ਹੋਈਆਂ ਹਨ। ਇਸ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਕੁਝ ਦਿਨ ਪਹਿਲੋਂ ਹੋਲੇ ਵਾਲੇ ਸਥਾਨ ਤੇ ਦਰਸ਼ਨ ਦਿੱਤੇ। ਜਥੇਦਾਰ, ਰਾਗੀ, ਵਿਦਵਾਨਾਂ ਆਦਿ ਨੇ ਢੋਲਕ, ਛੈਣਿਆਂ ਦੀ ਛਣਕਾਰ ਨਾਲ ਸਿਆਹੜ ਦੀ ਧਰਤੀ ਗੁੰਜਾ ਦਿੱਤੀ। ਸੰਤ ਅਜੈਬ ਸਿੰਘ ਜੀ ਆਪਣੇ ਜੱਥੇ ਸਮੇਤ ਸਤਿਗੁਰੂ ਦੇ ਰੰਗ ਵਿਚ ਰੰਗੇ ਹੋਏ ਇਹ ਸਤਰਾਂ "ਜੀ ਮੈਂ ਸੁਣ-ਸੁਣ ਜੀਵਾਂ ਸੋ। ਜਿਹੜੇ ਰਹੇ ਰਾਮ ਦੇ ਹੋ।" ਉੱਚੀ-ਉੱਚੀ ਗਾਇਨ ਕਰ ਰਹੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਾਂਗਰੀ ਕਿਰਪਾ ਸਿੰਘ ਜੀ ਨੂੰ ਕਿਹਾ "ਅੱਜ ਅਜੈਬ ਸਿੰਘ ਸਾਨੂੰ ਪ੍ਰਸ਼ਾਦਾ ਨਹੀਂ ਛਕਣ ਦਿੰਦਾ।" ਉਸ ਵੇਲੇ ਸਾਧ-ਸੰਗਤ ਵਿਚ ਆ ਕੇ ਦਰਸ਼ਨ ਦਿੱਤੇ ਤੇ ਸਾਰੇ ਦੀਵਾਨ ਦਾ ਆਨੰਦ ਮਾਣਿਆ। ਸਿੱਖਾਂ ਸਾਧਾਂ ਵਿਚ ਉਸੇ ਜਗ੍ਹਾ ਬਿਰਾਜ ਗਏ। ਸਤਿਗੁਰੂ ਜੀ ਅਜੈਬ ਸਿੰਘ ਹੋਰਾਂ ਦੇ ਸ਼ਬਦਾਂ ਦੀ ਮਿਠਾਸ ਤੇ ਰਸ ਦੀ ਸਲਾਹੁਣਾ ਕੀਤੀ ਕਿਉਂਕਿ ਇਕ ਤਾਂ ਉਹ ਗ੍ਰਿਹਸਤੀ ਸਨ, ਦੂਜਾ ਕਿਰਤ ਦੀ ਕਮਾਈ ਤੇ ਭਰੋਸਾ ਰਖਦੇ ਸਨ ਤੇ ਪੰਥ ਪਿਆਰ ਵਿਚ ਰੁਝੇ ਪੰਥਕ ਕੰਮ ਸਿਰੇ ਚਾੜ੍ਹਦੇ ਸਨ।

**ਮਾਈਆਂ ਤੇ ਕਿਰਪਾ**—ਪਿੰਡ ਸਿਆਹੜ ਉਹ ਹੈ, ਜਿਥੇ ਸਤਿਗੁਰੂ ਰਾਮ ਸਿੰਘ ਜੀ ਨੇ 1915 ਈਸਵੀ ਵਿਚ ਮਾਈਆਂ ਨੂੰ ਅੰਮ੍ਰਿਤ ਛਕਾ ਕੇ ਪੁਰਖਾਂ ਨਾਲ ਬਰਾਬਰੀ ਤੇ ਲੈ ਆਂਦਾ ਸੀ। ਸਭ ਤੋਂ ਪਹਿਲਾਂ, ਸੰਤ ਰਣ ਸਿੰਘ ਜੀ ਨੰਬਰਦਾਰ ਦੀ ਮਹਿਲਾ ਖੇਮ ਕੌਰ ਨੇ ਕਛਹਿਰਾ ਧਾਰਨ ਕਰਕੇ ਅੰਮ੍ਰਿਤਪਾਨ ਕੀਤਾ ਤੇ ਫਿਰ 20-25 ਮਾਈਆਂ ਨੇ ਕਛਹਿਰਾ ਪਹਿਣ ਕੇ ਅੰਮ੍ਰਿਤ ਛਕ ਕੇ ਆਪਣਾ ਜਨਮ ਸਫਲ ਕੀਤਾ ਸੀ।

ਦੋ ਸਾਲ ਬਾਅਦ ਇਸ ਮਾਈ ਖੇਮ ਕੌਰ ਨੇ ਰਾਮ-ਸਰ ਦੇ ਕੰਢੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਸੋਧ ਰਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਮਾਈ ਖੇਮ ਕੌਰ ਨੂੰ ਰਾਮਸਰੋਂ ਇਸ਼ਨਾਨ ਕਰਾ ਸੋਧ ਰਖਾਈ ਤੇ ਉਸਨੂੰ ਸੋਧ ਦੀ ਮਰਿਆਦਾ ਦੀ ਸੰਥਾ ਦਿੱਤੀ। ਬੀਬੀ ਖੇਮ ਕੌਰ ਨਾਮਧਾਰੀ ਇਸਤ੍ਰੀ ਜਗਤ ਵਿਚ ਪਹਿਲੀ ਬੀਬੀ ਸੀ, ਜਿਸ ਨੇ ਕਛਹਿਰਾ ਧਾਰਨ ਕੀਤਾ, ਜਿਸ ਨੇ ਅੰਮ੍ਰਿਤ-ਪਾਨ ਕੀਤਾ, ਜਿਸ ਨੇ ਸੁਚ ਸੋਧ ਦੀ ਮਰਿਆਦਾ ਨੂੰ ਧਾਰਨ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਮਾਈ ਨੂੰ ਸਿਖਿਆ ਦਿੱਤੀ, "ਬੱਚੇ ਨੂੰ ਜਨਮ ਲੈਂਦਿਆਂ ਸਾਰ ਹੀ ਭਜਨ ਦੇਣਾ ਅਤਿ ਜ਼ਰੂਰੀ ਹੈ। ਜੇਕਰ ਨੇੜੇ ਕੋਈ ਸਾਧ-ਸੰਤ ਨਾ ਮਿਲੇ, ਤਾਂ ਮਾਤਾ ਆਪੇ

ਹੀ ਭਜਨ ਦੇ ਸਕਦੀ ਹੈ। ਭਜਨ ਦਸ ਕੇ ਹੀ ਗੁੜ੍ਹਤੀ ਤੇ ਦੁੱਧ ਦੇਣਾ ਚਾਹੀਦਾ ਹੈ।"

ਪੰਡਤ ਬਸੰਤ ਜੀ ਨੇ ਦੀਵਾਨ ਵਿਚ ਦਸਿਆ ਕਿ ਇਸੇ ਹੀ ਪਿੰਡ ਦੇ ਸੰਤ ਵਸਾਵਾ ਸਿੰਘ ਜੀ ਤੇ ਲਾਲ ਸਿੰਘ ਜੀ ਨੂੰ ਦੋ ਸਾਲ ਦੀ ਕੈਦ ਸਿਰਫ ਇਸ ਕਰਕੇ ਹੀ ਭੁਗਤਣੀ ਪਈ ਕਿ ਉਹ ਆਪਣੇ ਨਾਮਧਾਰੀਪੁਣੇ ਵਿਚ ਪੱਕੇ ਸਨ ਤੇ ਸਾਧ-ਸੰਗਤ ਦੀ ਹਰ ਤਰ੍ਹਾਂ ਨਾਲ ਸੇਵਾ ਕਰਨ ਵਿਚ ਤਤੱਪਰ ਰਹਿੰਦੇ ਸਨ। ਸੰਤ ਵਸਾਵਾ ਸਿੰਘ ਜੀ ਦੇ ਘਰੋਂ ਬੇਬੇ ਜਿੰਦਾ ਜੀ ਨੇਤ੍ਰਹੀਣ ਸਨ, ਪਰ ਉਹ ਸਾਧ-ਸੰਗਤ ਲਈ ਆਟਾ ਆਪਣੇ ਹੱਥੀਂ ਪੀਸਦੇ ਸਨ।

ਸਿਆਹੜ ਨਗਰ ਵਿਖੇ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਮਲੇਰ-ਕੋਟਲੇ ਦੇ ਸਿੱਖਾਂ ਤੇ ਚਲਦੀਆਂ ਤੋਪਾਂ ਸੁਣ ਕੇ ਬਚਨ ਕੀਤਾ ਸੀ, "ਇਹ ਮੇਰੇ ਬੇਦੋਸੇ ਲਾਲਾਂ ਤੇ ਚਲਦੀਆਂ ਹਨ।" ਤੇ ਸਤਿਗੁਰੂ ਜੀ ਨੇ ਸੰਤ ਵਸਾਵਾ ਸਿੰਘ ਜੀ ਨੂੰ ਅਗਾਂਹ ਜਾ ਕੇ ਵੇਖਣ ਲਈ ਹੁਕਮ ਕੀਤਾ ਸੀ ਕਿ ਤੋਪਾਂ ਭਰਮਾਰ ਹਨ ਕਿ ਖਾਲੀ।

ਸਾਰੀ ਜ਼ਿਲ੍ਹੇ ਦੀ ਸਾਧ-ਸੰਗਤ ਨੇ ਮਿਲ-ਜੁਲ ਕੇ ਤਿੰਨ ਦਿਨ ਲਗਾਤਾਰ ਸੇਵਾ ਕੀਤੀ। ਅੰਤਲੇ ਦਿਨ ਹਵਨ ਹੋਇਆ। ਕੜਾਹ ਪ੍ਰਸ਼ਾਦ ਤੇ ਅੰਮ੍ਰਿਤ ਤਿਆਰ ਕੀਤਾ ਗਿਆ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਅਗਲੇ ਹੋਲੇ ਲਈ ਚੂੰਨੀ, ਜ਼ਿਲ੍ਹਾ ਅੰਬਾਲਾ ਦੀ ਸਾਧ-ਸੰਗਤ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਤੇ ਉਹ ਪ੍ਰਵਾਨ ਹੋ ਗਈ।

## 1986 ਬਿਕ੍ਰਮੀ-1930 ਈਸਵੀ, ਹੋਲਾ ਚੂੰਨੀ (ਅੰਬਾਲਾ)।

ਹੋਲੇ ਤੋਂ ਕੁਝ ਦਿਨ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਰਾਹੀਂ ਸਤਿਜੁਗ ਦੇ ਪੰਨਿਆਂ ਤੇ ਸਭ ਜ਼ਿਲ੍ਹਿਆਂ ਦੇ ਪ੍ਰਚਾਰਕਾਂ ਬਾਰੇ ਇਸ ਹੋਲੇ ਤੇ ਪੁੱਜਣ ਲਈ ਆਗਿਆ ਦਿੱਤੀ ਤੇ ਨਾਲ ਹੀ ਹੁਕਮ ਕੀਤਾ ਕਿ ਕੋਈ ਵੀ ਨਾਮਧਾਰੀ ਘਿਉ ਨਾ ਵੇਚੇ। ਸਤਿਗੁਰੂ ਪ੍ਰਤਾਪ ਸਿੰਘ ਜੀ ਪੂਰਾ ਮੁੱਲ ਦੇ ਕੇ ਘਿਉ ਆਪ ਖਰੀਦ ਲੈਂਦੇ।

ਇਹ ਹੋਲਾ ਸੰਤ ਹੀਰਾ ਸਿੰਘ, ਭਗਵਾਨ ਸਿੰਘ ਤੇ ਚੂੰਨੀ ਦੀ ਸੰਗਤ ਨੇ ਮਿਲ-ਜੁਲ ਕੇ ਕੀਤਾ। ਇਸ ਹੋਲੇ ਤੇ ਘੋੜਿਆਂ ਵਾਲਿਆਂ ਤੇ ਮੁਸਲਮਾਨਾਂ ਵਿਚ ਲੜਾਈ ਹੋਈ। ਜਦੋਂ ਮਾਤਾ ਫਤਹਿ ਕੌਰ ਜੀ ਨੂੰ ਪਤਾ ਲਗਿਆ ਤੇ ਮਾਤਾ ਜੀ ਨੇ ਸੁਨੇਹਾ ਭੇਜਿਆ, 'ਤਕੜੇ ਹੋਣ, ਖਰਚ ਭੀ ਲਾਵਾਂਗੀ ਤੇ ਘਿਉ ਭੀ ਬਹੁਤ ਖਾਣ ਨੂੰ ਦੇਵਾਂਗੀ, ਜੇ ਸਿੱਖਾਂ ਤੁਰਕਾਂ ਤੋਂ ਮਾਰ ਨਾ ਖਾਧੀ।" ਪਿੰਡ ਦੇ ਸਿਆਣੇ ਲੋਕਾਂ ਨੇ ਵਿਚ ਪੈ ਕੇ ਸੁਲਹ ਸਫਾਈ ਕਰਾਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤ੍ਰ ਯਾਦ ਵਿਚ ਆਦਿ ਗ੍ਰੰਥ ਸਾਹਿਬ ਦੇ 400 ਅਖੰਡ ਪਾਠਾਂ ਦੇ ਭੋਗ ਪਵਾਏ ਗਏ।

## 1987 ਬਿਕ੍ਰਮੀ–1931 ਈਸਵੀ, ਹੋਲਾ ਸੰਧਵਾ (ਜਲੰਧਰ)।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ 19,20,21,22 ਫੱਗਣ 1987 ਬਿਕ੍ਰਮੀ ਨੂੰ ਸੰਧਵੀ ਹੋਲੇ ਦੇ ਅਵਸਰ ਤੇ ਦਰਸ਼ਨ ਦਿੱਤੇ। ਇਥੇ ਅਕਾਲੀਆਂ ਨੇ ਵਿਰੋਧਤਾ ਪ੍ਰਗਟ ਕਰਦਿਆਂ ਫ਼ੈਸਲਾ ਕੀਤਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਹੀਂ ਕਹਿਣ ਦੇਣਾ। ਸੰਤ ਬੰਤਾ ਸਿੰਘ ਜੀ ਬੂੜੇ ਡੱਲੇ ਵਾਲੇ ਬੜੇ ਤੇਜਸਵੀ ਤੇ ਵੀਰ ਸਨ। ਉਹਨਾਂ ਦੇ ਨਾਲ ਹਮੇਸ਼ਾਂ ਹੀ ਬਹਾਦਰ ਸਿੰਘ ਰਹਿੰਦੇ ਸਨ। ਘੋੜ ਸਵਾਰ ਵੀ ਬਹੁਤ ਵਧੀਆ ਸਨ। ਉਹਨਾਂ ਨੇ ਫ਼ੈਸਲਾ ਕੀਤਾ ਕਿ ਉਹ ਢੋਲਕ ਛੈਣਿਆਂ ਦੇ ਨਾਲ ਸ਼ਬਦ ਪੜ੍ਹਦੇ ਹੋਏ ਆਪਣੇ ਪਿਆਰੇ ਸਤਿਗੁਰੂ ਜੀ ਨੂੰ ਧੰਨ-ਧੰਨ ਸਤਿਗੁਰੂ ਰਾਮ ਸਿੰਘ ਜੀ ਕਹਿ ਕੇ ਜ਼ਰੂਰ ਯਾਦ ਕਰਨਗੇ। ਇਸ ਲਈ ਉਹਨਾਂ ਨੇ ਸੋਚਿਆ ਕਿ ਪਹਿਲਾਂ ਹੱਥ ਜੋੜੇ ਜਾਣਗੇ ਅਗਰ ਉਹ ਨਾ ਮੰਨੇ ਤੇ ਹੱਡ ਤੋੜਾਂਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਬੁਲਾ ਕੇ ਸਮਝਾਇਆ ਕਿ ਚੁੱਪ-ਚਾਪ ਨਾਮ ਬਾਣੀ ਦਾ ਪ੍ਰਚਾਰ ਕਰਦੇ ਹੋਏ, ਮਾਲਾ ਫੇਰਦੇ ਭਜਨ ਕਰਦੇ ਹੋਏ ਦੀਵਾਨ ਵਿਚ ਆਉਣ ਕਿਉਂਕਿ ਨਾਮਧਾਰੀਆਂ ਦਾ ਉਦੇਸ਼ ਸਾਰਿਆਂ ਨਾਲ ਪਰਸਪਰ ਪਿਆਰ ਵਧਾਣਾ ਹੈ। ਸੰਤਾਂ ਨੇ ਸਤਿ ਬਚਨ ਕਿਹਾ ਤੇ ਇਸ ਤਰ੍ਹਾਂ ਵੈਰ ਵਿਰੋਧਤਾ ਖ਼ਤਮ ਹੋ ਗਈ।

**ਬੰਧਨ ਕਾਟੇ**—ਰਾਗੀ ਜੱਥਿਆਂ ਨੇ ਕੀਰਤਨ ਕੀਤਾ, ਕਵੀਆਂ ਨੇ ਕਵਿਤਾਵਾਂ ਪੜ੍ਹੀਆਂ, ਪਰ ਪਹਿਲੇ ਦੋ ਦਿਨ ਬਾਰਿਸ਼ ਨੇ ਬੜੀ ਬੇਸੁਆਦੀ ਕੀਤੀ। ਤੀਸਰੇ ਦਿਨ ਕਵੀ ਦਰਬਾਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤ੍ਰ ਹਸਤ-ਕੰਵਲਾਂ ਨਾਲ ਲੱਖਾ ਸਿੰਘ ਜੀ, ਤਰਨ ਸਿੰਘ ਜੀ ਵਹਿਮੀ, ਤੇਜਾ ਸਿੰਘ, ਡਾ: ਇੰਦਰ ਸਿੰਘ ਦੀਪਕ, ਗੋਪਾਲ ਸਿੰਘ, ਮੋਹਨ ਰਾਮ_ਧਰਮੂ ਕੋਟ ਦੇ ਨੂੰ ਨਕਦ ਇਨਾਮ ਦੇ ਕੇ ਪ੍ਰੋਤਸਾਹਿਤ ਕੀਤਾ। ਇਸ ਹੋਲੇ ਤੇ ਰੂਪਾਣੇ ਦੇ ਉਤਮ ਸਿੰਘ ਤੇ ਅਰਜਨ ਸਿੰਘ ਨੇ ਸਭ ਸਾਧ-ਸੰਗਤ ਨੂੰ ਦਸਿਆ ਕਿ ਕਤਲ ਕਰਨ ਦੇ ਜੁਰਮ ਵਿਚ ਉਹਨਾਂ ਨੂੰ ਫਾਹੀ ਦਾ ਹੁਕਮ ਸੁਣਾਇਆ ਗਿਆ ਪਰ ਉਹਨਾਂ ਦੇ ਅੰਦਰ ਹੋਲਾ ਵੇਖਣ ਦੀ ਬਹੁਤ ਰੀਝ ਸੀ। ਤਰਲੇ ਕੀਤੇ, "ਗ਼ਰੀਬ ਨਿਵਾਜ ਜੀ, ਹੁਣ ਆਪ ਜੀ ਦੀ ਕ੍ਰਿਪਾ ਕਰਕੇ ਹੀ ਅਸੀਂ ਹੋਲਾ ਵੇਖ ਸਕਦੇ ਹਾਂ।" ਉਤਮ ਸਿੰਘ ਨੇ ਦਸਿਆ। ਸਤਿਗੁਰੂ ਜੀ ਨੇ ਉਹਨਾਂ ਦੀ ਅਰਦਾਸ ਸੁਣੀ ਤੇ ਅੱਧੀਂ ਰਾਤੀਂ ਘੋੜੇ ਤੇ ਚੜ੍ਹ ਦਰਸ਼ਨ ਦੇ ਕੇ ਬਚਨ ਕੀਤਾ, "ਹੋਲੇ ਤੇ ਆਵੀਂ', ਭਜਨ ਕਰੋ ਬਰੀ ਹੋਵੋਗੇ। ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਬੰਦ ਖਲਾਸ ਕੀਤੀ, ਫਾਹੀ ਦੇ ਫੰਧਿਆਂ ਤੋਂ ਬਰੀ ਕੀਤਾ ਤੇ ਹੋਲੇ ਮੇਲੇ ਦੇ ਦਰਸ਼ਨ ਕਰਾਏ।"

**ਸੋਧ**—ਸੰਤ ਮੋਹਣ ਸਿੰਘ ਜੀ ਮਸਤਾਨੇ ਹੋ ਕੇ ਹਵਨ-ਕੁੰਡ ਵਿਚ ਜਾ ਡਿਗੇ।

ਉਨ੍ਹਾਂ ਦੇ ਕੁੜਤੇ, ਕਛਹਿਰੇ ਜਾਂ ਸਰੀਰ ਦੇ ਕਿਸੇ ਰੋਮ ਨੂੰ ਤੱਤੀ ਵਾ ਵੀ ਨਾ ਲਗੀ। ਪਹਿਰੇਦਾਰਾਂ ਨੇ ਉਹਨਾਂ ਨੂੰ ਹਵਨ ਵਿਚੋਂ ਬਾਹਰ ਕੱਢਿਆ। ਸੰਤਾਂ ਨੇ ਹੋਕਾ ਦਿੱਤਾ, "ਮੈਨੂੰ ਰੱਬ ਦਾ ਦਰਸ਼ਨ ਹੋਇਆ ਹੈ। ਮੈਂ ਉਸ ਤੋਂ ਸੋਧ ਲਈ ਹੈ। ਜਿਨ੍ਹਾਂ ਉਸਨੂੰ ਮਿਲਣਾ ਹੈ ਸੋਧ ਰੱਖੇ।" ਕਈਆਂ ਨੇ ਅੰਮ੍ਰਿਤ ਛਕ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸੋਧ ਰਖੀ। ਇਸ ਤੋਂ ਉਪਰੰਤ ਸੰਤ ਮੋਹਣ ਸਿੰਘ ਜੀ ਹਮੇਸ਼ਾ ਸੋਧ ਦਾ ਅੰਮ੍ਰਿਤ ਬਣਾ ਕੇ ਗੜ੍ਹਵੇ ਵਿਚ ਰਖਦੇ ਤੇ ਦੌਰਿਆਂ ਦੇ ਦੌਰਾਨ ਸਾਧ-ਸੰਗਤ ਨੂੰ ਅੰਮ੍ਰਿਤ ਛਕਾ ਕੇ ਸੋਧ ਰਖਾਂਦੇ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਆਦਿ ਗ੍ਰੰਥ ਸਾਹਿਬ ਦੇ 18 ਪਾਠਾਂ ਦੇ ਭੋਗ ਪਾਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਪਾਠ ਕਰਨ ਬਾਰੇ ਹੁਕਮਨਾਮਾ ਸਾਰੀ ਸਾਧ-ਸੰਗਤ ਵਿਚ ਖੜੇ ਹੋ ਕੇ ਪੜ੍ਹਿਆ। ਸਤਿਗੁਰੂ ਜੀ ਨੇ ਮੁਕੱਦਮੇ ਸੁਣੇ। ਲੜਕੀਆਂ ਨੂੰ ਗਹਿਣੇ ਪਾਉਣ ਵਾਲਿਆਂ ਨੂੰ, ਵੱਟਾ ਕਰਨ ਵਾਲਿਆਂ ਨੂੰ, ਕਰਜ਼ਾ ਵਾਪਸ ਨਾ ਕਰਨ ਵਾਲਿਆਂ ਨੂੰ, ਮਾਸ ਸ਼ਰਾਬ ਵਰਤਣ ਵਾਲਿਆਂ ਨੂੰ, ਜੱਥੇਦਾਰ ਜੋ ਰਹਿਤ ਨਹੀਂ ਰਖਦੇ ਸਨ ਨੂੰ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਡੰਨ ਲਾਇਆ। 1931 ਈਸਵੀ ਸੰਧਵਾ ਵਿਚ ਹੋਏ ਹੋਲੇ ਤੇ ਬਾਰਸ਼ ਕਰਕੇ ਸਾਧ-ਸੰਗਤ ਨੂੰ ਕਾਫੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਇਸ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਗਾਤਾਰ ਪੰਜ ਸਾਲ ਹੋਲੇ ਸ੍ਰੀ ਭੈਣੀ ਸਾਹਿਬ ਵਿਖੇ ਕਰਨ ਦਾ ਪ੍ਰੋਗਰਾਮ ਬਣਾਇਆ।

## 1988 ਬਿਕ੍ਰਮੀ-1932 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

ਇਹ 1988 ਬਿਕ੍ਰਮੀ-1932 ਈਸਵੀ ਦਾ ਹੋਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਕਰਨ ਦਾ ਪ੍ਰੋਗਰਾਮ ਬਣਾਇਆ ਕਿਉਂਕਿ ਪਿਛਲੇ ਹੋਲੇ ਤੇ ਸਾਧ-ਸੰਗਤ ਨੂੰ ਬਾਰਸ਼ ਦੀ ਵਜ੍ਹਾ ਕਰਕੇ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਸਭ ਮਾਈਆਂ ਨੂੰ ਹੁਕਮ ਕੀਤਾ ਗਿਆ, ਕਿ ਉਹ ਆਪਣੇ ਨਾਮਧਾਰੀ ਪਹਿਰਾਵੇ ਵਿਚ ਹੋਲੇ ਤੇ ਆਉਣ, ਸਿੱਖ ਸਿਧੀ ਦਸਤਾਰ ਸਜਾ ਕੇ ਸਫੈਦ ਬਸਤ੍ਰ ਧਾਰਨ ਕਰਕੇ ਆਉਣ। ਜੱਥੇਦਾਰ ਢੋਲਕ ਛੈਣਿਆਂ ਨਾਲ ਸ਼ਬਦ ਕੀਰਤਨ ਕਰਦੇ ਸ੍ਰੀ ਭੈਣੀ ਸਾਹਿਬ ਅੰਦਰ ਪ੍ਰਵੇਸ਼ ਕਰਨ। 9,10,11 ਦੇ ਦਿਨ ਹੋਲੇ ਲਈ ਮਿਥੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸਾਧ-ਸੰਗਤ ਸ੍ਰੀ ਭੈਣੀ ਸਾਹਿਬ ਦੀ ਪਵਿੱਤ੍ਰ-ਪਾਵਨ ਭੂਮੀ ਵਿਖੇ ਹੋਲੇ ਦਾ ਆਨੰਦ ਮਾਨਣ ਲਈ ਹੁੰਮ-ਹੁੰਮਾ ਕੇ ਪਹੁੰਚੀ। ਸੰਤ ਲਾਲ ਸਿੰਘ ਜੀ ਰਾਗੀ ਆਪਣੇ ਜਥੇ ਸਮੇਤ, ਪ੍ਰਤਾਪ ਸਿੰਘ ਜੀ, ਗੁਰਮੁਖ ਸਿੰਘ ਤੇ ਸੁਰਮੁਖ ਸਿੰਘ ਹੀਰੇ ਮਹਾਵੇ ਵਾਲੇ ਦੇ ਸਪੁੱਤਰ, ਮੋਹਣ ਸਿੰਘ ਧੰਨਵਾ, ਸੰਤ ਹਰਨਾਮ ਸਿੰਘ ਜੀ ਚਵਿੰਡਾ ਤੇ ਮੌਲੀ ਜੋ ਸਿੰਘ ਆਪਣੇ ਮਿੱਠੇ ਸੁਰੀਲੇ ਕੰਠ ਰਾਹੀਂ ਵਾਰੀ-ਵਾਰੀ ਹਰ ਰੋਜ਼ ਆਸਾ ਜੀ ਦੀ ਵਾਰ ਦਾ ਕੀਰਤਨ ਕਰਕੇ ਸਾਧ-ਸੰਗਤ ਨੂੰ ਨਿਹਾਲ ਕਰਦੇ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਆਦਿ ਗ੍ਰੰਥ ਸਾਹਿਬ ਦੇ ਸੌ ਪਾਠਾਂ ਦੇ ਭੋਗ ਪਵਾਏ ਗਏ ਤੇ ਫਿਰ ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗਫ਼ੇ ਵਰਤੇ । ਸਵੇਰੇ ਪੰਜ ਵਜੇ ਦੀਵਾਨ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਫਿਰ ਆਸਾ ਦੀ ਵਾਰ ਦੇ ਭੋਗ ਉਪਰੰਤ 7 ਵਜੇ ਖੁਲ੍ਹਦੇ ।

**ਥਾਣੇਦਾਰ ਨੂੰ ਹੈਰਾਨੀ**—ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਦੇ ਉਤਸ਼ਾਹ ਨਾਲ ਇਕ ਕਵੀ ਦਰਬਾਰ ਹੋਇਆ, ਜਿਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤ੍ਰ ਕਰ-ਕੰਵਲਾਂ ਰਾਹੀਂ ਕਵੀਆਂ ਨੂੰ ਧਨ, ਤਗਮੇ ਤੇ ਨਕਦੀ ਦੇ ਕੇ ਨਿਵਾਜਿਆ । ਭੋਗ ਦੇ ਸਮੇਂ ਸੰਤ ਮੋਹਨ ਸਿੰਘ ਜੀ ਮਸਤਾਨੀ ਦਸ਼ਾ ਵਿਚ ਹਵਨ ਦੀਆਂ ਲੱਪਟਾਂ ਵਿਚ ਬੈਠ ਗਏ, ਪਰ ਰਤਾ ਭਰ ਵੀ ਸੇਕ ਨਾ ਲਗਿਆ । ਸ੍ਰਾਨੇਵਾਲ ਥਾਣੇ ਦੇ ਥਾਣੇਦਾਰ ਨੂੰ ਇਹ ਸੁਣ ਕੇ ਬੜੀ ਹੈਰਾਨੀ ਹੋਈ ਕਿ ਅੱਗ ਸਿੱਖਾਂ ਸਾਧਾਂ ਨੂੰ ਕਿਵੇਂ ਸੇਕ ਨਹੀਂ ਪਹੁੰਚਾਂਦੀ । ਸਾਧਾਂ ਨੇ ਉਸਨੂੰ ਦਸਿਆ ਕਿ ਅੱਗ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਵਿਚ ਹੈ । ਫਿਰ ਮਾਈ ਸਾਹਿਬੋ ਦਾ ਉਦਾਹਰਣ ਦਿੱਤਾ ਕਿ ਕਿਸ ਤਰ੍ਹਾਂ ਉਹ ਢਾਈ ਸਾਲ ਦੇ ਬੱਚੇ ਨੂੰ ਆਪਣੀ ਗੋਦ ਵਿਚ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਕਾਲੀ ਕੰਬਲੀ ਉਪਰ ਲੈ ਕੇ, ਆਰਾਮ ਨਾਲ ਅੱਗ ਦੀਆਂ ਲੱਪਟਾਂ ਤੇ ਬਹਿ ਗਈ ਸੀ । ਪਰ ਅੱਗ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਉਸਦੇ ਲੂੰ ਤਕ ਨੂੰ ਵੀ ਸੇਕ ਨਾ ਲਗਾ ਸਕੀ । ਇਹ ਕਥਾਵਾਂ ਸੁਣ ਕੇ ਥਾਣੇਦਾਰ ਜੀ ਅਤਿ ਪ੍ਰਭਾਵਿਤ ਹੋਏ ਤੇ ਉਸਨੇ ਭਜਨ ਪੁਛਿਆ । ਉਸਦੇ ਵਿਚ ਇਕਦਮ ਪਰਿਵਰਤਨ ਆਇਆ ਭਜਨ ਪੁਛਿਆ ਤੇ ਵਾਇਦਾ ਕੀਤਾ ਕਿ ਉਹ ਕਦੇ ਅਨਿਆਂ ਨਹੀਂ ਕਰੇਗਾ ਤੇ ਵੱਢੀ ਵੀ ਨਹੀਂ ਲਵੇਗਾ । ਇਸ ਹੋਲੇ ਤੇ ਜਥੇਦਾਰਾਂ ਨੇ ਦੀਵਾਨ ਲਗਾਏ । ਗੁਰਮੁਖ ਸਿੰਘ ਝੱਬਰ, ਮਹੰਤ ਸੇਵਾ ਸਿੰਘ, ਲਾਭ ਸਿੰਘ, ਭਗਤ ਸਿੰਘ, ਮਿਸਤਰੀ ਗੰਡਾ ਸਿੰਘ ਆਦਿ ਨੇ ਮਿਲ-ਜੁਲ ਕੇ ਸਾਰੇ ਦੀਵਾਨ ਆਦਿ ਦਾ ਪ੍ਰਬੰਧ ਕੀਤਾ ।

## 1989 ਬਿਕ੍ਰਮੀ–1933 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਦੇ ਪੰਨਿਆਂ ਰਾਹੀਂ ਪ੍ਰਕਾਸ਼ਿਤ ਕਰਵਾ ਦਿੱਤਾ ਕਿ ਸ੍ਰੀ ਭੈਣੀ ਸਾਹਿਬ ਹੋਲੇ ਮੇਲੇ ਦੇ ਸ਼ੁਭ ਅਵਸਰ ਤੇ ਸਾਧ-ਸੰਗਤ ਨੇ ਕਿਸ ਤਰ੍ਹਾਂ ਪਹੁੰਚਣਾ ਹੈ ?

— ਜੱਥੇਦਾਰ ਆਪਣੇ ਜੱਥਿਆਂ ਨਾਲ ਸ਼ਬਦ ਕੀਰਤਨ ਕਰਦੇ ਹੋਏ ਆਉਣ ।
— ਅੰਮ੍ਰਿਤ ਵੇਲੇ ਉਠ ਕੇ ਸਣੇ-ਕੇਸੀ ਇਸ਼ਨਾਨ ਕਰਨ ।
— ਚੰਗੀ ਸਾਫ਼ ਸੁਥਰੀ ਥਾਂ ਵੇਖ ਕੇ ਬੈਠ ਕੇ ਚੰਡੀ ਦੀ ਵਾਰ ਦਾ ਪਾਠ ਕਰਨ ।
— ਹਰ ਨਗਰ ਦੇ ਕੋਲੋਂ ਢੋਲਕ ਛੈਣਿਆਂ ਦੀ ਆਵਾਜ਼ ਨਾਲ ਸ਼ਬਦ ਪੜ੍ਹਦੇ ਲੰਘਣ ।
— ਜਿਸ ਨੇ ਭਜਨ ਪੁਛਿਆ ਹੋਵੇ ਉਹਦੀ ਰਸਦ ਲੈ ਪ੍ਰਸ਼ਾਦਾ ਛਕਣ ਨਹੀਂ ਤੇ ਆਪਣੇ ਕੋਲੋਂ ਰਸਦ ਪਾਣੀ ਖਰੀਦਣ ।
— ਰੋਜ਼ ਦਾ 10-12 ਕੋਹ ਟੁਰਣ ।

— ਕਿਸੇ ਭੇਖ ਜਾਂ ਮਤ ਦੀ ਨਿੰਦਾ ਨਾ ਕਰੋ ।

— ਕਿਸੇ ਦਾ ਵੀ ਮੰਦੇ ਬੋਲ ਬੋਲ ਕੇ ਦਿਲ ਨਹੀਂ ਦੁਖਾਣਾ ।

— ਰਸਤੇ ਵਿਚ ਜੇ ਇਕ ਨਵਾਂ ਸਿੱਖ ਸਜ ਜਾਏ ਆਪਣੀ ਪੈਦਲ ਯਾਤਰਾ ਸਫਲ ਸਮਝੋ ।

— ਭਜਨ ਦਸਣ ਤੋਂ ਪਿਛੋਂ ਉਹਨੂੰ ਸ੍ਰੀ ਭੈਣੀ ਸਾਹਿਬ ਆ ਕੇ ਸਾਧ-ਸੰਗਤ ਦੇ ਦਰਸ਼ਨ ਕਰਨ ਦੀ ਪ੍ਰੇਰਣਾ ਦੇਵੋ । "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ।"

— ਆਪਣੇ ਕੋਲ ਪਿੱਤਲ ਦੀ ਥਾਂ ਲੋਹੇ ਦੇ ਗੜਵੇ ਰਖੋ ਕਿਉਂਕਿ ਲੋਹੇ ਦੇ ਭਾਂਡੇ ਵਿਚ ਪਈ ਹੋਈ ਚੀਜ਼ ਵਧੇਰੇ ਲਾਭਕਾਰੀ ਹੋ ਜਾਂਦੀ ਹੈ ।

— ਸਭ ਮਰਦ, ਇਸਤ੍ਰੀਆਂ ਆਪਣੇ ਗੁਰਸਿੱਖੀ ਨਾਮਧਾਰੀ ਪਹਿਰਾਵੇ ਵਿਚ ਆਉਣ ।

ਸ੍ਰੀ ਭੈਣੀ ਸਾਹਿਬ ਵਿਖੇ ਹੋਲਾ 28,29,30 ਫੱਗਣ ਤੇ 1 ਚੇਤਰ ਤੋਂ ਹੋਣਾ ਮਿਥਿਆ ਗਿਆ ਸੀ, ਪਰ ਭਾਰਤਵਰਸ਼ ਦੀ ਹਰ ਦਿਸ਼ਾ ਤੋਂ ਲੋਕ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਦੀ ਪਾਵਨ-ਪਵਿੱਤ੍ਰ ਭੂਮੀ ਵਿਖੇ ਪਹੁੰਚਣੇ ਸ਼ੁਰੂ ਹੋ ਗਏ ਸਨ । ਉੱਘੇ ਪ੍ਰਚਾਰਕ, ਜੱਥੇਦਾਰ ਵਿਸ਼ੇਸ਼ ਸ਼ਖਸੀਅਤਾਂ ਤੇ ਸਤਿਗੁਰੂ ਬਾਲਕ ਸਿੰਘ ਜੀ ਦੇ ਵਿਸ਼ੇਸ਼ ਸੇਵਕਾਂ ਵਿਚੋਂ ਭਗਵਾਨ ਦਾਸ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ । ਭਗਵਾਨ ਦਾਸ ਜੀ ਹੱਥੀਂ ਕਿਰਤ ਕਰ ਆਪਣੇ ਹੱਥੀਂ ਪ੍ਰਸ਼ਾਦਾ ਛਕਦੇ । ਇਥੋਂ ਤਕ ਕਿ ਸ੍ਰੀ ਭੈਣੀ ਸਾਹਿਬ ਵਿਖੇ ਵੀ ਆਪਣਾ ਆਟਾ ਤੇ ਰਸਦ ਪਾਣੀ ਲੈ ਕੇ ਪਹੁੰਚੇ ਸਨ, ਪਰ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਿਚੋਂ ਪ੍ਰਸ਼ਾਦਾ ਛੱਕਣ ਲਈ ਮਸਾਂ ਮਨਾਇਆ ਸੀ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੋਹਿਤੇ ਸੂਰਤ ਸਿੰਘ ਜੀ ਇਸ ਹੋਲੇ ਤੇ ਮੁਫਤ ਦਵਾਈਆਂ ਵੰਡਦੇ । ਸੰਤ ਮੰਗਲ ਸਿੰਘ ਜੀ ਤੇ ਮਹਾਰਾਜ ਨਿਹਾਲ ਸਿੰਘ ਜੀ ਹੋਲੇ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਜੇਲ੍ਹ ਤੋਂ ਵਾਪਸ ਆਏ ਸਨ । ਸੰਤ ਮੰਗਲ ਸਿੰਘ ਜੀ ਨੇ ਖੂਬ ਡਟ ਕੇ ਪ੍ਰਚਾਰ ਕੀਤਾ 'ਸਾਧ-ਸੰਗਤ ਜੀ ਜਿਸ ਸਮੇਂ ਨੂੰ ਤੁਸੀਂ ਬੜੇ ਚਿਰ ਤੋਂ ਉਡੀਕਦੇ ਸੀ, ਅੰਗ੍ਰੇਜ਼ਾਂ ਦੇ ਜਾਣ ਦਾ ਸਮਾਂ ਹੁਣ ਬਿਲਕੁਲ ਨੇੜੇ ਆ ਗਿਆ ਹੈ । ਤਕੜੇ ਹੋ ਕੇ ਭਜਨ ਤੇ ਅਰਦਾਸ ਕਰਿਆ ਕਰੋ, ਤੇ ਗੋਰੇ ਨਾਲ ਹਰ ਤਰ੍ਹਾਂ ਨਾਲ ਨਾ ਮਿਲਵਰਤਨ ਕਰਨਾ ਨਹੀਂ ਭੁਲਣਾ ।' ਵਿਦਿਆਲੇ ਦੇ ਵਿਦਿਆਰਥੀਆਂ ਨੇ ਆਪ ਆਪਣੇ ਸ਼ਬਦ ਕੀਰਤਨ ਰਾਹੀਂ ਸਾਰੀ ਸਾਧ-ਸੰਗਤ ਦੇ ਦਿਲਾਂ ਨੂੰ ਮੋਹ ਲਿਆ । ਨਾਮਧਾਰੀ ਦਰਬਾਰ ਦੀ ਦੁਬਾਰਾ ਚੋਣ ਹੋਈ ਜਿਸਦੇ ਪ੍ਰਧਾਨ ਸ: ਲਛਮਣ ਸਿੰਘ ਜੀ ਦੁਬਾਰਾ ਚੁਣੇ ਗਏ । ਮੀਤ ਪ੍ਰਧਾਨ ਸ: ਦਯਾ ਸਿੰਘ ਜੀ ਕੱਕੜ, ਤੇ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਸਕੱਤਰ ਸਰਬ ਸੰਮਤੀ ਨਾਲ ਚੁਣੇ ਗਏ । ਕਈ ਕਵੀਆਂ ਨੂੰ ਸ਼ੁੱਧ ਇਤਿਹਾਸ ਲਿਖਣ ਦੀ ਪ੍ਰੇਰਣਾ ਦਿੱਤੀ ਗਈ । ਇਕ ਚੇਤਰ ਨੂੰ ਕਵੀ ਦਰਬਾਰ ਹੋਇਆ । ਲਾਲ ਸਿੰਘ ਕੰਵਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਦੂਸਰਾ ਸੰਤ ਗੁਰਬਖਸ਼ ਸਿੰਘ ਜੀ ਤੇ ਤੀਸਰਾ ਸਥਾਨ ਸੰਤ ਸੰਪੂਰਨ ਸਿੰਘ ਜੀ ਨੇ ਗ੍ਰਹਿਣ ਕੀਤਾ । ਉਸੇ ਹੀ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ 40 ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ । ਹਵਨ ਹੋਇਆ ਸਿੱਖਾਂ

ਸੇਵਕਾਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸਾਧ-ਸੰਗਤ 30-40 ਪਾਠ ਹੋਰ ਕਰਕੇ ਲਿਆਈ ਹੈ । ਸਤਿਗੁਰੂ ਜੀ ਨੇ ਹੁਕਮ ਕੀਤਾ "ਜਿਵੇਂ ਅੱਗੇ ਰੋਜ਼ ਇਕ ਪਾਠ ਦਾ ਭੋਗ ਪੈਂਦਾ ਹੈ, ਉਸੇ ਤਰ੍ਹਾਂ ਪਾਈ ਜਾਵਾਂਗੇ ।" ਬਿਹੰਗਮਾਂ ਨੂੰ ਪਾਠ ਕਰਨ ਦਾ ਹੁਕਮ ਦਿੱਤਾ । ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗਫੇ ਵਰਤੇ ਤੇ ਸਾਧ-ਸੰਗਤ ਨੇ ਰੱਜ ਰੱਜ ਕੇ ਆਨੰਦ ਮਾਣਿਆ ।

## 1990 ਬਿਕ੍ਰਮੀ–1934 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ) ।

ਹੋਲਾ ਮਹੱਲਾ-16,17,18,19 ਫੱਗਣ ਸ੍ਰੀ ਭੈਣੀ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ । ਸਾਧ-ਸੰਗਤ ਨੂੰ ਸਤਿਜੁਗ ਦੇ ਪੰਨਿਆਂ ਰਾਹੀਂ ਹੋਲੇ ਤੇ ਕਿਵੇਂ ਤੇ ਕਿਸ ਤਰ੍ਹਾਂ ਆਉਣਾ ਹੈ, ਪਹਿਲਾਂ ਹੀ ਦਸਿਆ ਜਾ ਚੁਕਿਆ ਸੀ । ਦੂਰੋਂ ਨੇੜਿਉਂ ਸਭ ਜੱਥੇਦਾਰ ਆਪਣੇ-ਆਪਣੇ ਜੱਥਿਆਂ ਨਾਲ ਮਸਤ ਹੋ ਕੇ ਸ਼ਬਦ ਪੜ੍ਹਦੇ-ਪੜ੍ਹਦੇ ਸ੍ਰੀ ਭੈਣੀ ਸਾਹਿਬ ਵਿਖੇ ਪਹੁੰਚੇ । ਆਸਾ ਦੀ ਵਾਰ ਦੇ ਭੋਗ ਉਪਰੰਤ ਦੀਵਾਨਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ । ਪਿਛਲੇ ਪਹਿਰ ਢਾਡੀ ਸਿੰਘ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ । ਰਾਗੀ ਜੈ ਸਿੰਘ ਜੀ, ਕਾਲੂ ਜੀ, ਸੰਤ ਲਾਲ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਟਿੱਬਾ, ਹਰਨਾਮ ਸਿੰਘ ਜੀ ਚਵਿੰਡਾ ਵਾਰ ਤੇ ਸ਼ਬਦ ਇਕੱਠੇ ਹੀ ਪੜ੍ਹਦੇ । ਸਾਰੀ-ਸਾਰੀ ਰਾਤ ਗੁਰਬਾਣੀ ਦਾ ਅਖੰਡ ਕੀਰਤਨ ਚਲਦਾ ਰਹਿੰਦਾ ਤੇ ਸਾਧ-ਸੰਗਤ ਸਾਰੀ-ਸਾਰੀ ਰਾਤ ਜਾਗਰਣ ਕਰਦੇ 'ਅਲਪ-ਅਹਾਰ, ਸੁਲਪ ਸੀ ਨਿੰਦ੍ਰਾ' ਸਾਖਿਆਤਕਾਰ ਹੋ ਜਾਂਦਾ, ਨੀਂਦ ਖੰਭ ਲਾ ਕੇ ਪਤਾ ਨਹੀਂ ਕਿਧਰੇ ਉਡ ਜਾਂਦੀ ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਪਵਿੱਤ੍ਰ-ਹਸਤ ਕੰਵਲਾਂ ਨਾਲ ਸਾਧ-ਸੰਗਤ ਨੂੰ ਪ੍ਰਸ਼ਾਦ ਛਕਾਂਦੇ ਤੇ ਆਪ ਵੀ ਸੰਗਤ ਵਿਚ ਬੈਠ ਛਕਦੇ । ਤੇ ਮਸਤਾਨੇ ਆਪਣੀ ਮੌਜ ਵਿਚ ਮਸਤ ਹੋਏ, ਆਪਣੇ ਵੱਲਵੱਲਿਆਂ ਨੂੰ ਸ਼ਬਦਾਂ ਵਿਚ ਇੰਝ ਪ੍ਰਗਟ ਕਰਦੇ :—

"ਸਿਰ ਤੇ ਮਟਕੀ ਜਾਵਾਂ ਲਟਕੀ ਸ਼ਾਮ ਮਿਲਿਆ ਮੈਨੂੰ ਖਿਲਦਾ ਨੀ ।
ਸ਼ਾਮ ਕੋਲੋਂ ਦੋਇ ਨੈਨ ਛੁਪਾ ਲੈ ਡੇਰਾ ਮਲਿਆ ਦਿਲ ਦਾ ਨੀ ।
ਮੈਂ ਸਾਵਲ ਦੀ ਸਾਵਲ ਮੇਰਾ ਫਰਕ ਨਾ ਰਹਿ ਗਿਆ ਤਿਲ ਦਾ ਨੀ ।
ਲਾਖਗਵਾਰ ਪਈ ਝਖ ਮਾਰੇ, ਦਿਲ ਦਿਤਿਆਂ ਦਿਲ ਮਿਲਦਾ ਨੀ ।"

ਕਦੇ-ਕਦੇ ਮਸਤਾਨੇ ਹੋ ਕੇ ਇਹ ਵੀ ਪੜ੍ਹਦੇ, "ਬਾਬੇ ਬਾਣ ਬਾਣੀ ਦੇ ਮਾਰੇ ਰਾਜੇ ਜੋਗੀ ਹੋ ਗਏ ਨੀ । ਭਰਮ ਭਉ ਸਾਰੇ ਖੋ ਗਏ ਨੀ ।" ਤੇ ਕਦੇ-ਕਦੇ ਪੜ੍ਹਦੇ "ਮੇਰੀ ਨਾਲ ਗੁਰਾਂ ਬਣ ਆਵੇ, ਮੁਖ ਮੇਰਾ ਹੋਵੇ ਉਜਲਾ ।" ਇਨ੍ਹਾਂ ਮਸਤਾਨਿਆਂ ਨੂੰ ਵੇਖ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਇਹਨਾਂ ਮਸਤਾਨਿਆਂ ਵਾਂਗ, ਮਿਲਖਾ ਸਿੰਘ ਜੀ ਮਸਤਾਨੇ ਸਿਆਲਕੋਟ ਦੇ ਸਨ ।" (ਇਹ ਮਿਲਖਾ ਸਿੰਘ ਜੀ ਉਹ ਸਨ ਜਿਨ੍ਹਾਂ ਦੇ ਵਰ ਨਾਲ ਹਰੀ ਸਿੰਘ ਨੰਬਰਦਾਰ ਦੀ ਸੁਪੱਤਨੀ ਦੇ ਘਰ ਪੁੱਤਰ ਪੈਦਾ ਹੋਇਆ ।)

ਪਿਛਲੇ ਪਹਿਰੇ ਸੁਧ ਪਾਠ ਸੁਨਾਉਣ ਦਾ ਹੁਕਮ ਹੋਇਆ । ਕਈ ਵਿਦਿਆਰਥੀਆਂ

ਨੇ ਸ਼ੁੱਧ ਪਾਠ ਸੁਣਾਏ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤ੍ਰ-ਹਸਤ ਕੰਵਲਾਂ ਰਾਹੀਂ ਪਹਿਲਾ ਇਨਾਮ ਮੇਵਾ ਸਿੰਘ ਵਲਟੋਹਾਂ, ਦੂਜਾ ਬਲਵੰਤ ਸਿੰਘ, ਤੀਜਾ ਸੰਤ ਬਸੰਤ ਸਿੰਘ ਜੀ ਨੂੰ ਮਾਲਾ ਗੁਟਕਾ ਤੇ ਬਸੰਤ ਨੰਬਰ ਆਦਿ ਵਿਤਰਨ ਕਰਕੇ ਨਿਵਾਜਿਆ । ਪਾਠ ਸੁਨਣ ਤੋਂ ਉਪਰੰਤ ਬਹੁਤ ਸਾਰੇ ਸਿੱਖਾਂ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਇਹਨਾਂ ਸਭ ਪਾਠੀਆਂ ਨੂੰ ਅੱਸੂ ਦੇ ਮੇਲੇ ਤਕ ਅਖੰਡ-ਪਾਠਾਂ ਵਿਚ ਨਾ ਲੱਗਣ ਦਿੱਤਾ ਜਾਵੇ । ਸ਼ੁੱਧ ਪਾਠ ਕਰਨ ਦਾ ਅਭਿਆਸ ਕਰਾਇਆ ਜਾਵੇ । ਇਸ ਮੇਲੇ ਤੇ ਸੂਬਾ ਮੀਂਹਾ ਸਿੰਘ ਦੀਆਂ ਦੋਹਾਂ ਬੀਬੀਆਂ ਬਲਵੰਤ ਕੌਰ ਤੇ ਬਸੰਤ ਕੌਰ ਨੂੰ ਸ਼ੁੱਧ ਪਾਠ ਕਰਨ ਤੇ ਮਾਲਾ ਤੇ ਗੁਟਕਾ ਇਨਾਮ ਵਿਚ ਮਿਲੇ । ਸੂਤਰ ਕੱਤਣ ਦੀ ਪ੍ਰਤਿਯੋਗਿਤਾ ਵਿਚ ਬੀਬੀਆਂ ਨੂੰ ਇਨਾਮ ਮਿਲੇ । ਹਵਨ ਹੋਇਆ ਤੇ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ । ਬਹੁਤ ਸਾਰੇ ਸਰੀਰਾਂ ਨੇ ਭਜਨ ਪੁੱਛ ਕੇ ਮਾਸ, ਸ਼ਰਾਬ ਤਿਆਗਣ ਦਾ ਪ੍ਰਣ ਕੀਤਾ । ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਗੁਰਬਾਣੀ ਦਾ ਅਖੰਡ ਪਾਠ ਕਰਨ ਲਗਿਆਂ ਕੋਈ ਵੀ ਪਾਠੀ, ਜੀਓ, ਪਿਆਰੇ, ਵਾਹ, ਵਾਹ, ਸ਼ਬਦਾਂ ਨੂੰ ਨਾਲ ਨਾ ਲਗਾਵੇਂ ।

ਸੰਤ ਨਿਧਾਨ ਸਿੰਘ ਜੀ ਆਲਿਮ ਦਾ 'ਵਿਰਉ ਮੈਂ ਦੀਵਾਨੀ ਆਵਲ ਬਾਵਲ' ਸ਼ਬਦ ਸੁਣ ਕੇ ਸਾਰੀ ਸੰਗਤ ਝੂਮ ਉਠੀ । ਰਾਤ ਦੀ ਸਭਾ ਵਿਚ ਕਵੀ ਦਰਬਾਰ ਆਯੋਜਿਤ ਕੀਤਾ ਗਿਆ ਜਿਸਦੀ ਸਮੱਸਿਆ ਸੀ, "ਸੁਰ ਅਸੁਰ, ਨਰ ਨਾਰ ਧੰਨ ਧੰਨ ਗਾਇਆ ਏ" ਇਸ ਪ੍ਰਤੀਯੋਗਿਤਾ ਵਿਚ ਤੇਜਾ ਸਿੰਘ ਕੰਵਲ ਨੂੰ ਪਹਿਲਾ, ਲਾਲ ਸਿੰਘ ਕੰਵਰ ਨੂੰ ਦੂਸਰਾ ਤੇ ਤੀਸਰਾ ਸਥਾਨ ਬਖਸ਼ੀਸ਼ ਸਿੰਘ ਮਲੰਗ ਨੂੰ ਮਿਲਿਆ । ਬੀਬੀਆਂ ਵਾਸਤੇ ਸੂਤਰ ਕੱਤਣ ਦੀ ਪ੍ਰਤਿਯੋਗਿਤਾ ਹੋਈ ਜਿਸ ਵਿਚ ਸੰਤ ਕੌਰ ਮਾਲੂਵਾਲ ਨੂੰ ਪਹਿਲਾ, ਬਚਨ ਕੌਰ ਰਾਈਆਂ ਨੂੰ ਦੂਸਰਾ ਤੇ ਤੀਸਰਾ ਇਨਾਮ ਜੀਊਣ ਕੌਰ ਗੁਜਰਾਂਵਾਲੇ ਨੇ ਪ੍ਰਾਪਤ ਕੀਤਾ ।

**ਸੰਤ ਤੇਜਾ ਸਿੰਘ ਜੀ ਸਮਸੇ ਵਾਲੇ**—ਸਤਿਗੁਰੂ ਪ੍ਰਤਾਪ ਸਿੰਘ ਜੀ ਤੇਜਾ ਸਿੰਘ ਸਮਸੇ ਵਾਲਿਆਂ ਨੂੰ ਨਾਮਧਾਰੀ ਪੰਥ ਦਾ ਪ੍ਰਚਾਰ ਕਰਨ ਤੇ ਸਿਰੋਪਾਓ ਦਿੱਤਾ ਤੇ ਵਰ ਦਿੱਤਾ ਕਿ ਸਤਿਗੁਰੂ ਜੀ ਉਹਨਾਂ ਨੂੰ ਸ਼ਾਂਤੀ, ਸੁੱਖ ਤੇ ਨਾਮ ਰਸ ਬਖਸ਼ਣ । ਇਹ ਸੰਤਾ ਤੇਜਾ ਸਿੰਘ ਜੀ ਉਹ ਸਨ, ਜਿਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੰਮ੍ਰਿਤਸਰ ਵੈਸਾਖੀ ਦੇ ਸ਼ੁਭ ਅਵਸਰ ਤੇ ਸਿੱਖੀ ਦਾ ਪ੍ਰਚਾਰ ਕਰਨ ਲਈ ਟੋਰਿਆ ਸੀ । ਨਾਲ ਹੀ ਇਹਨਾਂ ਨੂੰ ਹੁਕਮ ਕੀਤਾ ਸੀ :

— ਕਿਸੇ ਤੋਂ ਬਸਤ੍ਰ ਮਾਇਆ ਆਦਿ ਨਹੀਂ ਲੈਣੇ—
— ਖੁਲ੍ਹਿਆਂ ਦੇ ਪਿੰਡਾਂ ਵਿਚ ਰਹਿ ਕੇ ਦੀਵਾਨ ਲਗਾਉਣੇ—
— ਹਰ ਪਿੰਡ ਕੋਲੋਂ ਦੀ ਢੋਲਕੀ ਛੈਣੇ ਵਜਾ ਕੇ ਦੀਵਾਨ ਲਗਾਂਦੇ ਹੋਏ ਲੰਘਣਾ—
— ਬਿਨਾਂ ਭਜਨ ਪੁੱਛਿਆਂ ਕਿਸੇ ਦੇ ਘਰ ਦਾ ਨਹੀਂ ਲੈ ਕੇ ਛਕਣਾ—

ਸੰਤ ਜੀ ਆਪਣੇ ਜੱਥੇ ਸ: ਗੁਰਦਿਆਲ ਸਿੰਘ ਜੀ ਕੋਟਲੀ, ਦਲੀਪ ਸਿੰਘ ਚੁਗਾਵਾਂ ਵਾਲੇ ਉਜਾਗਰ ਸਿੰਘ ਮੱਲੀਆ, ਸੰਤਾ ਸਿੰਘ, ਗੁਰਦਿੱਤ ਸਿੰਘ ਮਸਤਾਨਾ, ਸੰਤੋਖ ਸਿੰਘ, ਕ੍ਰਿਪਾਲ ਸਿੰਘ ਸੇਖਵਾਂ, ਹਜ਼ੂਰ ਸਿੰਘ, ਹੇਮ ਸਿੰਘ, ਪਿਆਰਾ ਸਿੰਘ

ਜੀ ਸਮਸੇ ਆਦਿ ਸਭ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪ੍ਰਚਾਰ ਲਈ ਨਿਕਲ ਟੁਰੇ। ਇਸ ਦੇ ਫਲਸਰੂਪ ਬਹੁਤ ਸਾਰੇ ਖੁਲ੍ਹੇ ਸਿੱਖ ਨਾਮਧਾਰੀ ਸਜੇ। ਕਈ ਸੱਜਣਾਂ ਨੇ ਮਾਸ, ਸ਼ਰਾਬ ਤਿਆਗ ਕੇ ਭਜਨ ਪੁਛਿਆ, ਤੇ ਕਈ ਸੰਤਾਂ ਦੇ ਟੋਲੇ ਦੇ ਨਾਲ ਹੀ ਟੁਰ ਪਏ। ਇਸ ਲਈ ਸੰਤਾਂ ਨੂੰ ਕਈਆਂ ਕੋਲੋਂ ਪੱਥਰ ਤੇ ਢੀਮਾਂ ਵੀ ਖਾਣੀਆਂ ਪਈਆਂ ਕਿਉਂਕਿ ਲੋਕੀਂ ਸੋਚਦੇ ਸਨ ਕਿ ਸੰਤ ਮੁੰਡਿਆਂ ਨੂੰ ਵਿਗਾੜ ਰਹੇ ਸਨ। ਸੰਤਾਂ ਨੂੰ ਆਪਣੇ ਜਥੇ ਸਮੇਤ ਕਈ-ਕਈ ਦਿਨ ਭੁੱਖੇ ਤਰਿਹਾਏ ਰਹਿ ਕੇ ਵੀ ਕੱਟਣੇ ਪਏ। ਸਾਰਿਆਂ ਦੇ ਬਸਤ੍ਰ ਵੀ ਪਾਟ ਗਏ।

**ਬੀਬੀ ਤਾਰੋ ਜੀ**—-ਮਸਤਾਨਿਆਂ ਦੇ ਅੰਗ ਸੰਗ ਉਹਨਾਂ ਦਾ ਰਹਿਬਰ ਇਸ਼ਟ ਹਮੇਸ਼ਾਂ ਹੀ ਰਹਿੰਦਾ ਹੈ। ਇਸ਼ਟ ਸਤਿਗੁਰੂ ਰਾਮ ਸਿੰਘ ਜੀ ਨੇ ਲਾਇਲਪੁਰ ਦੇ 109 ਚਕ ਵਿਚ ਸ: ਹਰਬੇਲ ਸਿੰਘ ਜੀ ਦੀ ਸੁਪਤਨੀ ਬੀਬੀ ਤਾਰੋ ਨੂੰ ਦਰਸ਼ਨ ਦੇ ਕੇ ਕਿਹਾ, ''ਬੀਬੀ ਤੁਸੀਂ 10 ਸਿੱਖਾਂ ਲਈ ਕਛਹਿਰੇ, ਕੁੜਤੇ, ਚਾਦਰਾਂ, ਦਸਤਾਰਾਂ ਆਦਿ ਗੁਰਮੁਖੀ ਕਾਟ ਦੇ ਸਿਉਂ ਕੇ ਤਿਆਰ ਰਖੋ। ਉਹ ਜਦੋਂ ਆਉਣਗੇ, ਤੁਸੀਂ ਅਰਜ ਕਰ ਕੇ ਉਹਨਾਂ ਨੂੰ ਬਸਤਰ ਆਦਿ ਦੇ ਦੇਣੇ। ਜਦੋਂ ਤੁਸੀਂ ਮੇਰਾ ਨਾਂ ਲਵੋਗੇ, ਉਦੋਂ ਹੀ ਸਭ ਕੁਝ ਪਰਵਾਨ ਕਰਨਗੇ। ਤੁਸੀਂ ਉਹਨਾਂ ਨੂੰ ਕਹਿਣਾ ਕਿ ਇਸ ਤਰ੍ਹਾਂ ਰੁਲੇ-ਰੁਲੇ ਜਾਪਣਾ ਪੰਥ ਦੀ ਬਦਨਾਮੀ ਹੁੰਦੀ ਹੈ।'' ਬੀਬੀ ਤਾਰੋ ਨੇ ਹੁਕਮ ਸੁਣ ਕੇ ਸਭ ਬਸਤ੍ਰ ਇਤਿਆਦਿ ਸੰਤਾਂ ਅਗੇ ਭੇਟਾ ਕੀਤੇ। ਪਰ ਸੰਤਾਂ ਨੇ ਭੇਟਾ ਲੈਣ ਤੋਂ ਇਨਕਾਰ ਕਰ ਦਿਤਾ ਕਿਉਂਕਿ ਬਸਤ੍ਰ ਆਦਿ ਲੈਣ ਦਾ ਸਤਿਗੁਰੂ ਜੀ ਦਾ ਹੁਕਮ ਨਹੀਂ ਸੀ। ਪਰ ਜਦੋਂ ਬੀਬੀ ਤਾਰੋ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਸਾਰੀ ਵਾਰਤਾ ਤੇ ਹੁਕਮ ਕਹਿ ਸੁਣਾਇਆ ਤਾਂ ਸੰਤ ਜੀ ਇਨਕਾਰ ਨਾ ਕਰ ਸਕੇ। ਇਸ ਹੋਲੇ ਦੇ ਅਵਸਰ ਤੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤਾਂ ਤੇ ਆਪਣੀ ਕ੍ਰਿਪਾ ਤੇ ਬਖਸ਼ਸ਼ ਦੇ ਅਥਾਹ ਭੰਡਾਰੇ ਖੋਲ੍ਹ ਦਿੱਤੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਗਲਾ ਹੋਲਾ ਵੀ ਸ੍ਰੀ ਭੈਣੀ ਸਾਹਿਬ ਵਿਖੇ ਕਰਨ ਦਾ ਐਲਾਨ ਕੀਤਾ।

## 1991 ਬਿਕ੍ਰਮੀ–1935 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

ਹੋਲਾ ਆਰੰਭ ਹੋਣ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਜੱਥੇਦਾਰਾਂ, ਰਾਗੀਆਂ ਆਦਿ ਨੂੰ ਹੁਕਮ ਕੀਤਾ, 'ਆਪਣੇ ਸਤਿਗੁਰੂ ਜੀ ਨੂੰ ਹਾਜਰ ਨਾਜਰ ਜਾਣ ਕੇ ਕੀਰਤਨ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਸੂਰਜ ਵਲ ਮੁਖ ਕਰਨ ਤੇ ਪਰਛਾਵਾਂ ਆਪਣੇ ਆਪ ਲਗ ਤੁਰਦਾ ਹੈ, ਤਿਵੇਂ ਸਤਿਗੁਰੂ ਵਲ ਮੁਖ ਰਖਿਆਂ, ਮਾਇਕੀ ਪਦਾਰਥ ਆਪਣੇ ਆਪ ਪਿਛੇ ਲਗ ਟੁਰਦੇ ਹਨ।' ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਜਵੰਦ ਸਿੰਘ ਜੀ ਨੂੰ ਹੁਕਮ ਕੀਤਾ ਕਿ ਉਹ ਕਿਸੇ ਨੂੰ ਬਾਹਰ ਦੀਆਂ ਤੁਕਾਂ ਜਾਂ ਮਨ ਮਰਜੀ ਦੀਆਂ ਤਰਜ਼ਾਂ ਨਾ ਪੜ੍ਹਨ ਦੇਣ। ਸਭ ਨੇ ਸਤਿਗੁਰੂ ਜੀ ਦਾ ਹੁਕਮ ਮੰਨਿਆ। ਹੋਲਾ ਸ੍ਰੀ ਭੈਣੀ ਸਾਹਿਬ ਵਿਖੇ 7, 8, 9 ਚੇਤਰ ਨੂੰ ਸੀ, ਪਰ ਸਾਧ-ਸੰਗਤ ਦੀਆਂ ਰੌਣਕਾਂ ਕਈ ਦਿਨ ਪਹਿਲਾਂ ਤੋਂ ਹੀ ਸ਼ੁਰੂ ਹੋ ਗਈਆਂ। ਜੱਥੇਦਾਰਾਂ, ਰਾਗੀਆਂ ਨੇ ਕੀਰਤਨ ਰਾਹੀਂ

ਸਭ ਸੰਗਤਾਂ ਨੂੰ ਨਿਹਾਲ ਕੀਤਾ। ਮਸਤਾਨਿਆਂ ਦੇ ਟੋਲੇ ਆਪਣੇ ਪਿਆਰੇ ਦੇ ਪ੍ਰੇਮ ਰੰਗ ਵਿਚ ਰੰਗੇ ਪੜ੍ਹਦੇ :-

"ਨੂਨ ਨਫਾ ਨੁਕਸਾਨ ਨਹੀਂ ਆਸ਼ਕਾਂ ਨੂੰ,
ਨਹੀਓਂ ਲਥੀ ਤੇ ਚੜ੍ਹੀ ਨੂੰ ਜਾਣਦੇ ਨੀ।
ਹਰ ਹਾਲ ਦੇ ਵਿਚ ਹੀ ਮਸਤ ਰਹਿੰਦੇ,
ਅੱਠੇ ਪਹਿਰ ਪਏ ਮੌਜ ਨੂੰ ਮਾਣਦੇ ਨੀ।
ਰਾਤੀਂ ਜਾਗਦੇ ਸ਼ਾਹ ਦਾ ਦੇਣ ਪਹਿਰਾ,
ਐਪਰ ਦਿਨੇ ਉਹ ਚਾਦਰਾਂ ਤਾਣਦੇ ਨੀ।
ਸ਼ਾਹਨਸ਼ਾਹ ਨਹੀਂ ਲੜਨ ਥੀਂ ਪਿੱਠ ਦੇਂਦੇ,
ਐਸੇ ਸੂਰਮੇ ਮਰਦ ਮੈਦਾਨ ਦੇ ਨੀ।"

ਜੇ ਕੋਈ ਪੁੱਛਦਾ ਤੁਸੀਂ ਵੀ ਲੜਾਈ ਝਗੜਾ ਕਰਦੇ ਹੋ ਤਾਂ ਉੱਤਰ ਦਿੰਦੇ :—

"ਮਨ ਨਾਲ ਹੀ ਝਗੜਾ ਮਨ ਨਾਲ ਹੀ ਸਥ।
ਇਸ ਦੇ ਵਿਚ ਹੀ ਸਭੋ ਤੱਥ।
ਹੋਰ ਨਾ ਛੇੜੋ ਕੋਈ ਗੱਲ-ਕੱਥ।"

ਜਲ੍ਹੀ ਸੁਰੈਣ ਸਿੰਘ ਜੀ ਰਸਨਾਂ ਨਾਲ ਨਾਮ ਜਪਦੇ ਤੇ ਸੰਤ ਅਤਰ ਸਿੰਘ ਜੀ ਮਸਤ ਹੋ, ਖੜਤਾਲਾਂ ਫੇਰਦੇ, ਨ੍ਰਿਤ ਕਰਦੇ ਤੇ ਸਭ ਨੂੰ ਮਸਤ ਕਰਦੇ। ਸੰਤ ਨਿਧਾਨ ਸਿੰਘ ਜੀ ਆਲਿਮ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਹਮਣੇ ਮਸਤ ਹੋ ਨ੍ਰਿਤ ਕਰਦੇ, ਤੇ 'ਕੋਇ ਨ ਜਾਨੈ ਤੁਮਰਾ ਅੰਤ' ਸਤਿਗੁਰੂ ਜੀ ਨੂੰ ਸੰਬੋਧਿਤ ਕਰਕੇ ਪੜ੍ਹਦੇ। 'ਅੱਜ ਹੋਲਾ ਏ, ਅੱਜ ਹੋਲਾ ਏ' ਨਾਲ ਸਾਰਾ ਵਾਤਾਵਰਣ ਗੂੰਜ ਰਿਹਾ ਸੀ। ਹੋਲੇ ਦੇ ਅਵਸਰ ਤੇ ਹਰਿਮੰਦਰ ਸਾਹਿਬ ਵਿਚ ਇਕ ਬਹੁਤ ਵੱਡਾ ਪੰਥਕ ਇਕੱਠ ਹੋਇਆ, ਜਿਸ ਵਿਚ ਇਕ ਮਤਾ ਪੇਸ਼ ਕੀਤਾ ਗਿਆ ਕਿ ਨਾਮਧਾਰੀ ਬੈਂਕ ਖੋਹਲਿਆ ਜਾਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਦੀ ਪ੍ਰਵਾਨਗੀ ਨਾ ਦਿੱਤੀ ਕਿਉਂਕਿ ਕੂਕੇ ਨੂੰ ਵਿਆਜ ਲੈਣਾ ਜਾਂ ਦੇਣਾ ਮਨ੍ਹਾ ਹੈ ਤੇ ਹੁਕਮ ਕੀਤਾ ਕਿ ਮਾੜੇ ਨਾਮਧਾਰੀ ਸਿੱਖਾਂ ਦੀ ਮਦਦ ਕਰਨ ਵਾਸਤੇ ਕਾਰਖਾਨੇ ਖੋਹਲਣ ਦੀ ਸਕੀਮ ਬਣਾਈ ਜਾਵੇ।

**ਹਵਨ ਵਿਚ ਸੋਨਾ** :—ਹਵਨ ਹੋ ਰਿਹਾ ਸੀ ਤੇ ਸਤਿਗੁਰੂ ਜੀ ਨੇ ਮਸਤਾਨਿਆਂ ਦੇ ਕਹਿਣ ਤੇ ਚੰਦਨ ਦੀ ਲਕੜੀ ਉਚੇਚੇ ਤੌਰ ਤੇ ਮੰਗਵਾ ਕੇ ਹਵਨ ਵਿਚ ਪਾਈ। ਇਕ ਮਸਤਾਨੇ ਕਿਹਾ ਜੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨੇ ਹਨ, ਤਾਂ ਚੰਦਨ ਦੇ ਨਾਲ ਹਵਨ ਵਿਚ ਸੋਨਾ ਪਾਉ। ਸਤਿਗੁਰੂ ਜੀ ਨੇ ਮਸਤਾਨੇ ਦਾ ਕਿਹਾ ਮੰਨ ਕੇ ਸਵਾ ਤੋਲੇ ਸੋਨੇ ਦਾ ਪਤਰਾ ਹਵਨ ਵਿਚ ਪਵਾਇਆ। ਕਈ ਲੋਕਾਂ ਨੇ ਕਿੰਤੂ ਕੀਤਾ ਕਿ ਸੋਨੇ ਦਾ ਭਲਾ ਹਵਨ ਨਾਲ ਕੀ ਸੰਬੰਧ? ਚੱਕਰਵਰਤੀ ਜੀ ਉੱਤਰ ਦਿੱਤਾ, "ਮਜਨੂੰ ਕੁੱਤੇ ਦੇ ਪੈਰ ਕਿਉਂ ਚੁੰਮਦਾ ਸੀ? ਸਤਿਗੁਰੂ ਜੀ ਦੇ ਦਰਸ਼ਨ ਦੀ ਲੋੜ ਤੇ ਮਸਤਾਨਿਆਂ ਦੀ ਸ਼ਰਧਾ ਨੇ ਤੁਹਾਡੇ ਵਾਲੀ ਹੋਸ਼ ਹੀ ਨਹੀਂ ਸੀ ਉਸ ਵੇਲੇ ਆਉਣ ਦਿੱਤੀ। ਤੁਸਾਂ ਨਹੀਂ ਸੁਣਿਆ ਪ੍ਰੇਮ ਵਿਚ ਨੇਮ ਨਹੀਂ ਹੁੰਦਾ। ਇਬਰਾਹੀਮ ਤੋਂ ਪੁੱਤਰ ਦੀ ਕੁਰਬਾਨੀ ਮੰਗੀ ਗਈ, ਤੇ ਉਸ ਹਾਜ਼ਰ ਕੀਤਾ ਸੀ। ਪ੍ਰੇਮੀਆਂ ਨੂੰ ਹਰ ਵੇਲੇ ਇਹੋ

ਹੀ ਭਾਉਲਾ ਪੈਂਦਾ ਰਹਿੰਦਾ ਹੈ, ਸ਼ਾਇਦ ਮੇਰੇ ਪ੍ਰੀਤਮ ਇਹ ਸੁਨੇਹਾ ਜਾਂ ਅਜਮਾਇਸ਼ ਮੇਰੇ ਪਰਖਣ ਲਈ ਹੀ ਰਚੀ ਹੈ ਤੇ ਪ੍ਰੇਮੀ ਪਉਣ ਦੇ ਖੜਾਕ ਨੂੰ ਹੀ ਪ੍ਰੀਤਮ ਦੇ ਪੈਰ ਦੀ ਆਵਾਜ਼ ਤੇ ਬੂਹਾ ਹਲਣ ਨੂੰ ਉਸ ਦੇ ਆਉਣ ਦਾ ਭੁਲੇਖਾ ਹੀ ਸਮਝਦੇ ਹਨ। ਜਦੋਂ ਦੀਵਾਨ ਦਾ ਰਸ ਬਣਿਆ ਹੋਇਆ ਸੀ, ਮਸਤਾਨਿਆਂ ਸਿੱਖਾਂ ਤੇ ਮਾਈਆਂ ਨਾਲ ਪੰਡਾਲ ਖਚਾ-ਖਚ ਭਰਿਆ ਹੋਇਆ ਸੀ।

ਦੀਵਾਨ ਵਿਚ ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ ਨਾਮ ਸਿਮਰਨ ਤੇ ਬੋਲੇ, ਸੇਠ ਨਰਾਇਣ ਸਿੰਘ ਜੀ ਪ੍ਰਤੀਤ ਤੇ ਬੋਲੇ। ਸੰਤ ਟਹਿਲ ਸਿੰਘ ਜੀ ਸੱਦੋਵਾਲੀਏ ਪ੍ਰਤੀਤ ਦੇ ਅਰਥ ਦਾ ਸਿੱਟਾ ਦੱਸਿਆ ਕਿ ਅਸ਼ੋਕ ਨੇ ਗੁਰੂ ਪਾਸੋਂ ਪੁੱਛਿਆ, 'ਮੈਂ ਬੁੱਧ ਧਰਮ ਦਾ ਪਿਆਰਾ ਹੋ ਗਿਆ ਹਾਂ।' ਤਾਂ ਉਸ ਕਿਹਾ, 'ਨਹੀਂ' ਜਦ ਤੂੰ ਸਭ ਤੋਂ ਪਿਆਰੀ ਚੀਜ਼ ਧਰਮ ਲਈ ਅਰਪੇਂਗਾ ਤਦ ਤੂੰ ਧਰਮ ਦਾ ਪਿਆਰਾ ਹੋਵੇਂਗਾ।' ਉਸ ਨੇ ਆਪਣੇ ਪੁੱਤਰ ਮਹਿੰਦਰ ਨੂੰ ਬੁੱਧ ਧਰਮ ਦੇ ਉਪਦੇਸ ਲਈ ਤੋਰਿਆ। ਇਸ ਤੋਂ ਪ੍ਰਭਾਵਿਤ ਹੋ ਕੇ ਅਤੇ ਰਾਜ ਪੁੱਤਰ ਦੇ ਪੈਰੀਂ ਖੜਾਵਾਂ ਤੇ ਹੱਥ ਵਿਚ ਕਰਮੰਡਲ ਵੇਖ ਕੇ, ਸਾਰੇ ਸਿਲੋਨ ਵਾਸੀਆਂ ਨੇ ਬੁੱਧ ਧਰਮ ਧਾਰਨ ਕੀਤਾ।

ਰਾਤ ਨੂੰ ਕਵੀ ਦਰਬਾਰ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲੇ, ਦੂਸਰੇ ਤੇ ਤੀਸਰੇ ਸਥਾਨ ਤੇ ਆਉਣ ਵਾਲੇ ਕਵੀਆਂ ਨੂੰ ਇਨਾਮ ਦਿਤੇ। ਦੋ ਜੋੜਿਆਂ ਦੇ ਅਨੰਦ ਕਾਰਜ ਹੋਏ। ਸੰਤ ਸਿੰਘ ਜੀ ਗੁੰਬੀ ਨੇ ਆਪਣੇ ਪੁੱਤਰ ਦੇ ਅਨੰਦ ਕਾਰਜ ਹੋਣ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ 25 ਰੁਪਏ ਭੇਟਾ ਧਰੇ, ਪਰ ਸਤਿਗੁਰੂ ਜੀ ਪੈਸੇ ਵਾਪਸ ਕੀਤੇ ਤੇ ਨਾਲ ਹੀ ਤਾੜਨਾ ਕੀਤੀ ਕਿ ਇਹ ਰਿਵਾਜ ਬਹੁਤ ਹੀ ਮਾੜਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪੰਜਾਹ ਪਾਠਾਂ ਦੇ ਭੋਗ ਪਾਏ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਗਲਾ ਹੋਲਾ ਵੀ ਸ੍ਰੀ ਭੈਣੀ ਸਾਹਿਬ ਵਿਖੇ ਕਰਨ ਦਾ ਪ੍ਰੋਗਰਾਮ ਬਣਾਇਆ।

## 1992 ਬਿਕ੍ਰਮੀ-1936 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

ਸੰਤ ਆਤਮਾ ਸਿੰਘ ਰਾਵਲਪਿੰਡੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਬੇਨਤੀ ਕੀਤੀ ਕਿ ਹੋਲਾ ਰਾਵਲਪਿੰਡੀ ਕੀਤਾ ਜਾਵੇ, ਪਰ ਸਤਿਗੁਰੂ ਜੀ ਨੇ ਪ੍ਰਵਾਨਗੀ ਨਾ ਦਿੱਤੀ ਤੇ ਹੋਲਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਕਰਨ ਦਾ ਪ੍ਰੋਗਰਾਮ ਬਣਿਆ। ਸਤਿਗੁਰੂ ਜੀ ਨੇ ਸਤਿਜੁਗ ਦੇ ਪੰਨਿਆਂ ਰਾਹੀਂ ਸੂਚਨਾਵਾਂ ਦਿੱਤੀਆਂ ਕਿ ਹੋਲੇ ਤੇ ਸਭ ਮਾਈ ਭਾਈ ਆਪਣੇ ਨਾਮਧਾਰੀ ਪਹਿਰਾਵੇ ਵਿਚ ਆਉਣ। ਇਸ ਲਈ ਨਾਮਧਾਰੀ ਬਾਣੇ ਵਾਲੀ ਸੰਗਤ ਵੱਖਰੀ ਥਾਂ ਤੇ ਬਿਠਾਈ ਗਈ। ਜਥੇਦਾਰਾਂ, ਕੀਰਤਨੀਆਂ ਤੇ ਲੈਕਚਰਾਰਾਂ ਨੇ ਤਿੰਨ ਦਿਨ ਮੇਲੇ ਦੀਆਂ ਰੌਣਕਾਂ ਤੇ ਰਸ ਵਧਾਉਣ ਵਿਚ ਕੋਈ ਕਸਰ ਨਾ ਛੱਡੀ। ਅਖੀਰਲੇ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਆਦਿ ਗ੍ਰੰਥ ਸਾਹਿਬ ਦੇ 62 ਪਾਠਾਂ ਦੇ ਭੋਗ ਪਵਾਏ ਤੇ ਤਿੰਨ ਜੋੜਿਆਂ ਦੇ ਅਨੰਦ ਕਾਰਜ ਸਾਦੇ

ਖੱਦਰ ਦੇ ਸਫੇਦ ਬਸਤਰਾਂ ਵਿਚ ਵੇਦੀ ਗਢ ਕੇ, ਹਵਨ ਕਰਕੇ ਪੂਰਨ ਗੁਰ ਮਰਿਆਦਾ ਅਨੁਸਾਰ ਕੀਤੇ ਗਏ ।

**ਪੰਥਕ ਬੋਰਡ ਦੀ ਸਥਾਪਨਾ :**—ਸੰਤ ਮੰਗਲ ਸਿੰਘ ਜੀ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਿਹਾ, "ਕੂਕਿਓ ਜਿਹੜਾ ਵੇਲਾ ਤੁਸੀਂ ਚਿਰ ਤੋਂ ਉਡੀਕਦੇ ਹੋ ਸੋ ਸਿਰ ਤੇ ਆਇਆ ਹੈ । ਜੇ ਕੂਸ ਇਸ ਪਾਸੇ ਮੂੰਹ ਮੋੜ ਲਿਆ, ਹਾਲੀ ਹੋਰ ਛੋਟੇ ਛੋਟਿਆਂ ਦੇ ਮਗਰ, ਵੱਡੇ ਮੱਛ ਲਗੇ ਹਨ ਤੇ ਕੱਛਾਂ ਵਜਾਂਦੇ ਤੇ ਆਂਹਦੇ ਹਨ, ਤੁਸੀਂ ਤਕੜੇ ਹੋਵੋ, ਲੋੜ ਪਈ ਤਾਂ ਅਸੀਂ ਵੀ ਮੋੜਾ ਦੇਵਾਂਗੇ ।' ਸਤਿਗੁਰੂ ਜੀ ਨੇ ਸਭ ਮੁੱਖੀਆਂ, ਸੂਬਿਆਂ, ਜਥੇਦਾਰਾਂ ਨੂੰ ਇਕੱਠਾ ਕਰਕੇ ਇਕ ਪੰਥਕ ਬੋਰਡ ਦੀ ਸਥਾਪਨਾ ਕੀਤੀ ਤੇ ਹੁਕਮ ਕੀਤਾ ਕਿ ਸਭ ਨੇ ਬੋਰਡ ਦੇ ਆਖੇ ਲਗਣਾ ਹੈ । ਸਭ ਜਵਾਨ ਹੋਏ ਬਾਲਗਾਂ ਦਾ ਵੋਟ ਬਣੇਗਾ ਤੇ ਵੋਟ ਕਿਸ ਨੂੰ ਪਾਣੇ ਹਨ, ਬੋਰਡ ਫੈਸਲਾ ਕਰੇਗਾ । ਜਿਵੇਂ ਪੰਥਕ ਹੁਕਮ ਹੋਵੇਗਾ ਉਸੇ ਤਰ੍ਹਾਂ ਹੀ ਕਰਨਾ ਕਿਉਂਕਿ ਇਸ ਤਰ੍ਹਾਂ ਲੋਕਾਂ ਦੀਆਂ ਕੰਨੀਆਂ ਖਿੱਚਣ ਤੋਂ, ਸਨੇਹੀਆਂ ਦੇ ਖਿੱਝਣ ਤੋਂ ਤੇ ਮਨ ਦੀਆਂ ਦਲੀਲਾਂ ਤੋਂ ਇਸ ਤਰ੍ਹਾਂ ਬਚ ਸਕੋਗੇ । ਸ: ਲਛਮਣ ਸਿੰਘ ਜੀ ਨੂੰ ਬੋਰਡ ਦਾ ਪ੍ਰੈਜ਼ੀਡੈਂਟ, ਚੱਕਰਵਰਤੀ ਤੇ ਤਰਨ ਸਿੰਘ ਜੀ ਨੂੰ ਸਕੱਤਰ ਬਣਾਇਆ ਗਿਆ ।

ਸਤਿਗੁਰੂ ਜੀ ਨੇ ਸਾਰੀ ਸਾਧ-ਸੰਗਤ ਨੂੰ ਪ੍ਰੇਰਣਾ ਦਿੱਤੀ ਕਿ ਸਾਰੇ ਸਤਿਜੁਗ ਜ਼ਰੂਰ ਪੜ੍ਹਿਆ ਕਰਨ । ਇਸ ਤਰ੍ਹਾਂ ਲਗਾਤਾਰ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ-ਪਾਵਨ ਭੂਮੀ ਤੇ ਪੰਜ ਸਾਲ ਲਗਾਤਾਰ 1932 ਈਸਵੀ ਤੋਂ 1936 ਈਸਵੀ ਤੱਕ ਹੋਲੇ-ਮੇਲਿਆਂ ਦਾ ਪ੍ਰਵਾਹ ਨਿਰੰਤਰ ਚਲਿਆ । ਅਗਲੇ ਹੋਲੇ ਬਾਰੇ ਸੇਠ ਮਹਿਲ ਸਿੰਘ, ਦਿਆਲ ਸਿੰਘ, ਗੁਰਮੁਖ ਸਿੰਘ, ਮੋਹਰ ਸਿੰਘ, ਜਿਊਣ ਸਿੰਘ, ਸੰਤ ਮੂਲਾ ਸਿੰਘ, ਫੂਲਾ ਸਿੰਘ, ਬਿਸ਼ਨ ਸਿੰਘ ਤੇ ਸ਼ੇਖੂ-ਪੁਰੇ ਦੀ ਸਾਧ-ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਜੋ ਸਤਿਗੁਰੂ ਜੀ ਨੇ ਪ੍ਰਵਾਨ ਕਰ ਲਈ ।

## 1993 ਬਿਕ੍ਰਮੀ–1937 ਈਸਵੀ, ਹੋਲਾ ਸ਼ੇਖੂਪੁਰਾ, ਜ਼ਿਲ੍ਹਾ ਗੁਜਰਾਂਵਾਲਾ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਦੇ ਪੰਨਿਆਂ ਰਾਹੀਂ ਸਾਧ ਸੰਗਤ ਲਈ ਪਹਿਲਾਂ ਹੀ ਪ੍ਰਕਾਸ਼ਿਤ ਕਰਵਾ ਦਿੱਤਾ ਕਿ ਸ਼ੇਖੂਪੁਰਾ ਪਹੁੰਚਣ ਲਈ ਸਾਂਧੋਕੇ ਰੇਲਵੇ ਸਟੇਸ਼ਨ ਨੇੜੇ ਪੈਂਦਾ ਹੈ ਤੇ ਬਸ-ਅੱਡਾ ਵੀ ਨੇੜੇ ਹੈ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ-ਸੰਗਤ ਨੂੰ ਹੁਕਮ ਕਰ ਦਿੱਤਾ ਕਿ ਉਥੇ ਪਹੁੰਚ ਕੇ ਰਾਮ ਹਰੀ ਦਸਤਕਾਰੀ ਖੱਡੀਆਂ ਦਾ ਸੁੱਚਾ ਕਪੜਾ ਤੇ ਖੱਦਰ ਜ਼ਰੂਰ ਖਰੀਦਣ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਦੇ ਸ਼ੁਭ ਅਵਸਰ ਤੇ 12, 13, 14, 15 ਚੇਤਰ ਨੂੰ ਸ਼ੇਖੂਪੁਰੇ ਦੀ ਸਾਧ-ਸੰਗਤ ਨੂੰ ਆਪਣੇ ਪਵਿੱਤਰ ਦਰਸ਼ਨਾਂ ਦੀ ਦਾਤ ਬਖਸ਼ੀ । ਇਸ ਸ਼ੁਭ ਅਵਸਰ ਤੇ ਸਤਿਗੁਰੂ ਜੀ ਨੇ ਸੂਬਿਆਂ, ਰਾਗੀਆਂ, ਜਥੇਦਾਰਾਂ ਨੂੰ ਹੋਲੇ ਤੇ ਆਉਣ ਦਾ ਉੱਚੇਚਾ ਸੱਦਾ ਦਿੱਤਾ । ਮਹਾਰਾਜ ਨਿਹਾਲ ਸਿੰਘ ਜੀ ਪਹਿਲਾਂ ਹੀ ਇਥੇ ਪਹੁੰਚ ਚੁੱਕੇ ਸਨ । ਇਸ ਹੋਲੇ ਤੇ ਸਤਿਗੁਰੂ ਜੀ ਨੇ ਸੰਤ ਅਤਰ

ਸਿੰਘ ਜੀ ਕੋਲੋਂ ਅਨੰਦਾ ਵਾਲੇ ਮੁੰਡੇ ਤੇ ਕੁੜੀਆਂ ਨੂੰ ਭਜਨ ਦਵਾਇਆ ਤੇ ਕਿਹਾ ਕਈ ਕੂਕੇ ਬੱਚਿਆਂ ਨੂੰ ਭਜਨ ਪੁਛਾਉਣ ਦੀ ਢਿੱਲ ਕਰਦੇ ਹਨ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਕਈ ਮੋਨੇ ਤੇ ਖੁੱਲ੍ਹੇ ਲੋਕ ਵੀ ਹੋਲੇ ਤੇ ਹੋਰ ਮੇਲਿਆਂ ਤੇ ਆ ਕੇ ਆਪਣੇ ਬੱਚਿਆਂ ਦੇ ਅਨੰਦ ਕਾਰਜ ਕਰਦੇ ਹਨ। ਉਹਨਾਂ ਨੂੰ ਵੀ ਭਜਨ ਤੋਂ ਵਾਂਝਿਆ ਨਾ ਰਖਿਆ ਜਾਵੇ। ਨਾਮਧਾਰੀ ਦਰਬਾਰ ਦੇ ਪੰਥਕ ਮੁਖੀਆਂ ਦੀਆਂ ਵਿਸ਼ੇਸ਼ ਇਕੱਤਰਤਾਵਾਂ ਸਮੇਂ-ਸਮੇਂ ਸਿਰ ਹੁੰਦੀਆਂ ਰਹੀਆਂ ਤੇ ਕਈ ਤਰ੍ਹਾਂ ਦੇ ਮਤੇ ਪਾਸ ਹੋਏ।

**ਵਿਸ਼ੇਸ਼ ਮਤੇ :**—ਜਿਹੜੇ ਨਾਮਧਾਰੀਆਂ ਨੇ ਬੋਰਡ ਦੇ ਹੁਕਮਾ ਦੀ ਉਲੰਘਣਾ ਕਰਕੇ ਵੋਟ ਕਿਸੇ ਹੋਰ ਨੂੰ ਦਿੱਤਾ ਹੋਵੇ ਉਨ੍ਹਾਂ ਦੇ ਨਾਵਾਂ ਦੀ ਸੂਚੀ, ਅੱਧ ਵੈਸਾਖ ਤੱਕ ਸ੍ਰੀ ਭੈਣੀ ਸਾਹਿਬ ਪਹੁੰਚ ਜਾਣੀ ਚਾਹੀਦੀ ਹੈ।

ਨਵੀਂ ਬਣਤਰ ਅਨੁਸਾਰ ਨਾਮਧਾਰੀ ਪੰਥ ਦੀ ਸੰਮਤੀ ਕਾਂਗਰਸ ਦੇ ਨਾਲ ਰਹੇਗੀ।

'ਨਾਮਧਾਰੀ ਦਸਤਕਾਰੀ ਆਸ਼ਰਮ' ਲਈ ਸਕੀਮ ਤਿਆਰ ਕੀਤੀ ਜਾਵੇ ਜਿਸ ਵਿਚ ਸੂਝਵਾਨ ਲੋਕ ਆਪਣੀ-ਆਪਣੀ ਰਾਇ ਦੇਣ।

ਨਾਮਧਾਰੀ ਪਰਚਾਰਕਾਂ ਨੂੰ ਤਿਆਰ ਕਰਨ ਲਈ ਵਿਸ਼ੇਸ਼ ਰੂਪ ਵਿਚ ਕਲਾਸਾਂ ਖੋਲ੍ਹੀਆਂ ਜਾਣ ਜਿਸ ਵਿਚ ਉੱਘੇ ਪ੍ਰਚਾਰਕ ਆਲਮ ਜੀ, ਚੱਕਰਵਰਤੀ ਜੀ, ਸੰਤ ਮੰਗਲ ਸਿੰਘ ਜੀ, ਭਗਤ ਸਿੰਘ ਜੀ ਇਤਿਆਦਿ ਉਹਨਾਂ ਨੂੰ ਸਿੱਖਿਆ ਦੇਣ ਬਾਰੇ ਪ੍ਰੋਗਰਾਮ ਉਲੀਕਣ। ਇਸ ਹੋਲੇ ਤੇ ਪੂਰਨ ਗੁਰਮਰਿਆਦਾ ਅਨੁਸਾਰ ਸੱਤ ਅਨੰਦ ਕਾਰਜ ਹੋਏ।

## 1994 ਬਿਕ੍ਰਮੀ–1938 ਈਸਵੀ, ਹੋਲਾ ਸ਼ੇਖੂਪੁਰਾ, ਸ਼ਹਿਰ ਖਾਸ।

ਸੰਤ ਇੰਦਰ ਸਿੰਘ ਜੀ ਚੱਕਰਵਰਤੀ ਨੇ 20 ਫੱਗਣ ਦੇ ਸਤਿਜੁਗ ਦੇ ਪਰਚੇ ਵਿਚ ਪ੍ਰਕਾਸ਼ਿਤ ਕਰਵਾਇਆ ਕਿ ਹੋਲੇ ਦਾ ਭੋਗ ਚੇਤ ਵਦੀ ਤੀਜ ਵਾਲੇ ਦਿਨ ਪਾਇਆ ਜਾਵੇ ਤੇ ਹੋਲੇ ਦਾ ਅਰੰਭ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਪ੍ਰਕਾਸ਼ ਦਿਵਸ ਪੂਰਨਮਾਸ਼ੀ ਫੱਗਣ ਵਾਲੇ ਦਿਨ ਕੀਤਾ ਜਾਵੇ। ਇਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਦਿਵਸ ਤੇ ਹੋਲੇ ਦਾ ਪੁਰਬ ਦੋਵੇਂ ਮਨਾਏ ਜਾ ਸਕਦੇ ਹਨ। ਇਹ ਸਲਾਹ ਸਭ ਨੂੰ ਚੰਗੀ ਲਗੀ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਅਰਜ ਇਹ ਕਹਿੰਦਿਆਂ ਪ੍ਰਵਾਨ ਨਾ ਕੀਤੀ, "ਮੈਂ ਆਪਣਾ ਪੁਰਬ ਨਹੀਂ ਮਨਾਉਣਾ ਚਾਹੁੰਦਾ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਦੇ ਪੰਨਿਆਂ ਰਾਹੀਂ ਪ੍ਰਕਾਸ਼ਿਤ ਕਰਵਾਇਆ ਕਿ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆਂ ਤੇ ਉਨ੍ਹਾਂ ਦੇ ਡੇਰੇ ਦੇ ਸਭ ਪੁਰਖਾਂ ਨੇ ਅੰਮ੍ਰਿਤ ਛੱਕ ਲਿਆ ਹੈ ਤੇ ਉਹ ਹੋਲਾ ਕਿਲ੍ਹੇ ਨਹੀਂ ਕਰਨਗੇ ਤੇ ਜੇ ਕੋਈ ਹੋਰ ਹੋਲੇ ਦਾ ਉੱਦਮ ਕਰਨਗੇ ਤੇ ਜੋ ਉਨ੍ਹਾਂ ਨੂੰ ਉਗਰਾਹੀ ਦੇਵੇਗਾ ਉਸ ਨੂੰ ਵੀ ਨਾਮਧਾਰੀ ਪੰਥ ਦੀ ਮਰਿਆਦਾ ਅਨੁਸਾਰ ਡੰਨ ਲਗੇਗਾ। ਇਹ ਸਭ ਪੜ੍ਹ ਕੇ ਦੜਪ ਦੀ ਸਾਧ-ਸੰਗਤ ਸੁਚੇਤ ਹੋ ਗਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਵੱਖ-ਵੱਖ ਥਾਵਾਂ ਤੇ ਚਰਨ ਪਾ ਕੇ ਸੰਗਤਾਂ ਨੂੰ ਨਿਹਾਲ

ਕਰਕੇ ਸ਼ੇਖੂਪੁਰਾ ਜ਼ਿਲ੍ਹੇ ਦੇ ਕਿਲ੍ਹੇ ਸ਼ੇਖੂਪੁਰੇ ਹੋਲੇ ਮੱਲੇ ਤੇ ਆਪਣੇ ਸਿੱਖਾਂ ਸੇਵਕਾਂ ਸਮੇਤ 1 ਚੇਤਰ ਨੂੰ ਦਰਸ਼ਨ ਦਿੱਤੇ। ਬੜਾ ਵੱਡਾ ਪੰਡਾਲ ਬਣਾਇਆ ਗਿਆ, ਜਿਸ ਵਿਚ ਸਤਿਗੁਰੂ ਜੀ ਲਈ ਵਿਸ਼ੇਸ਼ ਤੌਰ ਤੇ ਉੱਚਾ ਸਥਾਨ ਬਣਾਇਆ ਗਿਆ ਤੇ ਆਗੂਆਂ ਨੇ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਸਫਾਂ ਵਿਛਾ ਕੇ ਬੈਠਣ ਦਾ ਵਧੀਆ ਪ੍ਰਬੰਧ ਕੀਤਾ। ਪਹਿਰੇਦਾਰ ਬੜੇ ਸੁਚਾਰੂ ਢੰਗ ਨਾਲ ਸਾਧ-ਸੰਗਤ ਨੂੰ ਬਿਠਾਉਂਦੇ। ਸਵੇਰੇ ਆਸਾ ਦੀ ਵਾਰ ਦਾ ਅਰੰਭ ਚਾਰ ਵਜੇ ਹੋ ਜਾਂਦਾ ਤੇ ਸਤਿਗੁਰੂ ਜੀ ਆਪ ਆਪਣੀ ਸੁਰੀਲੀ ਆਵਾਜ਼ ਰਾਹੀਂ ਕੀਰਤਨ ਕਰਕੇ ਸਰੋਤਿਆਂ ਦੇ ਦਿਲਾਂ ਨੂੰ ਖਿੱਚ ਪਾਉਂਦੇ। ਪੰਜ ਵਜੇ ਦਰਵਾਜ਼ੇ ਬੰਦ ਹੋ ਜਾਂਦੇ ਤੇ ਦੇਰ ਨਾਲ ਆਉਣ ਵਾਲੇ ਪੰਡਾਲ ਤੋਂ ਬਾਹਰ ਬੈਠ ਕੇ ਵਾਰ ਦਾ ਅਨੰਦ ਮਾਣਦੇ।

ਕਿਧਰੇ ਹੋਲੇ ਦੇ ਦੀਵਾਨਾਂ ਵਿਚ ਮਸਤਾਨੇ ਲੋਟ-ਪੋਟ ਹੁੰਦੇ, ਕਿਧਰੇ ਢਾਡੀ ਬੀਰ ਰਸ ਦੇ ਗੀਤ ਗਾਇਨ ਕਰਕੇ ਵਾਤਾਵਰਣ ਵਿਚ ਬੀਰ-ਰਸ ਪ੍ਰਦਾਨ ਕਰਦੇ। ਸ੍ਰੀ ਭੈਣੀ ਸਾਹਿਬ ਵਿਦਿਆਲੇ ਦੇ ਵਿਦਿਆਰਥੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਸਾਹਿਬਜ਼ਾਦੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਸੁਰੀਲੇ ਕੀਰਤਨ ਰਾਹੀਂ ਸਾਰਿਆਂ ਨੂੰ ਆਪਣੇ ਵੱਲ ਖਿੱਚ ਰਹੇ ਸਨ। 30 ਫੱਗਣ ਤੋਂ ਦੋ ਚੇਤਰ ਤੱਕ ਦੀਵਾਨ, ਕੀਰਤਨ, ਲੰਗਰ ਤੇ ਨਾਮਧਾਰੀ ਦਰਬਾਰ ਦੀ ਇਕੱਤਰਤਾਵਾਂ ਹਰ ਰੋਜ਼ ਇਕ ਰਸ ਹੁੰਦੀਆਂ ਰਹੀਆਂ। ਸੰਤ ਅਤਰ ਸਿੰਘ ਜੀ ਕੀਰਤਨ ਕਰਦੇ-ਕਰਦੇ ਮਸਤ ਹੋ ਕੇ ਸਾਰੀ-ਸਾਰੀ ਰਾਤ ਨ੍ਰਿਤ ਕਰਦੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲਿਆਂ ਨੇ ਮਿੱਠੇ-ਮਿੱਠੇ ਬਚਨ ਸੁਰੀਲੀ ਸੁਰ ਵਿਚ ਸੁਨਾਉਣੇ ਅਰੰਭ ਕੀਤੇ, "ਪਿਆਰਿਓ ਗੁਰੂ ਕੀ ਮੱਤ ਵੱਲ ਆਓ" ਸੰਤ ਇੰਦਰ ਸਿੰਘ ਜੀ ਬੋਲੇ—'ਸਭ ਮਜ਼ਹਬਾਂ ਤੇ ਮੁਲਕਾਂ ਦੇ ਖਿਚਾਓ ਚਲ ਰਹੇ ਹਨ। ਸਤਿਗੁਰੂ ਜੀ ਸਭ ਮਜ਼ਹਬਾਂ ਨੂੰ ਇਤਫਾਕ ਦੀ ਸਿੱਖਿਆ ਦਿੰਦੇ ਹਨ, ਇਹ ਅਸਲੀ ਗੁਰੂ ਨਾਨਕ ਮੱਤ ਹੈ।' ਸੰਤ ਨਿਧਾਨ ਸਿੰਘ ਜੀ ਆਲਮ ਨੇ ਫੁੱਟ ਦੇ ਅਉਗਣ ਤੇ ਸਲੂਕ ਦੇ ਸੁੱਖ ਦੱਸੇ। ਤਿੰਨ ਚੇਤਰ ਆਸਾ ਦੀ ਵਾਰ ਦੇ ਭੋਗ ਤੋਂ ਉਪਰੰਤ ਹਵਨ ਕੀਤਾ ਗਿਆ। ਵੇਦੀ ਦੇ ਦੁਆਲੇ ਸਫੇਦ ਸਾਦੇ ਬਾਣੇ ਵਿਚ ਪੰਜਾਂ ਜੋੜਿਆਂ ਦੇ ਗੁਰਮਤਿ ਅਨੁਸਾਰ ਅਨੰਦ ਕੀਤੇ ਗਏ। ਇਕ ਲੜਕੇ ਨੇ ਸਤਿਗੁਰੂ ਜੀ ਅੱਗੇ ਮਾਇਆ ਰੱਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਨੇ ਉਸੇ ਵੇਲੇ ਪੈਸੇ ਚੁੱਕਵਾ ਦਿੱਤੇ ਤੇ ਬਚਨ ਕੀਤਾ, 'ਸਾਨੂੰ ਵਾਧੂ ਰਸਮਾਂ ਬੰਦ ਕਰਨੀਆਂ ਚਾਹੀਦੀਆਂ ਹਨ।'

**ਬੀਬੀਆਂ ਨੂੰ ਸਿੱਖਿਆ :**—ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਨੁਸਾਰ ਸੰਤ ਨਿਧਾਨ ਸਿੰਘ ਜੀ ਆਲਮ ਨੇ ਗੁਰ-ਮਰਿਆਦਾ ਅਨੁਸਾਰ ਅਨੰਦ-ਕਾਰਜ ਕਰਨ ਤੇ ਪ੍ਰਕਾਸ਼ ਪਾਇਆ ਤੇ ਘੁੰਡ ਕੱਢਣ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਬੀਬੀਆਂ ਨੂੰ ਵਿਸ਼ੇਸ਼ ਰੂਪ ਵਿਚ ਦੱਸਿਆ ਕਿ ਵਿਆਹ ਤੋਂ ਬਾਅਦ ਸਹੁਰੇ ਦਾ ਸਥਾਨ ਪਿਤਾ ਦਾ ਹੁੰਦਾ ਹੈ ਤੇ ਪਤੀ ਦਾ ਪਰਮੇਸ਼ਵਰ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਵਿਆਹ ਦੀ ਰਸਮ ਪੂਰੀ ਹੋਣ ਤੋਂ ਉਪਰੰਤ ਘਰ ਜਾ ਕੇ ਵਾਧੂ ਦੀਆਂ ਫਜ਼ੂਲ ਰਸਮਾਂ ਨਹੀਂ ਕਰਨੀਆਂ

ਚਾਹੀਦੀਆਂ। ਸਾਧ-ਸੰਗਤ ਹਜ਼ਾਰਾਂ ਦੀ ਗਿਣਤੀ ਵਿਚ ਵਿਆਹ ਦੇ ਸਮਾਗਮ ਤੇ ਉਪਸਥਿਤ ਹੁੰਦੀ ਹੈ, ਕੀ ਘਰ ਜਾ ਕੇ ਇੰਨੇ ਲੋਕਾਂ ਦਾ ਪ੍ਰਬੰਧ ਆਦਿ ਕਰਨਾ, ਐਨੀ ਰੌਣਕ ਸੰਭਵ ਹੋ ਸਕਦੀ ਹੈ ? ਇਸ ਤੋਂ ਉਪਰੰਤ ਆਲਮ ਜੀ ਨੇ ਤੁਲਸੀ ਰਾਮਾਇਣ ਪੜ੍ਹ ਕੇ ਦੱਸਿਆ ਕਿ ਦਸ਼ਰਥ ਜੀ ਨੇ ਸੀਤਾ ਜੀ ਨੂੰ ਤੇ ਆਪਣੀਆਂ ਦੂਸਰੀਆਂ ਨੂੰਹਾਂ ਨੂੰ ਬੜੇ ਪਿਆਰ ਸਹਿਤ ਆਪਣੀ ਗੋਦ ਵਿਚ ਬਿਠਾਇਆ :—

ਬਧੂ-ਪ੍ਰੇਮ ਗੋਦ ਬੈਠਾਰੀ
ਬਾਰ-ਬਾਰ ਹੀਏ ਹਰਖ ਦੁਲਾਰੀ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੁਰਾਤਨ ਮਰਿਆਦਾ ਨੂੰ ਹੀ ਅਗਾਂਹ ਤੋਰਿਆ ਸੀ। ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਉਸੇ ਪੁਰਾਤਨ ਮਰਿਆਦਾ ਨੂੰ ਪੂਰੀ ਤਰ੍ਹਾਂ ਸੁਦ੍ਰਿੜ ਕਰਨਾ ਚਾਹੁੰਦੇ ਹਨ ਤੇ ਸਾਰੇ ਸੰਸਾਰ ਨੂੰ ਉਸ ਮਰਿਆਦਾ ਦਾ ਗਿਆਨ ਦੇਣਾ ਚਾਹੁੰਦੇ ਹਨ ।

ਸੰਤ ਇੰਦਰ ਸਿੰਘ ਜੀ ਚੱਕਰਵਰਤੀ ਨੇ ਟਹਿਲ ਸਿੰਘ ਵਲੋਂ ਲਿਖੇ ਹੋਏ ਹੁਕਮਨਾਮਿਆਂ ਨੂੰ ਬਿਲਕੁਲ ਗਲਤ ਦੱਸਿਆ ਤੇ ਸਾਰੀ ਸਾਧ-ਸੰਗਤ ਨੂੰ ਚੇਤਾਵਨੀ ਦਿੱਤੀ ਕਿ ਝੂਠੇ ਹੁਕਮਨਾਮੇ ਨਾ ਪੜ੍ਹਨ ਤੇ ਅਸਲੀ ਹੁਕਮਾਂ ਵਲੋਂ ਗੁਮਰਾਹ ਨਾ ਹੋਣ ।

**ਸੰਤ ਮੀਹਾਂ ਸਿੰਘ ਜੀ :—**ਇਸ ਹੋਲੇ ਦੇ ਸ਼ੁਭ ਅਵਸਰ ਤੇ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼ ਤੇ ਸੰਤਾਂ ਸਾਧਾਂ ਦੇ ਬਚਨ ਸੁਣ ਕੇ ਸੰਤ ਦਿਆਲ ਸਿੰਘ ਜੀ ਮਸਤਾਨੀ ਅਵਸਥਾ ਵਿਚ ਪਹੁੰਚ ਗਏ । ਉਹਨਾਂ ਨੇ ਸੰਤ ਮੀਹਾਂ ਸਿੰਘ ਜੀ ਦੀ ਹੱਡ-ਬੀਤੀ ਸਾਰੀ ਸਾਧ ਸੰਗਤ ਨੂੰ ਸੁਣਾ ਕੇ ਨਿਹਾਲ ਕੀਤਾ । ਸੰਤ ਮੀਹਾਂ ਸਿੰਘ ਜੀ ਇਕ ਦਿਨ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਸਨ, ਕਿ ਸਤਿਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਤੇ ਸਵਾਰ ਹੋ ਕੇ ਉਹਨਾਂ ਨੂੰ ਦਰਸ਼ਨ ਦਿੱਤੇ ਤੇ ਹੁਕਮ ਕੀਤਾ, "ਜੇ ਮੈਨੂੰ ਮਿਲਣਾ ਹੈ, ਤਾਂ ਭੈਣੀ ਸਾਹਿਬ ਆ" । ਹੁਕਮ ਅਨੁਸਾਰ ਸੰਤ ਮੀਹਾਂ ਸਿੰਘ ਜੀ ਸ੍ਰੀ ਭੈਣੀ ਸਾਹਿਬ ਪਹੁੰਚੇ ਤੇ ਸਤਿਗੁਰੂ ਜੀ ਨੇ ਉਸ ਨੂੰ ਭਜਨ ਦੇ ਕੇ ਉਸ ਦਾ ਜਨਮ ਸਫ਼ਲ ਕਰ ਦਿੱਤਾ ਤੇ ਨਾਲ ਹੀ ਹੁਕਮ ਕੀਤਾ, "ਸੁਧ ਕਿਰਤ ਕਰੀਂ ਤੇ ਅੰਦਰੋਂ ਚੇਤੇ ਰੱਖੀਂ ਮੈਨੂੰ, ਮੈਂ ਤੈਨੂੰ ਨਹੀਂ ਭੁਲਾਵਾਂਗਾ ।"

ਆਪਣੇ ਪਿੰਡ ਵਾਪਸ ਆ ਕੇ ਸੰਤ ਮੀਹਾਂ ਸਿੰਘ ਜੀ ਭਜਨ ਕਰਦੇ, ਸੁਧ ਕਿਰਤ ਕਰਕੇ ਆਪਣਾ ਸਮਾਂ ਗੁਜ਼ਾਰਦੇ । ਪਰ ਉਹਨਾਂ ਦੇ ਗੁਆਂਢੀ ਰਾਤ ਨੂੰ ਸਾਰੀ ਕਪਾਹ ਚੁਰਾ ਕੇ ਲੈ ਜਾਂਦੇ । ਸੰਤਾਂ ਦੇ ਕਈ ਵਾਰ ਪੁੱਛਣ ਤੇ ਉਹ ਨਾ ਮੰਨਦੇ । ਲੋਕਾਂ ਨੇ ਸੰਤਾਂ ਨੂੰ ਸਲਾਹ ਦਿੱਤੀ ਕਿ ਉਹ ਰਾਤ ਨੂੰ ਗੁਆਂਢੀਆਂ ਦੀ ਕਪਾਹ ਚੁਗ ਲੈਣ । ਉਹ ਇਕ ਰਾਤ ਲੋਕਾਂ ਦਾ ਕਹਿਣਾ ਮੰਨ ਕੇ ਕਪਾਹ ਚੁਗਣ ਲੱਗ ਪਏ । ਪਰ ਸੰਤ ਮੀਹਾਂ ਸਿੰਘ ਜੀ ਨੂੰ ਅੰਤਹਕਰਣ ਵਿਚੋਂ ਗਲਤ ਕੰਮ ਕਰਨ ਲਈ ਆਵਾਜ਼ਾਂ ਆਉਣ ਤੇ ਨਾਲ ਹੀ ਸੋਚਦੇ, 'ਹੁਣ ਤਾਂ ਮੇਰੀ ਰੱਖਿਆ ਮੇਰਾ ਸਤਿਗੁਰੂ ਹੀ ਕਰ ਸਕਦਾ ਹੈ । ਮੇਰੀ ਪੱਤ ਤਾਂ ਉਹਨਾਂ ਦੇ ਹੱਥ ਹੈ ।' ਸੋਚਣ ਦੀ ਦੇਰ ਹੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਤੇ ਸਵਾਰ ਹੋ ਕੇ ਕਪਾਹ ਦੇ ਖੇਤਾਂ ਦੇ ਬੰਨੇ ਆ ਕੇ ਖੜੇ ਹੋ ਗਏ । ਚਾਨਣ ਵੇਖ ਕੇ ਮੀਹਾਂ ਸਿੰਘ ਜੀ ਸੰਘਣੀ ਜਗ੍ਹਾ ਜਾ ਕੇ ਲੁਕ ਗਏ । ਸਤਿਗੁਰੂ ਜੀ ਨੇ ਆਵਾਜ਼ ਦੇ

ਕੇ ਕਿਹਾ, 'ਮੈਂ ਤੈਨੂੰ ਦੇਖ ਕੇ ਹੀ ਏਡੀ ਦੂਰੋਂ ਆਇਆ ਹਾਂ, ਤੂੰ ਖੇਤ ਵਿਚੋਂ ਨਿਕਲ ਆ। ਜੇ ਕੋਈ ਵੇਖੇ, ਮੱਤ ਕਹੇ, ਦੇਖ ਗੁਰੂ ਦਾ ਸਿੱਖ ਚੋਰੀ ਕਰਦਾ ਹੈ। ਮੈਨੂੰ ਉਲਾਂਭਾ ਆਵੇ।" ਸੰਤ ਮੀਹਾਂ ਸਿੰਘ ਜੀ ਉਸ ਵੇਲੇ ਹੀ ਸਤਿਗੁਰੂ ਜੀ ਦੇ ਪਵਿੱਤਰ ਚਰਨ ਕਮਲਾਂ ਨਾਲ ਲਿਪਟ ਕੇ ਅਰਜ਼ ਕੀਤੀ, 'ਸੱਚੇ ਪਾਤਿਸ਼ਾਹੋ ! ਜਿਵੇਂ ਪਹਿਲਾ ਨਜ਼ਾਰਾ ਤੇ ਤਰਾਰਾ ਸਿੱਖ ਨੂੰ ਸਵਾਦ ਭਰਿਆ ਹੁੰਦਾ ਹੈ ਤੇ ਆਉਂਦਾ ਹੈ, ਉਹ ਫੇਰ ਕਿਉਂ ਨਹੀਂ ਰਹਿੰਦਾ ?" ਸਤਿਗੁਰੂ ਜੀ ਬਚਨ ਕੀਤਾ, 'ਪਹਿਲਾ ਪਿਆਰ ਗੁਰੂ ਵਲੋਂ ਹੁੰਦਾ ਹੈ ਜਿਵੇਂ ਕੁਦਰਤੀ ਜਵਾਨੀ ਵਿਚ ਸੁਤੇ ਇਕ ਅਮਲ ਹੁੰਦਾ ਹੈ ਪਰ ਬਾਅਦ ਸਿੱਖ ਦੀ ਮੰਗ ਤੇ ਅਰਾਧਨਾ ਤੇ ਉਹ ਮਸਾਂ ਹੀ ਸਵਾਦ ਲੱਭਦਾ ਹੈ ਜੇ ਗੁਰੂ ਮਿਹਰ ਕਰੇ।"

ਅਗਲੇ ਦਿਨ ਸਵੇਰੇ ਹੀ ਖੇਤਾਂ ਦੇ ਮਾਲਿਕ ਵੇਖ ਕੇ ਹੈਰਾਨ ਹੋਏ ਕਿ ਕਿਸੇ ਨੇ ਕਪਾਹ ਤਾਂ ਵੱਢੀ ਹੈ ਪਰ ਚੁੱਕ ਕੇ ਨਹੀਂ ਲੈ ਗਿਆ ਤੇ ਨਾਲ ਹੀ ਘੋੜੀ ਦੇ ਪੈੜ ਦੇ ਨਿਸ਼ਾਨ ਲੱਗੇ ਵੀ ਵੇਖੇ। ਉਹਨਾਂ ਨੇ ਕਿਹਾ ਕਿ ਜਿਹੜਾ ਇਹ ਸਭ ਕੁਝ ਦੱਸੇਗਾ ਉਹ ਉਸ ਨੂੰ ਕੁਝ ਨਹੀਂ ਕਹਿਣਗੇ, ਸਗੋਂ ਅਹਿਸਾਨ ਮੰਦ ਹੋਣਗੇ। ਸੰਤ ਮੀਹਾਂ ਸਿੰਘ ਜੀ ਨੇ ਰਾਤ ਦੀ ਵਾਪਰੀ ਸਾਰੀ ਵਾਰਤਾ ਉਹਨਾਂ ਨੂੰ ਸੁਣਾਈ। ਉਹ ਬਹੁਤ ਖੁਸ਼ ਹੋਏ ਤੇ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਭਜਨ ਲੈ ਕੇ ਨਾਮਧਾਰੀ ਸਿੰਘ ਸਜ ਗਏ।

**ਵਿਸ਼ੇਸ਼ ਮਤੇ :**—ਅਖੀਰਲੇ ਦਿਨ ਹਵਨ ਹੋਇਆ ਤੇ ਅਨੰਦ ਕਾਰਜ ਕੀਤੇ ਗਏ। 101 ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਨਾਮਧਾਰੀ ਦਰਬਾਰ ਦੇ ਇਕੱਠ ਤੇ ਹੇਠ-ਲਿਖੇ ਮਤੇ ਪਾਸ ਕੀਤੇ ਗਏ।

—ਸ਼ਹੀਦ ਗੰਜ ਲਾਹੌਰ ਵਿਖੇ ਹੋਏ ਝਗੜੇ ਅੰਗ੍ਰੇਜ਼ ਦੀ ਸ਼ਰਾਰਤ ਹੈ। ਜੋ-ਜੋ ਸਿੰਘ ਤੇ ਬੀਬੀਆਂ ਬੱਚੇ ਇਸ ਥਾਂ ਤੁਰਕ ਰਾਜ ਸਮੇਂ ਸ਼ਹੀਦ ਕੀਤੇ ਗਏ ਸੀ, ਉਹ ਭੀ ਸਾਂਝੇ ਸੀ ਤੇ ਹੁਣ ਭੀ ਇਹ ਮਸਲਾ ਸਾਡਾ ਸਿੱਖ ਹੋਣ ਦੇ ਨਾਤਿਉਂ ਸਾਂਝਾ ਹੈ। ਲੋੜ ਪਈ ਤਾਂ ਤੋੜ ਤਕ ਸਿੱਖ ਪੰਥ ਦੀ ਮਦਦ ਕਰਾਂਗੇ।

—ਟੀਕਾ ਲਗਾਉਣਾ ਨਾਮਧਾਰੀ ਅਸੂਲ ਦੇ ਖਿਲਾਫ਼ ਹੈ।

—ਜੇਕਰ ਕੋਈ ਸਿੱਖ ਕਿਸੇ ਹੋਰ ਜ਼ਿਲ੍ਹੇ ਤੋਂ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੇ ਨਾਮ ਜ਼ਮੀਨ ਲਵਾਉਣੀ ਚਾਹਵੇ, ਸਰਕਾਰ ਰੋਕ ਨਾ ਪਾਵੇ।

—ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਵੱਖਰਾ ਅਸਥਾਨ ਹੋਵੇ ਤੇ ਉਸ ਜਗ੍ਹਾ ਚਰਨ ਧੋਤੇ ਬਿਨਾ ਕੋਈ ਨਾ ਜਾਵੇ।

—ਨਾਮਧਾਰੀ ਅਸੂਲ ਅਨੁਸਾਰ ਨਵੇਂ ਜੰਮੇ ਬੱਚੇ ਨੂੰ ਦੁੱਧ ਦੇਣ ਤੋਂ ਪਹਿਲਾਂ ਭਜਨ ਦੇਣਾ ਜ਼ਰੂਰੀ ਹੈ, ਪਰ ਪੰਜ ਜਾਂ ਸੱਤ ਸਾਲ ਦੇ ਹੋਏ ਬੱਚੇ ਨੂੰ ਸ੍ਰੇਸ਼ਟ ਸਾਧੂ ਤੋਂ ਜ਼ਰੂਰ ਭਜਨ ਦਵਾਇਆ ਜਾਵੇ, ਤਾਂਕਿ ਵੱਡਾ ਹੋਣ ਤੇ ਉਹ ਸਾਧਾਂ ਦੀ ਸੇਵਾ ਕਰ ਸਕੇ ਤੇ ਸੋਝੀ ਪ੍ਰਾਪਤ ਕਰੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਸਿਆਲ-ਕੋਟ ਜ਼ਿਲ੍ਹਾ ਦੇ ਸੁਧਾਰ ਲਈ ਤਿਲਹਾੜੇ ਦੇ ਸ਼ਾਹ ਦੀ ਅਰਜ਼ ਪ੍ਰਵਾਨ ਕਰਕੇ ਅਗਲੇ ਸਾਲ 1995 ਬਿਕ੍ਰਮੀ ਦਾ ਹੋਲਾ ਤਿਲਹਾੜੇ ਕਰਨ ਦਾ ਐਲਾਨ ਕੀਤਾ।

## 1995 ਬਿਕ੍ਰਮੀ-1939 ਈਸਵੀ, ਹੋਲਾ ਤਿਲਹਾੜਾ, ਜ਼ਿਲ੍ਹਾ ਸਿਆਲਕੋਟ।

**ਰੱਬ ਰਾਖਾ** :—ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਗੁਜਰਾਂਵਾਲਿਉਂ ਆਸਾ ਦੀ ਵਾਰ ਦਾ ਭੋਗ ਪਾ ਕੇ 21 ਫੱਗਣ ਨੂੰ ਤਿਲਹਾੜੇ ਦਰਸ਼ਨ ਦਿੱਤੇ। ਸਾਰੀਆਂ ਸੰਗਤਾਂ ਨੂੰ ਹੁਕਮ ਕੀਤਾ ਸਭ ਹੋਲੇ ਤੇ ਸ਼ਬਦ ਕੀਰਤਨ ਕਰਦੇ ਆਉਣ। ਨਾਮਧਾਰੀ ਹੋਲੇ ਦੇ ਮੁਕਾਬਲੇ ਤੇ ਨੈਸ਼ਨਲ ਅਕਾਲੀ ਡਸਕੇ ਤੇ ਕਾਮੋਕਿਆਂ ਦੀ ਜੂਹ ਵਿਚ ਇਕ ਤੰਬੂ ਤੇ ਚਾਨਣੀ ਲਾ ਕੇ ਵਿਰੋਧਤਾ ਪ੍ਰਗਟ ਕਰਨ ਲਈ ਇਕੱਠੇ ਹੋਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਨੂੰ ਹੁਕਮ ਕੀਤਾ, 'ਕਿਸੇ ਦੇ ਬੋਲ ਕਬੋਲ ਵੱਲ ਧਿਆਨ ਨਹੀਂ ਦੇਣਾ।' ਤਿਲਹਾੜੇ ਦੇ ਲੋਕਾਂ ਨੂੰ ਪਹਿਲਾਂ ਹੀ ਫਿਕਰ ਪੈ ਗਿਆ ਕਿ ਪਿੰਡਾਂ ਦੇ ਖੇਤਾਂ ਆਦਿ ਦਾ ਉਜਾੜਾ ਹੋਵੇਗਾ। ਸਾਧ ਸੰਗਤ ਦੇ ਆਉਣ ਤੇ ਲੋਕਾਂ ਦੇ ਖੇਤ ਮਿੱਧੇ ਜਾਣਗੇ। ਸੰਤ ਭਗਤ ਸਿੰਘ ਜੀ ਨੇ ਜ਼ਿੰਮੇਵਾਰੀ ਲਈ ਕਿ ਉਹ ਸਭ ਉਥੋਂ ਦੇ ਲੋਕਾਂ ਨੂੰ ਸਮਝਾ ਦੇਣਗੇ। ਇਕ ਚੋਧਰੀ ਸਮਝਾਣ ਤੇ ਆਖੇ ਲੱਗ ਗਿਆ, ਪਰ ਦੂਸਰਾ ਨਾ ਮੰਨਿਆ। ਸੰਤਾਂ ਬਚਨ ਕੀਤਾ, "ਸਾਡਾ ਤਾਂ ਰੱਬ ਰਾਖਾ ਹੈ, ਤੂੰ ਆਪਣਾ ਫਿਕਰ ਰੱਖੀਂ।"

ਸੰਤ ਭਗਤ ਸਿੰਘ ਜੀ ਦਾਤੇ ਵਾਲਿਆਂ ਤੇ ਸੰਤ ਸੁੰਦਰ ਸਿੰਘ ਭੂਰੀ ਵਾਲਿਆਂ ਕੁਝ ਚਿਰ ਪਹਿਲਾਂ ਹੀ ਤਿਲਹਾੜੇ ਪਹੁੰਚ ਕੇ ਖੂਹ ਲੰਗਰ, ਦੀਵਾਨ ਆਦਿ ਦਾ ਪ੍ਰਬੰਧ ਕਰਵਾਇਆ। ਇਥੋਂ ਦੇ ਕੁਝ ਮੁਸਲਮਾਨਾਂ ਨੇ ਵਾਹਿਦਾ ਕੀਤਾ ਕਿ ਉਹ ਪ੍ਰਾਹੁਣਿਆਂ ਦਾ ਹਰ ਤਰ੍ਹਾਂ ਨਾਲ ਲਿਹਾਜ ਰੱਖਣਗੇ। ਅਕਾਲ-ਪੁਰਖ ਦੀ ਰਜ਼ਾ ਇਸ ਤਰ੍ਹਾਂ ਸੀ, ਕਿ ਦੋ ਦਿਨ ਪਹਿਲਾਂ ਜ਼ੋਰ ਦੀ ਬਾਰਸ਼ ਤੇ ਗੜਾ ਪਿਆ, ਜਿਸ ਨਾਲ ਉਸਦੀ ਸਾਰੀ ਫ਼ਸਲ ਤਬਾਹ ਹੋ ਗਈ, ਤੇ ਰਾਖੀ ਕਰਨ ਦੀ ਲੋੜ ਹੀ ਨਾ ਪਈ ਤੇ ਦੂਸਰਿਆਂ ਜਿਨ੍ਹਾਂ ਨੇ ਕਿਹਾ ਅਸੀਂ ਸਾਧ-ਸੰਗਤ ਦੀਆਂ ਵਧੀਕੀਆਂ ਸਹਨ ਕਰਾਂਗੇ, ਗੜ੍ਹਾ ਉਹਨਾਂ ਦੇ ਖੇਤਾਂ ਕੋਲੋਂ ਪਰੇ-ਪਰੇ ਹੋ ਕੇ ਨਿਕਲ ਗਿਆ। ਉਨ੍ਹਾਂ ਦਾ ਰਤਾ ਭਰ ਵੀ ਨੁਕਸਾਨ ਨਾ ਹੋਇਆ। ਭਾਈ ਕਾਲੂ ਤੇ ਸੰਦਲ ਆਪਣੀਆਂ ਸੁਰਾਂ ਰਾਹੀਂ 'ਹੋਲੀ ਕੀਨੀ ਸੰਤ ਸੇਵ' ਤੇ 'ਮਾਘ ਬਤੀਤ ਭਏ ਰੁਤ ਫਾਗਣ ਆਇ ਗਈ ਸਭ ਖੇਲਤ ਹੋਰੀ' ਆਦਿ ਪੜ੍ਹ ਕੇ ਸਾਰੀਆਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਮੋਹਨ ਸਿੰਘ ਜੀ, ਉਜਾਗਰ ਸਿੰਘ ਤੇ ਤੇਜਾ ਸਿੰਘ ਪੈਰਾਂ ਵਿਚ ਘੁੰਗਰੂ ਆਦਿ ਪਾ ਕੇ ਨ੍ਰਿਤਕਾਰੀ ਕਰਦੇ। ਸਤਿਗੁਰੂ ਜੀ ਆਇਆਂ ਮਸਤਾਨਿਆਂ ਨੂੰ 'ਆਉ ਜੀ' ਕਹਿ ਜੱਫੀਆਂ ਪਾ ਕੇ ਮਿਲਦੇ। ਸਾਧ-ਸੰਗਤ ਵਿਚ ਵੀ ਮਸਤੀ ਦਾ ਵਾਤਾਵਰਣ ਛਾ ਗਿਆ। ਸੰਤ ਨਿਧਾਨ ਸਿੰਘ ਜੀ ਆਲਿਮ ਨੇ ਸੂਮਣੀ ਕਮੇਟੀ ਵਲੋਂ ਆਇਆਂ ਮੈਂਬਰਾਂ ਦਾ ਧੰਨਵਾਦ ਕੀਤਾ। ਸੰਤ ਹਰਨਾਮ ਸਿੰਘ ਜੀ ਤੇ ਪ੍ਰਤਾਪ ਸਿੰਘ ਜੀ ਰਾਹੀ ਦੇ ਜਥੇ ਨੇ ਰਲ ਮਿਲ ਕੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਉਪਰੰਤ ਸੰਤ ਗੰਗਾ ਸਿੰਘ ਜੀ ਬੋਲੇ ਤੇ ਦੱਸਿਆ ਜਿਵੇਂ ਇਸ਼ਕ ਤੇ ਸਾਰਿਆਂ

ਦਾ ਜ਼ੋਰ ਨਹੀਂ ਚਲਦਾ ਤਿਵੇਂ ਹੋਸ਼ ਤੇ ਮਸਤੀ ਦਾ ਵੀ ਕੋਈ ਜੋੜ ਨਹੀਂ । ਸੰਤ ਇੰਦਰ ਸਿੰਘ ਜੀ ਚੱਕਰਵਰਤੀ ਤੇ ਸੰਤ ਹਜ਼ੂਰਾ ਸਿੰਘ ਜੀ ਨੇ ਆਪਣੇ ਆਪਣੇ ਵਿਚਾਰ ਵਿਅਕਤ ਕੀਤੇ ।

ਅਖੀਰਲੇ ਦਿਨ ਹਵਨ ਹੋਏ ਤੇ 20 ਜੋੜਿਆਂ ਦੇ ਅਨੰਦ ਕਾਰਜ ਗੁਰਮਤਿ ਮਰਿਆਦਾ ਅਨੁਸਾਰ ਹੋਏ । ਨਾਮਧਾਰੀ ਦਰਬਾਰ ਦਾ ਇਕੱਠ ਦੋ ਦਿਨ ਹੋਇਆ ਜਿਸ ਵਿਚ ਹੇਠ ਲਿਖਿਤ ਮਤੇ ਪਾਸ ਹੋਏ :—

—ਰਾਜ-ਕੋਟ ਦੇ ਠਾਕੁਰ ਜੀ ਨੂੰ ਅਪੀਲ ਕੀਤੀ ਜਾਵੇ ਕਿ ਮਹਾਤਮਾ ਗਾਂਧੀ ਜੀ ਦੇ ਰਾਜਕੋਟ ਸਤਿਆਗ੍ਰਹਿ ਤੇ ਮਰਨ ਬ੍ਰਤ ਬਾਬਤ ਅਪੀਲ ਕੀਤੀ ਜਾਵੇ ਕਿ ਉਹ ਮਹਾਤਮਾ ਜੀ ਦੀਆਂ ਮੰਗਾਂ ਛੇਤੀ ਪਰਵਾਨ ਕਰਨ ।

—ਸਤਿਗੁਰੂ ਜੀ ਦੇ ਚਰਨਾਂ ਵਿਚ ਸੁਭਾਸ਼ ਚੰਦਰ ਜੀ ਬੋਸ ਦੀ ਦੇਹ ਅਰੋਗਤਾ ਵਾਸਤੇ ਅਰਦਾਸ ਕੀਤੀ ਜਾਵੇ, ਤਾਂ ਕਿ ਉਹ ਦੇਸ਼-ਸੇਵਾ ਵਿਚ ਤੱਤਪਰ ਹੋ ਸਕਣ ।

—ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦਾ ਮੁੱਢ ਬੱਧਾ ਸੀ, ਇਸ ਲਈ ਐਤਕੀਂ ਦਾ ਕਾਂਗਰਸ ਦਾ ਸਾਲਾਨਾ ਇਜਲਾਸ ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਜਾਵੇ ।

—ਨਾਮਧਾਰੀ ਦਰਬਾਰ ਦੇ ਪ੍ਰਧਾਨ ਸੰਤ ਨਿਧਾਨ ਸਿੰਘ ਜੀ ਆਲਿਮ ਵਲੋਂ ਸ਼੍ਰੋਮਣੀ ਕਮੇਟੀ ਨੂੰ ਚੋਣਾਂ ਜਿੱਤਣ ਦੀ ਖੁਸ਼ੀ 'ਚ ਵਧਾਈ ਤੇ ਮਹਾਤਮਾ ਗਾਂਧੀ ਤੇ ਡਾ. ਕਿਚਲੂ ਜੀ ਨੂੰ ਹਿਤ ਤੇ ਹਮਦਰਦੀ ਦੀਆਂ ਤਾਰਾਂ ਭੇਜੀਆਂ ਜਾਣ ।

## 1996 ਬਿਕ੍ਰਮੀ-1940 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ) ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਦੇ ਪੰਨਿਆਂ ਵਿਚ ਹੁਕਮ ਲਿਖਵਾ ਭੇਜਿਆ ਕਿ ਇਸ ਵਾਰੀ ਸਾਰੀ ਸਾਧ-ਸੰਗਤ ਮਾਈ ਭਾਈ ਜਵਾਨ ਬਿਰਧ ਜੋ ਭਜਨ ਬੰਦਗੀ ਕਰਨਾ ਚਾਹੁੰਦੇ ਹਨ, ਬਸੰਤ ਦੇ ਮੇਲੇ ਤੋਂ ਹੋਲੇ ਤੱਕ ਸ੍ਰੀ ਭੈਣੀ ਸਾਹਿਬ ਵਿਖੇ ਰਹਿਣ ਦਾ ਮਨ ਬਣਾ ਕੇ ਆਉਣ । ਇਹ ਹੋਲਾ ਮਹੱਲਾ ਮਾਲਵੇ ਦੀ ਸਾਧ-ਸੰਗਤ ਵਲੋਂ ਸ੍ਰੀ ਭੈਣੀ ਸਾਹਿਬ ਵਿਖੇ ਹੋਵੇਗਾ । ਸਭ ਨੂੰ ਹੁਕਮ ਕੀਤਾ, ਕਿ ਕੋਈ ਵੀ ਦੇਸੀ ਘਿਉ ਨਾ ਵੇਚੇ ਕਿਉਂਕਿ ਇਹ ਘਿਉ ਸਾਧ-ਸੰਗਤ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਖਰੀਦ ਲੈਣਗੇ । ਤਬੇਲੇ ਵਿਚ ਮਾਈਆਂ ਨੂੰ ਸਰਦਾਰਨੀ ਲੀਲਾਵੰਤੀ ਨੂੰ ਵੀ ਭਾਈਆਂ ਵਾਂਗ ਜਪੁ ਪ੍ਰਯੋਗ ਕਰਾਉਣ ਦਾ ਹੁਕਮ ਦੇ ਦਿੱਤਾ । ਸਭ ਲਈ ਵੀਰਵਾਰ ਨੂੰ ਮੋਨ ਧਾਰਨ ਦਾ ਹੁਕਮ ਦਿੱਤਾ ਤੇ ਹਰ ਨਾਮਧਾਰੀ ਘਰ ਪ੍ਰਤੀ ਜਾਂ ਜਨ-ਪ੍ਰਤੀ ਸ੍ਰੀ ਭੈਣੀ ਸਾਹਿਬ ਪਾਠ ਕਰਕੇ ਲਿਆਉਣ ਦਾ ਹੁਕਮ ਦਿੱਤਾ ਗਿਆ ।

1996 ਦਾ ਹੋਲਾ 8,9,10,11 ਚੇਤਰ ਦਾ ਸੀ । ਸਤਿਗੁਰੂ ਜੀ ਨੇ ਪਹਿਲੇ ਤੋਂ ਹੀ ਸਾਧ-ਸੰਗਤ ਦੇ ਸੁਖ ਵਾਸਤੇ ਸਾਰੇ ਇੰਤਜ਼ਾਮ ਕੀਤੇ ਹੋਏ ਸਨ । ਹੋਲੇ ਤੋਂ ਪਹਿਲਾਂ ਸਭ ਸੇਵਾਦਾਰਾਂ ਦੇ ਜ਼ਿੰਮੇਂ ਵੱਖ-ਵੱਖ ਸੇਵਾਵਾਂ ਸੌਂਪ ਦਿੱਤੀਆਂ ਗਈਆਂ । ਸ: ਲੱਛਮਣ ਸਿੰਘ ਜੀ ਫੱਤੇ-ਵਾਲ ਤੇ ਸ: ਕੇਸਰ ਸਿੰਘ ਜੀ ਚਵਿੜਾ ਆਦੀ ਸਾਧ-ਸੰਗਤ ਦੇ ਸੁਖ-ਸੁਵਿਧਾ ਲਈ ਤੇ ਆਗਤ ਭਾਗਤ ਦੀ ਜ਼ਿੰਮੇਵਾਰੀ ਸੰਭਾਲੀ, ਸੰਤ ਦਯਾ ਸਿੰਘ ਜੀ ਕੱਕੜ ਸੇਵਕ ਦਲ ਦੇ ਪ੍ਰਬੰਧਕ ਬਣਾਏ ਗਏ । ਰਤਨਾ ਰਾਮ ਜੀ ਨੇ ਸਾਧ ਸੰਗਤ

ਦੀਆਂ ਰਖੀਆਂ ਅਮਾਨਤਾਂ ਦਾ ਧਿਆਨ ਰਖਣ ਦੀ ਸੇਵਾ ਸੰਭਾਲੀ । ਸਤਿਗੁਰੂ ਪ੍ਰਤਾਪ ਸਿੰਘ ਜੀ ਅੰਮ੍ਰਿਤ ਵੇਲੇ ਤਿੰਨ ਤੋਂ ਛੇ ਵਜੇ ਤਕ ਆਸਾ ਦੀ ਵਾਰ ਦਾ ਕੀਰਤਨ ਕਰਦੇ । ਇਸ ਦੇ ਨਾਲ ਹੀ ਮੋਰ ਵੀ ਆਪਣੀਆਂ ਸੁਰੀਲੀਆਂ ਆਵਾਜ਼ਾਂ ਕਰਦੇ ਇੰਝ ਲੱਗਦੇ ਕਿ ਆਪਣੇ ਪ੍ਰੀਤਮ ਨੂੰ ਯਾਦ ਕਰ ਰਹੇ ਹੋਣ । ਆਲਿਮ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਸਾਰੀ ਸਾਧ-ਸੰਗਤ ਲਈ ਬਖਸ਼ਿਸ਼ ਮੰਗੀ । ਸਤਿਗੁਰੂ ਜੀ ਨੇ ਬਚਨ ਕੀਤਾ 'ਜੋ ਪਿੱਛੇ ਕੀਤੀ ਬਦੀ ਵਲੋਂ ਰੁਕਨ ਦਾ ਬਚਨ ਕਰੇ ਤੇ ਦੇਣਾ ਦੇਵੇ ਸੋ ਬਖਸ਼ਿਆ ।' ਸੰਤ ਤੇਜਾ ਸਿੰਘ ਨਿਰਮਲੇ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਅੰਮ੍ਰਿਤਸਰ ਤੋਂ ਬੁਲਾਇਆ ਸੀ, 50 ਪਾਠੀਆਂ ਦੇ ਪਾਠ ਸੁਣੇ । 70 ਕੁ ਬੀਬੀਆਂ ਨੇ ਸੂਤਰ ਕੱਤਣ ਵਿਚ ਹਿੱਸਾ ਲਿਆ । ਉਸਦੀ ਭੀ ਪਰਖ ਕੀਤੀ ਗਈ । ਕਵੀ ਦਰਬਾਰ ਵੀ ਆਯੋਜਿਤ ਕੀਤਾ ਗਿਆ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤਰ ਕਰ-ਕੰਵਲਾਂ ਰਾਹੀਂ ਇਨਾਮ ਦੇ ਕੇ ਮਾਈਆਂ ਅਤੇ ਭਾਈਆਂ ਨੂੰ ਨਿਵਾਜਿਆ । 2100 ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ । ਤਿੰਨ ਕਰੋੜ ਭਗਉਤੀਆਂ ਦੀ ਮਾਲਾ ਦੀ ਅਰਦਾਸ ਕੀਤੀ । ਇਕ ਲੱਖ ਪਾਠ 'ਪੁਨ ਰਾਛਸ ਦਾ ਕਾਟਾ ਸੀਸਾ' ਦੇ ਪਾਏ ਗਏ । ਹੋਲੇ ਦੇ ਭੋਗ ਪੈਣ ਸਮੇਂ ਸਤਿਗੁਰੂ ਜੀ ਨੇ ਬਚਨ ਕੀਤਾ :—

ਸਮੇਂ ਦੀ ਗੜਬੜ ਕਰਕੇ ਹੋਲਾ ਅੱਗੋਂ ਕਿਸੇ ਥਾਂ ਨਹੀਂ ਮਿਥਿਆ ਜਾਂਦਾ । ਜਿਥੇ ਗੁਰੂ ਕਰਾਵੇਗਾ ਸੰਗਤ ਨੂੰ ਸੁਣਾਇਆ ਜਾਵੇਗਾ । ਸਾਧ-ਸੰਗਤ ਜੀ ਸਮਾਂ ਹੋਰ ਪਾਸੇ ਟੁਰਿਆ ਹੋਇਆ ਹੈ । ਤੁਸਾਂ ਭਜਨ ਬਾਣੀ ਵੱਲ ਹੀ ਚਿੱਤ ਰੱਖਣਾ ਹੈ । 'ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ, ਵਾਲਾ ਸੁਭਾ ਤੁਸੀਂ ਰੱਖੋ ਤੇ ਕਿਹਾ, ਤੰਗੀ ਸਮੇਂ ਜੁੜ ਬੈਠਣ ਦੀ ਜਗ੍ਹਾ ਭੈਣੀ ਸਾਹਿਬ ਨਾਲੋਂ ਹੋਰ ਕੋਈ ਚੰਗੀ ਨਹੀਂ । ਜੋ ਸਾਡੇ ਪਾਸ ਆ ਟਿਕੇਗਾ ਉਸ ਦੀ ਅਸੀਂ ਮਦਦ ਆਪਣੇ ਬੱਚੇ ਵਾਂਗੂ ਬੜੀ ਰਿਆਇਤ ਰੱਖ ਕਰਾਂਗੇ ਜੋ ਵਰਨੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸ਼ਹੀਦੀ ਬੁੰਗੇ ਰੱਖੀ ਹੈ, ਇਹ ਤਦੋਂ ਹੀ ਸਮਾਪਤ ਕਰਾਂਗੇ ਜਦ ਉਸ ਰਾਮ ਪਿਆਰੇ ਦੇ ਦਰਸ਼ਨ ਹੋਣਗੇ ।' ਸਤਿਗੁਰੂ ਜੀ ਇਸ ਨੇਮ ਵਿਚੋਂ ਜੇ ਕਿਤੇ ਨਹਿਰ, ਬੀੜ ਆਦਿ ਜਾਂ ਕਿਸੇ ਪ੍ਰੇਮੀ ਨੂੰ ਦਰਸ਼ਨ ਦੇਣ ਜਾਂਦੇ ਤਾਂ ਰਾਤ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਵਾਪਿਸ ਆ ਜਾਂਦੇ ਤੇ ਸਾਧ ਸੰਗਤ ਦੇ ਨਾਲ ਮਿਲ ਕੇ ਢੋਲਕ ਛੈਣਿਆਂ ਦੀ ਮਧੁਰ ਗੂੰਜਾਰ ਨਾਲ ਮਿੱਠੀਆਂ ਮਿੱਠੀਆਂ ਸੁਰੀਲੀਆਂ ਧੁਨਾਂ ਰਾਹੀਂ ਸ਼ਬਦ ਪੜ੍ਹ ਕੇ ਸਭ ਨੂੰ ਨਿਹਾਲ ਕਰਦੇ ।

'ਹਰਿ ਕੇ ਨਾਮ ਰਤਾ ਬੈਰਾਗੀ ।
ਹਰਿ ਹਰਿ ਕਥਾ ਸੁਣੀ ਮਨਿ ਭਾਈ ।
ਗੁਰਮਤਿ ਹਰਿ ਲਿਵ ਲਾਗੀ ।'

ਅਖੀਰਲੇ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੂਰੋਂ-ਨੇੜਿਉਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਤੇ ਸਾਰੀ ਸਾਧ ਸੰਗਤ ਸ਼ੁਕਰਾਨੇ ਵਜੋਂ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੀ ਹੋਈ, ਖ਼ੁਸ਼ੀਆਂ ਤੇ ਬਖਸ਼ਸ਼ਾਂ ਪ੍ਰਾਪਤ ਕਰਕੇ ਆਪਣੇ ਆਪਣੇ ਘਰਾਂ ਨੂੰ ਵਾਪਿਸ ਪਰਤੀ ।

## 1997 ਬਿਕ੍ਰਮੀ–1941 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਦਾ ਭੋਗ ਭਾਵੇਂ ਇਕ ਚੇਤਰ ਨੂੰ ਪੈਣਾ ਸੀ ਪਰ ਸ੍ਰੀ ਭੈਣੀ ਸਾਹਿਬ ਹੋਲੇ ਦੇ ਮੇਲੇ ਤੇ ਸਾਧ-ਸੰਗਤ 24 ਫੱਗਣ ਤੋਂ ਪਹਿਲਾਂ ਹੀ ਪਹੁੰਚਣੀ ਸ਼ੁਰੂ ਹੋ ਗਈ ਸੀ। ਸਭ ਨਾਮਧਾਰੀਆਂ ਨੂੰ ਹੁਕਮ ਸੀ ਇਕ ਘੰਟਾ ਨਾਮ ਸਿਮਰਨ ਤੇ ਭਜਨ ਬਾਣੀ ਰੋਜ਼ਾਨਾ ਕਰਨ। ਸਭ ਮਾਈ ਭਾਈ ਲਈ ਗੁਰਮੁਖੀ ਦਾ ਪੜ੍ਹਨਾ ਬਹੁਤ ਜ਼ਰੂਰੀ ਬਣਾ ਦਿੱਤਾ ਗਿਆ। ਸਤਿਗੁਰੂ ਜੀ ਆਪ ਕਥਾ ਕੀਰਤਨ ਕਰਦੇ। ਭੈਰਵੀ ਦੀ ਚੌਂਕੀ ਹੁੰਦੀ। ਢਾਡੀ ਵਾਰਾਂ ਸੁਣਾ ਕੇ ਬੀਰ ਰਸ ਉਤਪੰਨ ਕਰਦੇ। ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਹਰ ਰੋਜ ਪਾਏ ਜਾਂਦੇ। ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਸ਼ਬਦ ਪੜ੍ਹ ਕੇ ਸਾਧ-ਸੰਗਤ ਨੂੰ ਨਿਹਾਲ ਕਰਦੇ। ਇਸ ਦੇ ਨਾਲ ਹੀ ਆਪਣੇ ਸੁਕੁਮਾਰ ਹੱਥਾਂ ਨਾਲ ਤਾਊਸ ਤੇ ਤਾਨਪੂਰੇ ਦੀਆਂ ਤਾਰਾਂ ਨੂੰ ਛੇੜ ਕੇ ਸਾਰੀ ਸਾਧ-ਸੰਗਤ ਦੇ ਹਿਰਦਿਆਂ ਨੂੰ ਝੰਜੋੜ ਦਿੰਦੇ।

ਆਲਮ ਜੀ ਨੇ ਪ੍ਰਧਾਨਗੀ ਪੱਤਰ ਪੜ੍ਹਿਆ ਜਿਸ ਵਿਚ ਕਿਹਾ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਤੱਕ ਪਰਚਾਰਕ ਆਪਣੇ ਲਈ ਕਮਾਈ ਕਰਨ ਲਈ ਘਰੋਂ ਨਹੀਂ ਸਨ ਨਿਕਲਦੇ, ਸਗੋਂ ਆਪ ਸਾਧਨ ਸੰਪੰਨ ਹੋ ਕੇ ਗਿਆਨ ਨੂੰ ਦੂਸਰੇ ਲੋਕਾਂ ਤੱਕ ਪਹੁੰਚਾਉਣ ਲਈ ਘਰੋਂ ਨਿਕਲਦੇ ਸਨ। ਹੁਣ ਵਿਦੇਸ਼ੀ ਅੱਖਰਾਂ ਕਰਕੇ ਕੂਕੇ ਵੀ ਮਾਇਆ ਤੇ ਮਾਨ ਨੂੰ ਵਧੇਰੇ ਮਹੱਤਤਾ ਦੇਣ ਲੱਗ ਪਏ ਹਨ। ਇਸ ਵੇਲੇ ਲੋੜ ਹੈ ਕਿ ਵੱਧ ਤੋਂ ਵੱਧ ਵਿਦਿਆਲੇ ਖੋਲ੍ਹੇ ਜਾਣ ਤਾਂ ਕਿ ਲੋਕਾਂ ਨੂੰ ਨਾਮਧਾਰੀ ਪੰਥ ਬਾਰੇ ਵੱਧ ਤੋਂ ਵੱਧ ਗਿਆਨ ਦਿੱਤਾ ਜਾ ਸਕੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਨੂੰ ਉਪਦੇਸ਼ ਦਿੱਤਾ "ਕਥਨੀ ਨਾਲੋਂ ਕਰਨੀ ਵੱਲ ਧਿਆਨ ਦੇਣ ਦੀ ਜ਼ਿਆਦਾ ਲੋੜ ਹੈ, ਤਾਂ ਹੀ ਅਸੀਂ ਦੂਸਰੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਾਂ।"

ਸਤਿਗੁਰੂ ਜੀ ਆਪਣੇ ਮਧੁਰ ਕੰਠ ਰਾਹੀਂ ਆਸਾ ਦੀ ਵਾਰ ਦਾ ਕੀਰਤਨ ਕਰਦੇ ਤੇ ਕੋਲ ਬੈਠੀ ਸਾਧ-ਸੰਗਤ ਵੀ ਸਤਿਗੁਰੂ ਜੀ ਦੇ ਨਾਲ-ਨਾਲ ਆਸਾ ਦੀ ਵਾਰ ਦਾ ਗਾਇਨ ਕਰਦੀ। ਭਾਈ ਵਜ਼ੀਰ ਸਿੰਘ ਜੀ, ਰਤਨ ਸਿੰਘ ਜੀ, ਸੰਤ ਬਹਾਦੁਰ ਸਿੰਘ ਜੀ, ਹਕੀਮ ਸਰਦਾਰਾ ਸਿੰਘ ਜੀ, ਸੰਤ ਆਲਾ ਸਿੰਘ ਜੀ, ਸੂਬਾ ਵਰਿਆਮ ਸਿੰਘ ਜੀ ਉੱਚ ਬਿਰਤੀ ਦੇ ਸਾਧੂ, ਉੱਚੀਆਂ-ਉੱਚੀਆਂ ਸੁਰਾਂ ਰਾਹੀਂ ਕੀਰਤਨ ਕਰਦੇ :—

"ਊਚ ਸੁਰਿ ਸੁ ਹਉ ਪੁਨਿ ਕੀਨੀ।"

29 ਫੱਗਣ ਵਾਰੇ ਦਾ ਅਨੋਖਾ ਰਸ ਬਝਿਆ। 8 ਵਜੇ ਭੋਗ ਪਾਇਆ ਗਿਆ।

ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਦੱਸਿਆ, 'ਪਟਿਆਲੇ ਤੋਂ ਕੁਝ ਸੱਜਣਾਂ ਨੇ ਨਾਮ ਜਪਣ ਵਾਲੇ ਸਾਧੂਆਂ ਦੇ ਦਰਸ਼ਨ ਕਰਨ ਆਉਣਾ ਹੈ। ਇਸ ਲਈ ਸਾਧ-ਸੰਗਤ

ਨਾਮ ਸਿਮਰਨ ਪਹਿਲੇ ਪਹਿਰ ਕਰੇ।' ਸੜਕ ਤੇ ਅੱਗੋਂ ਹੋ ਕੇ ਜਾ ਕੇ ਪਰਾਹੁਣਿਆਂ ਦਾ ਸਤਿਕਾਰ ਕੀਤਾ ਗਿਆ। ਸਤਿਗੁਰੂ ਜੀ ਨੇ ਸਤਿਕਾਰ ਸਹਿਤ ਉਨ੍ਹਾਂ ਨੂੰ ਆਪਣੇ ਸੱਜੇ ਹੱਥ ਬਹਾਇਆ। ਦੋਹਾਂ ਬਾਬਾ ਜੀ ਨੇ (ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ) ਬਾਕੀ ਹੋਰ ਵਿਦਿਆਰਥੀਆਂ ਸਹਿਤ ਰਾਗ ਵਿਚ ਕੀਰਤਨ ਕੀਤਾ। ਸੰਤ ਆਤਮਾ ਸਿੰਘ ਜੀ ਤੇ ਆਲਮ ਜੀ ਨੇ ਵੱਖ-ਵੱਖ ਵਿਸ਼ਿਆਂ ਤੇ ਭਾਸ਼ਣ ਦਿੱਤੇ। ਮਹਾਰਾਜ ਨਿਹਾਲ ਸਿੰਘ ਜੀ ਵੀ ਸ੍ਰੀ ਭੈਣੀ ਸਾਹਿਬ ਪਹੁੰਚੇ ਹੋਏ ਸਨ। ਸਤਿਗੁਰੂ ਜੀ ਨੇ ਸਭ ਸਿੰਘ ਰਿਆਸਤਾਂ ਨੂੰ ਸੁਨੇਹਾ ਭੇਜਿਆ ਹੋਇਆ ਸੀ ਕਿਉਂਕਿ ਸਤਿਗੁਰੂ ਜੀ ਉਨ੍ਹਾਂ ਸਾਰਿਆਂ ਨੂੰ ਆਉਣ ਵਾਲੇ ਸਮੇਂ ਤੋਂ ਸੁਚੇਤ ਕਰਨਾ ਚਾਹੁੰਦੇ ਸਨ। ਸਤਿਗੁਰੂ ਜੀ ਨੇ ਫ਼ਰਮਾਇਆ, "ਜਿਸ ਰਾਜੇ ਤੇ ਰਈਅਤ ਖੁਸ਼ੀ ਹੋਵੇ, ਉਸ ਰਾਜੇ ਤੇ ਰਾਮ ਰਾਜ਼ੀ ਰਹਿੰਦਾ ਹੈ ਤੇ ਉਹ ਰਾਜਾ ਵੀ ਹੋਰ ਸਭ ਵਲੋਂ ਅਜਿੱਤ ਰਹਿੰਦਾ ਹੈ।"

ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਭੂਮੀ ਹਵਨ ਦੀ ਪਾਵਨ ਸੁਗੰਧੀ ਨਾਲ ਸੁਗੰਧਿਤ ਹੋ ਰਹੀ ਸੀ। 2500 ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ ਤੇ ਪੂਰਨ ਗੁਰ ਮਰਿਆਦਾ ਅਨੁਸਾਰ ਤਿੰਨ ਜੋੜਿਆਂ ਦੇ ਅਨੰਦ ਕਾਰਜ ਹੋਏ। ਸਤਿਗੁਰੂ ਜੀ ਨੇ ਸਾਧ-ਸੰਗਤ ਦਾ ਧੰਨਵਾਦ ਕੀਤਾ ਤੇ ਕਿਹਾ, "ਹੁਣ ਤਕ ਘਰ ਪ੍ਰਤੀ ਕੀਤੇ 6000 ਪਾਠਾਂ ਦੇ ਭੋਗ ਪਾਏ ਗਏ ਹਨ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸਵਾ ਲੱਖ ਪਾਠ ਹੋਰ ਕਰਨੇ ਹਨ। ਸਾਧ-ਸੰਗਤ ਤੋਂ ਵੱਖਰੀ ਮੇਰੀ ਕੋਈ ਹਿੰਮਤ ਨਹੀਂ। ਹਾਂ ਜੋ ਜੁਗਤ ਰਾਮ ਵਲੋਂ ਸਹਿਜੇ ਸਵਾ ਲੱਖ ਪਾਠ ਪੂਰਾ ਹੋਣ ਦੀ ਸੁਝੇਗੀ ਸੋ ਉਸ ਦੀ ਕ੍ਰਿਪਾ ਨਾਲ ਹੀ ਸੁਝਗੀ ਤੇ ਸਾਧ-ਸੰਗਤ ਨੂੰ ਦੱਸੀ ਤੇ ਸਮਝਾਈ ਜਾਵੇਗੀ।" ਸਾਧ-ਸੰਗਤ ਨੇ ਖੁਸ਼ ਹੋ ਕੇ ਜੈਕਾਰਾ ਛੱਡਿਆ। ਕੜਾਹ ਪ੍ਰਸ਼ਾਦਿ ਦੇ ਖੁੱਲ੍ਹੇ ਗੱਫੇ ਵਰਤਾਏ ਗਏ ਤੇ ਅਗਲਾ ਹੋਲਾ ਵੀ ਸ੍ਰੀ ਭੈਣੀ ਸਾਹਿਬ ਵਿਖੇ ਕਰਨ ਦਾ ਐਲਾਨ ਕੀਤਾ ਗਿਆ।

## 1998 ਬਿਕ੍ਰਮੀ-1942 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

**ਮਿਲਾਪ ਕਾਨਫ਼ਰੰਸ** :—ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਵਿਚ ਛੱਪਵਾ ਦਿੱਤਾ ਕਿ ਹੋਲਾ ਇਕ ਮਹੀਨਾ ਅੱਗੇ ਕਰ ਦਿੱਤਾ ਗਿਆ ਹੈ, ਇਸ ਲਈ ਸਾਧ-ਸੰਗਤ ਨੂੰ ਪਾਠ ਕਰਨ ਲਈ ਹੋਰ ਸਮਾਂ ਮਿਲ ਗਿਆ ਹੈ। ਤੇ ਨਾਲ ਹੀ ਹੁਕਮ ਕੀਤਾ ਕਿ ਸਭ ਹਿੰਦੂ, ਸਿੱਖ, ਮਾਈ, ਭਾਈ ਹੋਲੇ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਪਹੁੰਚਣ ਤਾਂ ਕਿ ਵੱਧ ਤੋਂ ਵੱਧ ਪਾਠ ਕੀਤੇ ਜਾ ਸਕਣ। ਸੰਤ ਅਤਰ ਸਿੰਘ ਜੀ ਨੇ ਦੀਵਾਨ ਲਗਾ ਕੇ ਸਭ ਸੰਗਤਾਂ ਨੂੰ ਨਿਹਾਲ ਕੀਤਾ। ਹੋਲੇ ਤੋਂ ਪਹਿਲਾਂ ਹੀ ਬਹੁਤ ਸਾਧ-ਸੰਗਤ ਸ੍ਰੀ ਭੈਣੀ ਸਾਹਿਬ ਵਿਖੇ ਜੁੜ ਗਈ। ਪਾਠ, ਭਜਨ, ਬਾਣੀ, ਨਿਤਨੇਮ ਤੇ ਪੱਤਰਾ ਪਾਠ ਕਰਨ ਵਿਚ ਸਭ ਜੁਟ ਗਏ। ਸਿੱਖ, ਹਿੰਦੂ, ਮੁਸਲਮਾਨ ਸਭ ਕਾਨਫ਼ਰੰਸ ਵਿਚ ਹਿੱਸਾ ਲੈਣ ਲਈ ਇਕੱਠੇ ਹੋਏ ਸਨ। ਹੋਲਾ 17, 18, 19 ਤੇ 20 ਚੇਤਰ ਦਾ ਮਿੱਥਿਆ ਹੋਇਆ ਸੀ।

ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੇ ਨਿਰਮਲੇ, ਉਦਾਸੀ, ਨਿਹੰਗ, ਹਿੰਦੂ,

ਸਿੱਖ ਤੇ ਮੁਸਲਮਾਨ ਸਤਿਗੁਰੂ ਜੀ ਦੇ ਚਰਨਾਂ ਵਿਚ ਬਿਰਾਜਮਾਨ ਸਨ। ਆਲਮ ਜੀ ਨੇ

"ਹੋਇ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵਲਾਇ।
ਹਰਿਨਾਮੈ ਦੇ ਹੋਵਹੁ ਜੋੜੀ।"

ਤੁਕਾਂ ਪੜ੍ਹ ਕੇ ਸਾਰਿਆਂ ਨੂੰ ਮੇਲ ਮਿਲਾਪ ਦਾ ਸੰਦੇਸ਼ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰੀ ਸਾਧ-ਸੰਗਤ ਨੂੰ ਉਪਦੇਸ਼ ਦਿੱਤਾ, "ਆਪਸ ਵਿਚ ਪ੍ਰੇਮ ਕਰਕੇ ਹੀ ਬਗਾਨਿਆਂ ਨੂੰ ਆਪਣਾ ਬਣਾ ਸਕੀਦਾ ਹੈ, ਨਿੰਦਿਆ ਤੇ ਨਫਰਤ ਕੀਤਿਆਂ ਨਹੀਂ। ਸ: ਆਤਮਾ ਸਿੰਘ ਜੀ ਅੱਜ ਕਿਸੇ ਕਾਰਣ ਇਥੇ ਨਹੀਂ ਪਹੁੰਚ ਸਕੇ ਕਿਉਂਕਿ ਉਹ ਰਾਵਲਪਿੰਡੀ ਵਿਚ ਆਪਣੇ ਖਰਚ ਤੇ ਮੁਹੰਮਦ ਸਾਹਿਬ ਦੀ ਯਾਦਗਾਰ 30 ਮਾਰਚ ਨੂੰ ਮਨਾ ਰਹੇ ਹਨ।" ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਪ੍ਰਧਾਨਗੀ ਹੇਠ ਮਿਲਾਪ ਕਾਨਫਰੰਸ ਹੋਈ।

ਹਰ ਰੋਜ਼ ਹਵਨ ਹੁੰਦਾ ਤੇ ਦੋ ਸੌ ਦੇ ਕਰੀਬ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਪ੍ਰਕਾਸ਼ ਕਰਕੇ ਪਾਠਾਂ ਦੇ ਭੋਗ ਪਾਏ ਗਏ। 9 ਦਸਮ ਗ੍ਰੰਥ ਦੇ ਪਾਠਾਂ ਦਾ ਭੋਗ ਤੇ 6716 ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਤੋਂ ਉਪਰੰਤ ਚੰਗੇ ਵਧੀਆ ਨਸਲ ਦੇ ਪਸ਼ੂਆਂ ਦੀ ਪਰਖ ਹੋਈ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤਰ ਹਸਤ ਕੰਵਲਾਂ ਨਾਲ ਇਨਾਮ ਵੰਡੇ, ਤੇ ਨਾਲ ਹੀ ਹੁਕਮ ਕੀਤਾ, "ਜਿਹੜੇ ਨਗਰ ਪਸ਼ੂਆਂ ਦੀ ਵਧੀਆ ਨਸਲ ਬਨਾਉਣਾ ਚਾਹੁੰਦੇ ਹਨ ਤੇ ਉਹਨਾਂ ਦੀ ਵਧੀਆ ਤਰ੍ਹਾਂ ਪਾਲਣਾ ਕਰਨਾ ਚਾਹੁੰਦੇ ਹਨ, ਅਸੀਂ ਉਸ ਨੂੰ ਮੁਫਤ ਸਾਨ੍ਹ ਦੇਵਾਂਗੇ, ਤਾਂ ਕਿ ਦੁੱਧ ਘਿਉ ਵਧੇ ਤੇ ਸ਼ਰੀਰ ਚੰਗੇ ਬਣਨ।" 18 ਚੇਤਰ ਨੂੰ ਸੰਤ ਨਿਧਾਨ ਸਿੰਘ ਜੀ ਆਲਮ ਨੇ ਭਾਸ਼ਣ ਦਿੱਤਾ। ਉਪਰੰਤ ਹਵਨ ਹੋਇਆ ਤੇ ਆਦਿ ਗ੍ਰੰਥ ਸਾਹਿਬ ਦੇ ਦਸ ਹਜ਼ਾਰ ਪੰਜ ਸੌ ਤੇ ਦਸਮ ਗ੍ਰੰਥ ਸਾਹਿਬ ਦੇ 10 ਪਾਠਾਂ ਦੇ ਭੋਗ ਪਾਏ ਗਏ। ਲੰਗਰ ਦੇ ਗੱਫੇ ਖੁੱਲ੍ਹੇ ਵਰਤਾਏ ਗਏ। ਸਤਿਗੁਰੂ ਜੀ ਮਾਤਾ ਜੀਉਣ ਕੌਰ ਜੀ ਨੂੰ ਅਰਦਾਸ ਵਿਚ ਜ਼ਰੂਰ ਖਲਾਰਦੇ ਤੇ ਪ੍ਰਸਾਦਿ ਤੇ ਨਜ਼ਰ ਪੁਆਉਂਦੇ ਤੇ ਨਾਲ ਹੀ ਬਚਨ ਕਰਦੇ, 'ਮਾਤਾ ਜੀ ਦੀ ਨਜ਼ਰ ਤੇ ਹੱਥਾਂ ਵਿਚ ਰਿੱਧੀਆਂ ਸਿੱਧੀਆਂ ਹਨ।' ਇਹੀ ਵਜ੍ਹਾ ਸੀ ਕਿ ਸਾਧ-ਸੰਗਤ ਦੇ ਛੱਕਣ ਤੋਂ ਉਪਰੰਤ ਵੀ ਲੰਗਰ ਬਚਿਆ ਰਹਿੰਦਾ ਸੀ।

ਪਾਠ ਪ੍ਰਤਿਯੋਗਤਾਵਾਂ ਵੀ ਆਯੋਜਿਤ ਕੀਤੀਆਂ ਗਈਆਂ। ਇਸ ਮੌਕੇ ਤੇ ਆਲਮ ਜੀ ਨੇ ਕਿਹਾ, "ਵਿਦਿਆ ਦੀ ਅਤੀ ਲੋੜ ਹੈ। ਇਹ ਸਮੇਂ ਦੀ ਮੰਗ ਹੈ, ਇਸ ਪਾਸੇ ਸਾਰਿਆਂ ਨੂੰ ਧਿਆਨ ਦੇਣ ਦੀ ਲੋੜ ਹੈ। ਜਿਸ ਕੌਮ ਵਿਚ ਨਾ ਉੱਚੀ ਕਰਨੀ ਤੇ ਨਾ ਚੰਗੇਰੀ ਵਿਦਿਆ ਹੋਵੇ ਉਹ ਚੋਖਾ ਚਿਰ ਸੰਸਾਰ ਤੇ ਰੌਸ਼ਨ ਨਹੀਂ ਰਹਿ ਸਕਦੀ।" 19 ਚੇਤਰ ਆਸਾ ਦੀ ਵਾਰ ਦੇ ਭੋਗ ਤੋਂ ਉਪਰੰਤ ਉੱਘੇ ਪ੍ਰਚਾਰਕਾਂ ਨੇ ਮਿਲਾਪ ਏਕਤਾ ਬਾਰੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ। ਸਭ ਤੋਂ ਪਹਿਲਾਂ ਸੰਤ ਨਿਧਾਨ ਸਿੰਘ ਜੀ ਆਲਮ ਨੇ ਏਕਤਾ ਤੇ ਮਿਲਾਪ ਬਾਰੇ ਆਪਣੇ ਵਿਚਾਰ ਵਿਅਕਤ ਕੀਤੇ। ਪ੍ਰਤਾਪ ਸਿੰਘ ਜੀ ਕੈਰੋਂ ਨੇ ਸ੍ਰੀ ਭੈਣੀ ਸਾਹਿਬ ਦੇ ਇਤਿਹਾਸ ਤੇ ਚਾਨਣਾ ਪਾਇਆ

ਤੇ ਸਭ ਨੂੰ ਸਮੇਂ ਦੀ ਠੀਕ ਵਰਤੋਂ ਕਰਨ ਲਈ ਪ੍ਰੇਰਿਆ ਕਿਉਂਕਿ ਸਮੇਂ ਦਾ ਇਕ-ਇਕ ਪਲ ਬਹੁਤ ਕੀਮਤੀ ਹੈ। ਮੁਹੰਮਦ ਨਈਮ, ਪ੍ਰਧਾਨ ਕਾਂਗਰਸ ਕਮੇਟੀ ਨੇ ਆਖਿਆ, 'ਅਸੀਂ ਹਿੰਦੁਸਤਾਨੀ ਸਭ ਇਕ ਹਾਂ ਤੇ ਜ਼ਾਲਮ ਵਿਦੇਸ਼ੀ ਸਾਡਾ ਦੁਸ਼ਮਣ ਹੈ।' ਮਹਾਸ਼ਾ ਖੁਸ਼ਹਾਲ ਚੰਦ ਜੀ ਖੁਰਨੰਦ ਨੇ ਕਿਹਾ, 'ਕਬੀਰ ਵਾਂਗੂ ਟੁੱਟੇ ਗੰਢੋ ਤਾਂ ਤੁਸੀਂ ਪੱਤ ਪਾਉਗੇ, ਜਿਵੇਂ ਸੂਈ ਸਿਉਂਦੀ ਹੈ, ਤਾਂ ਹੀ ਉਹ ਸਿਰ ਤੇ ਟੁੰਗੀ ਦੀ ਹੈ, ਨਹੀਂ ਤੇ ਕਤਰਨ ਵਾਲੀ ਕੈਂਚੀ ਵਾਂਗੂ ਪੈਰਾਂ ਵਿਚ ਪਏ ਰਹਿਣ ਜੋਗ ਹੀ ਰਹੋਗੇ।' ਬਾਵਾ ਗੁਰਮੁਖ ਸਿੰਘ ਨੇ ਦੱਸਿਆ, 'ਵਪਾਰੀ ਲਹਿਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਸੀਂ ਸਿੱਖ, ਹਿੰਦੂ, ਮੁਸਲਮਾਨ ਸਾਰੇ ਇਕ ਹਾਂ, ਤੇ ਕੋਈ ਵੀ ਇਨ੍ਹਾਂ ਦੇ ਇਤਿਫਾਕ ਨੂੰ ਝੁਕਾ ਨਹੀਂ ਸਕਦਾ।' ਗਿਆਨੀ ਅਬਾਦਉਲਾ ਜੀ, ਗੁਰਮੁਖ ਸਿੰਘ ਮੁਸਾਫਰ, ਸੰਤ ਰਾਮ ਜੀ, ਬੀਬੀ ਅਮਰ ਕੌਰ, ਜਥੇਦਾਰ ਤੇਜਾ ਸਿੰਘ, ਮੌਲਵੀ ਮੁਹੰਮਦ, ਮਹਾਤਮਾ ਸੁੰਦਰ ਲਾਲ ਆਦਿ ਨੇ ਇਤਫਾਕ ਤੇ ਪਿਆਰ ਉਤੇ ਤਕਰੀਰਾਂ ਕੀਤੀਆਂ। ਸੁੰਦਰ ਲਾਲ ਜੀ ਨੇ ਦੱਸਿਆ, "ਹੁਣ ਤੁਹਾਡਾ ਸਭ ਦਾ ਸਾਂਝਾ ਧਰਮ ਦਾ ਕੰਮ ਦੇਸ਼ ਰੱਖਿਆ ਹੈ, ਸੋ ਕਰੋ, ਨਾਜ਼ਕ ਸਮੇਂ ਨੂੰ ਪਛਾਣੋ, ਕਿਸੇ ਦੇ ਨਚਾਇਆਂ ਨਾ ਨੱਚੋ। ਸਗੋਂ ਪ੍ਰੇਮ ਦੀ ਨਦੀ ਵਗਾ ਦਿਓ ਤੇ ਵਿਥਾਂ ਮਿਟਾ ਦਿਓ।" ਸਤਿਗੁਰੂ ਜੀ ਸਭ ਨੂੰ ਸਿੱਖਿਆ ਦੇਣ ਲਈ ਬੋਲੇ :—

"ਜੇ ਉਹ ਲੋਕ ਇਕੱਠੇ ਹੋ ਸਕਦੇ ਹਨ ਜਿਨ੍ਹਾਂ ਦਾ ਇਕ ਮੇਜ਼ ਤੇ ਜਾਂ ਲਾਗੇ ਬੈਠ ਚਾਹ ਪੀਣਾ ਵੀ ਮੁਸ਼ਕਲ ਸੀ। ਜਿਵੇਂ ਕਿ ਇੰਗਲੈਂਡ, ਰੂਸ, ਚੀਨ, ਮਜ਼ਹਬ ਦੇ ਲਿਹਾਜ਼ ਨਾਲ ਇਕ ਦੂਸਰੇ ਤੋਂ ਬੜੇ ਦੂਰ ਹਨ ਪਰ ਹੁਣ ਉਹ ਰਣ-ਭੂਮੀ ਵਿਚ ਸਣੇ ਅਮਰੀਕਾ, ਜਰਮਨ, ਇਟਲੀ, ਜਾਪਾਨ ਇਕ ਹੋ ਜੁਟੇ ਹਨ, ਵੱਖ-ਵੱਖ ਅਸੂਲਾਂ ਵਾਲੇ ਹੁੰਦਿਆਂ, ਸਾਰੇ ਸੰਸਾਰ ਨੂੰ ਕਬਜ਼ੇ ਵਿਚ ਕਰਨ ਦੇ ਲਾਲਚ ਨੂੰ, ਤਾਂ ਕਿਵੇਂ ਅਸੀਂ ਇਕ ਨਹੀਂ ਹੋ ਸਕਦੇ ਜਦ ਆਸਤਕ ਤੇ ਨਾਸਤਕ ਸਾਮਰਾਜਵਾਦੀ ਤੇ ਸਾਮਵਾਦੀ ਇਕ ਹੋ ਸਕਦੇ ਹਨ ਤਾਂ ਅਸੀਂ ਕਿਵੇਂ ਨਹੀਂ ਹੋ ਸਕਦੇ ?"

ਨਾਮਧਾਰੀ ਨਿਰਮਲੇ, ਮਹਾਪੁਰਖਾਂ, ਉਦਾਸੀਆਂ, ਨਿਹੰਗਾਂ ਆਦਿ ਦਸਮ ਗ੍ਰੰਥ ਦੀ ਬਾਣੀ ਤੇ ਜ਼ੋਰ ਦਿੱਤਾ, "ਜੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਨਹੀਂ ਮੰਨੋਗੇ ਤਾਂ ਅੰਮ੍ਰਿਤ ਕਿਵੇਂ ਤਿਆਰ ਕਰੋਗੇ। ਅਰਦਾਸ ਕਿਥੋਂ ਲੈ ਕਰੋਗੇ ?"

ਆਲਮ ਜੀ ਦੀ ਪ੍ਰਧਾਨਗੀ ਹੇਠ ਇਕ ਕਵੀ ਦਰਬਾਰ ਹੋਇਆ ਵਿਸ਼ਾ ਸੀ, "ਸਤਿਗੁਰੂ ਰਾਮ ਸਿੰਘ ਤਾਂਘਾਂ ਤੇਰੀਆਂ ਸੀ।" ਸੰਤ ਅਤਰ ਸਿੰਘ ਜੀ ਸਾਰੀ ਰਾਤ ਦੀਵਾਨ ਲਗਾ ਕੇ ਸਾਧ-ਸੰਗਤਾਂ ਨੂੰ ਨਿਹਾਲ ਕੀਤਾ। 20 ਚੇਤਰ ਅੰਤਲੇ ਦਿਨ ਅਨੰਦ ਕਾਰਜ ਹੋਏ ਤੇ 10500 ਪਾਠਾਂ ਦੇ ਭੋਗ ਪਏ।

ਹੋਲੇ ਦੇ ਭੋਗ ਤੇ ਸਤਿਗੁਰੂ ਜੀ ਨੇ ਸਭ ਸਾਧ-ਸੰਗਤ ਨੂੰ ਸੁਣਾ ਕੇ ਕਿਹਾ :—

"ਮਨ ਮਰੇ ਧਾਤ ਮਰ ਜਾਏ" ਦਾ ਜੋ ਅਰਥ ਹੈ ਤੁਸੀਂ ਉਸ ਤਰ੍ਹਾਂ ਦੇ ਹੋ ਕੇ ਰਹੋ। ਜਿਵੇਂ ਮਰੀ ਧਾਤ ਪਾਣੀ ਵਿਚ ਡੁੱਬਦੀ ਨਹੀਂ ਤੇ ਅੱਗ ਤੇ ਧੁੱਖਦੀ ਨਹੀਂ, ਤੁਸੀਂ ਸੋਭਾ ਸੁਣ ਫੁਲੋ ਨਾ ਤੇ ਨਿੰਦਾ ਸੁਣ ਦੁੱਖੀ ਨਾ ਹੋਵੋ ਤੇ ਜਾਣੋ :—

"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥"

ਵਾਂਗੂੰ ਸਭ ਸਤਿਗੁਰੂ ਰਾਮ ਸਿੰਘ ਜੀ ਦੀ ਦਯਾ ਹੈ ਜਿਨ੍ਹਾਂ ਨੇ ਹੁਕਮਨਾਮੇ ਵਿਚ ਲਿਖਿਆ ਹੈ ਕਿ ਦੇਖ ਲਵੋ ਨਾਮਧਾਰੀਆਂ ਵਿਚ ਕਿਤਨੇ ਭੋਗ ਪੈਂਦੇ ਹਨ ਤੇ ਕਿਹਾ, ਲੱਖ ਪਾਠ ਦਾ ਭੋਗ ਪੈ ਗਿਆ ਹੈ ਤੇ ਰਹਿੰਦਾ ਵੀ ਤੁਹਾਡੇ ਉੱਦਮ ਨਾਲ ਹੋ ਹੀ ਜਾਣਾ ਹੈ। ਤੁਸੀਂ ਤੁਰੇ ਰਹੋ ਤੇ ਕਿਹਾ ਜੁੜੋ ਐਸੇ ਕਿ ਆਪਾ ਭੁੱਲ ਜਾਓ। ਉੱਦਮ ਐਸਾ ਕਰਨਾ ਸਿੱਖੋ ਕਿ ਆਲਸ ਦੀ ਲਾਲਸਾ ਆਪਣੇ, ਨੇੜੇ ਨਾ ਆਉਣ ਦਿਉ ਤੇ ਗੁਰੂ ਹੁਕਮ ਤੇ ਸੋਚ, ਸੰਸਾ ਨਾ ਕਰੋ, ਕਾਰ ਕਰੋ।''

## 1999 ਬਿਕ੍ਰਮੀ-1943 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲਾਂ ਹੀ ਸਤਿਜੁਗ ਵਿਚ ਛੱਪਵਾ ਦਿੱਤਾ ਕਿ ਇਸ ਵਾਰੀ ਦੂਰ ਦੁਰੇਡਿਉਂ ਸਾਰੇ ਦੇਸ਼ ਵਿਚੋਂ ਪਰਾਹੁਣਿਆਂ ਨੇ ਆਉਣਾ ਹੈ ਇਸ ਕਰਕੇ, ''ਤੁਸਾਂ ਸਭ ਦਾ ਬੋਲ ਕਬੋਲ ਸਹਿ ਆਦਰ ਕਰਨਾ।'' ਹੋਲਾ ਭਾਵੇਂ 10, 11, 12 ਚੇਤਰ ਦਾ ਮਿੱਥਿਆ ਹੋਇਆ ਸੀ, ਪਰ ਸਾਧ-ਸੰਗਤ ਕਈ ਦਿਨ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਪਹੁੰਚ ਗਈ। ਰਾਮ ਟਾਹਲੀ ਵਾਲੇ ਸੰਤ ਆਤਮਾ ਸਿੰਘ ਜੀ ਦਾ ਜੀਅ ਕਰਦਾ ਕਿ ਅੱਗੇ-ਅੱਗੇ ਨੇੜੇ ਹੋ ਕੇ ਪਿਆਰ ਨਾਲ ਸਤਿਗੁਰੂ ਜੀ ਨਾਲ ਬਚਨ ਕਰਨ, ਪਰ ਹੋਰ ਸਾਧ ਉਨ੍ਹਾਂ ਨੂੰ ਸਤਿਗੁਰੂ ਜੀ ਦੇ ਨੇੜੇ ਨਾ ਲਗਣ ਦਿੰਦੇ। ਸਤਿਗੁਰੂ ਜੀ ਨੇ ਬਚਨ ਕੀਤਾ, 'ਤੁਸੀਂ ਸ਼ੰਕਾ ਨਾ ਕਰੋ। ਮੇਰੇ ਨਾਲ ਇਹਨਾਂ ਦਾ ਬੜਾ ਪ੍ਰੇਮ ਹੈ। ਇਹਨਾਂ ਨੂੰ ਅੱਗੇ ਆਉਣ ਦਿਉ।' ਸੰਤ ਆਤਮਾ ਸਿੰਘ ਜੀ ਬੜੀ ਉੱਚੀ ਬਿਰਤੀ ਦੇ ਸਾਧੂ ਸਨ। ਇਹ ਜਦੋਂ ਅਕਾਲ ਪੁਰਖ ਦੇ ਧਿਆਨ ਵਿਚ ਇਕ ਮਿਕ ਹੁੰਦੇ ਸਨ ਤਾਂ ਉਸ ਵੇਲੇ ਸ਼ੇਰ ਇਨ੍ਹਾਂ ਦੇ ਨਾਲ ਆ ਘਸਰਦੇ ਸਨ। ਸ਼ੇਰਾਂ ਦੇ ਪੈੜ ਅਕਸਰ ਆਪ ਜੀ ਦੀ ਭਜਨ ਵਾਲੀ ਜਗ੍ਹਾ ਤੇ ਨਜ਼ਰ ਆਉਂਦੇ ਸਨ।

**ਹਿੰਦੂ ਸਿੱਖ ਮਿਲਾਪ ਕਾਨਫਰੰਸ** :—ਗਿਆਰਾਂ ਚੇਤਰ ਹਿੰਦੂ ਸਿੱਖ ਮਿਲਾਪ ਕਾਨਫਰੰਸ ਕਰਕੇ ਸ੍ਰੀ ਭੈਣੀ ਸਾਹਿਬ ਵਿਖੇ ਬਹੁਤ ਹਿੰਦੂ, ਅਖਬਾਰਾਂ ਦੇ ਐਡੀਟਰ, ਵਿਦਵਾਨ, ਸੁਣਨ, ਸੁਣਾਉਣ ਵਾਲੇ ਉਪਸਥਿਤ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਸਭ ਆਇਆਂ ਨੂੰ ਆਪਣੀ ਮਿੱਠੀ-ਮਿੱਠੀ ਮੁਸਕਾਨ ਵੰਡਦੇ ਤੇ ਸਫੈਦ ਉਨ ਦੀ ਮਾਲਾ, ਜੀ ਆਇਆਂ ਕਹਿ ਕੇ, ਗਲ ਪਾਉਂਦੇ।

ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਸ ਕਾਨਫਰੰਸ ਦਾ ਆਨੰਦ ਮਾਨਣ ਲਈ ਸ੍ਰੀ ਭੈਣੀ ਸਾਹਿਬ ਦੀ ਤਪੋ-ਭੂਮੀ ਵਿਖੇ ਇਕੱਤਰ ਹੋਏ ਸਨ। ਸੰਤ ਨਿਧਾਨ ਸਿੰਘ ਜੀ ਆਲਿਮ ਨੇ ਸਭ ਤੋਂ ਪਹਿਲਾਂ ਪ੍ਰਧਾਨ ਜੀ ਦਾ ਧੰਨਵਾਦ ਕੀਤਾ ਤੇ ਹਿੰਦੂ-ਸਿੱਖ ਮਿਲਾਪ ਦੀ ਲੋੜ ਤੇ ਚਾਨਣਾ ਪਾਇਆ ਤੇ ਸਾਰੀ ਸਾਧ-ਸੰਗਤ ਨੂੰ ਦੱਸਿਆ ਕਿ ਸਤਿਗੁਰੂ ਜੀ ਦੀ ਹਮੇਸ਼ਾਂ ਦਿਲੀ ਇੱਛਾ ਰਹੀ ਹੈ ਕਿ ਹਿੰਦੂ ਤੇ ਸਿੱਖ ਆਪਸ ਵਿਚ ਇਕ ਜਿੰਦ ਜਾਨ ਹਨ ਤੇ ਉਹਨਾਂ ਨੂੰ ਆਪਸ ਵਿਚ ਮਿਲ-ਜੁਲ ਕੇ ਰਹਿਣ ਦੀ ਲੋੜ ਹੈ।

ਗੋਸਵਾਮੀ ਗਣੇਸ਼ ਦੱਤ, ਮਹਾਸ਼ਾ ਖੁਸ਼ਹਾਲ ਚੰਦ ਬਿਰਲਾ, ਆਲਿਮ ਜੀ ਤੇ

ਚੱਕਰਵਰਤੀ ਜੀ ਆਦਿ ਸਭ ਨੇ ਹਿੰਦੂ ਸਿੱਖ ਮਿਲਾਪ ਤੇ ਭਾਸ਼ਣ ਦਿੱਤੇ। ਕਈ ਮਤੇ ਪੇਸ਼ ਹੋਏ ਤੇ ਪਾਸ ਹੋਏ, ਹਿੰਦੂ-ਸਿੱਖ ਮਿਲਾਪ, ਗਊ ਰੱਖਿਆ ਤੇ ਸਵਦੇਸ਼ੀ ਲਿਬਾਸ ਦੀ ਪ੍ਰੇਰਨਾ ਦਾ ਅਮਲ ਕਰਨਾ, ਤੇ ਕਿਹਾ ਗਿਆ ਕਿ ਇਸ ਭੈਣੀ ਸਾਹਿਬ ਤੋਂ ਹੀ ਇਹ ਤਿੰਨੇ ਸੰਦੇਸ਼ ਸਤਿਗੁਰੂ ਰਾਮ ਸਿੰਘ ਜੀ ਲੈ ਸੰਸਾਰ ਨੂੰ ਤਾਰਨ ਹਿਤ ਟੁਰੇ ਸੀ। ਸਤਿਗੁਰੂ ਜੀ ਨੇ ਹਵਨ ਤੇ ਅਹਿੰਸਾ ਨੂੰ ਮੁੱਖ ਰਖਿਆ ਤੇ ਦੱਸਿਆ ਕਿ ਗਊ ਰੱਖਿਆ ਲਈ ਅਨੇਕਾਂ ਸਿੱਖਾਂ ਨੇ ਪ੍ਰਾਣ ਨਿਛਾਵਰ ਕੀਤੇ ਹਨ।

ਸੁਦੇਸ਼ੀ ਪਹਿਰਾਵੇ ਨੂੰ ਮੁੱਖ ਰਖ ਕੇ ਅੰਗਰੇਜ਼ਾਂ ਨਾਲ ਨਾ ਮਿਲਵਰਤਣ ਕਰਨ ਦੀ ਲੋੜ ਹੈ। ਸੇਠ ਬਿਰਲੇ ਨੇ ਕਿਹਾ, 'ਮੈਂ ਕਦੀ ਕਿਸੇ ਸਮਾਗਮ ਵਿਚ ਦਾਨ ਦਿੱਤੇ ਬਿਨਾਂ ਨਹੀਂ ਆਉਂਦਾ। ਮੈਂ 80 ਹਜ਼ਾਰ ਦਾਨ ਭੈਣੀ ਸਾਹਿਬ ਦੇ ਲੰਗਰ ਜੋਗ ਦਿੰਦਾ ਹਾਂ।' ਸਤਿਗੁਰੂ ਜੀ ਉਸੇ ਵੇਲੇ ਉੱਤਰ ਦਿੱਤਾ, 'ਇਹ ਗੁਰੂ ਨਾਨਕ, ਸਤਿਗੁਰੂ ਰਾਮ ਸਿੰਘ ਜੀ ਦਾ ਦਰ ਘਰ ਕਿਸੇ ਆਏ ਤੋਂ ਲੈਣ ਦੀ ਥਾਂ ਆਏ ਨੂੰ ਦਿੰਦਾ ਹੀ ਹੈ, ਭਾਵੇਂ ਉਹ ਕੈਸਾ ਹੋਵੇ। ਬਿਰਲਾ ਜੀ, ਲੋਕ ਤੁਹਾਨੂੰ ਸਦਦੇ ਹੀ, ਲੈਣ ਲਈ ਹਨ। ਮੈਂ ਤਾਂ ਆਪ ਨੂੰ ਇਹ ਸਲਾਹ ਸਗੋਂ ਦਿੰਦਾ ਹਾਂ ਕਿ ਇਹ ਤਿੰਨੇ ਗੱਲਾਂ ਜੋ ਤੁਸਾਂ ਪਰਵਾਨ ਕੀਤੀਆਂ ਹਨ, ਇਥੋਂ ਪੱਕੇ ਤੌਰ ਤੇ ਲੈ ਕੇ ਜਾਓ ਕਿਉਂਕਿ ਇਸ ਗੁਰੂ ਘਰ ਵਿਚ ਤਾਂ ਇਹ ਤਿੰਨੇ ਹੀ ਪਰਪੱਕ ਹਨ।'

ਸੰਤ ਇੰਦਰ ਸਿੰਘ ਜੀ ਚੱਕਰਵਰਤੀ ਨੇ ਸਤਿਗੁਰੂ ਜੀ ਨੂੰ ਨੇੜੇ ਹੋ ਨੀਵੀਂ ਜਿਹੀ ਸੁਰ ਵਿਚ ਕਿਹਾ, 'ਇਤਨਾ ਧਨ ਨਿੱਤ-ਨਿੱਤ ਨਹੀਂ ਆਉਂਦਾ।' ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ, 'ਨਿੱਤ-ਨਿੱਤ ਇਤਨਾ ਮੋੜਣ ਵਾਲਾ ਵੀ ਨਹੀਂ ਹੁੰਦਾ।' ਫਿਰ ਸੰਤ ਜੀ ਨੇ ਕਿਹਾ, 'ਜੇ ਲੰਗਰ ਵਿਚ ਨਹੀਂ ਵਰਤਣਾ, ਸੰਗਤ ਦੇ ਸੁੱਖ ਜੋਗ ਮੰਦਰ ਹੀ ਪਵਾ ਦੇਣੇ।' ਸਤਿਗੁਰੂ ਜੀ ਉੱਤਰ ਦਿੱਤਾ, 'ਸੰਤ ਜੀ ਮੰਦਰ ਤੇ ਇਸ ਬਿਰਲੇ ਸੇਠ ਅੱਗੇ ਵੀ ਮੈਨੂੰ ਦਿੱਲੀ ਇਕ ਵਾਰੀ ਕਿਹਾ ਸੀ ਜੇ ਤੁਸੀਂ ਆਪ ਨਹੀਂ ਮੈਥੋਂ ਲੈਂਦੇ ਤਾਂ ਮੈਂ ਭੈਣੀ ਸਾਹਿਬ ਮੰਦਰ ਸੰਗਤ ਦੇ ਸੁੱਖ ਜੋਗ ਪਵਾ ਦਿਆਂਗਾ ਤੇ ਮੈਂ ਕਿਹਾ ਸੀ, ਮੈਂ ਸੰਗਤ ਨੂੰ ਉਸ ਵਿਚ ਵੜਨੋਂ ਮੋੜ ਰਖਾਂਗਾ। ਤਾਂ ਇਹ ਮੁੜਿਆ ਸੀ।' ਸੰਤ ਜੀ ਧਨ ਇੰਨਾ ਮਿਲਣਾ ਮੁਸ਼ਕਲ ਹੈ ਤਾਂ ਮੋੜਨਾ ਵੀ ਮੁਸ਼ਕਲ ਹੈ। ਸਾਨੂੰ ਪੱਕੇ ਮੰਦਰਾਂ ਨਾਲੋਂ ਇਹ ਕੱਖਾਂ ਦੀਆਂ ਛੰਨਾਂ ਕੁਲੀਆਂ ਹੀ ਠੀਕ ਹਨ। ਜਿਸ ਤੋਂ ਦਾਨ ਲਈ ਕਰਜ਼ਾ ਚੁੱਕੀਏ, ਮਨ ਉਸ ਦਾ ਅਹਿਸਾਨ ਜ਼ਰੂਰ ਮੰਨਦਾ ਹੈ ਤੇ ਗੁਰੂ ਦਾ ਘਰ ਬੇਮੁਥਾਜ ਹੀ ਰਿਹਾ ਸੋਭਦਾ ਹੈ। ਬਾਬਰ ਕੇ, ਬਲ ਵਾਲੇ ਹੁੰਦਿਆਂ ਵੀ ਦੁਥੇਲ ਹੁੰਦੇ ਹਨ, ਤੇ ਬਾਬੇ ਕੇ, ਬਲ ਦਾ ਵਖਾਲਾ ਹੁੰਦਿਆਂ ਵੀ ਬੇਮੁਥਾਜ ਹਨ। ਤੁਸੀਂ ਇਹ ਗੱਲ ਮੈਨੂੰ ਨਾ ਕਹੋ।'

ਰਾਤ ਕਵੀ ਦਰਬਾਰ ਵੀ ਹਿੰਦੂ ਸਿੱਖ ਮਿਲਾਪ ਤੇ ਹੋਇਆ। ਜਸਵੰਤ ਰਾਏ, ਅਵਤਾਰ ਸਿੰਘ ਅਜ਼ਾਦ, ਵਹਿਮੀ ਆਦਿਕ 'ਹਿੰਦੂ ਅਤੇ ਸਿੱਖ ਦੋਵੇਂ ਇਕ ਜਿੰਦ ਜਾਨ ਹਨ' ਸਮੱਸਿਆ ਤੇ ਬੋਲੇ। ਇਸ ਕਾਨਫ਼ਰੰਸ ਤੋਂ ਵਿਹਲੇ ਹੋ ਕੇ 1100 ਭੋਗ ਮਾਤਾ ਜੀਊਣ ਕੌਰ ਜੀ ਨਮਿੱਤ ਨਾਮਧਾਰੀ ਪੰਥ ਵਲੋਂ ਪੈਣਾ ਸੀ। ਤੇ ਹਨ੍ਹੇਰੀ ਕਰਕੇ ਮਸਾਂ 225 ਹੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਕੜਾਹ ਪ੍ਰਸ਼ਾਦਿ ਦੇ ਖੁੱਲ੍ਹੇ

ਗੱਫੇ ਵਰਤਾਏ ਗਏ। 11 ਚੇਤਰ ਹੀ ਨੂੰ 13 ਜੋੜਿਆਂ ਦੇ ਅਨੰਦ ਹੋਏ ਤੇ ਬਰਾਜ ਵਾਲਿਆਂ ਤੇ ਹੋਰ ਮਾਲਵੇ ਦੀ ਸੰਗਤ ਵਲੋਂ ਸਤਿਗੁਰੂ ਜੀ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ ਤਾਂ ਸਤਿਗੁਰੂ ਜੀ ਨੇ ਕਿਹਾ, 'ਪਿਤਾ ਚੜ੍ਹੇ ਦੀ ਪੱਗ ਪੁੱਤ ਨੂੰ ਮਿਲਦੀ ਹੈ, ਸੋ ਮੈਂ ਅੱਗੇ ਇਕ ਵਾਰ ਸੰਗਤ ਵਲੋਂ ਲੈ ਚੁੱਕਾ ਹਾਂ। ਹੁਣ ਇਹ ਰਿਵਾਜ ਤਾਂ ਤੁਸੀਂ ਜਗਤ ਜਣਾਉਣੀ ਕਰਦੇ ਹੋ। ਗੁਰੂ ਘਰ ਤੇ ਸੰਗਤ ਵਲੋਂ ਦਸਤਾਰ ਹੁੰਦੀ ਹੈ। ਸਹੁਰਿਆਂ ਵਲੋਂ ਸੰਸਾਰਕ ਰਿਵਾਜ ਹੈ, ਸੋ ਵੀ ਸੱਸ ਦਾ ਹੱਕ ਅਗੋਂ ਵੱਡੀ ਨੂੰਹ ਨੂੰ ਹੁੰਦਾ ਹੈ। ਸੋ ਹੁਣ ਮਾਤਾ ਜੀ ਦੀ ਵੱਡੀ ਨੂੰਹ ਹੈ ਵੀ ਨਹੀਂ ਸੋ ਇਸ ਸਮੇਂ ਆਪ ਇਹ ਉਲਟ ਰਿਵਾਜ ਨਾ ਕਰੋ', ਕਹਿ ਪੱਗਾਂ ਵਾਪਸ ਕੀਤੀਆਂ। ਸੱਦ ਦਾ ਪਾਠ ਇਕੋ ਵਾਰ ਕੀਤਾ ਤੇ ਕਿਹਾ ਕਿ ਹੋਰ ਕਰਨ ਦਾ ਹੁਕਮ ਨਹੀਂ। ਸਾਧਾਂ, ਬਿਹੰਗਮਾਂ, ਨੂੰ ਬਸਤਰ, ਜੋੜੇ, ਗੜਵੇ, ਡੋਰੀਆਂ, ਪਊਏ, ਕੰਘੇ, ਕੜੇ ਆਦਿ ਦੀ ਦਾਤ ਬਖਸ਼ੀ।

ਇਸ ਮੇਲੇ ਤੇ ਪਹੁੰਚਣ ਲਈ ਸੰਤ ਬਲਵੰਤ ਸਿੰਘ ਮਸਤਾਨਾ, ਫੁਲਕਾਰੀਆਂ ਵਾਲੇ ਨੂੰ ਮੁਤਹਿਰ ਮੋਢੇ ਤੇ ਧਰੀ, ਸਿਆਲ-ਕੋਟ ਦੇ ਜ਼ਿਲ੍ਹੇ ਦਾ, ਲਾਹੌਰ ਤੋਂ ਕੁਝ ਸਾਥੀਆਂ ਸਮੇਤ ਗੱਡੀ ਚੜ੍ਹਨ ਲਗਿਆਂ, ਧੱਕਾ ਮੁੱਕੀ ਦਾ ਸਾਹਮਣਾ ਕਰਨਾ ਪਿਆ। ਮਸਤਾਨੇ ਨੇ ਹਉਕਾ ਭਰਿਆ ਤੇ ਆਪਣੇ ਪਿਆਰੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ 'ਮੇਰੇ ਪਿਆਰੇ ਸਤਿਗੁਰੂ ਮੈਨੂੰ ਮੇਲੇ ਤੇ ਸੁਖਾਲਾ ਪਹੁੰਚਾ' ਉਸ ਦੇ ਸੋਚਣ ਦੀ ਦੇਰ ਸੀ ਕਿ ਇਕਦਮ ਬਾਬੂ ਨੇ ਕੋਲੋਂ ਉਸ ਦੀ ਬਾਂਹ ਫੜ ਕੇ ਬਿਲਕੁਲ ਖਾਲੀ ਡੱਬੇ ਵਿਚ ਬਿਠਾ ਕੇ ਅਤਿ-ਸੁਖਾਲਾ ਕਰ ਦਿੱਤਾ। ਸ੍ਰੀ ਭੈਣੀ ਸਾਹਿਬ ਪਹੁੰਚ ਕੇ ਮਸਤਾਨੇ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ਆਪ ਜੀ ਤੁਰੰਤ ਹੀ ਬਹੁੜਕੇ ਸੁਖਾਲਾ ਹੀ ਮੈਨੂੰ ਇਥੇ ਲੈ ਆਏ ਹੋ।" ਸਤਿਗੁਰੂ ਜੀ ਨੇ ਫਰਮਾਇਆ, "ਤੁਸੀਂ ਵੀ ਤੇ ਇਹ ਕਮਰ ਕੱਸੇ, ਲਾਈ ਫਿਰਦੇ ਹੋ ਤੇ ਮੁਤਹਿਰਾ ਚੁੱਕੀ ਫਿਰਦੇ ਹੋ।" ਇਕ ਦਿਨ ਮਸਤਾਨੇ ਨੇ ਸਤਿਗੁਰੂ ਜੀ ਨੂੰ ਐਡੀ ਘੁੱਟ ਕੇ ਜਫੀ ਪਾਈ ਕਿ ਛੱਡਣ ਦਾ ਨਾਂ ਹੀ ਨਾ ਲਏ। ਕੋਲ ਖਲੋਤੇ ਪਹਿਰੇਦਾਰ ਛੁਡਾਣ ਲਈ ਆਏ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, "ਤੁਸੀਂ ਕੋਈ ਫਿਕਰ ਨਾ ਕਰੋ, ਇਨ੍ਹਾਂ ਮੇਰਾ ਸਰੀਰ ਹੀ ਐਸਾ ਬਣਾ ਦਿੱਤਾ ਹੈ ਮੈਨੂੰ ਕੋਈ ਔਖ ਨਹੀਂ ਹੁੰਦੀ ਹੈ।" ਇਸ ਮੇਲੇ ਤੇ ਪਸ਼ੂ ਪ੍ਰਦਰਸ਼ਨੀ ਹੋਈ, ਰਾਗ ਸਭਾ ਵੀ ਆਯੋਜਿਤ ਕੀਤੀ ਗਈ। ਇਸ ਮੇਲੇ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ :—

—"ਹਰ ਸਿੱਖ ਨੂੰ ਚੰਗੀ ਨਸਲ ਦੀ ਗਊ ਘਰ ਪ੍ਰਤੀ ਜ਼ਰੂਰੀ ਰਖਣੀ ਚਾਹੀਦੀ ਹੈ।"

—ਗ੍ਰਹਿਸਤ ਧਰਮ ਵੱਡਾ ਤੇ ਮੁੱਢ ਸਭ ਧਰਮਾਂ ਦਾ ਤਾਂ ਹੈ, ਜੇ ਧਰਮ ਨਿਭਾਏ ਜਾਣ, ਨਹੀਂ ਤੇ ਹਵਾਨਾਂ ਜਾਨਵਰਾਂ ਦੀ ਤਰ੍ਹਾਂ ਹੀ ਹੈ। ਕਾਮ ਤੇ ਚਾਮ ਦਾ ਸਾਕ ਪਾਕ ਤਦ ਹੀ ਹੈ ਜੇ ਪਾਪ ਰਹਿਤ ਜੁਗਤ ਵੀ ਵਰਤੇ। ਜਿਹਾ ਕਿ ਲਿਖਿਆ ਹੈ :—

"ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥
ਤਬ ਇਹ ਤ੍ਰੀਅ ਉਹ ਕੰਤੁ ਕਹਾਵਾ ॥"

ਅਰਥਾਤ ਗ੍ਰਹਿਸਤ ਨੂੰ ਸੁਗਲ ਖੇਡ ਸਮਝ ਨਾ ਕਰਨ। ਔਲਾਦ ਉਤਪਤੀ ਦੇ ਖਿਆਲ ਨੂੰ ਮੁੱਖ ਰੱਖਣ, ਜਿਵੇਂ ਲਿਖਿਆ ਹੈ :—

"ਗ੍ਰਿਹੀ ਦੇ ਬਨਿਤਾ ਰਿਤੂ ਦਾਨ, ਭੁਲ ਨ ਗਵਨ ਕਰੇ ਦਿਨ ਆਨ ।"
ਖੁਰਾਕ, ਪੁਸ਼ਾਕ ਤੇ ਸਰੀਰ ਪਾਕ ਰੱਖਣ ਦਾ ਖਿਆਲ ਰਖ ਸੰਤਾਨ ਪੈਦਾ ਕਰਨ ।

"ਘਾਲਿ ਖਾਇ ਕਿਛੁ ਹਥਹੁ ਦੇਇ ॥"

"ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥"

—ਮੈਂ ਬੱਚੇ ਬੱਚੀਆਂ ਸਭ ਸਿੱਖਾਂ ਸਿੱਖਣੀਆਂ ਨੂੰ ਸਮਝਾ ਤੁਹਾਡੇ ਭਲੇ ਦੀ ਸਿੱਖਿਆ ਦਿੰਦਾ ਹਾਂ । ਤੇ ਏਸ ਲਈ ਸਤਿਗੁਰੂ ਰਾਮ ਸਿੰਘ ਜੀ ਬਦੇਸ਼ੋਂ ਭੇਜੇ ਹੁਕਮਨਾਮਿਆਂ ਵਿਚ ਪੱਕੀ ਕੀਤੀ ਹੈ । 18-20 ਬਰਸਾਂ ਤੋਂ ਘੱਟ ਲੜਕੇ, 15-16 ਤੋਂ ਘੱਟ ਲੜਕੀ ਨਾ ਵਿਆਹੋ ਤੇ ਲਿਖਿਆ ਹੈ ਸਭ ਹੀ ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਣੇ ਜਿਸ ਦਾ ਅਰਥ ਹੈ ਲੜਕੇ ਲੜਕੀਆਂ ਪੜ੍ਹੇ ਹੋਏ ਤੇ ਸਿਆਣੇ ਹੋਣ ।

—ਕੂਕੇ ਦਾ ਬਾਣਾ ਰਾਮ ਦਾ ਬਾਣਾ ਹੈ । ਇਹ ਕਿਸੇ ਦੇ ਹੱਕ ਵੱਲ ਹੱਥ ਪਾਉਣ ਤੇ ਤੱਕਣ ਦੀ ਛੁੱਟੀ ਕੀ, ਫੁਰਨਾ ਹੀ ਨਹੀਂ ਹੋਣ ਦਿੰਦਾ । ਪਰ ਕੋਈ ਰਾਮ ਦਾ ਬਾਣਾ ਸਮਝ ਕੇ ਤਾਂ ਪਹਿਰੇ । ਜਦੋਂ ਕੂਕੇ ਰਾਮ ਦਾ ਬਾਣਾ ਪਹਿਰ ਕੇ ਨਾਮ ਵੱਲ ਲਗੇ ਸੀ, ਇਨ੍ਹਾਂ ਨੂੰ ਕਾਮ ਤੇ ਦੁਨੀਆ ਦੇ ਕੰਮ ਕੂਕੇ ਪੁਣੇ ਵਲੋਂ ਨਹੀਂ ਸਨ ਗਿਰਾਂਦੇ । ਹੁਣ ਕੂਕਾ, ਕੂਕਾ ਨਹੀਂ ਰਿਹਾ । ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲਿਆਂ ਦੀ ਧਾਰਨਾ ਯਾਦ ਕਰਕੇ, "ਕਾਜ਼ੀ ਕਿਤਾਬਾਂ ਛੋੜਦੇ, ਕੋਈ ਯਾਰ ਦੀ ਗੱਲ ਤੋਰ ਦੇ", ਤੇ ਫਰਮਾਇਆ :—

"ਸ਼ਰ੍ਹਾ ਤੇ ਪ੍ਰੇਮ ਇਹ ਦੋਵੇਂ ਇਕ ਥਾਂ ਰਹਿਣ ਨ ਕੱਠੇ ॥
ਜਿਥੇ ਇਕ ਹੈ ਆਂਵਦਾ ਦੂਜਾ ਉੱਥੋਂ ਨੱਠੇ ।"

—ਸਤਿਗੁਰੂ ਰਾਮ ਸਿੰਘ ਜੀ ਦੇ ਆਉਣ ਬਾਬਤ ਕਿਹਾ, 'ਕੂਕਿਓ, ਤੁਸਾਂ ਸੁਹਾਗਾ ਮੋਢੇ ਤੇ ਚੁੱਕਿਆ ਹੈ ਸੋਨਾ ਬਨਾਉਣ ਲਈ, ਮੱਤ ਅੱਕ ਥੱਕ ਸੁਟ ਕਹੋ, ਲੋਹਾ ਹੀ ਜਾਹ ।' ਸਤਿਗੁਰੂ ਜੀ ਦੇ "ਪੰਚ ਪੰਚਾਸ ਦੇਹ ਰਹੇ ਸੰਧਾ" ਹੈ । ਅਸੀਂ ਸਿਆਮ ਗਿਆਂ ਇਕ ਸੋ ਗਿਆਰਾਂ ਸਾਲ ਦੇ ਬਿਰਧ ਨੂੰ ਮਿਲ ਪੁੱਛਿਆ, ਸਤਿਗੁਰੂ ਰਾਮ ਸਿੰਘ ਜੀ ਬਾਬਤ । ਉਸ ਕਿਹਾ, ਗੋਰਿਆਂ ਮਜੂਲੇ ਨੂੰ ਅੱਗ ਲਾ ਕਿਹਾ ਸੀ ਉਹ ਚੜ੍ਹ ਗਏ ਹਨ । ਉਹ ਤੇ ਇਨ੍ਹਾਂ ਤੋਂ ਅਲੋਪ ਹੋ ਗਏ ਸੀ ਤੇ ਸੇਵਕ ਰੋਂਦਾ ਟੁਰ ਗਿਆ ਸੀ ।

—ਸਤਿਗੁਰੂ ਜੀ ਕਿਹਾ, ਕੂਕਿਓ ਤੁਸੀਂ ਸਿਦਕ ਤੇ ਰਹੋ, ਸਭ ਕੁਝ ਸਿਦਕੋਂ ਉਰੇ ਹੈ । ਮੇਰੇ ਵਾਸਤੇ ਵੀ ਸਤਿਗੁਰੂ ਅੱਗੇ ਅਰਜ਼ ਕਰੋ, ਮੈਨੂੰ ਵੀ ਸਿਦਕ ਬਖਸ਼ੇ ਆਪਣੇ ਬਚਨਾਂ ਤੇ । ਜਿਵੇਂ ਦਸਮ ਜੀ ਦੇ ਕੰਮ ਰਹਿੰਦੇ, ਗੁਰ-ਮਰਿਆਦਾ ਅਨੰਦ ਤੇ ਮਾਈਆਂ ਨੂੰ ਅੰਮ੍ਰਿਤ, ਕਛਹਿਰੇ, ਸਤਿਗੁਰੂ ਜੀ ਨੇ ਬਖਸ਼ੇ ਹਨ, ਤਿਵੇਂ ਆਪਣੇ ਰਹਿੰਦੇ ਕੰਮ ਆਪ ਕਰਨਗੇ ।

—ਮੰਦਰ ਸੁਧਾਰ ਤੇ ਗੁਰਦੁਆਰਾ ਸੁਧਾਰ ਬਾਬਤ ਕਿਹਾ । ਪੁਜਾਰੀ ਸੁਧਾਰ ਕਹਿਣਾ ਚਾਹੀਦਾ ਹੈ, ਜੋ ਮੂੰਹ ਆਇਆ ਕਹਿ ਚਲਾਇਆ ਕੂਕੇ ਸੰਖ ਨੂੰ ਮੂੰਹ ਨਹੀਂ ਲਾਉਂਦੇ ਇਸ ਲਈ ਕਿ ਕੋਈ ਮਾਂਜਦਾ ਨਹੀਂ ।

—ਗੁਰੂ ਨਾਨਕ ਜੀ ਤੇ ਦਸਮ ਜੀ ਦੇ ਭਵਿੱਖਤ ਵਾਕਾਂ ਬਾਬਤ ਕਿਹਾ, ਭਾਵੇਂ

ਵਿਗਾੜੇ ਗਏ ਹਨ। ਪਰ ਜੋ ਮੈਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਤੇ ਬਿਰਧਾਂ ਸਾਧਾਂ ਦੀ ਜ਼ੁਬਾਨੀ ਸੁਣਿਆ ਹੈ, ਸੋ ਕੋਈ ਫਰਕ ਨਹੀਂ ਪੈਣ ਦਿੰਦਾ। ਇਕ ਅੰਗਰੇਜ਼ ਵਲੋਂ ਗਿਆਨੀ ਪ੍ਰਤਾਪ ਸਿੰਘ ਪਟਿਆਲੇ ਦਾ, ਜੋ ਐਸੇ ਵਾਕਾਂ ਨੂੰ ਵਿਗਾੜਨ ਤੇ ਲਾਈ ਰਖਿਆ ਸੀ, ਮੈਨੂੰ ਭਾਈ ਕਾਨ੍ਹ ਸਿੰਘ ਜੀ ਦੇ ਪੁੱਤਰ ਭਗਵੰਤ ਸਿੰਘ ਹਰੀ ਜੀ ਏਕ ਸਮੇਂ ਉਸ ਨੂੰ ਮਿਲਾਇਆ, ਉਹ ਅੰਮ੍ਰਿਤਸਰ ਰਹਿੰਦਾ ਤੇ ਹਰੀ ਸਿੰਘ ਜੀ ਦਾ ਸਾਕ ਸੀ। ਉਸ ਕਿਹਾ ਮੈਨੂੰ ਵੀ ਪਤਾ ਨਹੀਂ ਰਿਹਾ, ਕੋਈ ਚੇਤਾ ਨਹੀਂ ਕਿ ਅਸਲ ਵਾਕ ਕੀ ਸਨ ? ਤੇ ਕਿਹਾ, ਮੈਂ ਝੂਰਦਾ ਹਾਂ, ਮੈਂ ਪੈਸਿਆਂ ਪਿੱਛੇ ਕੀ ਕੀਤਾ।

—ਸਤਿਗੁਰੂ ਜੀ ਸੰਗਤ ਦੀ ਸਿਫਤ ਕਰਦਿਆਂ ਕਿਹਾ, ਇਹ ਸਵਾ ਲੱਖ ਪਾਠ ਤੁਹਾਡੀ ਦਇਆ ਨਾਲ ਸਿਰੇ ਚੜ੍ਹਿਆ ਹੈ, ਮੈਂ ਇਕੱਲਾ ਕੀ ਕਰ ਸਕਦਾ ਹਾਂ, ਤੁਹਾਡੀ ਬਹਾਦਰੀ ਹੈ ਜੋ ਬੋਲ ਕਬੋਲ ਤੇ ਵਧੀਕੀਆਂ ਸਹਿ ਕੇ ਪਾਠ ਸਿਰੇ ਚੜ੍ਹੇ ਹਨ। ਮੈਂ ਜਦੋਂ ਵੀ ਤੁਸਾਂ ਤੋਂ ਕੋਈ ਮੰਗ ਕੀਤੀ ਹੈ, ਤੁਸਾਂ ਮੰਗ ਤੋਂ ਵੱਧ ਮਦਦ ਕੀਤੀ ਹੈ। ਤੁਸਾਂ ਵੱਡੇ ਹਵਨ ਯੱਗ ਵੇਲੇ ਦੋ ਸੌ ਪੀਪਾ ਘਿਉ ਦਾ ਆਪੇ ਲਿਆ ਹਾਜ਼ਰ ਕੀਤਾ, ਜੋ ਵਰਤਿਆ। ਸਾਧ ਸੰਗਤ ਐਸੀ ਸਮਰੱਥ ਹੈ ਜੋ ਮੈਂ ਕਹਾਂ ਪੁੱਜਦਾ ਅਣਪੁੱਜਦਾ ਹਿੱਸਾ ਪਾਣੋਂ ਫਰਕ ਨਹੀਂ ਰਖਦੀ। ਮੇਰੀ ਭਾਵੇਂ ਆਸ਼ਕੀ ਇਸ ਨਾਲ ਤੇ ਇਨ੍ਹਾਂ ਸਾਧਾਂ ਨਾਲ ਘੱਟ ਹੋਵੇ। ਇਹ ਕੂਕੇ ਮੇਰੇ ਨਾਲ ਪੂਰੀ ਕਰ ਵਿਖਾਉਂਦੇ ਨੇ, ਧੰਨ ਹੈ ਸਾਧ ਸੰਗਤ, ਧੰਨ ਹੈ ਸਾਧ ਸੰਗਤ, ਧੰਨ ਹੈ ਸਾਧ ਸੰਗਤ।

ਸਤਿਗੁਰੂ ਜੀ ਨੇ ਆਪਣੇ ਕਰ-ਕੰਵਲਾਂ ਰਾਹੀਂ ਸ੍ਰੇਸ਼ਟ ਪੁਰਸ਼ਾਂ ਨੂੰ ਸਿਰੋਪੇ ਦੇ ਕੇ ਨਿਵਾਜਿਆ। ਮੇਲੇ ਦੇ ਅਖੀਰਲੇ ਦਿਨ ਮਾਤਾ ਜੀਵਨ ਕੌਰ ਜੀ ਦੇ ਨਮਿਤ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ। ਲੰਗਰ ਵਿਚ ਕੋਈ ਤੋਟ ਨਹੀਂ ਆਈ ਕਿਉਂਕਿ ਮਹਾਂਪੁਰਖਾਂ ਦੇ ਚਰਨਾਂ, ਨੇਤਰਾਂ, ਰਿਦੇ ਤੇ ਨਾਮ ਵੱਸਦਾ ਹੈ, "ਗੁਰੂ ਹਰੀ ਸਿੰਘ ਜੀ 56 ਦੇ ਕਾਲ ਸਮੇਂ ਇਕ ਮੱਕੀ ਦੀ ਭਰੀ ਨੂੰ ਚਰਨ ਲਾ ਕੇ ਕਿਹਾ ਸੀ, ਇਸ ਵਿਚੋਂ ਅਰਦਾਸ ਕਰ ਥੋੜ੍ਹਿਉਂ ਅੰਨ ਕੱਢੀ ਜਾਓ, ਤੋਟ ਨਹੀਂ ਆਉਂਦੀ। ਸਾਲ ਭਰ ਅੰਨ ਵਰਤਿਆ ਗਿਆ ਅੰਤ ਵਿਚ ਵਧਿਆ ਹੋਇਆ ਅੰਨ ਵੇਚਿਆ ਗਿਆ ਕਿਉਂਕਿ ਸਤਿਗੁਰੂ ਜੀ ਦੀ ਨਿਗਾਹ, ਚਰਨਾਂ ਅਤੇ ਰਸਨਾ ਦਾ ਉਸ ਉਤੇ ਅਸਰ ਹੋ ਗਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੱਸਿਆ ਕਿ ਨਹਿਰ ਦੇ ਡੇਰੇ ਭਾਂਡਿਆਂ ਵਿਚ ਇਕ ਸੱਪ ਰਹਿੰਦਾ ਸੀ। ਲੋੜ ਵੇਲੇ ਕਹਿਣ ਤੇ ਸੱਪ ਉਸ ਭਾਂਡੇ ਵਿਚੋਂ ਨਿਕਲ ਆਉਂਦਾ ਤੇ ਦੂਜੇ ਵਿਚ ਚਲਾ ਜਾਂਦਾ ਸੀ ਤੇ ਘੂਰਨ ਵਾਲੇ ਨੂੰ ਘੂਰਦਾ ਵੀ ਸੀ। ਜੇ ਸੱਪ ਸਾਧਾਂ ਦਾ ਕਹਿਣਾ ਮੰਨਦੇ ਹਨ, ਤਾਂ ਉਨ੍ਹਾਂ ਅੱਗੇ ਕਾਲ ਕੀ ਕਰ ਸਕਦਾ ਹੈ, ਉਨ੍ਹਾਂ ਦੇ ਆਖੇ ਕਿਉਂ ਨਾ ਲਗੇ ਕਿਉਂਕਿ ਪ੍ਰੇਮ ਐਸੀ ਚੀਜ਼ ਹੈ ਜ਼ਹਿਰੀਲੇ ਜੀਵਾਂ ਨੂੰ ਵੀ ਆਖੇ ਲਾ ਲੈਂਦਾ ਹੈ।"

**ਮਾਤਾ ਜੀਉਣ ਕੌਰ** :—ਮਾਤਾ ਜੀ ਦੇ ਨਮਿੱਤ 200 ਪਾਠਾਂ ਦੇ ਭੋਗ ਪਾਏ, 650 ਮਾਲਾ ਦਾ ਅਰਦਾਸਾ ਹੋਇਆ ਤੇ ਸਤਿਗੁਰੂ ਜੀ ਨੇ ਫੁਰਮਾਇਆ, "ਮਾਤਾ ਜੀ ਦੀ ਮੱਤ ਜੇ ਵਰਤੀਏ ਤਾਂ ਸਦਾ ਸਾਡੇ ਸਾਥ ਹੈ ਪਰ ਸਰੀਰ ਦਾ ਸੰਬੰਧ ਰਾਖ ਦੀ ਮੁਠ ਤੇ ਪਾਠ

ਕਰਾਉਣ ਤੱਕ ਹੀ ਹੈ।'' 1999 ਸੰਮਤ ਦੇ ਹੋਲੇ ਤੇ ਮਾਤਾ ਜੀਵਨ ਕੌਰ ਜੀ ਨਮਿੱਤ ਪਾਠਾਂ ਦੇ ਭੋਗ ਪਾਏ ਗਏ ਤੇ ਹਿੰਦੂ-ਸਿੱਖ ਮਿਲਾਪ ਕਾਨਫ਼ਰੰਸ ਨੇ ਹੋਲੇ ਮਹੱਲੇ ਦੀ ਸ਼ੋਭਾ ਨੂੰ ਚੋਗੁਣਾ ਕੀਤਾ।

## 2000 ਬਿਕ੍ਰਮੀ–1944 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ (ਲੁਧਿਆਣਾ)।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਵਿਚ ਪਹਿਲਾਂ ਹੀ ਸਾਧ-ਸੰਗਤ ਨੂੰ ਹੇਠ ਲਿਖਿਤ ਗੱਲਾਂ ਬਾਰੇ ਸੂਚਨਾ ਦੇ ਦਿੱਤੀ :—

1. ਸਵਾ ਲੱਖ ਪਾਠਾਂ ਵਿਚ ਹਿੱਸਾ ਲੈਣ ਵਾਲਿਆਂ ਵਿਚੋਂ ਜਿਹੜਾ ਪਾਠ ਕੰਠ ਕਰਕੇ ਸ਼ੁੱਧ ਪਾਠ ਸੁਣਾਵੇਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ।

2. ਸੂਤਰਾਂ ਦੀ ਪਰਖ ਕਰਨ ਪਿੱਛੋਂ ਵਧੀਆ ਸੂਤਰ ਦੀ ਕਤਾਈ ਤੇ ਇਨਾਮ ਦਿੱਤਾ ਜਾਵੇਗਾ।

3. ਪਸ਼ੂਆਂ ਦੀ ਵੀ ਪਰਖ ਹੋਵੇਗੀ।

4. ਜਥੇਦਾਰਾਂ ਤੇ ਪ੍ਰਚਾਰਕਾਂ ਨੂੰ ਵੀ ਇਨਾਮ ਦੇ ਕੇ ਉਤਸਾਹਿਤ ਕੀਤਾ ਜਾਵੇਗਾ।

ਹੋਲਾ 24, 25, 26, 27 ਫੱਗਣ ਤੱਕ ਸ੍ਰੀ ਭੈਣੀ ਸਾਹਿਬ ਵਿਖੇ ਹੋਣਾ ਨੀਯਤ ਕੀਤਾ ਗਿਆ ਸੀ, ਪਰ ਸਾਧ-ਸੰਗਤ ਕਈ ਦਿਨ ਪਹਿਲਾਂ ਹੀ ਇਸ ਪਾਵਨ ਭੂਮੀ ਤੇ ਪਹੁੰਚ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤ੍ਰ ਛਾਂ ਹੇਠ, ਪਤਵੰਤੇ, ਸੂਝਵਾਨ, ਪ੍ਰਚਾਰਕਾਂ, ਦਰਬਾਰ ਦੇ ਮੈਂਬਰਾਂ, ਸੂਬਿਆਂ, ਜਥੇਦਾਰਾਂ ਦਾ ਇਕੱਠ ਹੋਇਆ। ਇਕ ਪੁਰਾਣੀ ਫੈਕਟਰੀ ਕੂਕਾ ਕਲਾ ਕੌਸ਼ਲ ਦਾ ਨਾਮ ਬਦਲ ਕੇ ਸਤਿਗੁਰੂ ਰਾਮ ਸਿੰਘ ਜੀ ਵਸ਼ਿਸਟ ਨਾਮਧਾਰੀ ਇੰਡਸਟਰੀਜ਼ ਰਖਿਆ ਗਿਆ। ਕੁਝ ਅਮੀਰ ਸੱਜਣਾਂ ਨੇ ਇਸੇ ਫੈਕਟਰੀ ਦੀ ਉਗਰਾਹੀ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਡੇਢ ਲੱਖ ਤੋਂ ਵੱਧ ਮਾਇਆ ਇਕੱਤ੍ਰ ਹੋਈ। ਇੰਝ ਲਗ ਰਿਹਾ ਸੀ ਕਿ ਉਥੇ ਜਿਵੇਂ ਮਾਇਆ ਦਾ ਹੜ੍ਹ ਆ ਗਿਆ ਹੋਵੇ। ਸਤਿਗੁਰੂ ਜੀ ਨੇ ਗਰੀਬ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਉਗਰ੍ਹਾਹੀ ਵਿਚ ਹਿੱਸਾ ਨਾ ਪਾ ਕੇ, ਸੇਵਾ ਵਿਚ ਯੋਗਦਾਨ ਪਾਉਣ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਪਤਰੇ ਦਾ ਪਾਠ ਕੰਠ ਸੁਣਿਆ। ਤੇ ਸਾਧੂ ਸਿੰਘ ਦਾ ਸ਼ੁੱਧ ਪਾਠ ਤੇ ਉਚਾਰਣ ਸੁਣ ਕੇ ਬਚਨ ਕੀਤਾ, 'ਇਹੋ ਜਿਹਾ ਸ਼ੁੱਧ ਗੁਰਬਾਣੀ ਦਾ ਪਾਠ ਤੇ ਮੈਂ ਵੀ ਸ਼ਾਇਦ ਹੀ ਕਰ ਸਕਾਂ।' ਸਤਿਗੁਰੂ ਪ੍ਰਤਾਪ ਸਿੰਘ ਜੀ ਪਰਮ ਪ੍ਰਸੰਨ ਹੋ ਕੇ ਆਪਣੇ ਪਵਿੱਤਰ ਕਰ-ਕੰਵਲਾਂ ਨਾਲ ਸਾਧੂ ਸਿੰਘ ਨੂੰ 25 ਰੁਪਏ ਇਨਾਮ ਵਜੋਂ ਦਿੱਤੇ। ਬਾਬਾ ਸਿੰਘ ਜੀ ਬੰਗੇ ਵਾਲਿਆਂ ਨੂੰ ਲੱਕੜ ਦੀ ਬਾਂਹ ਬਣਾ ਕੇ ਲਿਆਉਣ ਤੇ ਜਿਸ ਨਾਲ ਕਲਮ ਫੜ ਕੇ ਲਿਖਿਆ ਵੀ ਜਾ ਸਕਦਾ ਸੀ, ਸਤਿਗੁਰੂ ਜੀ ਨੇ ਇਨਾਮ ਤੇ ਸਤਿਕਾਰ ਦਿੱਤਾ। ਵੈਦ ਹਰਨਾਮ ਸਿੰਘ ਜੀ ਨੂੰ ਵਧੀਆ ਚਾਰਪਾਈ ਬਨਾਉਣ ਤੇ ਇਨਾਮ ਦਿੱਤਾ।

**ਵਿਸ਼ੇਸ਼ ਕ੍ਰਿਪਾ** :—ਭੋਗ ਵਾਲੇ ਦਿਨ ਸ: ਆਤਮਾ ਸਿੰਘ ਜੀ ਨੇ ਸਭ ਸਾਧ-ਸੰਗਤ ਨੂੰ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਪਿਤਾ ਸ: ਬੂਟਾ ਸਿੰਘ ਜੀ ਨੂੰ 3 ਰੁਪਏ

ਦੀ ਨੌਕਰੀ ਤੋਂ ਰਾਇ ਬਹਾਦੁਰ ਦਾ ਖਿਤਾਬ ਪ੍ਰਾਪਤ ਹੋਇਆ ਸੀ। ਸਤਿਗੁਰੂ ਸਿੱਖ ਲਈ ਸੂਰਜ ਹੈ, ਟੁਰਿਆਂ ਪਰਛਾਵਾਂ ਆਪੇ ਪਿੱਛੇ-ਪਿੱਛੇ ਚਲਿਆ ਆਉਂਦਾ ਹੈ ਤੇ ਕੰਡ ਕਰਕੇ ਤੁਰਿਆਂ ਜਿਵੇਂ ਪਰਛਾਵਾਂ ਅੱਗੇ-ਅੱਗੇ ਜਾਂਦਾ ਹੈ, ਤਿਵੇਂ ਹੀ ਇਹ ਮਾਇਆ ਜਾਨਣੀ ਚਾਹੀਦੀ ਹੈ। ਇਸ ਤੋਂ ਉਪਰੰਤ ਸ: ਤੇਜਾ ਸਿੰਘ ਹੈਦਰਾਬਾਦ ਵਾਲਿਆਂ ਨੇ ਆਪਣੀ ਵਾਰਤਾ ਸੁਣਾਈ ਕਿ ਕਿਸ ਤਰ੍ਹਾਂ ਇਹ ਕਰਜ਼ਾਈ ਹੋ ਗਏ ਸਨ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਸਦਕਾ ਪੈਸਾ-ਪੈਸਾ ਵਾਪਸ ਕੀਤਾ ਸੀ ਤੇ ਹੁਣ ਉਹ ਧਨਾਢਾਂ ਵਿਚ ਗਿਣੇ ਜਾਂਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਤੇਜਾ ਸਿੰਘ ਦੀ ਸਰਾਹੁਣਾ ਕੀਤੀ ਕਿ ਪਿਛਲੇ ਸਾਲ ਭਾਦਰੋਂ ਦੇ ਮੇਲੇ ਤੇ 25,000 ਰੁਪਿਆ ਆਪਣੀ ਆਮਦਨ ਦਾ ਦਸਵੰਧ ਕੱਢ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਭੇਟ ਕੀਤਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਬਾਅਦ ਮੇਰੇ ਤੇ ਸਾਰੀਆਂ ਜਿੰਮੇਂਵਾਰੀਆਂ ਆਣ ਪਈਆਂ, ਤਾਂ ਇਕ ਰਾਤ ਮੈਂ ਝੁਰਦਾ ਸੁੱਤਾ। ਐਨਾ ਖਰਚ ਹੈ ਲੰਗਰ ਤੇ ਸੇਵਕਾਂ ਦਾ, ਮੈਂ ਕਿਵੇਂ ਨਿਭਾਵਾਂਗਾ ?" ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕਿਹਾ, 'ਇਸ ਲੰਗਰ ਦਾ ਮੈਂ ਸਾਥੀ ਹਾਂ, ਤੂੰ ਬੇਫਿਕਰ ਹੋ, ਸੇਵਾ ਕਰੀ ਜਾ।' ਅਗਲੇ ਦਿਨ ਗਣੇਸ਼ ਸਿੰਘ ਜੀ ਮਿੰਟਗੁਮਰੀ ਵਾਲਿਆਂ ਮਾਤਾ ਜੀ ਦੇ ਚਰਨਾਂ ਵਿਚ 10,000 ਰੁਪਏ ਮੱਥਾ ਟੇਕਿਆ ਤੇ ਕਿਹਾ, "ਇਹ ਮੇਰੇ ਮੁਨਾਫੇ ਦਾ ਹਿੱਸਾ ਹੈ।" ਤੇ ਫਿਰ ਇਸ ਤੋਂ ਉਪਰੰਤ ਕਦੇ ਵੀ ਲੰਗਰ ਦਾ ਫਿਕਰ ਤੇ ਮਾਇਆ ਦੀ ਥੁੜ੍ਹ ਮਹਿਸੂਸ ਨਹੀਂ ਹੋਈ।

ਪਸ਼ੂ ਪ੍ਰਦਰਸ਼ਨੀ ਵਿਚ ਵਿਜੇਤਾ ਪਸ਼ੂਆਂ ਦੇ ਮਾਲਕਾਂ ਨੂੰ ਇਨਾਮ ਦਿੱਤਾ ਗਿਆ। ਸੂਤਰ ਪ੍ਰਤੀਯੋਗੀਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤਰ ਹਸਤਕੰਵਲਾਂ ਰਾਹੀਂ ਇਨਾਮ ਦੇ ਕੇ ਉਤਸਾਹਿਤ ਕੀਤਾ। ਜਥੇਦਾਰਾਂ ਵਿਚੋਂ ਸੰਤ ਤੇਜਾ ਸਿੰਘ ਜੀ ਸਮਸੇ ਵਾਲਿਆਂ ਨੂੰ ਸਤਿਗੁਰੂ ਜੀ ਨੇ ਪੂਰਨ ਖੁਸ਼ੀਆਂ ਪ੍ਰਦਾਨ ਕੀਤੀਆਂ। ਸੰਤ ਅਤਰ ਸਿੰਘ ਜੀ ਤੇ ਸੰਤ ਮਿਹਰ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਸਿਰੋਪਾ ਦੇ ਕੇ ਨਿਵਾਜਿਆ ਤੇ ਸੰਤ ਮਿਹਰ ਸਿੰਘ ਜੀ ਨੂੰ ਸਿਆੜ ਦਾ ਸੂਬਾ ਥਾਪਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਦਸਦਿਆਂ ਹੋਇਆਂ ਬਚਨ ਕੀਤਾ, 'ਵਿਦੇਸ਼ੀ ਵਸਤੂਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਅੰਗਰੇਜ਼ ਹਰ ਦਵਾਈ ਤੇ ਹਰ ਚੀਜ਼ ਸ਼ਰਾਬ, ਚਰਬੀ, ਹੱਡੀਆਂ, ਰੱਤ, ਅਹਿੰਸਾ ਤੋਂ ਬਣਾਉਂਦੇ ਹਨ। ਕੂਕੇ ਨੂੰ ਹੁਕਮ ਹੈ ਕਿ ਉਹ ਆਪਣੀਆਂ ਦੇਸੀ ਵਸਤੂਆਂ ਦੀ ਵਰਤੋਂ ਕਰੇ।' ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰੀ ਸਾਧ-ਸੰਗਤ ਵਿਚ ਐਲਾਨ ਕਰਵਾਇਆ ਕਿ ਜੇਕਰ ਕਿਸੇ ਨੂੰ ਕਿਸੇ ਵੀ ਵਸਤੂ, ਪਦਾਰਥ ਆਦਿ ਦੀ ਲੋੜ ਹੈ, ਤਾਂ ਉਹ ਸਾਧ-ਸੰਗਤ ਵਿਚ ਦੱਸੇ ਤਾਕਿ ਉਸ ਲਈ ਸਾਧ-ਸੰਗਤ ਵਿਚ ਅਰਦਾਸ ਕੀਤੀ ਜਾਵੇ। ਕਈਆਂ ਨੇ ਸੰਤਾਨ ਦੀ ਥੁੜ੍ਹ ਲਈ ਬੇਨਤੀ ਕੀਤੀ। ਕਈਆਂ ਨੇ ਦੇਹ ਅਰੋਗਤਾ ਲਈ ਅਰਜ਼ੋਈਆਂ ਕੀਤੀਆਂ, ਸਤਿਗੁਰੂ ਜੀ ਨੇ ਬਚਨ ਕੀਤਾ, "ਜੇ ਸਾਧ-ਸੰਗਤ ਇਕ ਮਨ ਹੋ ਸੁੱਧ ਚਿਤ ਜੁੜ ਅਰਦਾਸ ਕਰੇ ਤਾਂ "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ" ਗੁਰਬਾਣੀ ਦੇ ਆਸ਼ੇ ਅਨੁਸਾਰ ਕਦੇ ਬਿਰਥਾ

ਨਹੀਂ ਜਾਂਦੀ। ਇਹ ਸਭ ਮੰਗਾਂ ਦੀ ਪੂਰਤੀ ਲਈ ਸਾਧ-ਸੰਗਤ ਵਿਚ ਅਰਦਾਸਾ ਸੋਧਿਆ ਗਿਆ। ਨਾਮ-ਸਿਮਰਨ, ਦੀਵਾਨ, ਕਥਾ-ਕੀਰਤਨ, ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ।

ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਹਵਨ ਕਰਾਇਆ ਗਿਆ ਤੇ 100 ਪਾਠਾਂ ਦੇ ਭੋਗ ਆਦਿ ਗ੍ਰੰਥ ਸਾਹਿਬ ਦੇ ਪਾਏ ਗਏ। 15 ਜੋੜਿਆਂ ਦੇ ਅਨੰਦ ਕਾਰਜ ਹੋਏ। ਮੇਲੇ ਦੇ ਭੋਗ ਸਮੇਂ ਸੰਤ ਨਿਧਾਨ ਸਿੰਘ ਜੀ ਆਲਮ ਨੇ ਸਾਰੀ ਸਾਧ-ਸੰਗਤ ਨੂੰ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਨੰਦ ਕਾਰਜ 11 ਚੇਤਰ ਨੂੰ ਮੁਠੱਡੀ ਵਿਖੇ ਹੋਵੇਗਾ। ਸ੍ਰੀ ਭੈਣੀ ਸਾਹਿਬ ਵਿਖੇ ਇਸ ਲਈ ਨਹੀਂ ਕੀਤਾ ਗਿਆ ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਮਰਿਆਦਾ ਬਣਾਈ ਹੋਈ ਹੈ ਕਿ ਜਿਥੋਂ ਦਾ ਜੋੜੇ ਵਿਚੋਂ ਇਕ ਧਿਰ ਵੀ ਹੋਵੇ ਉਥੇ ਅਨੰਦ ਕਾਰਜ ਨਹੀਂ ਹੋ ਸਕਦਾ।

## 2001 ਬਿਕ੍ਰਮੀ-1945 ਈਸਵੀ, ਹੋਲਾ ਗਿੱਲੀ ਸ਼ੇਖੂਪੁਰਾ।

ਹੋਲਾ 14, 15, 16 ਫੱਗਣ ਦਾ ਮਿੱਥਿਆ ਹੋਇਆ ਸੀ। ਸਤਿਗੁਰੂ ਜੀ ਤੇ ਸਾਧ-ਸੰਗਤ ਦੇ ਤਿੰਨ ਵਾਰੀ ਚਰਨ ਪੈਣ ਕਰਕੇ ਇਥੋਂ ਦੀ ਧਰਤੀ ਧੰਨ-ਧੰਨ ਹੋ ਗਈ ਸੀ। ਤੇ ਇਕ ਵਾਰੀ ਫਿਰ ਇਹ ਚੌਥਾ ਹੋਲਾ ਇਥੇ ਹੋ ਰਿਹਾ ਸੀ। ਪਹਿਲਾ ਹੋਲਾ ਸ੍ਰੀ ਗੁਰੂ ਹਰੀ ਸਿੰਘ ਜੀ ਵੇਲੇ 1950 ਬਿਕ੍ਰਮੀ ਵਿਚ ਹੋਇਆ, ਦੂਜਾ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ 1965 ਬਿਕ੍ਰਮੀ ਵਿਚ, ਤੇ ਤੀਜਾ 1972 ਬਿਕ੍ਰਮੀ ਵਿਚ, ਤੇ ਹੁਣ ਚੌਥਾ 2001 ਦਾ ਹੋਲਾ ਸਿਰ ਤੇ ਆਇਆ ਹੋਇਆ ਸੀ। ਪਰ ਆਗੂਆਂ ਤੇ ਪ੍ਰਬੰਧਕਾਂ ਨੂੰ ਸਾਰੇ ਪ੍ਰਬੰਧ ਆਦਿ ਕਰਾਉਣ ਦੀ ਰਤਾ ਭਰ ਵੀ ਫਿਕਰ ਨਹੀਂ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਚਰਨ ਸਿੰਘ ਜੀ ਨੂੰ ਦਰਸ਼ਨ ਦੇ ਕੇ ਚਿਤਾਵਣੀ ਦਿੱਤੀ "ਹੋਲਾ ਸਿਰ ਤੇ ਆਇਆ ਹੈ, ਤੁਸੀਂ ਢਿੱਲੇ ਪਏ ਹੋ, ਜਿਹੜਾ ਕੱਲ੍ਹ ਕਰਨਾ ਹੈ, ਅੱਜ ਕਰੋ।" ਸੰਤ ਚਰਨ ਸਿੰਘ ਜੀ ਨੇ ਸਵੇਰੇ ਉੱਠ ਕੇ ਸਾਰੇ ਸਿੱਖਾਂ ਨੂੰ ਇਕੱਠਾ ਕੀਤਾ ਤੇ ਸਤਿਗੁਰੂ ਜੀ ਦਾ ਸੰਦੇਸ਼ ਸਭ ਨੂੰ ਸੁਣਾ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸੇ ਦਿਨ ਹੀ ਸਾਖਿਆਤ ਰੂਪ ਵਿਚ ਉੱਥੇ ਦਰਸ਼ਨ ਦਿੱਤੇ, ਤੇ ਲੰਗਰ ਦੀ ਜਗ੍ਹਾ, ਖੂਹ, ਬਿਸਰਾਮ ਸਥਾਨਾਂ ਦੀ ਦੇਖ-ਭਾਲ ਕਰਕੇ ਸਭ ਨੂੰ ਪ੍ਰਬੰਧ ਕਰਨ ਦਾ ਉੱਦਮ ਬਖਸ਼ਿਆ। ਸਤਿਗੁਰੂ ਜੀ ਨੇ ਇਥੋਂ ਦੀ ਸਰਾਹੁਣਾ ਕੀਤੀ ਤੇ ਫੁਰਮਾਇਆ, "ਇਹ ਸਿੱਖ ਦਾ ਪ੍ਰੇਮ ਹੀ ਸਰੂਪ ਧਾਰ ਉਸ ਨੂੰ ਮਿਲਦਾ ਹੈ, ਤੇ ਕਿਹਾ ਜਿਵੇਂ ਵਰਨ ਮੁਠੱਡੇ, ਸਿਆੜ੍ਹ, ਖੋਟੇ ਤੇ ਢੋਟੀਆਂ ਸਾਡੇ ਇਤਿਹਾਸਕ ਤੇ ਮੁੱਖ ਨਗਰ ਹਨ, ਤਿਵੇਂ ਸਾਡਾ ਇਹ ਗਿਲ ਵੀ ਆਪਣਾ ਹੀ ਨਗਰ ਬਾਬੇ ਜਮੀਅਤ ਸਿੰਘ ਤੋਂ ਲੈ ਹੁਣ ਤੱਕ ਚਾਰ ਹੋਲੇ ਕਰਨ ਵਾਲਾ ਹੈ। ਹੋਰ ਕੋਈ ਐਸਾ ਹੋਵੇਗਾ ਤਾਂ ਇਹੋ ਜਿਹਾ ਗਿਣਾਂਗੇ। ਇਹਨੀਂ ਨਗਰੀ ਆ ਕੇ ਸਾਨੂੰ ਭੈਣੀ ਸਾਹਿਬ ਭੁੱਲ ਜਾਂਦਾ ਹੈ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 14 ਫੱਗਣ ਨੂੰ ਦੋਵੇਂ ਸਾਹਿਬਜ਼ਾਦਿਆਂ ਸਮੇਤ ਜਥੇਦਾਰਾਂ, ਰਾਗੀ, ਗੁਣੀ, ਗਿਆਨੀਆਂ ਸਮੇਤ ਹੋਲੇ ਦੀ ਪਵਿੱਤਰ-ਭੂਮੀ ਤੇ ਪਹੁੰਚ

ਗਏ। ਨਾਮਧਾਰੀ ਦਰਬਾਰ ਦੇ ਪ੍ਰਧਾਨ ਸੰਤ ਨਿਧਾਨ ਸਿੰਘ ਜੀ ਆਲਮ, ਸੈਕਟਰੀ ਚੱਕਰਵਰਤੀ ਜੀ ਦੇ ਅਧੀਨ ਨਾਮਧਾਰੀ ਦਰਬਾਰ ਦੀ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ :—

—ਕਾਂਗਰਸ ਨਾਲ ਅਸੀਂ ਉਥੋਂ ਤਕ ਮਿਲ ਕੇ ਕੰਮ ਕਰ ਸਕਦੇ ਹਾਂ ਜਿਥੋਂ ਤਕ ਸਾਡੇ ਨਾਮਧਾਰੀ ਪੁਣੇ ਸਿੱਖੀ ਧਰਮ ਨੂੰ ਕਸਰ ਨਾ ਲੱਗੇ।

—ਅਸੈਂਬਲੀਆਂ ਵਿਚ ਜਾਣ ਦੀ ਕੋਈ ਲੋੜ ਨਹੀਂ ਕਿਉਂਕਿ ਕਾਂਗਰਸ ਸੁਦੇਸ਼ੀ ਰਾਜ ਨਹੀਂ ਮੰਗਦੀ ਸਿਰਫ ਸੀਟਾਂ ਹੀ ਮੰਗਦੀ ਹੈ।

—ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਅਨੰਦ ਮਰਯਾਦਾ ਹੋ ਰਹੀ ਹੈ ਇਸ ਵਿਚ ਕੋਈ ਘਾਟਾ ਨਹੀਂ ਹੋ ਸਕਦਾ।

16 ਫੱਗਣ ਨੂੰ ਹਵਨ ਨਾਲ ਸਾਰਾ ਵਾਤਾਵਰਣ ਸੁਗੰਧਿਤ ਹੋ ਰਿਹਾ ਸੀ। ਆਸਾ ਜੀ ਦੀ ਵਾਰ ਦੇ ਭੋਗ ਉਪਰੰਤ 25 ਜੋੜਿਆਂ ਦੇ ਅਨੰਦ ਕਾਰਜ ਹੋਏ ਤੇ ਆਦਿ ਗ੍ਰੰਥ ਸਾਹਿਬ ਦੇ 50 ਪਾਠਾਂ ਦੇ ਭੋਗ ਪਾਏ ਗਏ।

**ਬੀਬੀ ਧੰਨ ਕੌਰ** :—ਮੇਲੇ ਦੇ ਆਖੀਰ ਦਿਨ ਜੱਥੇਦਾਰ ਸੰਤ ਚਰਨ ਸਿੰਘ ਜੀ ਦੇ ਘਰ ਘਿਉ ਦੇ ਪੀਪੇ ਬਚੇ ਹੋਏ ਪਏ ਸਨ। ਕਿਸੇ ਇਕ ਸਿੱਖ ਨੂੰ ਘਿਉ ਦੀ ਲੋੜ ਪਈ ਤੇ ਉਹ ਬਿਨਾ ਪੁਛੇ ਅੰਦਰ ਵੜ ਕੇ ਚੁੱਪ ਚੁਪੀਤੇ ਘਿਉ ਦਾ ਗੜਵਾ ਭਰ ਕੇ ਲੈ ਗਿਆ। ਧੰਨ ਕੌਰ, ਸੰਤ ਚਰਨ ਸਿੰਘ ਜੀ ਦੀ ਸੁਪੱਤਨੀ ਨੇ ਵੇਖ ਲਿਆ ਕਿ ਕੋਈ ਘਿਉ ਚੁਰਾ ਕੇ ਲੈ ਜਾ ਰਿਹਾ ਹੈ। ਗੁਆਂਢਣ ਨੇ ਵੀ ਸ਼ਿਕਾਇਤ ਕੀਤੀ, ਪਰ ਧੰਨ ਕੌਰ ਨੇ ਕਿਹਾ ਕਿ ਉਸ ਨੂੰ ਤਾਂ ਘਿਉ ਉਸ ਨੇ ਆਪ ਦਿੱਤਾ ਹੈ। ਚਰਨ ਸਿੰਘ ਨੇ ਝੂਠ ਬੋਲਣ ਦਾ ਕਾਰਨ ਪੁੱਛਿਆ ਤਾਂ ਬੀਬੀ ਨੇ ਉੱਤਰ ਦਿੱਤਾ, "ਐਨਾ ਵਧੀਆ ਹੱਲਾ ਹੋਇਆ ਹੈ, ਇਕ ਘਿਉ ਦੇ ਗੜਵੇ ਪਿੱਛੇ ਕਿਉਂ ਬਦਨਾਮੀ ਹੋਵੇ।"

"ਜਹਾਂ ਗਿਆਨ ਤਹਾਂ ਧਰਮ ਹੈ।"

ਆਪਣੇ ਪੰਥ ਦੀ ਪਤ ਨਾਲੋਂ ਕੋਈ ਨੁਕਸਾਨ ਵੱਡਾ ਨਹੀਂ। ਮੈਂ ਕਿਉਂ ਕਰਦੀ? ਚਰਨ ਸਿੰਘ ਨੇ ਪੁਛਿਆ ਚੋਰੀ ਗਿਆ ਘਿਉ ਕਿਸ ਲੇਖੇ? ਸੂਝਵਾਨ ਧੰਨ ਕੌਰ ਨੇ ਉੱਤਰ ਦਿੱਤਾ, "ਮੈਂ ਸੰਤਾਂ ਕੋਲੋਂ ਸੁਣਿਆ ਹੈ, ਜੋ ਕਿਸੇ ਦੇ ਦੋਸ਼ ਨੂੰ ਮਾਫ ਕਰਦਾ ਹੈ, ਉਹ ਆਪ ਭੀ ਬਖਸ਼ਿਆ ਜਾਂਦਾ ਹੈ।" ਨਾਮਦੇਵ ਦੇ ਘਰੋਂ ਕੁੱਤਾ ਰੋਟੀਆਂ ਚੁੱਕ ਕੇ ਲੈ ਗਿਆ। ਉਹ ਘਿਉ ਦਾ ਕੁੱਜਾ ਫੜ ਕੇ ਕੁੱਤੇ ਦੇ ਮਗਰ ਦੌੜੇ ਤੇ ਕਹੀ ਜਾ ਰਹੇ ਸਨ, "ਸਵਾਮੀ ਜੀ ਰੁੱਖੀ ਰੋਟੀ ਨਾ ਖਾਇਉ। ਆਪਣਾ ਬਾਟਾ ਲੈ ਜਾਇਉ।" ਸੰਤ ਮੰਗਲ ਸਿੰਘ ਜੀ ਢੋਟੀਆਂ ਜੇਕਰ ਕਿਸੇ ਨੂੰ ਆਪਣੇ ਖੇਤ ਵਿਚੋਂ ਪੱਠੇ ਵੱਢ ਕੇ ਵੇਖ ਲੈਂਦੇ ਤਾਂ ਚੁੱਪ ਕਰਕੇ ਵਾਪਿਸ ਚਲੇ ਜਾਂਦੇ ਤਾਕਿ ਉਸ ਨੂੰ ਸ਼ਰਮਿੰਦਗੀ ਦਾ ਸਾਹਮਣਾ ਨਾ ਕਰਨਾ ਪਵੇ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਇਕ ਸਿੱਖ ਮੀਹਾਂ ਸਿੰਘ ਜੀ ਜੰਡੂ ਨੇ ਸੇਂਜੀ ਦੇ ਬੀਜ ਪੱਕਣ ਲਈ ਰੱਖੇ ਹੋਏ ਸਨ, ਜਦੋਂ ਉਹ ਖੇਤ ਵੱਲ ਵੇਖਣ ਗਏ ਤਾਂ ਇਕ ਬਾਣੀਆ ਬੀਜ ਵੱਢ ਰਿਹਾ ਸੀ। ਸੰਤ ਜੀ ਨੇ ਉਨ੍ਹਾਂ ਦੇ ਨਾਲ ਹੋ ਕੇ ਛੇਤੀ ਬੀਜ ਇਕੱਠੇ ਕਰਨੇ ਸੁਰੂ ਕਰ ਦਿੱਤੇ ਤਾਂ ਕਿ ਉਹਨਾਂ ਦੀ ਕੋਈ ਸਹਾਇਤਾ ਕਰ ਸਕਣ।

ਬਾਣੀਏ ਨੇ ਜਦੋਂ ਮੁਆਫੀ ਮੰਗੀ ਤਾਂ ਮੀਹਾਂ ਸਿੰਘ ਜੀ ਨੇ ਕਿਹਾ, "ਭੋਲਿਆ ਤੂੰ ਮੇਰਾ ਭਲਾ ਕੀਤਾ ਹੈ, ਮੈਂ ਅਗਲੇ ਸਾਲ ਬੀ ਪਕਾਉਣ ਲਈ ਰਖਿਆ ਹੋਇਆ ਸੀ। ਸਗੋਂ ਹੁਣ ਹੀ ਸੱਚੇ ਖੇਤ ਵਿਚ ਬੀਜਿਆ ਗਿਆ ਹੈ। ਕੀ ਪਤਾ ਹੈ ਕੱਲ੍ਹ ਨਾਮ ਕਾਲ ਦਾ ਹੈ, ਤਦੋਂ ਨੂੰ ਕੀ ਹੁੰਦਾ ਹੈ। ਤੂੰ ਮੇਰਾ ਸਗੋਂ ਭਲਾ ਕੀਤਾ ਹੈ।" ਇਹ ਕਹਿ ਕੇ ਉਸ ਨੇ ਆਪਣੇ ਹੱਥਾਂ ਨਾਲ ਉਸ ਦੇ ਘੋੜੇ ਤੇ ਸੇਂਜੀ ਦੇ ਬੀਜ ਲਦਵਾ ਦਿੱਤੇ। ਸੁਪੱਤਨੀ ਧੰਨ ਕੌਰ ਦੇ ਸੁੰਦਰ ਗਿਆਨ ਭਰੇ ਬਚਨ ਸੁਣ ਕੇ, ਸੰਤ ਚਰਨ ਸਿੰਘ ਜੀ ਕਿਹਾ, "ਸਿਆਣੇ ਸੱਚਾ ਹੀ ਆਖਦੇ ਹਨ, ਵਿਆਹ ਕਰਾਈਏ ਚੰਗੇ ਘਰਾਣੇ, ਅੱਗੋਂ ਪੁੱਤਰ ਹੋਣ ਸਿਆਣੇ। ਘਰ ਦਾ ਧਰਮ ਤੇ ਵਰਤਣ ਸੌਹਰੇ। ਘਰ ਦੀ ਵਜੀਰ ਜੇ ਭਲਾ ਰਾਹ ਗਉਰੇ।"

ਇਸ ਹੋਲੇ ਤੇ ਜਦੋਂ ਅਨੰਦ ਕਾਰਜ ਹੋਣ ਲੱਗੇ ਤੇ ਉਸ ਸਮੇਂ ਇਕ ਬੀਬੀ ਲੜਕੇ ਨਾਲੋਂ ਉੱਠ ਕੇ ਚਲੀ ਗਈ। ਇਕ ਸਿੱਖ ਦੇ ਪੁੱਛਣ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉੱਤਰ ਦਿੱਤਾ, "ਮੇਰੇ ਕੋਲ ਇਹ ਗੱਲ ਆਈ ਸੀ ਕਿ ਮੈਂ ਬੀਬੀ ਨੂੰ ਕੁੱਝ ਕਹਾਂ। ਚੰਗਾ ਹੋਇਆ ਸਾਰੀ ਉਮਰ ਦਾ ਢੰਗਾਂ ਦੰਗਾ ਪੇਸ਼ ਨਾ ਪਿਆ। ਮੈਂ ਕਹਿਨਾਂ ਹਾਂ, ਬੀਬੀ ਚੰਗਾ ਕੀਤਾ ਹੈ, ਜੋ ਅਨੰਦਾਂ ਤੇ ਬੈਠਿਆਂ ਮਨ ਦੀ ਮਜਬੂਰੀ ਤੇ ਘਬਰਾਹਟ ਆਉਂਦੀ ਹੈ, ਉਹੋ ਹੀ ਸਾਰੀ ਜ਼ਿੰਦਗੀ ਦੰਪਤੀ ਦੇ ਪ੍ਰੇਮ ਵਿਚ ਹਿੱਸਾ ਪਾਉਂਦੀ ਹੈ। ਮੇਰੇ ਆਖੇ ਜੇ ਸਿੱਖ ਲਗਣ ਤਾਂ ਮੈਂ ਚਾਹੁੰਦਾ ਹਾਂ ਪੁਰਾਤਨ ਸਵੰਬਰਾਂ ਦੀ ਤਰ੍ਹਾਂ ਸਿਫ਼ਤਾਂ ਦੱਸੀਆਂ ਜਾਣ ਤੇ ਜੋ ਨਾ ਮਨਜ਼ੂਰ ਕਰੇ, ਉਸ ਨੂੰ ਮਜਬੂਰ ਨਾ ਕੀਤਾ ਜਾਵੇ, ਲੜਕੇ ਲੜਕੀ ਨੂੰ ਇਕ ਦੂਜੇ ਬਾਬਤ ਭੁਲੇਖੇ ਵਿਚ ਉਕਾ ਨਾ ਰਖਿਆ ਜਾਵੇ। ਇਹ ਮਾਪਿਆਂ ਦਾ ਫ਼ਰਜ਼ ਬਣਦਾ ਹੈ। ਜੇ ਮੇਰਾ ਕਿਹਾ ਇਹ ਨਾ ਮੰਨਣਗੇ ਤਾਂ ਕਿਸੇ ਦਿਨ ਇਹ ਹੋ ਕੇ ਰਹੇਗਾ।"

## 2002 ਬਿਕ੍ਰਮੀ–1946 ਈਸਵੀ, ਹੋਲਾ ਚੁਗਾਵਾਂ

2002 ਬਿਕ੍ਰਮੀ-1946 ਈਸਵੀ ਦਾ ਹੋਲਾ 3, 4, 5, 6 ਚੇਤਰ ਨੂੰ ਚੁਗਾਵੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸੇਵਕਾਂ, ਜੱਥੇਦਾਰਾਂ, ਪ੍ਰਚਾਰਕਾਂ, ਗੁਣੀ ਗਿਆਣੀਆਂ ਸਮੇਤ ਇਥੇ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਇਥੇ ਕੁਝ ਅਕਾਲੀਆਂ ਨੇ ਸਤਿਗੁਰੂ ਜੀ ਪਾਸ ਆ ਕੇ ਬੇਨਤੀ ਕੀਤੀ, "ਸਾਡੀ ਤੁਹਾਡੀ ਸੁਲਾਹ ਹੋ ਜਾਵੇ।" ਸਤਿਗੁਰੂ ਜੀ ਨੇ ਉੱਤਰ ਦਿੱਤਾ, "ਖੜਕ ਸਿੰਘ ਅਕਾਲੀਆਂ ਦਾ ਬੇਤਾਜ ਬਾਦਸ਼ਾਹ ਹੈ। ਉਸ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਨਿੰਦਾ ਕੀਤੀ ਹੈ। ਜੋ ਮੈਂ ਜਰ ਨਹੀਂ ਸਕਦਾ। ਮੈਂ ਆਪਣੀ ਬੇਅਦਬੀ ਕੀਤੀ ਮਾਫ ਕਰ ਸਕਦਾ ਹਾਂ। ਖੜਕ ਸਿੰਘ ਬੜਾ ਹਠੀ ਹੈ ਤੇ ਸਰਕਾਰ ਨੇ ਖਰੀਦ ਲਿਆ ਹੋਇਆ ਹੈ ਤਾਹੀਉਂ ਤਾਂ 1929 ਈਸਵੀ ਦੇ ਕਾਂਗਰਸ ਦੇ ਵੱਡੇ ਇਕੱਠ ਤੋਂ ਜਿਸ ਵਿਚ ਜਵਾਹਰ ਲਾਲ ਦੀ ਪ੍ਰਧਾਨਗੀ ਥੱਲੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਦੇਸ਼ ਭਗਤਾਂ ਪ੍ਰਣ ਲਿਆ ਸੀ, ਤਦ ਤੋਂ ਖੜਕ ਸਿੰਘ ਅਕਾਲੀਆਂ ਨੂੰ ਭੀ ਕਾਂਗਰਸ ਨਾਲ ਮਿਲਣੋਂ ਰੋਕ ਰਖਿਆ ਹੈ। ਜੋ ਗਿਆ ਹੈ, ਉਸ ਤੋਂ ਵੱਧ ਕੇ ਹੀ ਦੇਸ਼ ਸੇਵਾ ਵਿਚ ਗਿਆ ਹੈ। ਅਕਾਲੀ ਭੀ ਉਸ ਤੋਂ

ਤੰਗ ਹਨ। ਮੈਂ ਨਹੀਂ ਉਸ ਨਾਲ ਮਿਲ ਕੇ ਤੁਰ ਸਕਦਾ।"

ਭੁਲਰਾਂ ਦੀ ਸੰਗਤ ਕੁਵੇਲੇ ਆਈ ਵੇਖ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਭੁਲਰਾਂ ਵਾਲਿਓ ਤੁਸੀਂ ਭੁਲੇ ਹੀ ਰਹੇ।" ਚੁਗਾਵਾਂ ਤਾਂ ਹੋਲਾ ਹੋਣ ਕਰਕੇ ਸ਼ਹਿਰ ਬਣ ਗਿਆ ਹੈ। ਸਤਿਗੁਰੂ ਜੀ ਦਾ ਬਚਨ ਸੱਤ ਹੋਇਆ ਤੇ ਹੁਣ ਪੱਕੀਆਂ ਸੜਕਾਂ ਆਦਿ ਬਣ ਜਾਣ ਤੇ ਚੁਗਾਵਾਂ ਸ਼ਹਿਰ ਬਣਿਆ ਹੋਇਆ ਹੈ। ਸੰਤ ਆਤਮਾ ਸਿੰਘ ਜੀ ਨੇ ਸਾਧ-ਸੰਗਤ ਨੂੰ ਦੱਸਿਆ ਕਿ ਕਿਸ ਤਰ੍ਹਾਂ ਇਕ ਵਾਰੀ ਆਪਣੀ ਭਰਜਾਈ ਨਾਲ ਸ਼ਰਤ ਲਾ ਲਈ ਸੀ, ਤੇ ਤਪਦੇ ਤੇਲ ਵਿਚ ਹੱਥ ਪਾ ਦਿੱਤਾ, ਤੇ ਹੱਥ ਦਾ ਕੁਝ ਨਹੀਂ ਸੀ ਵਿਗੜਿਆ। ਸਤਿਗੁਰੂ ਜੀ ਨੇ ਇਕ ਵਾਰੀ ਸ਼ਿਮਲੇ ਜਾਂਦਿਆਂ ਰਸਤੇ ਵਿਚ ਕਾਰ ਨੂੰ ਖੱਡ ਵਿਚੋਂ ਡਿੱਗਣ ਤੋਂ ਆਪਣੀ ਬਾਂਹ ਦਾ ਆਸਰਾ ਦੇ ਕੇ ਬਚਾ ਲਿਆ ਸੀ। ਦਰਸ਼ਨ ਕਰਨ ਤੇ ਸਤਿਗੁਰੂ ਜੀ ਨੇ ਆਤਮਾ ਸਿੰਘ ਨੂੰ ਤਾੜਨਾ ਕਰਦਿਆਂ ਹੋਇਆ ਕਿਹਾ, "ਵੱਡਾ ਸ਼ਰਧਾਲੂ ਬਣਿਆ ਫਿਰਦਾ ਹੈ, ਸ਼ਰਤਾਂ ਲਾਂਦਾ ਰੇ ਅਜਮਾਉਂਦਾ ਫਿਰਦਾ ਹੈ।" ਸੱਚੇ ਦੇ ਸਿਦਕ ਵਿਚ ਰਚਿਆਂ ਨੂੰ ਕੱਚਿਆਂ ਤੋਂ ਕੀ ਖਤਰਾ ? ਤੇ ਨਾਲ ਹੀ ਤਖਨਾਹੀ ਹੋਏ ਕੂਕਿਆਂ ਨੂੰ ਸੁਚੇਤ ਰਹਿਣ ਲਈ ਹੁਕਮ ਦਿੱਤਾ। ਲੰਗਰ ਖੂਬ ਵਰਤਿਆ, ਕਿਸੇ ਕਿਸਮ ਦੀ ਤੋਟ ਨਾ ਆਈ। ਇਸ ਹੋਲੇ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਅੱਗੋਂ ਤੋਂ ਗੁਰਮੁਖੀ ਪੜ੍ਹਿਆ ਹੋਇਆਂ ਜੋੜਿਆਂ ਦੇ ਹੀ ਅਨੰਦ ਕਾਰਜ ਹੋਣਗੇ। ਹਵਨ ਤੇ ਅਨੰਦ ਕਾਰਜ ਹੋਏ ਤੇ ਆਦਿ ਗ੍ਰੰਥ ਸਾਹਿਬ ਦੇ ਇਕ ਸੌ ਇਕ ਅਖੰਡ ਪਾਠਾਂ ਦੇ ਭੋਗ ਪਾਏ ਗਏ। ਵੱਡਿਆਂ ਦੇ ਨਾਲ-ਨਾਲ ਬੱਚਿਆਂ ਨੂੰ ਸੂਤਰ ਪੈ ਗਿਆ। ਉਸ ਨੇ ਮਸਤ ਹੋ ਕੇ ਸਾਰੇ ਦੀਵਾਨ ਵਿਚ ਨ੍ਰਿਤ ਕੀਤਾ। ਸਤਿਗੁਰੂ ਜੀ ਨੇ ਭੋਗ ਸਮੇਂ ਬਚਨ ਕੀਤਾ, "ਜਿਵੇਂ ਭੈਣੀ ਸਾਹਿਬ ਸੰਤ ਰਲਾ ਸਿੰਘ ਜੀ ਮਸਤ ਹੋਏ ਸੀ, ਤਾਂ ਅਸਾਂ ਜਾਣਿਆ ਮੇਲਾ ਸਫ਼ਲ ਹੋਇਆ ਹੈ, ਤਿਵੇਂ ਹੀ ਇਹਨਾਂ ਤਿੰਨਾਂ ਮਸਤਾਨਿਆਂ ਨੇ ਸਾਡੇ ਹੋਲੇ ਦੇ ਭੋਗ ਸਮੇਂ ਦਾ ਸਵਾਦ ਬਣਾ ਦਿੱਤਾ।" ਤੇ ਇਸੇ ਸੁਆਦ ਨੂੰ ਆਪਣੇ ਅੰਦਰ ਧਾਰਨ ਕਰਕੇ ਸਭ ਆਪਣੇ-ਆਪਣੇ ਘਰਾਂ ਨੂੰ ਵਿਦਾ ਹੋਏ।

## 2003 ਬਿਕ੍ਰਮੀ-1947 ਈਸਵੀ, ਹੋਲਾ ਸ਼ੇਖੂਪੁਰਾ (ਬੇਦਾਦ)।

ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ੇਖੂਪੁਰੇ ਬੇਦਾਦ, ਜ਼ਿਲ੍ਹਾ ਗੁਜਰਾਂ ਵਾਲੇ ਦੇ ਹੋਲੇ ਤੋਂ ਟੁਰਣ ਤੋਂ ਪਹਿਲਾਂ ਜਗਮਲੇਰੇ ਦੀ ਸਾਧ ਸੰਗਤ ਨੂੰ ਸਮਝਾਂਦਿਆਂ ਹੋਇਆਂ ਬਚਨ ਕੀਤਾ, "ਮੈਨੂੰ ਗਿਆ ਨਾ ਜਾਨਣਾ, ਤੁਹਾਡੇ ਕੋਲ ਹੀ ਹੋਵਾਂਗਾ। ਮੇਰੀਆਂ ਦਿੱਤੀਆ ਮੱਤਾਂ ਚੇਤੇ ਰੱਖ ਧੀਰਜ ਨਾਲ ਚਲਣਾ ਤੇ ਨਰਮਾਈ ਨਾਲ ਵਰਤਣਾ। ਭਜਨ ਬਾਣੀ ਕਰਨਾ।" ਟਿੱਬੀ ਦੀ ਸਾਧ ਸੰਗਤ ਵੀ ਸ਼ੇਖੂਪੁਰਾ ਹੋਲਾ ਦੇਖਣ ਲਈ ਜਾਣਾ ਚਾਹੁੰਦੀ ਸੀ, ਪਰ ਸਤਿਗੁਰੂ ਜੀ ਨੇ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਉੱਤਰ ਦਿੱਤਾ, "ਤੁਹਾਡੇ ਨੇੜੇ ਹੀ ਰੌਣਕਾਂ ਹੋਣਗੀਆਂ ਉਦਾਸ ਨਾ ਹੋਵੋ ਤੁਹਾਡੇ ਤਪ ਨੇ ਹੀ ਏਧਰ ਆਂਦਾ ਹੈ, ਨਹੀਂ ਤੇ ਮੈਂ ਪਹਾੜਾਂ ਵੱਲ ਦੀ ਰੁੱਖ ਰੱਖਦਾ ਸਾਂ।" ਇਹ ਹੋਲਾ ਫਿਲੌਕਿਆਂ ਵਾਲੇ ਸੇਠਾਂ ਵਲੋਂ 23, 24, 25 ਫੱਗਣ ਦਾ ਸੀ।

**ਰਾਵੀ ਪਾਰ ਹੋ ਜਾਉ** :—ਹੋਲੇ ਦੇ ਸਮੇਂ ਹਰ ਪਾਸੇ ਦਾ ਵਾਤਾਵਰਣ ਅਸ਼ਾਂਤ ਸੀ। ਚਾਰੋਂ ਪਾਸੇ ਅੱਗਾਂ ਲੱਗ ਰਹੀਆਂ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 24 ਫੱਗਣ ਹੋਲੇ ਦੇ ਦੀਵਾਨ ਵਿਚ ਸੁਣਾਇਆ, 'ਕੋਈ ਕੂਕਾ ਜਾਂ ਹੋਰ ਇਹ ਨਾ ਆਖੇ ਕਿ ਕਿਸੇ ਨੂੰ ਪਤਾ ਨਹੀਂ ਦਿੱਤਾ, ਜੋ ਭਲਾ ਚਾਹੁੰਦਾ ਹੈ, ਅਵਲ ਤਾਂ ਬਿਆਸਾ ਤੋਂ ਪਾਰ ਹੋ ਜਾਵੇ ਨਹੀਂ ਤਾਂ ਰਾਵੀਓਂ ਜ਼ਰੂਰ ਪਾਰ ਹੋ ਜਾਵੇ, ਜਿਸ ਬਚਣਾ ਹੈ। ਜੋ ਥੋੜ੍ਹਾ ਉਦਮ ਕਰੇ ਤੇ ਬੱਚੇ ਲੈ ਕੇ ਲਾਹੌਰ ਜ਼ਿਲ੍ਹੇ ਤੋਂ ਪਾਰ ਹੋ ਲਵੇ।' ਸਤਿਗੁਰੂ ਜੀ ਨੇ ਇਹ ਭੀ ਬਚਨ ਕੀਤਾ, "ਕੂਕਿਓ ਤੁਸਾਂ ਕਿਸੇ ਨੂੰ ਨਾ ਮਾਰਨਾ, ਨਾ ਕਿਸੇ ਦੀ ਕੋਈ ਚੀਜ਼ ਚੁਰਾਉਣੀ ਖੋਹਣੀ, ਤੁਹਾਡੀ ਭੀ ਬੁਰਾ ਸਮਝਦਾਰ ਘੱਟ ਕਰੇਗਾ।"

ਨਾਮਧਾਰੀ ਸੰਗਤ ਨੇ ਸਤਿਗੁਰੂ ਜੀ ਦਾ ਹੁਕਮ ਮੰਨਿਆ ਤੇ ਹੋਰ ਲੋਕਾਂ ਨੇ ਮਖੌਲ ਕੀਤੇ ਕਿ "ਕੂਕੇ ਐਵੇਂ ਹੀ ਕਰਦੇ ਹਨ।"

25 ਫੱਗਣ ਆਸਾ ਦੀ ਵਾਰ ਤੋਂ ਉਪਰੰਤ ਹਵਨ ਤੇ ਅਨੰਦ ਕਾਰਜ ਹੋਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੇ ਨਮਿੱਤ ਇਕ ਸੌ ਪਚਾਨਵੇਂ ਆਦਿ ਗ੍ਰੰਥ ਸਾਹਿਬ ਤੇ ਪੈਂਤੀ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ। ਸਤਿਗੁਰੂ ਜੀ ਨੇ ਸਾਧ-ਸੰਗਤ ਨੂੰ ਵਿਸ਼ੇਸ਼ ਹੁਕਮ ਦਿੱਤਾ ਕਿ ਆਪਣੇ ਬੱਚਿਆਂ ਨੂੰ ਹੋਸ਼ ਸੰਭਾਲਣ ਤੋਂ ਬਾਅਦ ਉਹਨਾਂ ਨੂੰ ਕਿਸੇ ਸਿੱਖ ਸਾਧ ਕੋਲੋਂ ਦੁਬਾਰਾ ਭਜਨ ਦੁਆਇਆ ਕਰਨ। ਦੂਸਰੇ ਪਾਸੇ ਚਚਾਲ ਦੀ ਸਾਧ-ਸੰਗਤ ਹਾਲਾਤ ਖਰਾਬ ਹੋਣ ਕਰਕੇ ਸ਼ੇਖੂਪੁਰੇ ਨਹੀਂ ਪਹੁੰਚ ਸਕੀ। ਉਥੇ ਹੀ ਹੋਲਾ ਮਨਾਉਣ ਦਾ ਪ੍ਰੋਗ੍ਰਾਮ ਬਣਾ ਲਿਆ। ਇਥੋਂ ਦੇ ਸੰਤ ਗੰਡਾ ਸਿੰਘ ਜੀ ਨੇ ਦੀਵਾਨ ਵਿਚ ਖੜੇ ਹੋ ਕੇ ਕਿਹਾ, 'ਮੇਰੇ ਵਿਚ ਤੌਫੀਕ ਘੱਟ ਹੈ ਨਹੀਂ ਤੇ ਇਕੱਲਾ ਹੀ ਸੇਵਾ ਕਰਦਾ। ਜੇ ਸਾਧ-ਸੰਗਤ ਹੁਕਮ ਕਰੇ ਤਾਂ ਇਥੇ ਹੀ ਹੋਲਾ ਮਨਾਈਏ।' ਸਾਧ-ਸੰਗਤ ਨੇ ਹੋਲਾ ਮਨਾਉਣ ਦਾ ਪ੍ਰੋਗਰਾਮ ਮਿਥ ਲਿਆ ਤੇ ਸਭ ਨੇ ਯਥਾ-ਯੋਗ ਮਾਇਆ ਦਾ ਦਾਨ ਦਿੱਤਾ। ਚੇਤ ਵਦੀ ਤੀਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਵਸ ਤੇ ਹੋਲਾ ਮਹੱਲਾ ਮਨਾਇਆ ਗਿਆ। ਹਵਨ ਹੋਇਆ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਕਈ ਪਾਠਾਂ ਦੇ ਭੋਗ ਪਾਏ ਗਏ। ਸੰਤ ਤਰਨ ਸਿੰਘ ਵਹਿਮੀ ਤੇ ਰਤਨ ਸਿੰਘ ਕੂਕੇ ਨੇ ਹੋਲੇ ਦੇ ਮਹਾਤਮ ਤੇ ਪ੍ਰਕਾਸ਼ ਪਾਇਆ ਤੇ ਇਸ ਤਰ੍ਹਾਂ ਇਥੋਂ ਦੀ ਸਾਧ-ਸੰਗਤ ਭਾਵੇਂ ਸ਼ੇਖੂਪੁਰੇ ਨਾ ਪਹੁੰਚ ਸਕੀ ਪਰ ਹੋਲੇ ਦਾ ਅਨੰਦ ਉਥੇ ਹੀ ਰਲ ਕੇ ਮਾਣਿਆ।

## 2004 ਬਿਕ੍ਰਮੀ–1948 ਈਸਵੀ, ਹੋਲਾ ਸੰਤ ਨਗਰ, ਹਿਸਾਰ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਦੇ ਮੇਲੇ ਦੀ ਜਗ੍ਹਾ ਵੇਖਣ ਵਾਸਤੇ ਜਗਮਲੇਰੇ ਦੀ ਧਰਤੀ ਨੂੰ 3 ਫੱਗਣ ਨੂੰ ਆਣ ਭਾਗ ਲਾਇਆ। ਸਾਰੀ ਸਾਧ ਸੰਗਤ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕਰਨ ਲਈ ਹੁੰਮ-ਹੁੰਮਾ ਕੇ ਪਹੁੰਚੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਣ ਵਾਸਤੇ ਹੇਠ ਲਿਖਤ ਆਦੇਸ਼ ਦਿੱਤੇ।

**ਸੁਚਾਰੂ ਢੰਗ** :—ਹਵੇਲੀ ਦੀ ਬਾਹਰਲੀ ਵੱਲਗਣ ਨੂੰ ਢਾਹ ਦਿੱਤਾ ਜਾਵੇ ਤਾਂ ਕਿ ਜਗ੍ਹਾ ਖੁਲ੍ਹੀ ਹੋ ਜਾਵੇ।

ਖਚਾ-ਖਚ ਲੱਕੜੀਆਂ ਨਾਲ ਭਰੀ ਹਵੇਲੀ ਨੂੰ ਖਾਲੀ ਕੀਤਾ ਜਾਵੇ, ਤੇ ਲਕੜੀਆਂ ਚੰਗੇ ਢੰਗ ਨਾਲ ਇਕ ਪਾਸੇ ਰੱਖ ਦਿੱਤੀਆਂ ਜਾਣ।

ਲੰਗਰ ਲਈ ਵਧੀਆ ਸਥਾਨ ਬਣਾਇਆ ਜਾਵੇ, ਤੇ ਉਪਰ ਛੱਤ ਪਾਈ ਜਾਵੇ। ਜਿਨ੍ਹਾਂ ਦੇ ਘਰਾਂ ਵਿਚ ਸ਼ਤੀਰ, ਲੱਕੜੀਆਂ ਆਦਿ ਪਈਆਂ ਹੋਣ, ਉਹ ਲੰਗਰ ਦੇ ਸਥਾਨ ਤੇ ਛੱਤ ਪਾਉਣ ਲਈ ਦੇਣ।

ਛਪੜਾਂ ਆਦਿ ਦੇ ਆਲੇ ਦੁਆਲੇ ਵਾੜ ਲਵਾ ਦਿੱਤੀ ਜਾਵੇ ਤਾਂ ਕਿ ਲੋਕ ਇਸ ਪਾਣੀ ਦੀ ਦੁਰਵਰਤੋਂ ਨਾ ਕਰਨ ਤੇ ਪਸ਼ੂ, ਕੁੱਤੇ ਆਦਿ ਜਾਨਵਰ ਇਸ ਜਲ ਨੂੰ ਅਪਵਿੱਤਰ ਨਾ ਕਰ ਸਕਣ।

—ਖੂਹੀਆਂ ਵਿਚ ਨਾਲਾ ਪਾ ਦਿੱਤੀਆਂ ਜਾਣ, ਤਾਂਕਿ ਜਲ ਦੀ ਥੁੜ੍ਹ ਨਾ ਹੋਵੇ।

—ਸਾਰੇ ਘਰਾਂ ਨੂੰ ਲਿਪਾਈ ਪੋਚਾ ਕਰਕੇ ਸਾਫ਼ ਸੁਥਰਾ ਕੀਤਾ ਜਾਵੇ।

—ਸਾਧ ਸੰਗਤ ਲਈ ਸਫ਼ਾਂ ਆਦਿ ਜਮ੍ਹਾਂ ਕਰਕੇ ਰੱਖੀਆਂ ਜਾਣ।

ਸਾਰੀ ਸਾਧ ਸੰਗਤ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਆਪੋ-ਆਪਣੇ ਕੰਮਾਂ ਵਿਚ ਜੁਟ ਗਈ। ਪਰ ਕੁਝ ਸਿੱਖਾਂ ਨੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਜੇ ਸੁਹੇਵੇ ਸਾਹਿਬ ਨੂੰ ਚਲੇ ਜਾਣਾ ਹੈ ਤਾਂ ਕੋਠਿਆਂ ਦਾ ਕੀ ਬਨਾਉਣਾ ਹੈ। ਛਪਰ ਕਾਨੇ ਪਾ ਹੋਲਾ ਕਰ ਲਈਏ।" ਕੋਲ ਬੈਠੇ ਸੰਤ ਆਲਾ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ, ਸਿੱਖ ਬੜੇ ਰੁਲੇ ਹਨ, ਸੁਹੇਵੇ ਸਾਹਿਬ ਤੇ ਰਵਾਲਸਰ ਮੰਡੀ ਸਾਕੇਤ ਤੇ ਨੋਹਰ ਵਾਲੇ ਪਾਸੇ ਜਾ ਕੇ ਹੁਣ ਕਿਰਪਾ ਕਰੋ।" ਸਤਿਗੁਰੂ ਜੀ ਨੇ ਬਚਨ ਕੀਤਾ, "ਹੁਣ ਏਥੇ ਕੁਝ ਨਹੀਂ ਹੁੰਦਾ। ਸਤਿਗੁਰੂ ਰਾਮ ਸਿੰਘ ਜੀ ਏਥੇ ਜੁੜੇ ਬੈਠਿਆਂ ਨੂੰ ਹੀ ਦਰਸ਼ਨ ਦੇਣਗੇ।" ਸਤਿਗੁਰੂ ਜੀ ਦੇ ਬਚਨਾਂ ਨੂੰ ਸੁਣ ਕੇ ਸਾਰੀ ਸਾਧ ਸੰਗਤ ਅੰਦਰ ਹੁਲਾਸ ਤੇ ਖੇੜਾ ਆ ਗਿਆ। ਕਈਆਂ ਨੇ ਜੈਕਾਰੇ ਛੱਡੇ ਤੇ ਖੁਸ਼ੀ ਨਾਲ ਉੱਛਲ ਪਏ। ਸਿੱਖਾਂ ਦੀ ਖੁਸ਼ੀ ਤੇ ਸ਼ਰਧਾ ਵੇਖ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਜੇਕਰ ਸੁੱਚ ਸੋਧ ਮਰਿਆਦਾ ਧਾਰਨ ਕਰਕੇ ਇਕ ਘੰਟਾ ਨਾਮ ਸਿਮਰਨ ਨੇਮ ਨਾਲ ਕਰੋਗੇ, ਤਾਂ ਕੋਈ ਕਲੇਸ਼ ਨਹੀਂ ਹੋਵੇਗਾ, ਨਹੀਂ ਤੇ ਦੁਬਿਧਾ ਝੇੜੇ ਬਖੇੜੇ ਭੀ ਹੋਣਗੇ।" ਸੰਤ ਆਲਾ ਸਿੰਘ ਜੀ ਨੇ ਸਿੱਖਾਂ ਨੂੰ ਕਿਹਾ, "ਸਿੱਖ ਨੂੰ ਸਤਿਗੁਰੂ ਜੀ ਦੇ ਬਚਨ ਤੇ ਇਕ ਚੁੱਪ ਰਹਿ ਤੁਰਨਾ ਹੀ ਚਾਹੀਦਾ ਹੈ।"

ਹੋਲੇ ਤੇ ਸਾਰੇ ਪ੍ਰਬੰਧ ਆਦਿ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਤੋਂ ਪਹਿਲਾਂ ਸਿਆਮ ਆਦਿ ਜਾਣ ਦਾ ਪ੍ਰੋਗਰਾਮ ਬਣਾਇਆ, ਤੇ ਸਾਧ ਸੰਗਤ ਨੂੰ ਹੁਕਮ ਕੀਤਾ, "ਤੁਸਾਂ ਨੇ ਨਿਕੇ ਕਾਕੇ ਦੇ, ਸੰਤ ਆਲਾ ਸਿੰਘ ਜੀ ਤੇ ਸੂਬਾ ਵਰਿਆਮ ਸਿੰਘ ਜੀ ਦੇ ਕਹੇ ਵਿਚ ਚਲਣਾ।" ਸਰਦਾਰ ਸਾਹਿਬ ਸਿੰਘ ਤੇ ਅਵਤਾਰ ਸਿੰਘ ਨੂੰ ਹੁਕਮ ਕੀਤਾ, "ਤੁਸਾਂ ਆਪਣਾ ਕੰਮ ਕਰੀ ਜਾਣਾ। ਸਮੇਂ ਦਾ ਪਤਾ ਨਹੀਂ, ਮੈਨੂੰ ਨਾ ਉਡੀਕਣਾ। ਪਰ ਭਜਨ ਬਾਣੀ ਤਕੜੇ ਹੋ ਕੇ ਕਰਨਾ। ਸਭ ਨੇ ਮਿਲ ਕੇ ਰਹਿਣਾ। ਜੋ ਕੋਈ ਗੁੰਝ ਪਵੇ ਕਿਸੇ ਦੀ ਆਪੋ ਵਿਚ ਤਾਂ ਕਾਕੇ ਨੂੰ ਕਹਿ ਦੇਣੀ।" ਸਤਿਗੁਰੂ

ਪ੍ਰਤਾਪ ਸਿੰਘ ਜੀ ਵੱਡੇ ਬਾਬਾ ਜੀ (ਵਰਤਮਾਨ ਸਤਿਗੁਰੂ ਜਗਜੀਤ ਸਿੰਘ) ਆਪਣੇ ਸਿੱਖਾਂ, ਸੇਵਕਾਂ ਸਮੇਤ ਸਿਆਮ ਦਰਸ਼ਨ ਦੇ ਕੇ ਹੋਲੇ ਦੀ ਕਾਹਲੀ ਵਿਚ ਇਕ ਚੇਤਰ ਨੂੰ ਚਚਾਲ ਵਾਪਸ ਆਣ ਦਰਸ਼ਨ ਦਿੱਤੇ।

ਹੋਲਾ 10, 11, 12 ਚੇਤਰ ਦਾ ਸੀ। ਸਤਿਜੁਗ ਵਿਚ ਹੋਲੇ ਦਾ ਪ੍ਰੋਗਰਾਮ ਪਹਿਲਾਂ ਹੀ ਛਾਪ ਦਿੱਤਾ ਗਿਆ ਸੀ, ਪਰ ਦੂਰ-ਦੁਰਾਡਿਉਂ ਸਾਧ-ਸੰਗਤ ਨੇ ਘੱਟ ਗਿਣਤੀ ਵਿਚ ਦਰਸ਼ਨ ਦਿੱਤੇ। ਹੋਲੇ ਦੇ ਸ਼ੁਭ ਅਵਸਰ ਤੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚਲ ਪਿਆ। ਕਈ ਦਿਨ ਪਹਿਲਾਂ ਹੀ ਲੰਗਰ ਸ਼ੁਰੂ ਹੋ ਗਿਆ। ਸੰਤ ਤਰਨ ਸਿੰਘ ਜੀ ਦੇ ਜਿੰਮੇ ਸਾਧ-ਸੰਗਤ ਦੇ ਡੇਰੇ ਲਵਾਉਣ ਦਾ ਸੀ। ਇਸ ਲਈ ਕਾਫ਼ੀ ਦੌੜ ਭਜ ਦੀ ਲੋੜ ਹੁੰਦੀ ਹੈ। ਇਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਤਰਨ ਸਿੰਘ ਜੀ ਨੂੰ ਹਰ ਵੇਲੇ ਹੋਲੇ ਦੇ ਦਿਨਾਂ ਵਿਚ ਦੌੜਦਿਆਂ ਵੇਖ ਕੇ ਪੁੱਛਿਆ, "ਕਦੀ ਘਰ ਭੀ ਵੜਨਾ ਏਂ ਕਿ ਬਾਹਰ ਹੀ ਰਹਿੰਦਾ ਏਂ"। ਉੱਤਰ ਵਿਚ ਸੰਤ ਤਰਨ ਸਿੰਘ ਜੀ ਨੇ ਕਿਹਾ, "ਗਰੀਬ ਨਿਵਾਜ਼ ਘਰ ਚਰਨ ਪਾਉਗੇ ਤਾਂ ਫਿਰ ਦੱਸਾਂਗਾ।" ਸਤਿਗੁਰੂ ਪ੍ਰਤਾਪ ਸਿੰਘ ਜੀ ਉਸੇ ਵੇਲੇ ਪਿਆਰ ਨਾਲ ਸੰਤ ਤਰਨ ਸਿੰਘ ਨੂੰ ਗਲੋਂ ਫੜ ਕੇ ਉਹਨਾਂ ਦੇ ਘਰ ਲੈ ਗਏ ਤੇ ਫਿਰ ਉਹੀ ਬਚਨ ਦੁਹਰਾਏ, "ਦਸ ਕਦੀ ਘਰ ਭੀ ਵੜਨਾ ਏਂ ਕਿ ਨਹੀਂ।" ਸੰਤਾਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਹੱਥ ਜੋੜ ਕੇ ਬੇਨਤੀ ਕੀਤੀ, "ਤੁਸਾਂ ਸਾਡੇ ਨਾਲ ਬਾਵਨ ਤੇ ਬਲ ਵਾਲੀ ਵਾਰਤਾ ਕੀਤੀ ਹੈ। ਅਸਾਂ ਕੋਠਾ ਮੰਗ ਹੁਣ ਕਿਸੇ ਜੀਆਂ ਦੇ ਅੰਦਰ ਵੜਨ ਬਹਿਣ ਜੋਗੀ ਭੀ ਥਾਂ ਨਹੀਂ ਜੇ ਰਹਿਣ ਦਿੱਤੀ। ਰਸਦ ਹੋਲੇ ਦੀ ਖੰਡ, ਬਦਾਮ, ਆਟਾ, ਦਾਲਾਂ, ਮਸਾਲੇ, ਘਿਉ ਨਾਲ ਭਰ ਆਪ ਪਸਰ ਹੀ ਗਏ ਹੋ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉੱਤਰ ਦਿੱਤਾ, "ਤੂੰ ਹਿੰਦੂ ਚੱਕ ਕੁਸੰਗੀ ਸ਼ਰੀਕੇ ਤੋਂ ਤੰਗ ਆ ਨਿੱਤ ਅਰਜ਼ਾਂ ਕਰਦਾ ਸੈਂ ਲੈ ਵੇਖ ਹੁਣ ਕਿਤਨੇ ਖੁਲ੍ਹੇ ਦਰਸ਼ਨ ਮੇਲੇ ਸੰਗਤ ਦੇ ਹੁੰਦੇ ਹਨ ਤੇ ਆਪੋ ਵਿਚ ਹੱਸਦੇ ਮਿਲਦੇ ਰਹਿੰਦੇ ਹਾਂ। ਜੇ ਤੈਨੂੰ ਸੌਦਾ ਮਹਿੰਗਾ ਹੈ ਤਾਂ ਮੋੜ ਲੈ।" ਉਸੇ ਵੇਲੇ ਸੰਤ ਤਰਨ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਸਿਰ ਧਰ ਕੇ ਬਖਸ਼ਿਸ਼ ਮੰਗੀ ਤੇ ਅਰਜ਼ ਕੀਤੀ, "ਮੇਰੇ ਨਾਲ ਆਪ ਦਾ ਸੀਰ ਹੀ ਨਿਭੇ। ਵੱਖ ਜਾਵਾਂ ਹੀ ਨਾ।" ਸਤਿਗੁਰੂ ਜੀ ਨੇ ਉੱਤਰ ਦਿੱਤਾ, "ਤਰਨ ਸਿੰਘਾਂ, ਤੇਰੇ ਮੇਰੇ ਕੁਝ ਵੱਸ ਨਹੀਂ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਵਿਚ ਇਹ ਸਭ ਬਰਕਤਾਂ ਹਨ।"

ਸਾਰੇ ਹੋਲੇ ਮਹੱਲੇ ਦਾ ਖਰਚਾ ਸਤਿਗੁਰੂ ਜੀ ਨੇ ਆਪਣੇ ਵਲੋਂ ਕੀਤਾ। ਜਗਮਲੇਰੇ ਦੀ ਸਾਧ-ਸੰਗਤ ਤੇ ਚਾਰ ਚੁਫੇਰੇ ਤੋਂ ਆਈਆਂ ਸੰਗਤਾਂ ਨੇ ਰਲ ਮਿਲ ਕੇ ਖੁਸ਼ੀ-ਖੁਸ਼ੀ ਹੋਲੇ ਦੀ ਸੇਵਾ ਵਿਚ ਯਥਾ ਯੋਗ ਹਿੱਸਾ ਪਾਇਆ। ਤਿੰਨ ਦਿਨ ਅਖੰਡ ਕੀਰਤਨ ਹੁੰਦਾ ਰਿਹਾ ਤੇ ਘੰਟਾ ਨਾਮ ਸਿਮਰਨ ਹੁੰਦਾ। 12 ਚੇਤਰ ਨੂੰ ਹਵਨ ਹੋਇਆ ਤੇ ਬਾਰ੍ਹਾਂ ਜੋੜਿਆਂ ਦੇ ਅਨੰਦ ਕਾਰਜ ਹੋਏ। ਆਦਿ ਗ੍ਰੰਥ ਸਾਹਿਬ ਦੇ ਅੱਸੀ ਤੇ ਦਸ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਤੇ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸਾਰੀ ਸਾਧ-ਸੰਗਤ ਨੂੰ ਸੁਣਾਇਆ। "ਅਗਲਾ ਹੋਲਾ ਵੀ ਏਥੇ ਹੀ ਹੋਵੇਗਾ ਤੇ ਕਿਸੇ ਨੂੰ ਵੀ ਗੁਰਮੁਖੀ ਅੱਖਰਾਂ ਦੇ ਪੜ੍ਹਨਾ ਵਲੋਂ ਰਿਆਇਤ ਨਹੀਂ ਦਿੱਤੀ ਜਾਵੇਗੀ।" ਸਾਰੀ ਸਾਧ-ਸੰਗਤ ਹੋਲੇ ਦੀਆਂ ਮਧੁਰ ਯਾਦਾਂ ਨੂੰ ਆਪਣੇ ਪੱਲੇ ਬੰਨ ਕੇ ਆਪੋ-ਆਪਣੇ ਘਰੀਂ ਵਾਪਿਸ ਪਰਤੀਆਂ।

## 2005 ਬਿਕ੍ਰਮੀ–1949 ਈਸਵੀ, ਹੋਲਾ ਸੰਤ ਨਗਰ–ਜ਼ਿਲ੍ਹਾ ਹਿਸਾਰ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਮਹੱਲੇ ਦਾ ਪ੍ਰਬੰਧ ਕਰਨ ਲਈ ਸਭ ਸਿੱਖਾਂ, ਸੇਵਕਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਯਥਾ–ਸ਼ਕਤੀ ਤਨ-ਮਨ-ਧਨ ਨਾਲ ਹੋਲੇ ਦੀ ਸੇਵਾ ਕਰਨ ਵਿਚ ਕੋਈ ਕਸਰ ਨਾ ਛੱਡਣ। ਹੋਲਾ ਭਾਵੇਂ 1-2-3 ਚੇਤਰ ਦਾ ਮਿਥਿਆ ਹੋਇਆ ਸੀ, ਪਰ ਸੰਤ ਆਲਾ ਸਿੰਘ ਨੇ ਅਰਦਾਸਾ ਕਰਕੇ 28 ਫੱਗਣ ਤੋਂ ਲੰਗਰ ਆਰੰਭ ਕਰ ਦਿੱਤਾ ਸੀ। ਇਕ ਸਾਧ ਨੇ ਜਗਮਲੇਰੇ ਦੀ ਸਾਧ-ਸੰਗਤ ਨੂੰ ਕਿਹਾ ਕਿ ਲੰਗਰ ਵਿਚ ਪ੍ਰਸ਼ਾਦਾ ਨਾ ਛੱਕਣ। ਆਪੋ-ਆਪਣੇ ਘਰਾਂ ਵਿਚੋਂ ਛੱਕ ਕੇ ਆਉਣ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਜਦ ਅਰਦਾਸਾ ਹੋ ਚੁਕਿਆ ਹੈ, ਛੱਕਦਿਆਂ ਤੋੜ ਨਹੀਂ ਆਉਂਦੀ।"

ਇਥੋਂ ਦੀਆਂ ਮਾਈਆਂ ਬੀਬੀਆਂ ਨੇ ਹੋਲੇ ਤੋਂ ਪੰਦਰਾਂ ਦਿਨ ਪਹਿਲਾਂ ਤੋਂ ਬੀਬੀ ਸਾਹਿਬ ਕੌਰ ਚੁਹੜਕਾਣੇ ਵਾਲੀ ਦੇ ਘਰ ਨਿਤਨੇਮ ਆਰੰਭ ਕਰ ਦਿੱਤਾ। ਸੂਬਾ ਇੰਦਰ ਸਿੰਘ ਤੇ ਸੰਤ ਆਤਮਾ ਸਿੰਘ ਸਣਖਤਰੇ ਦੀ ਸੇਵਾ ਬੀਬੀਆਂ ਕੋਲੋਂ ਬਾਣੀ ਸੁਣਨ ਦੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਣੀ ਦਾ ਸ਼ੁਧ ਪਾਠ ਤੇ ਉਚਾਰਣ ਤੇ ਬਹੁਤਾ ਜ਼ੋਰ ਦਿੰਦੇ ਸਨ। ਇਸੇ ਕਾਰਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਦੇ ਪੰਨਿਆਂ ਰਾਹੀਂ ਪਹਿਲਾਂ ਹੀ ਪ੍ਰਕਾਸ਼ਿਤ ਕਰਵਾ ਦਿੱਤਾ ਸੀ ਕਿ ਕਿਸੇ ਵੀ ਅਨਪੜ੍ਹ ਜੋੜੇ ਦਾ ਅਨੰਦ ਕਾਰਜ ਹੋਲੇ ਤੇ ਨਹੀਂ ਹੋਵੇਗਾ ਇਸ ਲਈ ਹਰੇਕ ਨੂੰ ਸੂਚਿਤ ਕਰਨਾ ਜ਼ਰੂਰੀ ਹੈ।

ਦੀਵਾਨ, ਕੀਰਤਨਾਂ ਦੇ ਅਨੰਦ ਵਿਚ ਝੂੰਮਦੇ-ਝੂੰਮਦੇ ਮਸਤਾਨੇ ਵਿਸਮਾਦਿਤ ਹੋ ਰਹੇ ਸਨ। ਇਕ ਮਸਤਾਨੇ ਨੇ ਗੜਵਾ ਚੁੱਕ ਕੇ ਵਗਾਹ ਕੇ ਮਾਰਿਆ ਤੇ ਉਹ ਤਾਰਾ ਸਿੰਘ ਦੇ ਮੱਥੇ ਵਿਚ ਜਾ ਕੇ ਐਨੀ ਜ਼ੋਰ ਦੀ ਲੱਗਾ, ਕਿ ਰੱਤ ਦਾ ਪ੍ਰਵਾਹ ਉਮੜ ਪਿਆ। ਤਿੰਨ ਦਿਨ ਮੇਲੇ ਦੀਆਂ ਅਥਾਹ ਰੌਣਕਾਂ ਸਨ। ਹਵਨ ਦੇ ਨਾਲ ਸਾਰਾ ਵਾਤਾਵਰਣ ਸੁਗੰਧਿਤ ਕੀਤਾ ਗਿਆ ਤੇ ਸਤਾਰਾਂ ਜੋੜਿਆਂ ਨੂੰ ਅਨੰਦ ਕਾਰਜ ਦੀ ਪਵਿੱਤਰ ਮਰਿਆਦਾ ਵਿਚ ਬੰਨਿਆ ਗਿਆ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਚਵੰਜਾ ਪਾਠਾਂ ਦੇ ਭੋਗ ਪਾਏ ਗਏ ਤੇ ਅਗਲਾ ਹੋਲਾ ਸੇਠ ਫੂਲਾ ਸਿੰਘ ਦੇ ਵਲੋਂ ਸਿਆਮ ਵਿਖੇ ਕਰਨ ਦਾ ਐਲਾਨ ਕੀਤਾ ਗਿਆ।

**ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ** :—ਇਸ ਹੋਲੇ ਤੇ ਸੰਤ ਤਰਨ ਸਿੰਘ ਜੀ ਹੋਲੇ ਦੇ ਪ੍ਰਬੰਧ ਵਿਚ ਲੱਗੇ ਸਾਧ-ਸੰਗਤ ਦੇ ਦਰਸ਼ਨ ਸੇਵਾ ਕਰਕੇ ਆਪਣੇ ਧੰਨ ਭਾਗ ਸਮਝਦੇ ਸਨ। ਰਸਨਾ ਤੇ ਹਰ ਵੇਲੇ ਘੜੀ-ਮੁੜੀ 'ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ, ਕਹਿੰਦੇ ਅਨੰਦ ਵਿਭੋਰ ਹੋ ਜਾਂਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ

ਇਕ ਦਿਨ ਸੰਤ ਤਰਨ ਸਿੰਘ ਦੇ ਨਾਲ ਬਚਨ ਕਰਦਿਆਂ ਫੁਰਮਾਇਆ, "ਤੇਰਾ ਦਰਸ਼ਨ ਤੇ ਬਾਣੀ ਮੈਨੂੰ ਬੜਾ ਪਿਆਰਾ ਲੱਗਦਾ ਤੇ ਸੁਆਦ ਦੇਂਦਾ ਹੈ। ਜੋ ਸੁਆਦ ਤੈਨੂੰ ਸੀ, ਸੋ ਤੂੰ ਜਾਣ, ਪਰ ਮੈਨੂੰ ਮਾਰੂ ਸੋਹਲੇ ਮਹੱਲਾ ਪੰਜਵੇਂ ਦੇ ਵਾਕ ਜੋ 1078 ਪੰਨਾ ਗ੍ਰੰਥ ਸਾਹਿਬ ਦੇ, ਦੀ ਸਹੀ ਮੂਰਤ ਸਾਖਿਆਤ ਉਸ ਸਮੇਂ ਭਾਸਦੀ ਸੀ।

"ਜਾ ਕੀ ਸੋਇ ਸੁਣੀ ਮਨ ਜੀਵੈ ਰਿਦੈ ਵਸੈ ਤਾ ਠੰਢਾ ਥੀਵੈ।
ਗੁਰਮੁਖਹੁ ਅਲਾਏ ਤਾਂ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ।"

ਅਰਥਾਤ ਸਤਿਗੁਰੂ ਰਾਮ ਸਿੰਘ ਚੇਤੇ ਆਉਂਦਾ ਹੈ, ਤੇ ਰਿਦੇ ਵਸ ਕੇ ਠੰਢ ਪੈਂਦੀ ਹੈ। ਤੇ ਤੂੰ ਬੜਾ ਸੋਹਣਾ ਤੇ ਪਿਆਰਾ ਲੱਗਦਾ ਹੈਂ। ਮੈਂ ਤੇ ਕਹਿੰਦਾ ਹਾਂ ਤੈਨੂੰ ਜਮ ਦਾ ਪੰਥ ਨਹੀਂ ਪੈਣਾ, ਪਰ ਤੂੰ ਮੇਰੇ ਕਹੇ ਨਾਲ ਇਹ ਭੀ ਕਿਹਾ ਕਰ ਧੰਨ ਸਤਿਗੁਰੂ ਹਰੀ ਸਿੰਘ ਜੀ ਦਇਆਲ ਪੁਰਖ।" ਹੱਥ ਜੋੜ ਕੇ ਸਤਿ ਬਚਨ ਕਿਹਾ ਤੇ ਉਸ ਦਿਨ ਤੋਂ 'ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ' ਕਹਿ ਕੇ ਆਨੰਦਿਤ ਹੋ ਜਾਣਾ ਤੇ ਉਸ ਦੇ ਨਾਲ ਹੀ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਉਪਰ ਐਨੀ ਵੱਡੀ ਬਖਸ਼ਸ਼ ਕੀਤੀ ਹੈ ਇਸ ਕਰਕੇ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਡੇ ਪ੍ਰਤਾਪ ਵਾਲੇ ਮਿਹਰਬਾਨ ਸਤਿਗੁਰੂ ਜੀ। ਮੇਲੇ ਦਾ ਐਨਾ ਆਨੰਦ ਆਇਆ ਕਿ ਸੰਤ ਦਸੌਂਧਾ ਸਿੰਘ ਜੀ ਐਨੇ ਮਸਤਾਨੇ ਹੋਏ ਕਿ ਉਹਨਾਂ ਨੂੰ ਭੁਲ ਹੀ ਗਿਆ ਕਿ ਮੇਲਾ ਕਿਸ ਦਿਨ ਸ਼ੁਰੂ ਹੋਇਆ ਹੈ ਤੇ ਕਿੰਨੇ ਦਿਨਾਂ ਤੋਂ ਹੋ ਰਿਹਾ ਹੈ। ਸਤਿਗੁਰੂ ਜੀ ਨੇ ਬਚਨ ਕੀਤਾ, "ਇਕ ਘੰਟਾ ਨਾਮ ਸਿਮਰਨ ਰੋਜ਼ ਨੇਮ ਨਾਲ ਜਿਹੜਾ ਨਿਭਾਵੇਗਾ ਤੇ ਦੂਜਾ ਧਰਮ ਦੀ ਕਿਰਤ ਤੇ ਸਬਰ ਕਰਨ ਵਾਲਾ ਜੋ ਕਿਸੇ ਦੇ ਹੱਕ ਦਾ ਮਾਲ ਲਾਲਚ ਕਦੀ ਨਾ ਕਰੇਗਾ, ਉਸਦਾ ਪੱਖੀ ਸਤਿਗੁਰੂ ਰਾਮ ਸਿੰਘ ਜੀ ਆਪ ਰਹੇਗਾ।"

## 2006 ਬਿਕ੍ਰਮੀ–1950 ਈਸਵੀ ਹੋਲਾ, ਬੈਂਕੋਕ ਥਾਈਲੈਂਡ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਇਹ ਪਹਿਲਾ ਹੋਲਾ ਮਹੱਲਾ ਸੀ, ਜੋ ਕਿ ਵਿਦੇਸ਼ ਵਿਖੇ ਹੋਇਆ। ਭਾਵੇਂ ਇਸ ਹੋਲੇ ਮਹੱਲੇ ਲਈ ਅਰਜ ਸੰਤ ਨਗਰ ਵਿਖੇ ਸੰਤ ਫੂਲਾ ਸਿੰਘ ਜੀ ਨੇ ਕੀਤੀ ਸੀ, ਪਰ ਬੈਂਕੋਕ ਦੀ ਸਾਧ-ਸੰਗਤ ਪਿੱਛੇ ਨਾ ਰਹਿ ਸਕੀ ਤੇ ਸਭ ਨੇ ਹੋਲਾ ਮਿਲ ਜੁਲ ਕੇ ਕੀਤਾ।

ਇਹ ਮਹਾਨ ਪੁਰਬ ਪਹਿਲੀ ਵਾਰੀ ਵਿਦੇਸ਼ ਵਿਚ ਹੋ ਰਿਹਾ ਸੀ। ਹੋਲਾ ਭਾਵੇਂ 5 ਮਾਰਚ 1950 ਨੂੰ ਹੋਣਾ ਸੀ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ, ਸੇਵਕਾਂ, ਦੋਹਾਂ ਸਾਹਿਬਜ਼ਾਦਿਆਂ ਸਮੇਤ 22 ਫਰਵਰੀ ਨੂੰ ਬੈਂਕੋਕ ਵਿਖੇ ਦਰਸ਼ਨ ਦੇ ਕੇ ਹੋਲੇ ਦੀ ਮਹੱਤਤਾ ਨੂੰ ਹੋਰ ਵਧਾ ਦਿੱਤਾ। ਹੋਲੇ ਦਾ ਪੰਡਾਲ ਸ਼ਹਿਰ ਦੇ ਸੈਂਟਰ ਵਿੱਚ ਬਣਵਾਇਆ ਗਿਆ ਸੀ, ਜਿਸ ਵਿੱਚ ਨਾਮਧਾਰੀ ਸਾਧ-ਸੰਗਤ ਦੇ ਨਾਲ-ਨਾਲ ਹੋਰ ਸਿੱਖ ਤੇ ਹਿੰਦੂ ਵੀ ਕਾਫੀ ਗਿਣਤੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਆਉਂਦੇ।

ਇਸ ਸ਼ੁਭ ਅਵਸਰ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਵਰਤਮਾਨ ਸਤਿਗੁਰੂ

ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੀਵਾਨ ਦੀ ਸੋਭਾ ਵਧਾ ਰਹੇ ਸਨ । ਭਾਈ ਵਜ਼ੀਰ ਸਿੰਘ ਜੀ, ਸੰਤ ਰਤਨ ਸਿੰਘ ਜੀ, ਸੰਤ ਆਲਾ ਸਿੰਘ ਜੀ, ਸੰਤ ਸੁੰਦਰ ਸਿੰਘ ਜੀ ਫਰੀਦ, ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਗਿਆਨ ਸਿੰਘ ਜੀ, ਸੰਤ ਦਰਸ਼ਨ ਸਿੰਘ ਜੀ, ਸੰਤ ਖਜ਼ਾਨ ਸਿੰਘ ਜੀ ਤੇ ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲੇ ਤੇ ਹੋਰ ਉੱਚ ਅਧਿਆਤਮਕ ਸ਼ਖਸੀਅਤਾਂ ਬੈਂਕੋਕ ਦੀ ਧਰਤੀ ਨੂੰ ਭਾਗ ਲਾ ਰਹੇ ਸਨ ।

ਰੋਜ਼ਾਨਾ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਹੁੰਦਾ । ਸ਼ਾਮ ਨੂੰ ਸੰਤ ਨਿਧਾਨ ਸਿੰਘ ਜੀ ਆਲਿਮ, ਤੇ ਹਜ਼ੂਰੀ ਰਾਗੀ ਦੀਵਾਨ ਲਗਾਉਂਦੇ । ਕਦੇ-ਕਦੇ ਦੋਵੇਂ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ) ਕੀਰਤਨ ਕਰਦੇ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 3, 4, 5 ਮਾਰਚ 2006 ਬਿਕ੍ਰਮੀ-1950 ਈਸਵੀ ਨੂੰ ਬੈਂਕੋਕ ਵਿਖੇ ਹੋਲੇ ਦੇ ਸ਼ੁਭ ਅਵਸਰ ਤੇ ਪ੍ਰਭਾਵਸ਼ਾਲੀ ਤੇ ਰੋਚਕ ਭਾਸ਼ਣ ਦਿੱਤੇ । ਭਾਈ ਧਿਆਨ ਸਿੰਘ ਜੀ ਰਚਿਤ ਸਤਿਗੁਰੂ ਬਿਲਾਸ ਪੁਸਤਕ ਦੀ ਕਥਾ ਵਿੱਚ ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਜੀਵਨੀ ਤੇ ਪ੍ਰਕਾਸ਼ ਪਾਇਆ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਨੰਦਪੁਰ ਸਾਹਿਬ ਦੇ ਹੋਲੇ ਦਾ ਵਰਨਣ, ਮਲੇਰ ਕੋਟਲੇ ਵਿਖੇ ਸ਼ਹੀਦਾਂ ਦਾ ਪ੍ਰਸੰਗ, ਨਾਮ ਸਿਮਰਨ ਦੀ ਮਹੱਤਤਾ ਦੇ ਨਾਲ ਸਿੱਖੀ ਜੀਵਨ ਤੇ ਵਿਸਥਾਰ ਵਿੱਚ ਉਪਦੇਸ਼ ਦਿੱਤੇ, ਜਿਸ ਦੇ ਕੁਝ ਅੰਸ਼ ਸੰਖੇਪ ਵਿਚ ਇਸ ਤਰ੍ਹਾਂ ਹਨ :—

## 3 ਮਾਰਚ 2006 ਬਿਕ੍ਰਮੀ-1950 ਈਸਵੀ :

ਹੋਲੇ ਦੇ ਸ਼ੁਭ ਅਵਸਰ ਤੇ ਬੈਂਕੋਕ ਦੀ ਸਾਧ-ਸੰਗਤ ਨੂੰ ਸੰਬੋਧਿਤ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਹਾਂ-ਪੁਰਖਾਂ ਦੀ ਜੀਵਨੀ ਤੇ ਪ੍ਰਕਾਸ਼ ਪਾਉਂਦਿਆਂ ਹੋਇਆਂ ਫੁਰਮਾਇਆ :—

"ਸਾਡੇ ਕੋਲ ਉਹ ਮਹਾਂ-ਪੁਰਖ, ਜਿਨ੍ਹਾਂ ਦੀ ਮੈਂ ਗੱਲ ਤੁਹਾਨੂੰ ਕੀ ਕਹਾਂ, ਕਿ ਨੱਬੇ ਸਾਲ ਦੀ ਉਮਰ ਤੋਂ ਕੁਝ ਦਿਨ ਉਤੇ ਹੋਣਗੇ, ਇਕ ਵਜੇ ਤੜਕੇ ਉਠਣਾ, ਜੰਗਲ ਜਾਣਾ ਬਸਤਰ ਲਾਹ ਕੇ, ਦੋ ਵਜੇ ਨੂੰ ਇਸ਼ਨਾਨ ਕਰ ਲੈਣਾ । ਫਿਰ ਉਸ, ਬਾਨਵੇਂ ਤਰਾਨਵੇਂ ਸਾਲ ਦੀ ਉਮਰ ਵਿਚ, ਕੁਝ ਚਿਰ ਅੰਨ ਪਾਣੀ ਛੱਡ ਛੱਡਿਆ । ਕਹਿਣ ਲਗੇ, "ਹੁਣ ਸਤਿਗੁਰਾਂ ਦਾ ਦਰਸ਼ਨ ਨਹੀਂ ਹੁੰਦਾ, ਹੁਣ ਅੰਨ ਹੀ ਨਹੀਂ ਛੱਕਦੇ ।" ਮੈਂ ਅਰਜ ਕਰੀਂ ਭਾਈ ਥੋੜ੍ਹਾ ਬਹੁਤਾ ਛੱਕ ਲਿਆ ਕਰੋ ਤੇ ਫਿਰ ਉਹ ਛੱਕਣ ਲਗ ਪਏ । ਇਸ ਨੱਬੇ ਸਾਲ ਦੀ ਉਮਰ ਵਿਚ, ਦੋ ਵਜੇ ਤੋਂ ਕੋਈ ਛੋਟੀ ਮੋਟੀ ਸੋਟੀ ਫੜ ਲੈਣੀ ਤੇ ਖੜ ਕੇ ਭਜਨ ਕਰਨਾ, ਕਿਤੇ ਨੀਂਦ ਨਾ ਆ ਜਾਵੇ ।"

ਸੰਤ ਤਖਤ ਸਿੰਘ ਜੀ ਵਾਸਤੇ ਇਕ ਗੱਲ ਮਸ਼ਹੂਰ ਸੀ ਕਿ ਉਹ ਕਦੇ-ਕਦੇ ਉੱਡ ਵੀ ਜਾਂਦੇ ਸੀ । ਬਾਰਬਟਨ ਨੇ ਬੰਗਾਲ ਸਾਰੇ ਵਿਚ, ਲਿਖ ਕੇ ਭੇਜ ਦਿੱਤਾ ਕਿ ਇਸ ਤਰ੍ਹਾਂ ਦਾ ਉਹ ਆਦਮੀ ਹੈ, ਉਹ ਹੱਥਾਂ ਵਿਚੋਂ ਨਿਕਲ ਜਾਂਦਾ ਹੈ । ਇਹ ਮੇਰੇ ਨਾਲ ਆਪ ਉਹਨਾਂ ਨੇ ਬਚਨ ਕੀਤੇ ਹਨ । ਕਹਿਣ ਲਗੇ ਇਧਰਲਾ ਰਸਤਾ ਬੰਦ ਹੋ ਗਿਆ

ਰੰਗੂਨ ਜਾਣ ਦਾ, ਚਿਤ ਸਤਿਗੁਰਾਂ ਦੇ ਦਰਸ਼ਨ ਨੂੰ ਕਰੇ। ਇਹ ਗੱਲ ਅਸੀਂ ਨਹੀਂ ਜਾਣ ਸਕਦੇ। ਇਹ ਗੱਲਾਂ ਜਿਹੜੀਆਂ ਹਨ, ਦਰਸ਼ਨ ਦੀ ਸਿੱਕ ਜਿਨ੍ਹਾਂ ਨੂੰ ਲਗੀ, ਉਹ ਹੀ ਜਾਣਦੇ ਹਨ।

ਸੰਤ ਤਖਤ ਸਿੰਘ ਜੀ ਕਹਿਣ ਲਗੇ ਦਿਲ ਵਿਚ ਬੜੀ ਤਕਲੀਫ ਹੋਈ, ਸਤਿਗੁਰਾਂ ਦੇ ਦਰਸ਼ਨ ਨੂੰ ਚਲੀਏ। ਅਸੀਂ ਆਖਿਆ ਭਾਈ ਪੈਦਲ ਰਸਤੇ ਬਰਮਾਂ ਨੂੰ ਚਲਦੇ ਹਾਂ। ਅਸਾਮ ਵਲੋਂ ਦੀ ਢਾਕੇ ਵੱਲ ਤੁਰ ਪਏ। ਬਹੁਤ ਰੰਗ ਗੋਰਾ, ਬਹੁਤ ਖੂਬਸੂਰਤ ਸਰੀਰ ਸੀ। ਅਸੀਂ ਤਾਂ ਬਿਰਧ ਹੋਇਆ ਦੇਖਿਆ ਹੈ। ਜਵਾਨ ਅਵਸਥਾ ਵਿਚ ਖੌਰੇ ਕਿਤਨੇ ਕੁ ਸੁੰਦਰ ਹੋਣਗੇ। ਹੁਣ ਉਸ ਇਲਾਕੇ ਦੇ ਕਾਲੇ ਲੋਕ, ਬੰਗਾਲੀ ਮੂੰਹ ਸਿਰ ਮੁੰਨੇ ਹੋਏ, ਇਹਨਾਂ ਦਾ ਦਾਹੜਾ ਪਕੜ ਲੈ ਆਏ ਆਸਾਮ ਦੇ ਪੁਲਸ ਸੁਪਰਡੈਂਟ ਕੋਲ, ਉਹਨੇ ਪਾ ਦਿੱਤੀ, ਪੈਰਾਂ ਵਿਚ ਬੇੜੀ, ਹੱਥਾਂ ਵਿਚ ਲਾ ਦਿੱਤੀਆਂ ਹੱਥਕੜੀਆਂ। ਉਸ ਨੇ ਉੱਡ ਜਾਣ ਵਾਲੀ ਗੱਲ ਸੁਣੀ ਹੋਈ ਸੀ। ਉਸ ਨੇ ਕਿਹਾ, 'ਸੁਨਾ ਹੈ ਹਮਨੇ, ਤੁਮ ਭਾਗ ਜਾਤਾ ਹੈ।' ਕਹਿਣ ਲਗੇ, 'ਮੈਨੂੰ ਕੋਈ ਪਤਾ ਨਹੀਂ।' ਫਿਰ ਉਹ ਖੇਡ ਬਣੀ, ਜਦੋਂ ਸਤਿਗੁਰਾਂ ਨੇ ਖੇਡ ਵਰਤਾਈ, ਉਸੇ ਤਰ੍ਹਾਂ ਚਲੇ ਗਏ ਛੱਡ ਕੇ। ਸਤਿਗੁਰਾਂ ਨੂੰ ਪਤਾ ਲਗਾ, ਸਤਿਗੁਰਾਂ ਕਿਹਾ, 'ਨਾ ਭਾਈ ਇਹ ਕੰਮ ਨਹੀਂ ਕਰਨਾ।' ਫਿਰ ਇਸ ਤੋਂ ਬਾਅਦ ਆਪ ਹਾਜ਼ਰ ਹੋ ਕੇ ਪਸ਼ੌਰ ਵਿਚ ਡੇਢ ਸਾਲ ਕੈਦ ਕੱਟ ਕੇ ਪੱਥਰ ਕੁੱਟਦੇ ਰਹੇ।

ਸੰਤ ਸੰਪੂਰਨ ਸਿੰਘ ਜੀ ਅਨੰਦਪੁਰ ਵਾਲਿਆਂ ਦਾ ਨਾਮ ਤਾਂ ਬਹੁਤਿਆਂ ਸਰੀਰਾਂ ਨੇ ਸੁਣਿਆ ਹੋਵੇਗਾ, ਮੈਂ ਉਹਨਾਂ ਦੇ ਦਰਸ਼ਨ ਵੀ ਕੀਤੇ ਹਨ, ਅਠਾਠ ਸੰਮਤ ਵਿਚ ਨੱਬੇ ਸਾਲ ਦੀ ਉਮਰ ਸੀ। ਸਤਿਗੁਰੂ ਰਾਮ ਸਿੰਘ ਵੇਲੇ ਵੀ ਉਨ੍ਹਾਂ ਦਾ ਸਰੀਰ ਸੀ। ਸਤਿਗੁਰਾਂ ਦਾ ਦਰਸ਼ਨ ਕੀਤਾ ਸੀ, ਮਾਈਆਂ ਦੀ ਨਬਜ਼ ਪਿੱਛੇ ਹੱਥ ਕਰਕੇ ਦੇਖਦੇ। ਬੜੇ ਉੱਚੇ ਹਕੀਮ ਸਨ, ਪੁਜਾਰੀਆਂ ਵਿਚੋਂ ਸਨ। ਪਰ, ਉਹ ਬਿਲਕੁਲ ਮਹਾਂਪੁਰਖ ਸੇ ਮਹਾਤਮਾ, ਜਿਨ੍ਹਾਂ ਦਾ ਦਰਸ਼ਨ ਕਰਿਆਂ ਪਤਾ ਲਗਦਾ ਸੀ, ਗੱਲ ਕਰਿਆਂ ਕੁਝ ਔਰ ਬਾਤ ਹੈ।

ਸੰਤ ਸੰਪੂਰਨ ਸਿੰਘ ਜੀ ਸੁਣਾਉਂਦੇ ਸੀ, ਕਿ ਦੀਵਾਨ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਦੇ ਆਸ਼ਕ ਥੇ। ਮਹਾਰਾਜ ਦਾ ਸ਼ਾਹੀ ਠਾਠ ਸੀ। ਜਿਸ ਵੇਲੇ ਰਾਤ ਦਾ ਵਕਤ ਹੋਣਾ ਦੀਵਾਨ ਸੁਣ ਕੇ ਦਰਵਾਜ਼ਾ ਬੰਦ ਹੋ ਜਾਣਾ, ਕਿਲ੍ਹੇ ਦਾ। ਤਾਂ ਦੀਵਾਨ ਜੀ ਸਾਰੀ ਰਾਤ ਕਿਲ੍ਹੇ ਦੇ ਦਰਵਾਜ਼ੇ ਨਾਲ ਸਿਰ ਲਾ ਕੇ ਰੋਂਦੇ ਰਹਿੰਦੇ ਕਹਿੰਦੇ, 'ਹਾਏ ਸੂਰਜ ਛਿਪ ਗਿਆ, ਹਾਏ ਸੂਰਜ ਛਿਪ ਗਿਆ।' ਸਾਰੀ ਰਾਤ ਏਸੇ ਤਰ੍ਹਾਂ ਲੰਘਦੀ ਸੀ। ਜਿਸ ਵੇਲੇ ਮਹਾਰਾਜ ਤੜਕੇ ਸਵਾ ਪਹਿਰ ਦੇ ਉਠ ਕੇ ਇਸ਼ਨਾਨ ਕਰਕੇ ਆਉਂਦੇ ਫਿਰ ਆਖਣਾ, 'ਆਹਾ ਹਾ ਹਾ ਸੂਰਜ ਚੜ੍ਹ ਗਿਆ।'

ਭਾਈ ਤਖਤ ਸਿੰਘ ਜੀ ਦੇ ਦਾਦੇ ਸਨ ਬਾਬੇ ਟਹਿਲ ਸਿੰਘ ਹੋਰੀਂ, ਮੈਨੂੰ ਉਨ੍ਹਾਂ ਦੇ ਦਰਸ਼ਨ ਕਰਨ ਦਾ ਵਕਤ ਮਿਲਿਆ। ਉਹ ਸਤਿਗੁਰਾਂ ਦੇ ਪਰੇਮੀ ਸਨ, ਹਰ ਵੇਲੇ ਮਾਲਾ ਹੱਥ ਵਿਚ, ਉਹ ਮੈਲੀ ਹੋ ਜਾਣੀ ਤੇ ਨੇਤਰਾਂ ਦੀਆਂ ਗਣੀਆਂ ਹਰ ਵੇਲੇ ਜਲ ਦੀਆਂ ਭਰੀਆਂ ਰਹਿੰਦੀਆਂ। ਬਗੈਰ ਸਤਿਗੁਰਾਂ ਦੇ ਬਚਨ ਤੋਂ ਹੋਰ ਕੋਈ ਗੱਲ

ਨਾ ਕਰਨੀ ।

ਫਿਰ ਦੋ ਸਰੀਰ ਹੋਰ ਸਨ । ਅਸੀਂ ਤੇ ਨਾਮ ਮਾਤਰ ਹੁਣ ਨਾਮਧਰੀਕ ਨਾਮਧਾਰੀ ਹਾਂ, ਉਨ੍ਹਾਂ ਦੀਆਂ ਗੱਲਾਂ ਹਨ ਜਿਨ੍ਹਾਂ ਨੇ ਨਹੀਂ ਕੁਛ ਹੋਰ ਦੇਖਿਆ ।

"ਜੇਕਰ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ ।"

ਬਾਬਾ ਹਰਨਾਮ ਸਿੰਘ ਜੀ ਫਰੀਦਕੋਟ ਦੀ ਰਿਆਸਤ, ਪਿੰਡ ਜੋ ਤਿੰਨ ਕੋਹ ਫਰੀਦਕੋਟ ਤੋਂ ਹੈ, ਦੇ ਲੰਬੜਦਾਰ ਸਨ । ਉਨ੍ਹਾਂ ਦੇ ਘਰੋਂ ਮਾਈ ਜੀ ਦਾ ਨਾਂ ਚੰਦੋ ਸੀ । ਮਾਤਾ ਜੀ (ਜੀਵਨ ਕੌਰ ਜੀ) ਨੇ ਉਨ੍ਹਾਂ ਦਾ ਰੱਜ ਕੇ ਦਰਸ਼ਨ ਕੀਤਾ ਹੈ । ਉਥੋਂ ਇਜਾਜ਼ਤ ਲਈ, ਹੁਣ ਕਾਗਜ਼ਾਂ ਵਿਚੋਂ ਸਾਨੂੰ ਪਤਾ ਲਗਾ ਹੈ ਅੱਗੇ ਨਹੀਂ ਸੀ ਪਤਾ ਲਗਦਾ, ਇਥੋਂ ਇਨ੍ਹਾ ਨੇ ਰੰਗੂਨ ਵਾਲਿਆਂ ਨੇ ਝਾੜ ਪਾਈ, ਕਿ ਇਨ੍ਹਾਂ ਨੂੰ ਤੁਸਾਂ ਕਿਉਂ ਇਥੇ ਆਉਣ ਦੀ ਛੁੱਟੀ ਦਿੱਤੀ ਹੈ, ਜਦ ਤੁਹਾਨੂੰ ਪਤਾ ਹੈ ਭਾਈ ਇਥੇ ਮਿਲਣ ਨਹੀਂ ਦੇਣਾ । ਜਿਤਨਾ ਚਿਰ ਸਰੀਰ ਰਿਹਾ, ਬਾਬਾ ਜੀ ਨੇ ਕੇਸਾਂ ਨੂੰ ਘਿਉ ਨਹੀਂ ਲਾਇਆ । ਪ੍ਰਸ਼ਾਦਾ ਚੋਪੜ ਕੇ ਨਹੀਂ ਛੱਕਿਆ, ਪੈਰੀਂ ਜੋੜਾ ਨਹੀਂ ਪਾਇਆ, ਮੰਜੀ ਉਤੇ ਸੁੱਤੇ ਨਹੀਂ, ਜਿੰਨਾ ਚਿਰ ਦੇਹ ਰਹੀ । ਸਤਿਗੁਰਾਂ ਦੇ ਵਿਛੋੜੇ ਵਿਚ, ਮਾਈ ਚੰਦੋ ਜੀ ਦਾ ਵੀ ਇਹੀ ਹਾਲ ਰਿਹਾ, ਉਨ੍ਹਾਂ ਦੇ ਨੇਤਰਾਂ ਵਿਚੋਂ ਜਲ ਨਹੀਂ ਸੀ ਬੰਦ ਹੁੰਦਾ । ਮਾਈ ਜੀ (ਜੀਵਨ ਕੌਰ ਜੀ) ਦੱਸਦੇ ਸਨ, ਜੇ ਸਿੱਖ ਆ ਜਾਣ, ਸੇਵਾ ਕਰਦੇ ਫਿਰਨਾ, ਜਲ ਵਗਦਾ ਰਹਿਣਾ, ਜੇ ਸਿੱਖ ਤੁਰ ਜਾਣ ਤੇ ਢਾਹੀਂ ਮਾਰਨੀ ।

ਸੰਤ ਜੀਵਨ ਸਿੰਘ ਜੀ ਸਰਿਹਾਲੀ ਵਾਲੇ ਸਤਿਗੁਰਾਂ ਦੇ ਦਰਸ਼ਨ ਦੇ ਵਿਯੋਗੀ, ਸਾਰੀ-ਸਾਰੀ ਰਾਤ ਕਦੇ ਐਸ ਪਾਵੇ ਤੇ ਕਲੇਜਾ ਧਰ ਲੈਣਾ ਰਾਤ ਨੂੰ, ਕਦੇ ਐਸ ਪਾਵੇ ਤੇ ਧਰ ਲੈਣਾ ਤੇ ਕਦੇ ਐਸ ਤੇ ਧਰ ਲੈਣਾ, ਇਸੇ ਤਰ੍ਹਾਂ ਰਾਤ ਬਤੀਤ ਹੋਣੀ । ਇੰਤਜ਼ਾਰੀ, ਹਰ ਵੇਲੇ ਕਿ ਹੁਣ ਵੀ ਆਇਆ । ਅਸੀਂ ਤੇ ਹੁਣ ਗਿਣਤੀ ਵਿਚ ਹੀ ਨਹੀਂ । ਕੂਕੇ ਜਿਹੜੇ ਨਾਮਧਾਰੀ ਸਨ, ਉਹ ਕਹਿੰਦੇ ਸੀ ਜਿਹੜਾ ਆਖੇ ਸਤਿਗੁਰਾਂ ਨੇ ਨਹੀਂ ਆਉਣਾ, ਉਹਦਾ ਸੌ ਵੇਰਾ ਫਿਟੇ ਮੂੰਹ । ਸਤਿਗੁਰਾਂ ਦੇ ਬਚਨਾਂ ਦੀ ਰਾਤ ਦਿਨੇ ਇਹੋ ਗੱਲ ਸੀ, ਦੇਹਾਂ ਚੜ੍ਹ ਗਈਆਂ, ਸਰੀਰ ਚਲੇ ਗਏ ਉਹਨਾਂ ਦਾ ਸਿਦਕ ਨਹੀਂ ਟੁੱਟਿਆ ।

ਬੇਲਾ ਸਿੰਘ ਹੋਰੀਂ, ਸ਼ਬਦ ਪੜ੍ਹਦੇ ਹੁੰਦੇ ਸੀ, ਬਿਲਕੁਲ ਐਵੇਂ ਹੀ ਸਾਰੇ ਉਹਨਾਂ ਨੂੰ ਮਖੌਲ ਸਮਝਦੇ ਸੀ । ਮੈਨੂੰ ਇਕ ਆਦਮੀ ਨੇ ਆਪਣੀ ਗੱਲ ਸੁਣਾਈ, ਹਰਨਾਮ ਸਿੰਘ ਉਹਦਾ ਨਾਮ ਹੈ, ਥੇਹੰਡਾ ਚਿਪੜਾ ਪਿੰਡ ਹੈ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਗੜ੍ਹਦੀ ਵਾਲੇ ਤੋਂ ਦੋ ਢਾਈ ਕੋਹ । ਕਹਿਣ ਲਗਾ ਮੈਂ ਬੋਤਲ ਸ਼ਰਾਬ ਦੀ ਪੀ ਕੇ ਰੋਜ਼ ਕੰਮ ਤੇ ਜਾਂਦਾ ਸੀ । ਰਾਵਲਪਿੰਡੀ ਰਹਿੰਦਾ ਸਾਂ, ਕੰਮ ਵੀ ਡੇਢ ਆਦਮੀ ਜਿੰਨਾ ਕਰਦਾ ਸਾਂ । ਮੇਰੀ ਇਕ ਬੋਤਲ ਰੋਜ਼ ਦੀ ਸ਼ਰਾਬ ਸੀ । ਸ਼ੌਕ ਮੈਨੂੰ ਸ਼ਬਦ ਕੀਰਤਨ ਦਾ ਵੀ ਸੀ । ਸੰਤ ਬੇਲਾ ਸਿੰਘ ਹੁਰੀਂ ਉਥੇ ਚਲੇ ਗਏ । ਬੇਲਾ ਸਿੰਘ ਹੁਰਾਂ ਨੇ ਜਾ ਕੇ ਦੀਵਾਨ ਲਾਇਆ । ਦੀਵਾਨ ਵਿਚ ਮੈਂ ਮਗਰ ਬੈਠ ਕੇ ਛੈਣੇ ਵਜਾਉਂਦਾ ਰਿਹਾ, ਉਹਨਾਂ ਨੂੰ ਬੜੀ ਖੁਸ਼ੀ ਹੋਈ, ਮੈਨੂੰ ਵੀ ਉਹਨਾਂ ਦਾ ਸ਼ਬਦ ਬੜਾ ਸੋਹਣਾ ਲੱਗਾ । ਮੈਂ ਉਸੇ ਵੇਲੇ ਡੋਰੇ ਦੁੱਧ ਲੈ ਕੇ ਉਹਨਾਂ ਦੇ ਕੋਲ ਗਿਆ ।

"ਜਹਾਂ ਕਹਾਂ ਕਾ ਛਕੇ ਪ੍ਰਸਾਦ ।
ਸਿਖ ਨਹੀਂ ਮੇਰਾ ਆਦਿ ਜੁਗਾਦਿ ॥"

ਬੇਲਾ ਸਿੰਘ ਹੁਰਾਂ ਕੋਲ ਦੁੱਧ ਲੈ ਕੇ ਗਿਆ, ਉਹ ਕਹਿੰਦੇ, 'ਭਾਈ ਜਾਂ ਤੇ ਭਜਨ ਪੁੱਛ ਲੈ, ਨਹੀਂ ਅਸੀਂ ਤੇਰਾ ਦੁੱਧ ਨਹੀਂ ਪੀਂਦੇ ।' ਮਾਤਾ ਜੀ ਇਹ ਗੱਲ ਕਹਿੰਦੇ ਸੀ, ਅਸੀਂ ਗਿਰ ਕੇ ਬਹੁਤ ਦੂਰ ਥੱਲੇ ਆ ਗਏ ਹਾਂ, ਕਿ ਨਾਮਧਾਰੀ ਦੇ ਵਾਸਤੇ ਇਹ ਸੀ, ਕਿ ਭਾਵੇਂ ਸੱਕੇ ਭਰਾ ਦਾ ਵਿਆਹ ਸ਼ਾਦੀ ਹੋਵੇ, ਜਿਹਨੇ ਭਜਨ ਨਾ ਪੁੱਛਿਆ ਹੋਵੇ ਉਹਦਾ ਸੁੱਕਾ ਸੀਧਾ ਲੈ ਕੇ ਨਹੀਂ ਸਨ ਖਾਂਦੇ, ਹੱਥ ਦਾ ਤੇ ਖਾਣ ਦੀ ਗੱਲ ਵੱਖਰੀ ।

"ਜਾ ਕੀ ਰਹਿਤ ਨਾ ਜਾਣੀਏ ਗੁਰ ਮੰਤਰ ਨਹੀਂ ਚੀਤ
ਉਨ ਕਾ ਭੋਜਨ ਖਾਇ ਕੈ ਬਿਸਰੈ ਹਰਿ ਸਿਉ ਪ੍ਰੀਤ ॥"

ਨਾ ਪੀਤਾ ਦੁੱਧ ਉਹ ਆਖੇ, 'ਮੈਂ ਭਜਨ ਨਹੀਂ ਲੈਣਾ ।' ਕਹਿੰਦੇ, ਉਤਨੀ ਕੁ ਦੂਰ ਜਦੋਂ ਮੈਂ ਤੁਰ ਗਿਆ, ਕੋਲੋਂ ਕਿਸੇ ਸਿੱਖ ਨੇ ਆਖਿਆ, 'ਭਾਈ ਸੰਤ ਜੀ ਜਾਣ ਨਹੀਂ ਸੀ ਦੇਣਾ ਚਾਹੀਦਾ ।' ਆਵਾਜ਼ ਮਾਰ ਲਈ, ਕਹਿੰਦਾ, 'ਮੈਂ ਦੁੱਧ ਲੈ ਕੇ ਆਇਆ, ਮੇਰੇ ਗਲ ਦੇ ਉਤੋਂ ਦੀ ਪਾ ਕੇ ਹੱਥ ਮੈਨੂੰ ਮਲੋ ਮਲੀ ਭਜਨ ਦੱਸਿਆ । ਮੈਂ ਸੱਚ ਕਹਿਨਾਂ ਮੈਨੂੰ ਨਹੀਂ ਦੋ ਦਿਨ ਪਤਾ ਰਿਹਾ ਮੈਂ ਕਿੱਥੇ ਹਾਂ । ਜਿਹੜਾ ਦੋ ਬੋਤਲਾਂ ਸ਼ਰਾਬ ਦੀਆਂ ਪੀ ਜਾਂਦਾ ਸੀ, ਜਿਹਦਾ ਇਕ ਬੋਤਲ ਰੋਜ਼ ਦਾ ਅਮਲ ਸੀ । ਦੀਵਾਨ ਵੇਲੇ ਮੈਂ ਨਾਲ ਚਲਿਆ ਜਾਂਦਾ ਸੀ, ਛੈਣੇ ਵਜਾਉਂਦਾ ਰਹਿੰਦਾ ਸੀ, ਪਰ ਮੈਂ ਦੋ ਦਿਨ ਨਾ ਖਾਧਾ ਨਾ ਪੀਤਾ ।' ਉਸ ਤੋਂ ਬਾਅਦ ਆਇਆ ਪਿੰਡ । ਉਹਨਾਂ ਦਿਨਾਂ ਵਿਚ, ਗੁਰੂ ਕੇ ਬਾਗ ਦੇ ਮੋਰਚੇ ਦਾ ਨੇੜਾ ਤੇੜਾ ਸੀ, ਬੜੀ ਲਹਿਰ ਅਕਾਲੀ ਜ਼ੋਰਾਂ ਤੇ ਸੀ, ਫੜ ਕੇ ਮਲੋ ਮਲੀ ਲੀੜੇ ਰੰਗ ਦਿੰਦੇ ਸੀ । ਇਹ ਪਿੰਡ ਵਿਚ ਆਇਆ ਉਹਨਾਂ ਨੇ ਆਖਿਆ ਅਸੀਂ ਤੇ ਲੀੜੇ ਰੰਗਣੇ ਹਨ, ਉਹਨੇ ਆਖਿਆ, 'ਮੈਂ ਕੂਕਾ ਮੈਂ ਨਹੀਂ ਰੰਗਾਉਣੇ ।' ਸਾਰਾ ਪਿੰਡ ਇਕ ਪਾਸੇ ਸੀ ਫੜ ਕੇ ਅੰਦਰ ਦੇ ਦਿਤਾ ਬੂਹੇ ਨੂੰ ਜੰਦਰਾ ਲਾ ਦਿਤਾ । ਜੰਦਰੇ ਲਗੇ ਲਗਾਏ ਅੰਦਰੋਂ ਨਿਕਲ ਗਿਆ, ਕਿਸੇ ਨੂੰ ਨਹੀਂ ਪਤਾ ਉਹ ਕਿਸ ਤਰ੍ਹਾਂ ਚਲਾ ਗਿਆ । ਗੜ੍ਹਦੀ ਵਾਲੇ ਦੋ ਢਾਈ ਕੋਹ ਤੇ ਚਲਾ ਗਿਆ, ਉਥੇ ਖਜ਼ਾਨ ਸਿੰਘ ਹੁਰੀਂ ਸਨ ਮਲ੍ਹੇ ਵਾਲੇ ਮਜ਼੍ਹਬੀ ਸਿੰਘ, ਨਾਮਧਾਰੀ ਸਨ ਉਹਨਾਂ ਕੋਲ ਜਾ ਵੜਿਆ । ਉਥੋਂ ਉਨ੍ਹਾਂ ਨੂੰ ਨਾਲ ਲੈ ਕੇ ਆਇਆ, ਉਹਨਾਂ ਨੇ ਆਖਿਆ, 'ਭਾਈ ਤੁਸੀਂ ਦੱਸੋ ਅਸੀਂ ਇਹਦੇ ਸਾਥੀ ਹਾਂ, ਦੱਸੋ ਇਹਦੇ ਕਿਉਂ ਜ਼ਬਰਨ ਤੁਸੀਂ ਲੀੜੇ ਰੰਗਦੇ ਹੋ ?' ਇਹ ਹਾਲਤ ਉਨ੍ਹਾਂ ਆਮ ਆਦਮੀਆਂ ਦੀ ਹੈ ਜਿਹੜੇ ਇਥੇ ਨਾਮਧਾਰੀ ਪੰਥ ਵਿਚ ਕਿਤੇ ਗਿਣਤੀ ਵਿਚ ਨਹੀਂ ਸਨ, ਬੇਲਾ ਸਿੰਘ ਹਰੀਂ, ਕਿਉਂਕਿ ਘਰ ਘਰ ਜੋ ਉਹਨੇ ਆਖਿਆ ਰਾਮ ਸਿੰਘ ਕਰ ਦਿਆਂਗਾ । ਤਾਂ ਕਹਿੰਦੇ ਹਨ ਕੀ, 'ਜੀ ਅਭੇਦ' । ਸਤਿਗੁਰੂ ਨੇ ਅਕਾਲ ਪੁਰਖ ਨਾਲ ਅਭੇਦ ਕੀਤੇ ।

ਸਤਿਗੁਰੂ ਜੀ ਨੇ ਸੇਵਾ ਬਾਰੇ ਫੁਰਮਾਇਆ :

ਭਾਈ ਗੁਰਦਾਸ ਜੀ ਕਹਿੰਦੇ ਹਨ :

"ਧ੍ਰਿਗੁ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ ॥
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ ॥

ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ ॥
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ ॥
ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ ॥"

ਪੜ੍ਹੋ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ, ਇਕ ਸਿੱਖ ਜਲ ਲੈ ਕੇ ਆਉਂਦਾ ਹੈ ਸਾਹਿਬਾਂ ਦੇ ਕੋਲ, ਛੰਨਾ ਫੜਿਆ ਹੈ, ਜਲ ਦਾ ਕਟੋਰਾ। ਕਹਿੰਦੇ ਹਨ, 'ਸਿੱਖਾ ਤੇਰੇ ਹੱਥ ਬੜੇ ਨਰਮ ਹਨ।' ਕਹਿੰਦਾ ਹੈ, 'ਮਹਾਰਾਜ ਅੱਜ ਜਲ ਲਿਆ ਕੇ ਛਕਾਉਣ ਲੱਗਾ ਹਾਂ ਮੈਂ ਨਹੀਂ ਕਿਸੇ ਨੂੰ ਆਪਣੇ ਹੱਥ ਨਾਲ ਕੁਛ ਦਿੱਤਾ।' ਕਹਿੰਦੇ ਹਨ. 'ਜਾ ਉਏ ਪਾਪੀਆ' ਛੰਨਾ ਉਥੇ ਸੁੱਟ ਦਿੱਤਾ। ਜਿਹਨੇ ਕਿਸੇ ਦੀ ਸੇਵਾ ਨਹੀਂ ਕੀਤੀ।

"ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ ॥"

ਭਾਈ ਇਹ ਸਮਾਂ ਹੈ ਦੀਵਾਨ ਨੰਦ ਲਾਲ ਜੀ ਮੌਜ ਵਿਚ ਆਏ ਹੋਏ ਹਨ। ਮਸਤ ਹੋ ਕੇ ਕਹਿੰਦੇ ਹਨ :

"ਬਾਹੋਸ਼ ਬਾਸ਼ ਕਿ ਹੰਗਾਮੇ ਨੌ ਬਹਾਰ ਆਮਦ ॥"

ਕਹਿੰਦੇ ਹਨ ਹੋਸ਼ ਵਿਚ ਆਉ, ਖਬਰਦਾਰ ਹੋ ਜਾ ਨੌ ਬਹਾਰ ਆਈ ਹੈ, ਬਸੰਤ ਦੀ ਰੁੱਤ ਆਈ ਹੈ, ਮਨੁੱਖਾ ਜਨਮ ਮਿਲਿਆ ਹੈ :

"ਬਹਾਰ ਆਮਦੋ ॥"

ਮਨੁੱਖਾ ਦੇਹ ਮਿਲੀ ਹੈ ਯਾਰ ਆਮਦੋ, ਗੁਰੂ ਆਇਆ ਹੋਇਆ ਹੈ। ਗੁਰੂ ਸਾਹਿਬ ਗੋਬਿੰਦ ਸਿੰਘ ਆਇਆ,

"ਕਰਾਰ ਆਮਦੋ ॥"

ਕਰਾਰ ਹੈ ਕਿ ਸਰਗੁਣ ਸਰੂਪ ਧਾਰ ਕੇ ਬਖਸ਼ਾਂਗਾ।

ਭਾਈ ਸੱਜਣੋ ਸਤਿਗੁਰੂ ਰਾਮ ਸਿੰਘ ਨੇ ਕਿਰਪਾ ਕੀਤੀ ਹੈ :

"ਬਹਾਰ ਆਮਦੋ ਯਾਰ ਆਮਦੋ ਕਰਾਰ ਆਮਦੋ ॥"

ਮਨੁੱਖਾ ਦੇਹ ਨੂੰ ਵਿਅਰਥ ਨਾ ਗਵਾਉ। ਗੱਲਾਂ ਕਰਦਿਆਂ ਸਾਰੀ ਰਾਤ ਲੰਘ ਜਾਂਦੀ ਹੈ, ਇਕ ਘੰਟਾ ਬੈਠਣ ਦੇ ਵਾਸਤੇ,

"ਬੁਰੇ ਕਾਮ ਕਉ ਊਠਿ ਖਲੋਇਆ ॥
ਨਾਮ ਕੀ ਬੇਲਾ ਪੈ ਪੈ ਸੋਇਆ ॥੧॥
ਅਉਸਰ ਅਪਨਾ ਬੂਝੈ ਨ ਇਆਨਾ ॥
ਮਾਇਆ ਮੋਹ ਰੰਗਿ ਲਪਟਾਨਾ ॥੧॥ਰਹਾਉ॥"

ਭਾਈ ਸੱਜਣੋ ਸਾਧ-ਸੰਗਤ ਵਿਚ ਆ ਕੇ ਸਾਧ-ਸੰਗਤ ਕੋਲ ਨਾਮ ਜਪੋ, ਨਾਮ ਪੁਛੋ, ਜਿਨ੍ਹਾਂ ਨਹੀਂ ਪੁਛਿਆ, ਜਿਨ੍ਹਾਂ ਪੁਛਿਐ ਜਪੋ, ਸਤਿਗੁਰੂ ਦਾ ਮਤ ਧਾਰਨ ਕਰਕੇ।

ਗੁਰੂ ਨਾਨਕ ਦੇਵ ਜੀ ਨੇ ਕਲਜੁਗ ਦਾ ਠੇਕਾ ਲਿਆ ਹੈ।

"ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ ॥"

ਮਤ ਕੋਈ ਭੁੱਲ ਕੇ ਰਹਿ ਜਾਇ। ਉਧਰ ਕਲਜੁਗ ਨੇ ਕਿਹਾ, 'ਕਿ ਮੈਂ ਆਇਆ ਹਾਂ', ਗੁਰੂ ਜੀ ਨੇ ਕਿਹਾ, 'ਜਿਹੜੇ ਮੇਰੇ ਹੋਣਗੇ, ਉਹਨਾਂ ਨੂੰ ਕੁਛ ਨਹੀਂ ਕਰ ਸਕਦਾ।' ਭਾਈ ਜਿਹੜੇ ਗੁਰੂ ਦੇ ਦਰਵਾਜ਼ੇ ਤੇ ਡਿਗੇਗੇ ਉਨ੍ਹਾਂ ਅੱਗੇ ਕਲਜੁਗ ਦੀ ਪੇਸ਼ ਨਹੀਂ

ਜਾ ਸਕਦੀ । ਧਿਆਨ ਕਰੋ, ਨਾਮ ਜਪਿਆ ਕਰੋ, ਨਾਮਧਾਰੀਆਂ ਅੱਗੇ ਖਾਸ ਤੌਰ ਤੇ ਅਰਜ ਬੇਨਤੀ ਹੈ, ਭਾਈ ਜਿਹੜੇ ਸੱਜਣ ਹੁਣ ਵੀ ਐਥੋਂ ਤੁਰ ਜਾਂਦੇ ਹਨ, ਉਹ ਪਿਛੋਂ ਕਿਵੇਂ ਘੰਟਾ ਲਾਉਂਦੇ ਹੋਣਗੇ । ਕਿਰਪਾ ਕਰਿਆ ਕਰੋ ਇਹ ਰੋਜ਼ ਨਹੀਂ ਵੇਲਾ ਹੱਥ ਆਉਂਦਾ ਇਹ ਮਨੁੱਖਾ ਦੇਹ ਮੁੜ ਕੇ ਨਹੀਂ ਮਿਲਣੀ ।

"ਭਜਹੁ ਗੋਬਿੰਦ ਭੂਲ ਮਤਿ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥੧॥ਰਹਾਉ॥"

ਅੰਤ ਵਿਚ ਸਤਿਗੁਰੂ ਜੀ ਭਾਈ ਗੁਰਦਾਸ ਜੀ ਦੀ ਜ਼ਬਾਨੀ ਗ੍ਰਿਸਤ ਧਰਮ ਬਾਰੇ ਦੱਸਦੇ ਹਨ ਕਿ :

"ਸਗਲ ਧਰਮ ਮੈ ਗ੍ਰਿਹਸਤ ਪ੍ਰਧਾਨ ॥"

ਵਿਚੇ ਗ੍ਰਿਸਤ ਦੇ ਹੁੰਦਿਆਂ ਹੋਇਆਂ, ਸਤਿਗੁਰੂ ਦੀ ਸਭ ਚੀਜ਼ ਜਾਣੋ । ਨਾ ਪੁੱਤਰ, ਨਾ ਧਨ, ਨਾ ਧੀ, ਨਾ ਸਭ ਕੁਛ ਉਹਦੇ ਅਰਪਣ ਕਰ ਛੱਡੋ । ਜਦ ਤੁਸੀਂ ਉਹਦੇ ਅਰਪਣ ਕਰੋਗੇ, ਫਰੀਦ ਜੀ ਕਹਿੰਦੇ ਹਨ :

"ਜੇ ਤੂੰ ਮੇਰਾ ਹੋਇ ਰਹੇਂ ਸਭ ਜਗ ਤੇਰਾ ਹੋਇ ॥"

ਫਿਰ ਭਾਈ ਸਤਿਗੁਰੂ ਤੁਹਾਡਾ ਜਿਵੇਂ ਜੋਗਾ ਸਿੰਘ ਨੇ ਆਖਿਆ ਸੀ, 'ਮੈਂ ਗੁਰੂ ਜੋਗਾ', ਉਹਨਾਂ ਆਖਿਆ, 'ਜੇ ਤੂੰ ਗੁਰੂ ਜੋਗਾ ਗੁਰੂ ਤੇਰੇ ਜੋਗਾ ।' ਸਤਿਗੁਰੂ ਦੇ ਅਰਪਣ ਹੋ ਕੇ ਅਰਦਾਸ ਕਰਿਆ ਕਰੋ, ਸਤਿਗੁਰੂ ਕਿਰਪਾ ਕਰੇ । ਨਾਮਧਾਰੀ ਦੀ ਮੰਗ ਸ੍ਰਿਸ਼ਟੀ ਦੇ ਭਲੇ ਵਾਸਤੇ ਹੈ, ਕਿ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇ । ਜਦੋਂ ਦਰਸ਼ਨ ਦੇਣ ਤਾਂ ਸ੍ਰਿਸ਼ਟੀ ਦੇ ਪਾਪ ਸਭ ਦੂਰ ਹੋ ਜਾਣ । ਸਾਰੀ ਸ੍ਰਿਸ਼ਟੀ ਜਿਹੜੀ ਹੈ, ਮੁੜ ਕੇ ਸੁੱਖ ਨਾਲ ਵਸੇ, ਲੋਕ ਬੁਰੇ ਕੰਮ ਤੋਂ ਹਟ ਜਾਣ, ਕੋਈ ਕਿਸੇ ਜੀਵ ਨੂੰ ਨਾ ਦੁਖਾਵੇ, ਸਾਰੇ ਹੀ ਸੁੱਖ ਨਾਲ ਵੱਸਣ । ਅਤੇ ਇਹ ਤਾਂ ਹੀ ਹੋ ਸਕਦਾ ਹੈ, ਜੇ ਸਤਿਗੁਰੂ ਦਾ ਦਰਸ਼ਨ ਹੋਵੇ ।

"ਸਤਿਗੁਰੂ ਦਰਸਨਿ ਅਗਨਿ ਨਿਵਾਰੀ ॥
ਸਤਿਗੁਰ ਭੇਟਤ ਹਉਮੈ ਮਾਰੀ ॥"

"ਜੋ ਸੁਖ ਦਰਸਨ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ ॥"

ਉਹ ਕਹੇ ਨਹੀਂ ਜਾ ਸਕਦੇ ਉਸ ਸੁੱਖ ਦਾ ਅਨੁਭਵ ਜਿਸ ਦਿਨ ਦਰਸ਼ਨ ਹੋਵੇਗਾ ਉਸ ਦਿਨ ਹੀ ਹੋਵੇਗਾ ।"

## 4 ਮਾਰਚ 2006 ਬਿਕ੍ਰਮੀ–1950 ਈਸਵੀ :

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਆਪਣੇ ਪਵਿੱਤ੍ਰ ਉਪਦੇਸ਼ ਦਾ ਆਰੰਭ ਕਰਦਿਆਂ ਕਥਨੀ ਤੇ ਕਰਨੀ ਤੇ ਪ੍ਰਕਾਸ਼ ਪਾਇਆ :

"ਪਰ ਸਾਡੀਆਂ ਤਾਂ ਕਹਿਣੀਆਂ ਹੀ ਹਨ । ਕਹਿਣੀ ਤੇ ਕਰਨੀ, ਉਹ ਹਾਹੇ ਦਾ ਮੂੰਹ ਮਿਲ ਜਾਏ ਤਾਂ ਕਰਨੀ ਬਣ ਜਾਂਦੀ ਹੈ, ਜੇ ਖੁਲ੍ਹਾ ਹੋਵੇ ਤਾਂ ਕਹਿਣੀ ਹੈ । ਕਹਿਣੀ ਵਾਲੇ ਮੂੰਹ ਖੋਲ੍ਹ ਕੇ ਕਹਿੰਦੇ ਹਨ, ਕਰਨੀ ਵਾਲੇ ਮੂੰਹ ਨਹੀਂ ਖੋਲ੍ਹਦੇ ਉਹ ਅੰਦਰੋਂ

ਕਹਿੰਦੇ ਹਨ।"

"ਸਾਧ ਕੈ ਸੰਗਿ ਨਹੀਂ ਕਛੁ ਘਾਲ ॥
ਦਰਸਨ ਭੇਟਤ ਹੋਤ ਨਿਹਾਲ।"

ਪੁਰਾਣਿਆਂ ਸਾਧੂਆਂ ਤੋਂ ਸੁਣਿਆ ਹੈ, ਕਿ ਕੋਈ ਨਾਮਧਾਰੀ ਲੈਕਚਰ, ਕੋਈ ਵਖਿਆਨ ਨਹੀਂ ਸੀ ਕਰਦਾ। ਜਿਥੋਂ ਦੀ ਲੰਘਦੇ ਸਨ ਲੋਕੀਂ ਵੇਖ ਕੇ ਸਿੱਖ ਸੱਜਦੇ ਸੀ। ਪੜ੍ਹੋ ਪੰਥ ਪ੍ਰਕਾਸ਼, ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪਿਛੋਂ ਜਦੋਂ ਸਿੱਖਾਂ ਦੀ ਬੁਰੀ ਹਾਲਤ ਸੀ, ਜਦੋਂ ਜੰਗਲਾਂ ਵਿਚ ਰਹਿੰਦੇ ਸੀ, ਜਦੋਂ ਕੋਈ ਨਹੀਂ ਸੀ ਖਲੋਣ ਦਿੰਦਾ, ਉਦੋਂ ਲੋਕ ਸਿੱਖ ਸੱਜਦੇ ਸਨ। ਜਿਥੋਂ ਦੀ ਲੰਘਦੇ ਸਨ ਸਿੱਖ ਸੱਜਦੇ ਸਨ, ਕਿਉਂਕਿ ਜੋ ਕਹਿੰਦੇ ਸਨ, ਕਰਦੇ ਸਨ। ਤਿੰਨ ਗੱਲਾਂ ਲਿਖੀਆਂ ਹਨ। ਸਰਦਾਰ ਹਰੀ ਸਿੰਘ ਨਲੂਏ ਦਾ ਜੀਵਨ, ਇਕ ਅਮਰ ਸਿੰਘ, ਸੂਤਰ ਮੰਡੀ ਵਿਚ ਕੋਈ ਹੋਇਆ ਉਸ ਵੇਲੇ, ਲਿਖਿਆ ਸੀ। ਉਹਨੇ ਕਿਹਾ ਤਿੰਨ ਤਰ੍ਹਾਂ ਦੇ ਹੀ ਦਰੱਖਤ ਹਨ, ਤਿੰਨ ਤਰ੍ਹਾਂ ਦੇ ਹੀ ਮਨੁੱਖ ਹਨ। ਇਕ ਦਰੱਖਤ ਉਹ ਹੈ ਜਿਹਨੂੰ ਫੁੱਲ ਆ ਕੇ, ਅੰਬ ਆਦਿਕ ਨੂੰ, ਫਲ ਵੀ ਆਉਂਦਾ ਹੈ। ਇਕ ਉਹ ਦਰੱਖਤ ਹੈ ਜਿਹੜਾ ਕਟਹਲ ਜਿਹਨੂੰ ਫੁੱਲ ਨਹੀਂ ਆਉਂਦਾ, ਫਲ ਹੀ ਆਉਂਦਾ ਹੈ। ਇਕ ਮਨੁੱਖ ਉਹ ਹਨ ਜਿਹੜੇ ਨਿਰੇ ਗੱਲਾਂ ਹੀ ਕਰਦੇ ਹਨ, ਕਰ ਕੁਛ ਨਹੀਂ ਸਕਦੇ। ਸਾਡੀ ਉਹ ਹਾਲਤ ਹੈ, ਅਸੀਂ ਕਿਸੇ ਨੂੰ ਨਹੀਂ ਕਹਿ ਸਕਦੇ। ਸਿੱਖਾਂ ਵਿਚ ਜੇ ਕੋਈ ਇਹ ਗੱਲ ਕਹੇ ਨਾ, ਕਿ ਅਕਾਲੀ ਹੋਰ, ਨਾਮਧਾਰੀ ਹੋਰ। ਕਿਸੇ ਦਾ ਜਦੋਂ ਸਿੱਖ ਨਾਂ ਆਊ ਉਹਦੇ ਵਿਚ ਸਾਰੇ ਹੀ ਆ ਜਾਂਦੇ ਹਨ। ਔਰ ਸਾਰਿਆਂ ਦੀ ਸਾਡੀ ਇਹ ਹਾਲਤ ਹੈ ਕਿ ਅਸੀਂ ਨਿਰੇ ਕਹਿਣੀ ਜੋਗੇ ਹਾਂ, ਕਰਨੀ ਜੋਗੇ ਨਹੀਂ ਰਹੇ। ਇਹ ਇਕ ਦੀ ਗੱਲ ਨਹੀਂ ਹੈ ਕੋਈ ਇਹ ਆਖੇ, ਉਸ ਨੂੰ ਆਖੀ ਹੈ, ਉਹਨੂੰ ਆਖੀ ਹੈ। ਔਰ ਇਕ ਮਨੁੱਖ ਨੇ ਉਹ ਜਿਹੜੇ ਕਹਿੰਦੇ ਕਰਦੇ ਹਨ, ਉਹ ਕਰਕੇ ਦਿਖਾਉਂਦੇ ਹਨ। ਜਿਨ੍ਹਾਂ ਨੇ, ਬਾਬੇ ਫੂਲਾ ਸਿੰਘ ਹੋਰਾਂ ਨੇ ਕਿਹਾ, ਕਿ ਅਜ ਚੜ੍ਹਨਾ ਹੈ, ਰਣਜੀਤ ਸਿੰਘ ਨੇ ਆਖਿਆ ਫੌਜ ਥੋੜ੍ਹੀ ਹੈ, ਉਨ੍ਹਾਂ ਨੇ ਆਖਿਆ ਭਾਈ ਇਹ ਗੱਲ ਹੁਣ ਨਹੀਂ ਹੋ ਸਕਦੀ, ਖਾਲਸਾ ਜੀ ਅਰਦਾਸਾ ਸੋਧਿਆ ਗੁਰੂ ਸਾਹਿਬ ਦਾ, ਹੁਣ ਪਿਛੇ ਨਹੀਂ ਮੁੜਦੇ। ਨੁਸ਼ਹਿਰੇ ਦੀ ਲੜਾਈ ਵਿਚ, ਉਨ੍ਹਾਂ ਨੇ ਨਾ ਪਿੱਠ ਮੋੜੀ, ਜੋ ਕਿਹਾ ਸੋ ਕਰਿਆ। ਸਰਦਾਰ ਜੱਸਾ ਸਿੰਘ ਕੋਲ, ਅੰਮ੍ਰਿਤਸਰ ਜੀ ਆ ਕੇ ਇਕ ਬ੍ਰਾਹਮਣ ਰੋਂਦਾ ਹੈ ਉਹਦੇ ਅੱਗੇ ਕਹਿੰਦਾ ਹੈ, 'ਮੇਰੀ ਔਰਤ ਕਸੂਰ ਵਾਲੇ ਪਠਾਨ ਲੈ ਗਏ ਹਨ।' ਜੱਸਾ ਸਿੰਘ ਨੇ ਕਹਿ ਦਿੱਤਾ 'ਭਾਈ ਅਸੀਂ ਚਲਦੇ ਹਾਂ, ਤੇਰੀ ਔਰਤ ਲੈ ਕੇ ਦਿਆਂਗੇ।' ਬਾਰਾਂ ਹੀ ਮਿਸਲਾਂ ਕੱਠੀਆਂ ਹੋਈਆਂ ਸੀ, ਉਹ ਕਹਿੰਦੇ ਤੂੰ ਕੋਈ ਸੋਚਣਾ ਸਮਝਣਾ ਤਾਂ ਸੀ, ਉਹ ਕਹਿੰਦਾ ਗੱਲ ਕਰ ਬੈਠੇ ਹਾਂ।

"ਯਾਹਿ ਸਿੰਘ ਤੋ ਮਰ ਰਹੈਗੋ ਜੋ ਮਰੈ ਨਾਹਿ ਕਸੂਰ ਹੈ ॥"

ਗੱਲ ਕਰ ਬੈਠੇ ਹਾਂ, ਪਿਛੇ ਨਹੀਂ ਹੁਣ ਮੁੜ ਸਕਦੇ, ਨਾਲ ਦੂਜਿਆਂ ਨੂੰ ਵੀ ਤੁਰਨਾ ਪਿਆ। ਉਸ ਬ੍ਰਾਹਮਣ ਦੀ ਬ੍ਰਾਹਮਣੀ ਲੈ ਕੇ ਦਿੱਤੀ, ਪਰਉਪਕਾਰ ਵਾਸਤੇ, ਆਪਣੇ ਵਾਸਤੇ ਕੁਛ ਨਹੀਂ। ਇਕ ਹਨ ਸਰਦਾਰ ਹਰੀ ਸਿੰਘ ਨਲੂਏ ਵਰਗੇ ਜਿਹੜੇ ਕਹਿੰਦੇ ਨਹੀਂ ਕਰਕੇ ਵਿਖਾਉਂਦੇ ਹਨ। ਉਥੇ ਇਸੇ ਤਰ੍ਹਾਂ ਹੀ ਇਕ ਮਿਚਨੀ ਦਾ ਉਥੇ ਨਜ਼ਦੀਕ

ਹੈ ਪਸ਼ੌਰ ਦੇ, ਉਥੋਂ ਦਾ ਇਕ ਪਠਾਨ ਸੀ ਬੜਾ ਸਰਦਾਰ। ਇਸੇ ਤਰ੍ਹਾਂ ਉਹ ਇਕ ਹਿੰਦੂ ਦੀ ਔਰਤ ਲੈ ਗਿਆ, ਉਹ ਆ ਕੇ ਰੋਏ। ਸਰਦਾਰ ਹਰੀ ਸਿੰਘ ਨੇ ਉਹਨੂੰ ਗਾਲ੍ਹਾਂ ਕੱਢ ਕੇ ਬਾਹਰ ਕੱਢ ਦਿਤਾ, ਗੱਲਾਂ ਸਾਰੀਆਂ ਸੁਣ ਲਈਆਂ, ਲੋਕਾਂ ਦੇ ਸਾਹਮਣੇ ਗਾਲ੍ਹਾਂ ਕੱਢੀਆਂ, 'ਜਾ ਤੁਰ ਜਾ ਅਸੀਂ ਐਡੇ-ਐਡੇ ਆਦਮੀਆਂ ਨਾਲ ਮੱਥਾ ਲਾ ਸਕਦੇ ਹਾਂ, ਜਾ ਕੇ ਖਬਰਦਾਰ ਹੋ ਜਾ।' ਉਹਨੂੰ ਇਹ ਖਬਰ ਪਹੁੰਚ ਗਈ, ਚੁੱਪ ਕਰਕੇ ਉਥੇ ਜਾ ਕੇ ਉਹਦੀ ਮਿਚਨੀ ਵਿਚੋਂ ਜਾ ਕੇ, ਉਹਦੀ ਔਰਤ ਲਿਆ ਕੇ ਦੇ ਦਿੱਤੀ। ਉਹ ਕਹਿਣੀ ਵਾਲੇ ਨਹੀਂ ਉਹ ਕਰਨੀ ਵਾਲੇ ਹਨ।'

ਬਾਬਾ ਲੱਖਾ ਸਿੰਘ ਜੀ ਬਾਰੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫੁਰਮਾਇਆ।

"ਬਾਬਾ ਲੱਖਾ ਸਿੰਘ ਜੀ, ਬੜੇ ਬਹਾਦਰ ਆਦਮੀ ਸਨ ਔਰ ਬੜੇ ਸੂਰਮੇ ਸਨ, ਅਤੇ ਸਤਿਗੁਰਾਂ ਦੇ ਮਿਲਟਰੀ ਸੈਕਟਰੀ ਸਨ। ਔਰ ਮੌਲਮੀਨ ਵਿਚ ਆ ਕੇ ਰਹੇ ਹਨ। ਖੂੰਡਾ ਹੱਥ ਵਿਚ ਰਖਦੇ ਸੀ, ਬੰਗਲਿਉਂ ਬਾਹਰ ਜਿਸ ਵੇਲੇ ਸ਼ਹਿਰ ਵਿਚ ਜਾਂਦੇ। ਅੱਗੋਂ ਕਮਿਸ਼ਨਰ ਦੀ ਬੱਘੀ ਆ ਗਈ, ਕਿਸੇ ਨੇ ਕਿਹਾ ਕਿ ਅੱਗੋਂ ਬੱਘੀ ਉਹਦੀ ਆਉਂਦੀ ਹੈ। ਕੋਈ ਪ੍ਰਵਾਹ ਨਹੀਂ ਕੀਤੀ, ਉਹਦੀ ਕਮਿਸ਼ਨਰ ਦੀ ਬੱਘੀ ਅੱਗੋਂ ਭੀੜਾ ਥਾਂ ਆ ਗਿਆ, ਤੇ ਮਾਰਿਆ ਵੱਟ ਕੇ ਖੂੰਡਾ ਕਮਿਸ਼ਨਰ ਦੀ ਘੋੜੀ ਨੂੰ, ਉਹ ਪਿਛੇ ਨੂੰ ਭੱਜ ਗਈ ਲੈ ਕੇ ਬੱਘੀ। ਕੋਈ ਪਰਵਾਹ ਨਹੀਂ ਕੀਤੀ। ਔਰ ਜਿਹੜੇ ਲੋਕ ਉਥੇ ਦਰਸ਼ਨ ਨੂੰ ਜਾਂਦੇ ਸਨ ਕਈ ਵੇਰ ਫ਼ੌਜ ਦੀ ਫ਼ੌਜ, ਪਲਟਣ ਦੀ ਪਲਟਣ ਚਲੀ ਜਾਂਦੀ ਸੀ, ਇਕ ਬਾਲਟੀ ਉਤੇ ਪਾ ਕੇ ਕਪੜਾ ਉਹਦੇ ਵਿਚੋਂ ਜਲ ਛਕਾਈ ਜਾਂਦੇ ਸਨ, ਜੇ ਕੜਾਹੀ ਵਿਚ ਕੜਾਹ ਪ੍ਰਸਾਦਿ ਕਰ ਲਿਆ ਤਾਂ ਛਕਾਈ ਗਏ ਹਨ। ਪਾਠ ਕਰਦੇ ਰਹਿੰਦੇ ਸਨ, ਕਦੇ ਨਹੀਂ ਸੀ ਮੁਕਦਾ।"

ਸਤਿਗੁਰੂ ਜੀ ਨੇ ਤਮਾਕੂ ਦੀਆਂ ਬੁਰਾਈਆਂ ਤੇ ਚਾਨਣ ਪਾਇਆ

"ਅਸੀਂ ਚਾਹੁੰਦੇ ਹਾਂ ਕਿ ਹਰ ਵਰਨ, ਹਰ ਇਕ ਮਜ਼ਹਬ ਜਿਹੜਾ ਹੈ, ਸਾਰੀ ਅਕਾਲ ਪੁਰਖ ਦੀ ਸ੍ਰਿਸ਼ਟੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਰੇ ਲੋਕ ਧਰਮੀ ਸਾਨੂੰ ਦਿਸਣ, ਕੋਈ ਕੁਕਰਮ ਕਰਨ ਵਾਲਾ ਨਾ ਦਿਸੇ। ਹੁਣ ਅਸੀਂ ਜੇ ਤਮਾਕੂ ਵੱਲ ਵੇਖਣ ਲਗੀਏ ਤੇ ਐਸੀ ਚੀਜ਼ ਹੈ, ਪੰਡਿਤ ਦੌਲਤਾ ਰਾਮ ਜੀ ਸਨ ਉਥੇ ਸਰੋਵੇ ਸਾਹਿਬ, ਜਦੋਂ ਅਸੀਂ ਅਖੰਡ ਪਾਠਾਂ ਤੇ ਗਏ ਹਾਂ, ਉਹਨਾਂ ਨੇ ਇੰਨਾ ਕੁਝ ਇਹਦੇ ਤੇ ਸੁਣਾਇਆ ਹੈ, ਉਹਨਾਂ ਨੇ ਇਕ ਪੁਸਤਕ ਵਿਚ ਲਿਖਿਆ ਹੈ। ਸਕੰਦਪੁਰਾਣ ਵਿਚ ਤਾਂ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਜਿਹੜਾ ਆਦਮੀ ਤਮਾਕੂ ਪੀਣ ਵਾਲੇ ਨੂੰ ਦਾਨ ਦਿੰਦਾ ਹੈ, ਉਹ ਜਿੰਨਾ ਚਿਰ ਸੂਰਜ ਚੰਦਰਮਾ ਰਹਿਣਗੇ ਓਨਾ ਚਿਰ ਉਹ ਨਰਕ ਵਿਚ ਰਹੇਗਾ। ਔਰ ਇਕ ਹੋਰ ਪੁਰਾਣ ਵਿਚ ਸਿੱਧਾ ਲਿਖਿਆ ਹੈ ਕਿ ਤਮਾਕੂ ਨੂੰ

"ਸੇਵੰਤੇ ਜੋ ਨਰਾ।"

ਜੋ ਪੁਰਸ਼ ਤਮਾਕੂ ਦਾ ਸੇਵਨ ਕਰਦੇ ਹਨ ਉਹ ਅਧੋਗਤੀ ਨੂੰ ਜਾਣਗੇ। ਗੁਰੂ ਗੋਬਿੰਦ ਸਿੰਘ ਜੀ ਨੇ ਇਹਦੇ ਵਾਸਤੇ ਬੜਾ ਕੁਛ ਲਿਖਿਆ ਹੈ।

"ਤਨਿਕ ਤਮਾਕੂ ਸੇਵੀਐ॥"

ਥੋੜ੍ਹਾ ਜਿਹਾ ਵੀ ਤਮਾਕੂ ਸੇਵਨ ਕਰਨ ਤੇ ਉਹ ਕਹਿੰਦੇ ਹਨ :

"ਮਦਿਰਾ ਦਹਿਤਾ ਸਾਤ ਕੁਲ, ਭੰਗ ਦਹੈ ਕੁਲ ਏਕ ॥"

ਤੇ ਇਥੇ ਇਹਦਾ ਨਾਉਂ ਜਗਤ ਜੂਠ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ। ਕਿਉਂਕਿ ਹੁਣ ਤੇ ਹੋ ਗਏ ਹਨ ਸਿਗਰਟ ਨਹੀਂ ਤੇ ਜਿਹੜਾ ਆਇਆ ਉਹਨੇ ਹੀ ਫੜ ਪਾ ਲਿਆ ਮੂੰਹ ਵਿਚ। ਜਗਤ ਜੂਠ ਸਾਰੀ ਦੁਨੀਆਂ ਦੀ ਜੂਠ ਕੱਠੀ ਹੋ ਜਾਂਦੀ ਹੈ ਇਕ ਨੇ ਛੱਡਿਆ ਦੂਏ ਨੇ ਫੜ ਲਿਆ, ਇਹ

"ਦਹੈ ਅਨੇਕ।"

ਤਮਾਕੂ ਅਨੇਕ ਕੁਲਾਂ ਦਾਹ ਦਿੰਦਾ ਹੈ।

ਤਮਾਲ ਨਾਮ ਵੀ ਇਹਦਾ ਆਉਂਦਾ ਹੈ ਗ੍ਰੰਥਾਂ ਵਿਚ। ਕੋਈ ਹਿੰਦੂ, ਕੋਈ ਮੁਸਲਮਾਨ ਕਦੇ ਠਾਕੁਰ ਦਵਾਰੇ ਵਿਚ ਹਿੰਦੂ ਨਹੀਂ ਲਿਜਾ ਸਕਦੇ, ਮਸੀਤ ਵਿਚ ਮੁਸਲਮਾਨ ਨਹੀਂ ਇਹਨੂੰ ਲਿਜਾ ਸਕਦੇ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਸਿੱਖਾਂ ਦੀ ਅਵਸਥਾ ਦਾ ਵਰਨਣ ਕੀਤਾ।

"ਜਿਸ ਵੇਲੇ ਦੌਰੇ ਵਿਚ ਵੀ ਸਤਿਗੁਰੂ ਸੱਚੇ ਪਾਤਸ਼ਾਹ ਜਾਂਦੇ ਸੀ, ਨਾਮਧਾਰੀ ਸਿੱਖ ਉਦੋਂ ਗੱਲ ਨਹੀਂ ਸੀ ਕੋਈ ਕਰਦਾ। ਜੇ ਦੋ ਤੁਰੇ ਜਾਂਦੇ ਹਨ ਇਕੱਠੇ ਤੇ ਸ਼ਬਦ ਪੜ੍ਹਦੇ ਜਾਂਦੇ ਹਨ, ਜੇ ਕੱਲਾ ਜਾਂਦਾ ਹੈ ਤਾਂ ਬਾਣੀ ਪੜ੍ਹਦਾ ਜਾਂਦਾ ਹੈ ਜਾਂ ਭਜਨ ਕਰਦਾ ਜਾਂਦਾ ਹੈ, ਗੱਲ ਨਹੀਂ ਸੀ ਕੋਈ ਕਰਦਾ। ਭਾਈ ਗੰਗਾ ਸਿੰਘ ਜੀ ਉਪਦੇਸ਼ਕ ਸਿੰਘ ਸਭਾ ਦੇ ਪੁਰਾਣੇ ਆਦਮੀ ਹਨ, ਜਿਹੜੇ ਤੇਜਾ ਸਿੰਘ ਭਦੌੜ ਵਾਲੇ ਨਾਲ ਰਹੇ। ਉਹ ਮਿਲਦੇ ਹਨ ਮੈਨੂੰ ਸ਼ਿਮਲੇ, ਕਹਿੰਦੇ, "ਹਨ ਮੈਂ ਭੈਣੀ ਸਾਹਿਬ ਗਿਆ, ਮੈਂ ਉਸ ਵੇਲੇ ਜੋ ਕੁਝ ਜਾ ਕੇ ਵੇਖਿਆ, ਭਾਈ ਜਿਹੜਾ ਲੱਕੜਾਂ ਢੋਂਦਾ ਹੈ ਉਹ ਵੀ ਬਾਣੀ ਪੜ੍ਹਦਾ ਹੈ, ਜਾਂ ਭਜਨ ਕਰਦਾ ਹੈ, ਜਿਹੜਾ ਘੋੜੇ ਨੂੰ ਖਰਖਰਾ ਕਰਦਾ ਹੈ ਉਹ ਵੀ ਉਹੋ ਕੁਛ ਕਰਦਾ ਹੈ, ਜਿਹੜਾ ਲੰਗਰ ਕਰਦਾ ਹੈ।"

ਸਤਿਗੁਰੂ ਜੀ ਨੇ ਸਿੱਖ ਨੂੰ ਅੰਦਰੋਂ ਬਾਹਰੋਂ ਸੁੱਚੇ ਹੋਣ ਦੀ ਪ੍ਰੇਰਣਾ ਦਿਤੀ,

"ਇਕ ਸਿੱਖ ਆਉਂਦਾ ਹੈ ਕੀਰਤਪੁਰ ਸਤਿਗੁਰਾਂ ਦੇ ਕੋਲ, ਅਰਜ਼ ਕਰਦਾ ਹੈ, 'ਸੱਚੇ ਪਾਤਸ਼ਾਹ ਭਜਨ ਦਿਉ', ਉਹਨੂੰ ਹੁਕਮ ਦਿੰਦੇ ਹਨ, 'ਕਿ ਭਾਈ ਚੋਰੀ ਯਾਰੀ ਨਹੀਂ ਕਰਨੀ', ਉਹ ਕਹਿੰਦਾ, 'ਮਹਾਰਾਜ ਛੇ ਸੋ ਰੁਪਏ ਦੀ ਘੋੜੀ ਮੇਰੇ ਘਰ ਬੰਨੀ ਖੜੀ ਹੈ ਚੋਰੀ ਦੀ', ਕਹਿੰਦੇ ਨੇ, 'ਜਾ ਫਿਰ ਪਹਿਲੇ ਘੋੜੀ ਵਾਲੇ ਦੀ ਘੋੜੀ ਦੇ ਕੇ ਆ, ਤਾਂ ਆ ਕੇ ਸਾਡੇ ਕੋਲੋਂ ਭਜਨ ਪੁਛੀਂ।' ਅਸੀਂ ਨਾਮਧਾਰੀ ਹਾਂ ਅਸੀਂ ਕਿਸੇ ਨੂੰ ਕੀ ਆਖੀਏ, ਸ਼ਰਮ ਤੇ ਆਉਂਦੀ ਹੈ ਸਾਨੂੰ ਆਪਣੀਆਂ ਗੱਲਾਂ ਉਤੇ। ਭਾਈ ਸਿੱਖੋ ਅਰਦਾਸ ਕਰਿਆ ਕਰੋ ਸਤਿਗੁਰੂ ਸਾਡੇ ਪਾਪ ਨਾ ਸਾਥੋਂ ਹੋਣ ਦੇਵੇ, ਬਖਸ਼ੇ, ਸਾਡੀ ਵਾਹ ਕੋਈ ਨਹੀਂ। ਜਿੰਨਾ ਚਿਰ ਇਹ ਗੱਲ ਨਾ ਹੋਵੇਗੀ, ਫਿਰ ਨਾਮਧਾਰੀ ਹਾਂ, ਕਿਸੇ ਦੀ ਗੱਲ ਕਰਨ ਦੀ ਲੋੜ ਨਹੀਂ ਨਾਮਧਾਰੀ ਪੁਣਾ ਇਸੇ ਚੀਜ਼ ਦਾ ਨਾਂ ਹੈ।

"ਸਤਿਗੁਰ ਸਚ ਸੁੱਚ ਦ੍ਰਿੜਾਏ।"

"ਸੱਚ ਤੇ ਸੁੱਚ ਦ੍ਰਿੜਾਈ ਅੰਦਰੋਂ ਵੀ ਸੁੱਚੇ ਹੋਵੋ ਬਾਹਰੋਂ ਵੀ ਸੁੱਚੇ ਹੋਵੋ। ਜੇ ਤੁਸੀਂ ਅੰਦਰੋਂ ਕਿਸੇ ਨੂੰ ਦੁੱਖੀ ਹੋ ਕੇ ਦੇਖਦੇ ਹੋ, ਈਰਖਾ ਕਰਦੇ ਹੋ, ਤੁਹਾਡਾ ਅੰਦਰ

ਦੁੱਖੀ ਹੋ ਜਾਂਦਾ ਹੈ, ਤਾਂ ਵੀ ਤੁਸੀਂ ਜੂਠੇ ਹੋ ਜਾਂਦੇ ਹੋ।''

ਸਤਿਗੁਰੂ ਜੀ ਬਾਬੇ ਦਸੌਂਧਾ ਸਿੰਘ ਜੀ ਬਾਰੇ ਫੁਰਮਾਉਂਦੇ ਹਨ, ਕਿ ਉਹ ਕਿੰਨੀ ਉਚ ਅਧਿਆਤਮਕ ਅਵਸਥਾ ਦੇ ਮਾਲਿਕ ਸਨ। ਸਤਿਗੁਰੂ ਦਾ ਤਾਂ ਨਾਮ ਐਸੀ ਚੀਜ਼ ਹੈ, ਜਿਹੜਾ ਵੀ ਕੋਈ ਦਿਲੋਂ ਧਾਰ ਕੇ ਜਪੇ, ਹੁਣ ਬਾਬੇ ਦਸੌਂਧਾ ਸਿੰਘ ਜੀ ਸਾਡੇ ਕੋਲੇ ਹਨ, ਜਿਹੜੇ ਪ੍ਰੋਫੈਸਰ ਗੰਗਾ ਸਿੰਘ ਜੀ ਦੇ ਸੱਕੇ ਮਾਮੇ ਅਕਾਲੀ ਲੀਡਰ ਸਨ। ਉੱਨੀ ਸੌ ਤੇਈ ਦੀ ਗੱਲ ਹੈ, ਇਹੋ ਹੀ ਹੋਲੇ ਦਾ ਤਿਉਹਾਰ ਹੈ, ਢੋਟੀਆਂ ਦਾ ਮੇਲਾ ਹੈ ਲਾਇਲਪੁਰ ਦੇ ਜ਼ਿਲ੍ਹੇ ਵਿਚ। ਤਖਤ ਪੋਸ਼ ਰਖਿਆ ਹੋਇਆ ਹੈ, ਹਵਨ ਹੋ ਰਿਹਾ ਹੈ, ਆਹ ਵਕਤ ਹੈ ਰਾਤ ਦਾ, ਦੂਸਰੇ ਪਾਸੇ ਪਹਿਰੇ ਖੜੇ ਕੀਤੇ ਸੀ, ਕੋਈ ਹਵਨ ਵਿਚ ਨਾ ਡਿੱਗ ਪਵੇ। ਕੋਈ ਸੱਤ ਕੁ ਫੁੱਟ ਦੇ, ਸਾਢੇ ਛੇ ਫੁੱਟ ਉੱਚੀ ਲਾਟ ਹੋਵੇਗੀ ਅੱਗ ਦੀ, ਜਿੰਨੀ ਕੁ ਦੂਰ ਉਹ ਉਪਰਲਾ ਕੱਪੜਾ ਲੱਗਾ ਹੈ, ਏਡੀ ਕੁ ਉੱਚੀ ਨਿਕਲ ਰਹੀ ਸੀ, ਤਖਤ ਪੋਸ਼ ਵਾਲੇ ਪਾਸਿਉਂ ਦੀ ਆਏ ਹਨ, ਪਜਾਮਾ ਪਾਇਆ ਹੋਇਆ ਹੈ, ਇਸ ਤਰ੍ਹਾਂ ਆ ਕੇ ਚੌਕੜੀ ਵਿਚ ਮਾਰ ਦਿੱਤੀ, ਉਤੋਂ ਦੀ ਅੱਗ ਫਿਰ ਗਈ ਹੈ ਸਾਰੀ। ਐਨਾ ਚਿਰ ਜਿੰਨਾ ਚਿਰ ਮੈਨੂੰ ਗੱਲ ਕਰਦਿਆਂ ਨੂੰ ਹੋਇਆ ਹੈ, ਖਿੱਚ ਕੇ ਬਾਹਰ ਕੱਢਿਆ ਹੈ। ਰਾਤ ਦਾ ਵਕਤ ਸੀ, ਕਿਸੇ ਤਰ੍ਹਾਂ ਬਿਜਲੀ ਦਾ ਚਾਨਣ ਤੇ ਨਹੀਂ ਸੀ ਨਾ, ਉਹ ਰਾਖ ਲੱਗੀ ਨਾ ਜਿਹੜੀ ਬਿਭੂਤੀ ਸੀ ਹਵਨ ਦੀ ਚਿੱਟੀ, ਮੈਂ ਆਖਿਆ ਚਰਬੀ ਨਿਕਲ ਆਈ ਪੈਰਾਂ ਵਿਚੋਂ। ਜਿਸ ਵੇਲੇ ਦੇਖਿਆ, ਪਜਾਮੇ ਨੂੰ ਸੇਕ ਨਹੀਂ ਲੱਗਾ, ਸਾਡੇ ਸਾਹਮਣੇ ਦੀਆਂ ਗੱਲਾਂ ਹਨ। ਇਹ ਕੋਈ ਅਸੀਂ ਉਹ ਗੱਲਾਂ ਨਹੀਂ ਕਰਦੇ ਜਿਹੜੀਆਂ ਕਿਸੇ ਤੋਂ ਸੁਣੀਆਂ, ਸਾਹਮਣੇ ਦੇਖਿਆ ਹੈ।''

ਹੋਲੇ ਬਾਰੇ ਸਤਿਗੁਰੂ ਜੀ ਨੇ ਬਚਨ ਕੀਤਾ :

''ਹੋਲਾ, ਸਾਡਾ ਕਾਹਦਾ ਹੋਲਾ ਹੈ, ਹੋਲਾ ਤਾਂ ਹੀ ਹੋ ਸਕਦਾ ਹੈ ਜੇ ਉਹ ਸਤਿਗੁਰੂ ਦਾ ਦਰਸ਼ਨ ਹੋਵੇ, ਉਸੇ ਤਰ੍ਹਾਂ ਸਾਧ-ਸੰਗਤ ਵਿਚ ਅਨੰਦ ਹੋਵੇ, ਸਿੱਖਾਂ ਵਿਚ ਈਰਖਾ ਦਵੈਸ਼ ਨਾ ਰਹੇ, ਦੁਨੀਆਂ ਉਤੇ ਕੋਈ ਦੁੱਖੀ ਨਾ ਰਹੇ, ਕਿਸੇ ਜਾਨਵਰ ਨੂੰ ਕੋਈ ਦੁੱਖ ਨਾ ਦੇਵੇ।'' ਕਿਉਂਕਿ,

''ਸਤਿਗੁਰੂ ਸਭਨਾਂ ਦਾ ਭਲਾ ਮਨਾਇਦਾ।''

## 5 ਮਾਰਚ 2006 ਬਿਕ੍ਰਮੀ–1950 ਈਸਵੀ :

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਲੇਰ-ਕੋਟਲੇ ਦੇ ਸ਼ਹੀਦਾਂ ਬਾਰੇ ਫੁਰਮਾਇਆ :

''ਸਤਿਗੁਰਾਂ (ਸਤਿਗੁਰੂ ਰਾਮ ਸਿੰਘ ਜੀ) ਹੁਕਮ ਦੇ ਕੇ ਭੇਜਿਆ ਕਿ ਠਾਣੇਦਾਰ ਨੂੰ ਅਸੀਂ ਇਤਲਾਹ ਦਿੱਤੀ ਹੈ ਇਹ (ਮਸਤਾਨੇ) ਰੌਲਾ ਪਾਉਂਦੇ ਹਨ, ਇਹ ਸਾਡੇ ਆਖੇ ਨਹੀਂ ਲਗਦੇ, ਤੁਸੀਂ ਇਹਨਾਂ ਦਾ ਇੰਤਜਾਮ ਕਰੋ। ਬਾਬੇ ਲੱਖਾ ਸਿੰਘ ਹੋਰਾਂ ਨੂੰ ਗਿਆਂ ਉਥੇ ਹੀ ਕੈਦ ਕਰ ਲਿਆ। ਇਧਰ ਕੀ ਹੋਇਆ, ਦੋ ਮਾਘ ਵਾਲੇ ਦਿਨ ਜਾ ਕੇ (ਮਸਤਾਨੇ) ਅਰਜ ਕਰਕੇ ਛੁੱਟੀਆਂ ਮੰਗਦੇ ਹਨ, ਸਤਿਗੁਰਾਂ ਨੇ ਕਿਹਾ ਭਾਈ ਅੱਛਾ ਤੁਹਾਨੂੰ ਫੇਰ ਕਿੰਨੇ ਪ੍ਰਸ਼ਾਦ ਛਕਾਉਣਾ ਹੈ, ਵਿਹੜੇ ਵਿਚ ਬਹਾ ਕੇ, ਪੰਗਤਾਂ ਲੁਆ ਕੇ,

ਆਪਣੇ ਹੱਥੀਂ ਕੜਾਹ ਪ੍ਰਸ਼ਾਦ ਛਕਾਇਆ, ਇਨ੍ਹਾਂ ਨੂੰ, ਬਾਬੇ ਹੀਰਾ ਸਿੰਘ ਹੋਰਾਂ ਨੂੰ। ਫਿਰ ਇਕ ਮਸਤਾਨੀ ਮਾਈ ਸੱਦਾਂ, ਜਿੰਨੇ ਬਾਂਸ ਦੇ ਉਤੇ ਝੰਡਾ ਬੰਨ੍ਹਿਆ ਹੈ, ਕੋਠੇ ਉਤੇ ਖੜੀ ਹੈ, ਕਹਿੰਦੀ ਹੈ ਧਰਮ ਜਹਾਜ਼ ਛੁੱਟਣ ਲਗਾ ਹੈ ਭਾਈ ਜਿਹਦੀ ਮਰਜੀ ਹੈ ਚੜ੍ਹੋ। ਚੜ੍ਹਤ ਸਿੰਘ ਤੇ ਦਲ ਸਿੰਘ ਦੋ ਭਰਾ ਰੁੜਕੇ ਪਿੰਡ ਦੇ ਰਹਿਣ ਵਾਲੇ ਆਟਾ ਗੁੰਨਦੇ ਗੁੰਨਦੇ ਲੰਗਰ ਵਿਚੋਂ ਆ ਕੇ ਨਾਲ ਰਲੇ ਹਨ, ਉਸੇ ਤਰ੍ਹਾਂ ਹੱਥਾਂ ਲਿਬੜਿਆਂ ਨਾਲ। ਦੋ ਢਾਈ ਸੌ ਸਰੀਰ ਹੈ ਅਕਾਲ ਬੁੰਗਾ, ਜਿਥੇ ਸਤਿਗੁਰੂ ਜੀ ਬੈਠ ਕੇ ਭਜਨ ਕਰਦੇ ਸੀ ਉਹ ਗੁਰਦੁਆਰੇ ਤੋਂ ਸੌ ਡੇਢ ਸੌ ਕਦਮ ਹੈ, ਉਹਦੇ ਅੱਗੇ ਦਰਵਾਜ਼ੇ ਤੇ ਆ ਕੇ ਬਾਬਾ ਹੀਰਾ ਸਿੰਘ ਹੋਰਾਂ ਨੇ ਲੀਕ ਕੱਢ ਦਿਤੀ ਕਰਪਾਨ ਨਾਲ, ਕਿ ਸਿਰ ਜਿਹਨੇ ਦੇਣਾ ਹੈ ਉਹ ਪਾਰ ਲੰਘੇ, ਐਵੇਂ ਨਾ ਸਾਡੇ ਮਗਰ ਕੋਈ ਆਵੇ। ਢਾਈ ਸੌ ਵਿਚੋਂ ਇਕ ਸੌ ਚਾਲੀ ਆਦਮੀ ਨਿਕਲੇ।"

"ਫਿਰ ਸਤਿਗੁਰੂ ਜੀ ਨੇ ਸ: ਹੀਰਾ ਸਿੰਘ ਤੇ ਸਮੁੰਦ-ਖਾਨ ਪਠਾਨ ਦੀ ਲੜਾਈ ਦਾ ਵਰਨਣ ਕਰਦਿਆਂ ਹੋਇਆਂ ਫੁਰਮਾਇਆ ਕਿ ਸ: ਹੀਰਾ ਸਿੰਘ ਹੋਰਾਂ ਨੇ ਪਹਿਲੇ ਹੀ ਵਾਰ ਵਿਚ ਸਮੁੰਦ ਖਾਨ ਦਾ ਸਿਰ ਕਤਲ ਕਰ ਦਿਤਾ ਸੀ।

ਉਥੋਂ ਮੁੜ ਕੇ ਮਲੇਰ ਕੋਟਲੇ ਆ ਗਏ ਹਨ।

"ਚਲੋ ਸਈਉ ਰਲ ਦੇਖਣ ਚਲੀਏ ਆਸ਼ਕ ਸੂਲੀ ਚੜ੍ਹਦੇ,
ਉਹ ਚੜ੍ਹਦੇ ਚੜ੍ਹਦੇ ਕਰਨ ਮਜ਼ਾਕਾਂ ਮੌਤੋਂ ਮੂਲ ਨਾ ਡਰਦੇ।"

ਤੋਪਾਂ ਬੀੜੀਆਂ ਗਈਆਂ ਹਨ। ਕਾਵਨ ਹੁਕਮ ਦੇਣ ਵਾਲਾ ਹੈ, ਸਿੱਖ ਅੱਗੇ ਆ ਆ ਕੇ ਖੜੇ ਹੁੰਦੇ ਹਨ, ਉਸ ਵੇਲੇ ਹੱਥ ਨਹੀਂ ਲਾਉਣ ਦਿੰਦੇ ਕਿਸੇ ਨੂੰ। ਕੋਲ ਛੱਪੜ ਹੈ, ਜਿਹਦੇ ਵਿਚੋਂ ਇਸ਼ਨਾਨ ਕਰਦੇ ਹਨ, ਇਸ਼ਨਾਨ ਕਰਕੇ ਆ ਕੇ ਖੜੇ ਹੋਏ ਪਹਿਲੇ ਭਾਈ ਹੀਰਾ ਸਿੰਘ ਹੋਰੀਂ, ਫਿਰ ਲਹਿਣਾ ਸਿੰਘ ਹੋਰੀਂ ਆਏ। ਦੋਵੇਂ ਆਦਮੀ ਤੋਪਾਂ ਅੱਗੇ ਜਿਸ ਵੇਲੇ ਖੜੇ ਹੋਏ, ਤੋਪ ਨੂੰ ਪਲੀਤਾ ਦਿਤਾ, ਤੋਪ ਪਲੀਤਾ ਚੱਟ ਗਈ। ਭਾਈ ਜੀ ਮੁਸਕਰਾਏ ਬਾਬਾ ਲਹਿਣਾ ਸਿੰਘ ਜੀ, ਹੀਰਾ ਸਿੰਘ ਜੀ ਦੂਜੀ ਵੇਰ ਫੇਰ ਚੱਟ ਗਈ। ਕਹਿਣ ਲੱਗੇ ਉਏ ਤੁਹਾਨੂੰ ਝੂਠੇ ਕਰਕੇ ਹੀ ਮਰਨਾ ਸੀ। ਕਿਉਂਕਿ ਉਸ ਵੇਲੇ ਕਾਇਦਾ ਸੀ ਕਿ ਜੇ ਰੱਸਾ ਟੁੱਟ ਜਾਏ ਫਾਂਸੀ ਦਾ ਤੇ ਉਸ ਨੂੰ ਫਾਂਸੀ ਨਹੀਂ ਸੀ ਦੇਂਦੇ, ਜੇ ਤੋਪ ਪਲੀਤਾ ਚੱਟ ਜਾਏ ਤਾਂ ਉਸ ਨੂੰ ਮੁੜ ਕੇ ਨਹੀਂ ਸਨ ਮਾਰਦੇ। ਉਨ੍ਹਾਂ ਆਖਿਆ, 'ਹੁਣ ਮੇਰੇ ਸਤਿਗੁਰੂ ਦਾ ਹੁਕਮ ਆਇਆ, ਹੁਣ ਦਿਉ ਪਲੀਤਾ ਤੋਪ ਚਲੇਗੀ।' ਇਹ ਉਨ੍ਹਾਂ ਦੀ ਕਥਾ, ਆਪਣੇ ਧੀਆਂ ਵਾਸਤੇ ਆਪਣਿਆਂ ਪੁੱਤਰਾਂ ਵਾਸਤੇ, ਆਪਣੇ ਕਿਸੇ ਵਾਸਤੇ ਨਹੀਂ ਕੀਤੀ, ਕੌਮ ਵਾਸਤੇ, ਮੁਲਕ ਵਾਸਤੇ, ਸਿੱਖੀ ਵਾਸਤੇ, ਗਊਆਂ ਵਾਸਤੇ, ਇਹ ਕੁਛ ਕੀਤਾ।"

"ਫਿਰ ਲੱਗੇ ਉਡਨ ਪਰ, ਵਾਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸਾਹ, ਤੇਰੀ ਬਰਕਤ, ਤੇਰੀ ਕਿਰਪਾ ਕਿਆ ਚੀਜ਼ ਹੈ, ਸਤਿਗੁਰੂ ਦੇ ਸਿੱਖ ਇਉਂ ਟਿਚਕਰਾਂ ਕਰਦੇ ਹਨ ਗੋਲੀਆਂ ਨੂੰ, ਤੋਪਾਂ ਨੂੰ ਟਿਚਕਰਾਂ ਕਰਦੇ ਹਨ, ਅੱਗੇ ਖੜੇ ਹੁੰਦੇ ਹਨ। ਦੂਸਰੇ ਪਾਸੇ ਕੀ ਹੈ ਗੁਰੂ ਨਾਨਕ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਤਕ 12 ਪਾਤਸ਼ਾਹੀਆਂ ਬੈਠੀਆਂ ਹਨ, ਦੀਵਾਨ ਲਗਿਆ ਹੋਇਆ। ਤੋਪ ਨਾਲ ਜਿਹੜਾ ਉਡਦਾ ਹੈ ਉਥੇ ਜਾ ਕੇ

ਬੈਠਦਾ ਹੈ, ਉਸ ਨੂੰ ਪਤਾ ਲਗਦਾ ਹੈ ਸਾਹਮਣੇ ਦੂਜੇ ਵੇਖਣ ਵਾਲਿਆਂ ਨੂੰ ਕਿ ਦੀਵਾਨ ਲਗਿਆ, ਕਹਿੰਦਾ, ਉਏ ਬਿਲਿਆ ਛੇਤੀ ਕਰ, ਮੇਰਾ ਸਾਥ ਜਾਂਦਾ ਹੈ, ਮੇਰਾ ਵਕਤ ਜਾਂਦਾ ਹੈ ।' ਇਸ ਤਰ੍ਹਾਂ ਤੋਪਾਂ ਦੇ ਨਾਲ ਉਡਦੇ ਹਨ ।

ਉਹ ਬਿਸ਼ਨ ਸਿੰਘ ਲੜਕਾ, ਜਿਹਨੂੰ ਮੇਮ ਨੇ ਦੇਖ ਕੇ ਕਿਹਾ ਕਿ ਇਹ ਬੱਚਾ ਹੈ ਇਹਨੂੰ ਛੱਡ ਦੇ, ਉਹਨੂੰ ਕਾਵਨ ਕਹਿੰਦਾ ਹੈ ਉਹ ਕਹਿ ਦੇਵੇ, 'ਮੈਂ ਰਾਮ ਸਿੰਘ ਦਾ ਸਿੱਖ ਨਹੀਂ ।' ਉਹ ਕਹਿੰਦਾ, 'ਨੇੜੇ ਹੋ ਕੇ ਮੇਰੀ ਗੱਲ ਸੁਣ ।' ਦਾਹੜੀਉਂ ਫੜ ਲਿਆ, 'ਤੂੰ ਮੈਨੂੰ ਇਹ ਕਹਿਣਾ ਗੁਰੂ ਦਾ ਸਿੱਖ ਨਹੀਂ, ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ?' ਬਾਰਾਂ ਸਾਲ ਦਾ ਲੜਕਾ ਹੈ, ਦੋਏ ਹੱਥ ਕੱਟੇ ਜਾਂਦੇ ਹਨ, ਸਿਰ ਕੱਟਿਆ ਜਾਂਦਾ ਹੈ ਤਾਂ ਹੱਥ ਛੁਟਦੇ ਹਨ ।

ਭਾਈ ਵਰਿਆਮ ਸਿੰਘ ਜੀ, ਮਹਾਰਾਜਾ ਪਟਿਆਲਾ ਦੇ ਨਜ਼ਦੀਕੀਆਂ ਵਿਚੋਂ, ਛੋਟੇ ਕੱਦ ਦੇ ਹਨ । ਪਿਛੋਂ ਕੋਈ ਹੁਕਮ ਆਇਆ ਹੋਵੇਗਾ ਕਿ ਇਸ ਨੂੰ ਨਾ ਮਾਰੋ, ਸਮਝਾ ਲਵਾਂਗੇ । ਨੌਜਵਾਨ ਮੁੰਡਾ ਹੈ ਉਹਨੂੰ ਕਹਿੰਦੇ ਹਨ, 'ਤੂੰ ਤੋਪ ਦੇ ਮੇਚ ਨਹੀਂ ਆਉਂਦਾ, ਤੇਰੀ ਛਾਤੀ ਨਹੀਂ ਆਉਂਦੀ ।' ਉਥੋਂ ਜਾ ਕੇ ਇੱਟਾਂ ਦਾ ਢੇਰ ਲਾ ਕੇ, ਇਕੱਠਾ ਕਰਕੇ, ਖੜਾ ਹੋ ਗਿਆ, ਕਹਿੰਦਾ, 'ਹੁਣ ਛਾਤੀ ਆਉਂਦੀ ਹੈ ਕਿ ਨਹੀਂ ।' ਕਿਆ ਹੈ, ਇਹ ਉਨ੍ਹਾਂ ਕੂਕਿਆਂ ਦੀ ਗੱਲ ਹੈ ਜਿਨ੍ਹਾਂ ਬਦੌਲਤ ਇਹ ਸਾਨੂੰ ਸਭ ਕੁਛ ਮਿਲਦਾ ਹੈ, ਸ਼ੇਰਾਂ ਦੀਆਂ ਮਾਰੀਆਂ ਗਿੱਦੜ ਬਘਿਆੜ ਖਾਂਦੇ ਹਨ । ਉਹਨਾਂ ਇਕ ਤੋਂ ਇਕ ਅੱਗੇ ਹੋ ਕੇ ਚੜ੍ਹ ਕੇ ਸ਼ਹੀਦੀਆਂ ਪਾਈਆਂ ।"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ-ਸੰਗਤ ਨੂੰ ਨਾਮ ਦਾ ਮਹਾਤਮ ਦੱਸਦਿਆਂ ਹੋਇਆਂ ਨਾਮ ਜਪਣ ਦੀ ਪ੍ਰੇਰਣਾ ਦਿੱਤੀ ਤੇ ਫੁਰਮਾਇਆ,

"ਇਹ ਰਾਮ ਦਾ ਨਾਮ ਹੈ ਇਹ ਪਵਿੱਤਰ ਰਹਿਣ ਵਾਲਾ ਹੈ, ਗੁਰੂ ਜੀ ਕਹਿੰਦੇ ਹਨ ।"

"ਪਛੋਤਾਵਾ ਨਾ ਮਿਲੇ ਜਬ ਚੂਕੇਗੀ ਸਾਰੀ,
ਤਾਂ ਫਿਰ ਪਿਆਰਾ ਰਾਵੀਐ ਜਬ ਆਵੇਗੀ ਵਾਰੀ ।"

ਜੇ ਮਨੁੱਖਾ ਦੇਹ ਨਾ ਰਹੀ ਇਹ ਜਨਮ ਫੇਰ ਮੁੜ ਕੇ ਕਦੇ ਚੁਰਾਸੀ ਲੱਖ ਜੂਨ ਵਿਚ ਪਤਾ ਨਹੀਂ ਕਿੰਨੇ ਕਰੋੜ ਕਿੰਨੇ ਹਜ਼ਾਰਾਂ ਵਰਸ਼ਾਂ, ਕਿਉਂਕਿ ਜਿਹੜੇ ਪੱਥਰ ਦੀ ਜੂਨ ਵਿਚ ਆਵੇ, ਪਤਾ ਉਹਨੂੰ ਕਿੰਨੇ ਚਿਰ ਰਹਿਣਾ ਹੈ । ਹੁਣ ਦਰੱਖਤ ਐਸੇ ਹਨ ਪਤਾ ਵੀ ਨਹੀਂ ਕਿੰਨੇ ਚਿਰ ਦੇ ਖਲੋਤੇ ਹਨ ਕਦੋਂ ਤੱਕ ਹਨ : ਨਾ ਹਿੰਦੂ, ਨਾ ਮੁਸਲਮਾਨ, ਨਾ ਈਸਾਈ ਇਸ ਗੱਲ ਨਾਲ ਤਾਲੁਕ ਨਹੀਂ,

"ਜੋ ਜੋ ਜਪੈ ਤਿਸਕੀ ਗਤ ਹੋਵੇ,
ਜੋ ਪਰਾਣੀ ਗੋਬਿੰਦ ਧਿਆਵੈ ਪੜਿਆ ਅਣਪੜਿਆ ਪਰਮਗਤ ਪਾਵੈ ।"

ਸਤਿਗੁਰੂ ਜੀ ਦੇ ਅੱਗੇ ਅਰਦਾਸ ਕਰਿਆ ਕਰੋ, ਨਾਮ ਜਪੋ ਬਾਣੀ ਪੜ੍ਹੋ, ਚੰਗੀ ਕਿਰਤ ਕਰੋ ਸ਼ੁਭ ਕੰਮ ਕਰੋ, ਤਾਂ ਕਿ ਅਸੀਂ ਦਰਗਾਹ ਵਿਚ ਸੁਰਖਰੂ ਹੋ ਕੇ ਜਾਈਏ । ਔਰ ਜਿਹੜੇ ਨਾਮ ਜਪਣ ਵਾਲੇ ਹਨ ਸਤਿਗੁਰਾਂ ਦੇ ਦਰਸ਼ਨ ਹੁੰਦੇ ਹਨ ਸਿੱਖਾਂ ਨੂੰ, ਉਹਨਾਂ ਨੂੰ ਮਿਲਦਾ ਹੈ ।"

ਹੋਲੇ ਵਾਲੇ ਦਿਨ ਸਵੇਰੇ ਅੰਮ੍ਰਿਤ ਵੇਲੇ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਜੇਕਰ ਇਕ ਪਾਸੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤਾਊਸ਼ ਤੇ ਦਿਲ-ਖਿੱਚਵੀਆਂ ਧੁਨਾਂ ਵਜਾ ਕੇ ਸਾਧ-ਸੰਗਤ ਨੂੰ ਮੰਤ੍ਰ ਮੁਗਧ ਕਰਦੇ ਤੇ ਦੂਸਰੇ ਪਾਸੇ ਸੰਤ ਪ੍ਰੀਤਮ ਸਿੰਘ ਜੀ ਦੀਆਂ ਉੱਚੀਆਂ ਸੁਰੀਲੀਆਂ ਸੁਰਾਂ ਰਾਹੀਂ ਵਾਰੇ ਦਾ ਗਾਇਨ ਸੰਤ ਗਿਆਨਾ ਸਿੰਘ ਜੀ ਦੀ ਭਰਵੀਂ ਆਵਾਜ਼, ਸੰਤ ਖਜਾਨ ਸਿੰਘ ਜੀ ਦੀ ਢੋਲਕ, ਉਪਸਥਿਤ ਸਾਧ-ਸੰਗਤ ਨੂੰ ਆਨੰਦ-ਵਿਭੋਰ ਕਰਕੇ, ਉੱਚ ਅਧਿਆਤਮਕ ਮੰਡਲ ਦੀਆਂ ਸ਼ਿਖਰਾਂ ਤੇ ਪਹੁੰਚਾ ਰਹੀ ਸੀ।

ਅਖੀਰਲੇ ਦਿਨ ਹਵਨ ਕਰਕੇ ਸਾਰਾ ਵਾਤਾਵਰਣ ਸ਼ੁੱਧ ਤੇ ਸੁਗੰਧਮਈ ਹੋ ਗਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਗ੍ਰੰਥ ਸਾਹਿਬ ਦੇ 250 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਇਸ ਹੋਲੇ ਮਹੱਲੇ ਦੇ ਅਦਭੁਤ ਤੇ ਅਲੋਕਿਕ ਨਜ਼ਾਰੇ ਸਾਰੀ ਸਾਧ-ਸੰਗਤ ਲਈ ਚਿਰ ਵਿਸਮਰਣੀਯ ਸਨ।

## 2007 ਬਿਕ੍ਰਮੀ–1951 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ :

ਸੰਮਤ 2007 ਦਾ ਹੋਲਾ ਸ੍ਰੀ ਭੈਣੀ ਸਾਹਿਬ ਦੀ ਤਪੋ-ਭੂਮੀ ਵਿਖੇ 9-10-11 ਚੇਤਰ ਨੂੰ ਆਯੋਜਿਤ ਕੀਤਾ ਗਿਆ। ਇਸ ਸ਼ੁਭ ਅਵਸਰ ਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਨੇ ਦਰਸ਼ਨ ਦੇ ਕੇ ਹੋਲੇ ਦੀਆਂ ਰੌਣਕਾਂ ਵਿਚ ਵਾਧਾ ਕੀਤਾ। ਸਤਿਜੁਗ ਦੇ ਪੰਨਿਆਂ ਰਾਹੀਂ ਸਾਰੀ ਸਾਧ-ਸੰਗਤ ਨੂੰ ਹੋਲੇ ਤੇ ਸ੍ਰੀ ਭੈਣੀ ਸਾਹਿਬ ਵਿਖੇ ਪਹੁੰਚਣ ਦੀ ਪ੍ਰੇਰਨਾ ਦਿੱਤੀ ਗਈ। ਸਤਿਗੁਰੂ ਜੀ ਵਲੋਂ ਰਾਗੀਆਂ, ਵਿਦਵਾਨਾਂ, ਜਥੇਦਾਰਾਂ, ਪਾਠੀਆਂ ਨੂੰ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਪਹੁੰਚਣ ਦਾ ਆਦੇਸ਼ ਦਿੱਤਾ ਗਿਆ। ਇਸ ਦਾ ਵਿਸ਼ੇਸ਼ ਉਦੇਸ਼ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦਾ ਆਰੰਭ ਪਹਿਲਾਂ ਤੋਂ ਹੀ ਕਰਨਾ ਸੀ। 2 ਚੇਤਰ ਤੋਂ ਸੇਠ ਫੂਲਾ ਸਿੰਘ ਜੀ ਦੇ ਸਪੁੱਤਰ ਸ: ਗੁਰਮੁਖ ਸਿੰਘ ਜੀ, ਸ: ਤਰਲੋਕ ਸਿੰਘ ਜੀ, ਸ: ਸੁਹੇਲ ਸਿੰਘ ਜੀ, ਸ: ਅਵਤਾਰ ਸਿੰਘ ਜੀ ਵਲੋਂ ਆਦਿ ਗ੍ਰੰਥ ਸਾਹਿਬ ਦੇ ਅਖੰਡ-ਪਾਠਾਂ ਦਾ ਲੜੀਵਾਰ ਪ੍ਰਵਾਹ ਸ਼ੁਰੂ ਹੋ ਗਿਆ। 101 ਪਾਠ ਸੰਪੂਰਨ ਹੋਣ ਤੇ ਭੋਗ ਪਾਏ ਗਏ।

**ਸ਼ੁੱਧ-ਪਾਠ :**—9 ਚੇਤਰ ਨੂੰ ਪਾਠ ਪ੍ਰਤਿਯੋਗਿਤਾ ਹੋਈ ਜਿਸ ਵਿਚ 31 ਪਾਠੀਆਂ ਨੇ ਹਿੱਸਾ ਲਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤਰ ਹਸਤ-ਕੰਵਲਾਂ ਰਾਹੀਂ ਹੇਠ ਲਿਖਿਤ ਪੁਰਸਕਾਰ ਵਿਤਰਨ ਕੀਤੇ :

ਪਹਿਲਾ ਇਨਾਮ ਸੰਤ ਕਰਤਾਰ ਸਿੰਘ ਜੀ ਨੂੰ 51 ਰੁਪਏ ਤੇ ਇਕ ਦਸਤਾਰ ਦੇ ਕੇ ਨਿਵਾਜਿਆ। ਦੂਸਰਾ ਇਨਾਮ ਸ: ਸਾਧੂ ਸਿੰਘ ਸਪੁੱਤ੍ਰ ਸੰਤ ਤਰਨ ਸਿੰਘ ਜੀ ਵਹਿਮੀ ਨੇ ਸਤਿਗੁਰੂ ਜੀ ਦੇ ਪਵਿੱਤ੍ਰ ਕਰ-ਕੰਵਲਾਂ ਤੋਂ 30 ਰੁਪਏ ਤੇ ਦਸਤਾਰ ਪ੍ਰਾਪਤ ਕੀਤੇ। ਤੀਸਰਾ ਇਨਾਮ ਸੂਬਾ ਮੀਹਾਂ ਸਿੰਘ ਜੀ 20 ਰੁਪਏ ਤੇ ਦਸਤਾਰ ਸਤਿਗੁਰੂ ਜੀ ਤੋਂ ਪ੍ਰਾਪਤ ਕਰਕੇ ਖੁਸ਼ੀਆਂ ਦੇ ਪਾਤਰ ਬਣੇ।

ਜਦੋਂ ਅਖੰਡ ਪਾਠਾਂ ਦਾ ਪ੍ਰਵਾਹ ਚਲ ਰਿਹਾ ਸੀ, ਸ: ਕ੍ਰਿਪਾਲ ਸਿੰਘ ਜੀ ਇਕੱਲਿਆਂ ਨੇ ਹੀ ਆਦਿ ਗ੍ਰੰਥ ਸਾਹਿਬ ਦਾ ਪਾਠ 25 ਘੰਟਿਆਂ ਵਿਚ ਕਰ ਦਿੱਤਾ । ਸ: ਸੁਦਾਗਰ ਸਿੰਘ ਜੀ ਉਨ੍ਹਾਂ ਤੋਂ ਵੀ ਅਗਾਂਹ ਲੰਘ ਗਏ ਤੇ ਉਹਨਾਂ ਨੇ 19 ਘੰਟਿਆਂ ਵਿਚ ਆਦਿ ਗ੍ਰੰਥ ਸਾਹਿਬ ਦਾ ਪਾਠ ਸੰਪੂਰਣ ਕਰ ਦਿਤਾ । ਸ: ਕ੍ਰਿਪਾਲ ਸਿੰਘ ਜੀ ਤੇ ਸ: ਸੁਦਾਗਰ ਸਿੰਘ ਜੀ ਦਾ ਪਾਠ ਉਚਾਰਨ ਸ਼ੁੱਧ ਸੀ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫ਼ੁਰਮਾਇਆ, 'ਇਕੱਲੇ ਇਸ ਤਰ੍ਹਾਂ ਲਗਾਤਾਰ ਪਾਠ ਨਹੀਂ ਕਰਨਾ ਚਾਹੀਦਾ, ਕਿਉਂਕਿ ਇਕ ਤਾਂ ਦਿਮਾਗ ਵਿਚ ਕਾਹਲ ਹੁੰਦੀ ਹੈ ਤੇ ਇਸੇ ਕਾਹਲ ਵਿਚ ਕਈ ਵਾਰੀ ਲਗ, ਮਾਤਰ ਆਦਿ ਉਚਾਰਨ ਕਰਨ ਤੋਂ ਰਹਿ ਜਾਂਦੇ ਹਨ ।' ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, 'ਇਕ ਵਾਰੀ ਉਹ ਆਪ ਆਦਿ ਗ੍ਰੰਥ ਸਾਹਿਬ ਦਾ ਪਾਠ ਇਕੱਲੇ ਕਰਨ ਬੈਠ ਗਏ । ਸਤਿਗੁਰੂ ਹਰੀ ਸਿੰਘ ਜੀ ਨੇ ਉਨ੍ਹਾਂ ਨੂੰ ਇਕੱਲੇ ਪਾਠ ਕਰਦਿਆਂ ਵੇਖ ਕੇ ਹੋਰ ਸਿੱਖ ਪਾਠ ਕਰਨ ਤੇ ਲਗਾ ਦਿਤੇ ਤੇ ਉਨ੍ਹਾਂ ਨੂੰ ਉਠਾ ਕੇ ਕਿਹਾ, ''ਗੁਰਬਾਣੀ ਸ਼ੁੱਧ ਤੇ ਨਿਰਮਲ ਪਾਠ ਕਰਨ ਹਿਤ ਪੜ੍ਹੀ ਦੀ ਹੈ । ਇਸ ਤਰ੍ਹਾਂ ਮਨ ਸਗੋਂ ਮੈਲਾ ਤੇ ਅਹੰਕਾਰੀ ਹੁੰਦਾ ਹੈ । ਸਿੱਖ ਨੂੰ ਨਿਰਮਲ ਤੇ ਨਿਰਮਾਣ ਹੋਣ ਦੀ ਲੋੜ ਹੈ । ਇਕੱਲੇ ਬੈਠ ਪਾਠ ਨਹੀਂ ਕਰਨਾ ਚਾਹੀਦਾ ਕਿਉਂਕਿ ਅਸ਼ੁੱਧ ਹੋ ਜਾਂਦਾ ਹੈ ।''

ਪ੍ਰੋਫੈਸਰ ਸ਼ੇਰ ਸਿੰਘ ਜੀ ਜੋ ਕਿ ਸਿੰਘ ਸਭਾ ਦੇ ਮੈਂਬਰ ਸਨ, ਸਤਿਗੁਰੂ ਜੀ ਦੇ ਪਾਠਾਂ ਬਾਰੇ ਇਹ ਬਚਨ ਸੁਣੇ, ਤਾਂ ਸਾਧ-ਸੰਗਤ ਵਿਚ ਖੜ੍ਹੇ ਹੋ ਕੇ ਕਿਹਾ, ''ਮੈਂ ਲੋਕਾਂ ਵਿਚ ਤਾਂ ਪ੍ਰੋਫੈਸਰ ਹਾਂ, ਪਰ ਇਥੇ ਤੇ ਮੇਰੀ ਕੋਈ ਵੀ ਵਟੱਕ ਨਹੀਂ ਚਲੀ ।''

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੀ ਇਕ ਵਾਰਤਾ ਸੁਣਾਈ । ਇਕ ਸਿੱਖ ਘੋੜੀ ਤੇ ਚੜ੍ਹਿਆ ਹੋਇਆ ਮਨ ਵਿਚ ਵਿਚਾਰ ਕਰ ਰਿਹਾ ਸੀ, ''ਸ੍ਰੀ ਗੁਰੂ ਨਾਨਕ ਦੇਵ ਜੀ ਜੋ ਜਪੁ ਉਡਾਰੀਆਂ ਲਾਉਂਦੇ ਸੀ, ਜਾਂ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਦਿੱਤਾ ਹੀ ਨਹੀਂ ਜਾਂ ਫਿਰ ਹੁਣ ਇਸ ਵਿਚ ਸ਼ਕਤੀ ਨਹੀਂ ਰਹਿ ਗਈ, ਤੇ ਜਾਂ ਮੈਂ ਪ੍ਰਤੀਤ ਨਾਲ ਜਪਿਆ ਹੀ ਨਹੀਂ । ਤੇ ਅਗਰ ਜੇ ਕੋਈ ਵੀ ਕਸਰ ਨਹੀਂ ਤੇ ਫਿਰ ਭਲਾ ਮੈਂ ਕਿਉਂ ਨਹੀਂ ਉੱਡ ਸਕਦਾ ?'' ਇਹ ਵਿਚਾਰਾਂ ਦੀ ਉਧੇੜਬੁਣ ਹਾਲਾਂ ਕਰ ਹੀ ਰਿਹਾ ਸੀ, ਕਿ ਇਕ ਦਮ ਉਹ ਘੋੜੀ ਸਮੇਤ ਉਡਣਾ ਸ਼ੁਰੂ ਹੋ ਗਿਆ । ਸੰਭਾਲ ਕਰਨੀ ਅਤਿ ਔਖੀ ਹੋ ਰਹੀ ਸੀ । ਮਨ ਵਿਚ ਖ਼ੂਬ ਘਬਰਾਹਟ ਹੋਈ ਕਿ ਹੁਣ ਕੀ ਕੀਤਾ ਜਾਵੇ, ਕਿਵੇਂ ਕਾਬੂ ਪਾਇਆ ਜਾਵੇ । ਲੱਗਾ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀਆਂ ਤੇ ਅਰਜ਼ੋਈਆਂ ਕਰਨ, ਠੀਕ ਉਸੇ ਤਰ੍ਹਾਂ ਜਿਵੇਂ ਬ੍ਰਹਮਾ ਜੀ ਨੇ ਨਾਭਿ-ਕਮਲ ਵਿਚ ਪਿਆਂ ਅਰਜ਼ੋਈਆਂ ਕੀਤੀਆਂ ਸਨ । ''ਹੇ ਕ੍ਰਿਪਾ ਨਿਧਾਨ ਮੇਰੀ ਸਹਾਇਤਾ ਲਈ ਬਹੁੜੋ, ਮੇਰੇ ਤੇ ਕ੍ਰਿਪਾ ਕਰੋ, ਮੇਰੀ ਰੱਖਿਆ ਕਰੋ, ਮੇਰੀ ਲਾਜ ਰਖੋ ।'' ਸੱਚੇ ਪਾਤਸ਼ਾਹ ਕਰੁਨਾ-ਨਿਧਾਨ ਨੇ ਆਪਣੇ ਸਿੱਖ ਤੇ ਕ੍ਰਿਪਾ ਕੀਤੀ ਤੇ ਉਸ ਦੇ ਪੈਰ ਕੋਠੀ ਜਾ ਛੁੰਜੇ ਲਗੇ, ਮਨ ਨੂੰ ਸਾਂਤਵਨਾਂ ਤੇ ਧੀਰਜ ਪ੍ਰਾਪਤ ਹੋਇਆ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਵਾਰਤਾ ਸੁਣਾ ਕੇ ਫ਼ੁਰਮਾਇਆ, ''ਕਮਾਈ ਕਰਨ ਵਾਲਿਆਂ ਵਿਚ ਹੀ ਐਸੇ ਅਚੰਭੇ ਹਾਸਿਲ ਹੁੰਦੇ ਹਨ ।''

9 ਚੇਤਰ ਨੂੰ ਗਊਆਂ ਦੇ ਦੁੱਧ ਤੇ ਬੈਲਾਂ ਦੀ ਨਸਲ ਦੀ ਪਰਖ ਹੋਈ, ਤੇ ਵਧੇਰੇ ਦੁਧ ਦੇਣ ਵਾਲੀਆਂ ਗਊਆਂ ਦੇ ਮਾਲਕ ਤੇ ਵਧੀਆ ਨਸਲ ਦੇ ਬੈਲਾਂ ਦੇ ਮਾਲਕਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤ੍ਰ ਹਸਤ-ਕੰਵਲਾਂ ਰਾਹੀਂ ਇਨਾਮ ਦੇ ਕੇ ਨਿਵਾਜਿਆ।

10 ਚੇਤਰ ਨੂੰ ਕਵੀ ਦਰਬਾਰ ਹੋਇਆ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ, ਕਿ ਪਿਛਲੇ ਹੋਲਿਆਂ ਤੇ ਕਵਿਤਾਵਾਂ ਦਾ ਵਿਸ਼ਾ ਸਤਿਗੁਰੂ ਰਾਮ ਸਿੰਘ ਜੀ ਦਾ ਗੁਣ-ਗਾਉਣ ਕਰਨਾ ਸੀ ਪਰ ਇਸ ਹੋਲੇ ਤੇ ਸਤਿਗੁਰੂ ਹਰੀ ਸਿੰਘ ਜੀ ਬਾਬਤ ਕਵਿਤਾਵਾਂ ਲਿਖੀਆਂ ਜਾਣ, ਤੇ ਉਹ ਕਵਿਤਾਵਾਂ ਸਵੈਯਾ ਛੰਦ ਵਿਚ ਨਿਬੱਧ ਹੋਣ। ਕਰੀਬਨ 14 ਕਵੀਆਂ ਨੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਕਵਿਤਾਵਾਂ ਲਿਖੀਆਂ। ਹੇਠ ਲਿਖਿਤ ਕਵੀ ਇਨਾਮ ਦੇ ਹੱਕਦਾਰ ਬਣੇ :

ਪਹਿਲਾ ਸਥਾਨ ਸੂਬਾ ਮੀਹਾਂ ਸਿੰਘ ਜੀ ਨੂੰ ਪ੍ਰਾਪਤ ਹੋਇਆ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਵਿੱਤ੍ਰ ਹਸਤ-ਕੰਵਲਾਂ ਨਾਲ 51 ਰੁਪਏ ਦੇ ਕੇ ਉਨ੍ਹਾਂ ਨੂੰ ਪ੍ਰੋਤਸਾਹਿਤ ਕੀਤਾ। ਸੰਤ ਖੁਸ਼ਹਾਲ ਸਿੰਘ ਜੀ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਤੇ ਸਤਿਗੁਰੂ ਜੀ ਦੇ ਪਵਿੱਤ੍ਰ ਹਸਤ-ਕੰਵਲਾਂ ਤੋਂ 30 ਰੁਪਏ ਇਨਾਮ ਵਜੋਂ ਪ੍ਰਾਪਤ ਕੀਤੇ। ਸੰਤ ਆਤਮਾ ਸਿੰਘ ਜੀ ਸਨਖਤਰਾ ਨੇ 30 ਰੁਪਏ ਇਨਾਮ ਤੇ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨੇ 20 ਰੁਪਏ ਇਨਾਮ ਵਿਚ ਸਤਿਗੁਰੂ ਜੀ ਤੋਂ ਗ੍ਰਹਿਣ ਕੀਤੇ।

10 ਚੇਤਰ ਨਾਮਧਾਰੀ ਦਰਬਾਰ ਦੀ ਇਕੱਤ੍ਰਤਾ ਹੋਈ ਜਿਸ ਵਿਚ ਕਈ ਵਿਸ਼ਿਆਂ ਤੇ ਵਿਚਾਰ ਵਟਾਂਦਰੇ ਹੋਏ ਤੇ ਹੇਠ ਲਿਖਿਤ ਮਤੇ ਸਰਬ-ਸੰਮਤੀ ਨਾਲ ਪਾਸ ਕੀਤੇ ਗਏ :

—ਕਾਂਗਰਸ ਗਊ ਹੱਤਿਆ ਬੰਦ ਕਰੇ।

—ਖਿਲਾਫਤ ਪਾਰਟੀ ਨੂੰ ਬਿਨਾ ਕਿਸੇ ਸ਼ਰਤ ਲਾਇਆਂ ਨਾਮਧਾਰੀ ਪੰਥ ਵਿਚ ਮੇਲਿਆ ਜਾਵੇ।

ਇਸ ਕੰਮ ਨੂੰ ਸਿਰੇ ਚੜ੍ਹਾਨ ਲਈ ਸੰਤ ਮੰਗਲ ਸਿੰਘ ਜੀ, ਸੰਤ ਅਰਬੇਲ ਸਿੰਘ ਜੀ, ਸੰਤ ਲਛਮਣ ਸਿੰਘ ਜੀ ਦੀ ਸੇਵਾ ਲਾਈ।

—ਹਿੰਦੂ ਤੇ ਸਿੱਖਾਂ ਵਿਚ ਪਈਆਂ ਵਿੱਥਾਂ ਨੂੰ ਮੇਟਿਆ ਜਾਵੇ ਕਿਉਂਕਿ ਇਹ ਇਕੋ ਹਨ। ਇਹ ਵਿੱਥ ਅੰਗ੍ਰੇਜ਼ਾਂ ਨੇ ਪਾਈ ਹੈ। ਅੰਗ੍ਰੇਜ਼ ਤਾਂ ਹੁਣ ਚਲਾ ਗਿਆ ਹੈ ਤੇ ਸਾਡਾ ਬਹੁਤ ਭਲਾ ਕਰ ਗਿਆ ਹੈ।

11 ਚੇਤਰ ਨੂੰ ਹਵਨ ਦੀ ਸੁਗੰਧੀ ਨੇ ਸਾਰਾ ਵਾਤਾਵਰਣ ਸ਼ੁੱਧ ਤੇ ਸੁਗੰਧਮਈ ਕਰ ਦਿਤਾ। ਸਿੱਖਾਂ ਨੂੰ ਅੰਮ੍ਰਿਤ ਤਿਆਰ ਕਰਕੇ ਛਕਾਇਆ ਗਿਆ। 1490 ਆਦਿ ਗ੍ਰੰਥ ਸਾਹਿਬ ਦੇ ਤੇ 10 ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। 40 ਜੋੜਿਆਂ ਨੂੰ ਅਨੰਦ ਕਾਰਜ ਦੀ ਪਵਿੱਤ੍ਰ ਮਰਯਾਦਾ ਅਨੁਸਾਰ ਵਿਵਾਹਿਕ ਬੰਧਨਾਂ ਵਿਚ ਬੰਨ੍ਹਿਆ ਗਿਆ।

ਹੋਲੇ ਦੇ ਇਸ ਸ਼ੁਭ ਅਵਸਰ ਤੇ ਸ: ਸੰਤ ਸਿੰਘ ਜੀ ਗੁਜਰਾਂਵਾਲੇ ਦੇ, ਸਫੇਦ ਸਾਧੇ ਬਸਤ੍ਰ ਧਾਰਨ ਕੀਤੇ ਹੋਏ, ਸਤਿਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ। ਉਸ ਵੇਲੇ

ਸਤਿਗੁਰੂ ਪ੍ਰਤਾਪ ਸਿੰਘ ਜੀ ਬਾਗ ਵਿਚ ਬਿਰਾਜਮਾਨ ਸਨ। ਸੰਤ ਜੀ ਦੋਵੇਂ ਹੱਥ ਜੋੜ ਕੇ ਅਰਜ ਕਰਨ ਲੱਗੇ, "ਮੈਨੂੰ ਆਪ ਜੀ ਦੀ ਮਿਹਰ ਨਾਲ ਜੋ ਕੁਝ ਮਿਲਿਆ ਹੈ, ਠੀਕ ਹੈ। ਮੈਂ ਕਈਆਂ ਸੰਖਾ, ਕਰੋੜਾਂ, ਪਦਮਾ ਵਾਰੀ ਰਾਮ ਦਾ ਨਾਮ ਲੈ ਬਥੇਰਾ ਧਨ ਜਮ੍ਹਾ ਕਰ ਲਿਆ ਹੈ। ਦੀਨ ਅਤੇ ਦੁਨੀਆਂ ਦੋਵੇਂ ਠੀਕ ਹਨ। ਆਪ ਜੀ ਦੀ ਪਵਿੱਤ੍ਰ ਮੂਰਤ ਦਾ ਦਰਸ਼ਨ ਜਾਗਦੇ, ਸੁੱਤੇ ਨੂੰ ਹੁੰਦਾ ਹੈ। ਮੈਂ ਇਹ ਮੰਗਣ ਆਇਆ ਹਾਂ ਕਿ ਰਹਿੰਦੇ ਸਵਾਸ ਐਵੇਂ ਹੀ ਨਿੱਭਣ।" ਇਸ ਤੋਂ ਉਪਰੰਤ ਬਾਬਾ ਜੀ ਨੇ ਕਿਹਾ, 'ਜਿਸ ਸਿੱਖ ਜਾਂ ਪ੍ਰੇਮੀ ਨੂੰ ਆਪਣੇ ਗੁਰੂ ਦਾ, ਆਪਣੇ ਪ੍ਰੀਤਮ ਦਾ ਅੱਠੀ ਪਹਰੀ ਜਾਂ ਦੋ ਵੇਲੇ ਦਰਸ਼ਨ ਨਹੀਂ ਹੁੰਦਾ, ਉਹ ਕਿਹਾ ਸਿੱਖ, ਤੇ ਕਿਹਾ ਪ੍ਰੇਮੀ ਹੋਇਆ।' ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਬਖਸ਼ਿਸ਼ ਭਰੀ ਨਿਗਾਹ ਨਾਲ ਕ੍ਰਿਪਾ ਦ੍ਰਿਸ਼ਟੀ ਕੀਤੀ। ਇਹ ਬਾਬਾ ਜੀ ਭਾਵੇਂ ਸਿਰ ਤੇ ਕਾਲੀ ਪੱਗ ਬੰਨ੍ਹਦੇ ਸਨ ਪਰ ਇਹਨਾਂ ਨੂੰ ਕਦੇ ਕਿਸੇ ਨੇ ਟੋਕਿਆ ਨਹੀਂ ਸੀ, ਕਿਉਂਕਿ ਇਹਨਾਂ ਦਾ ਹਿਰਦਾ ਸ਼ੁੱਧ ਤੇ ਪਵਿੱਤ੍ਰ ਸੀ।

ਸਾਰੀ ਸਾਧ-ਸੰਗਤ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ, ਮੇਲੇ ਦੀਆਂ ਮਧੁਰ ਯਾਦਾਂ ਨੂੰ ਆਪਣੇ ਮਨਾਂ ਵਿਚ ਵਸਾ ਕੇ ਆਪਣੇ-ਆਪਣੇ ਘਰਾਂ ਨੂੰ ਵਾਪਿਸ ਪਰਤੀ।

## 2008 ਬਿਕ੍ਰਮੀ-1952 ਈਸਵੀ, ਹੋਲਾ ਮੰਡੀ-ਹਿਮਾਚਲ।

ਮੰਡੀ-ਹਿਮਾਚਲ ਪ੍ਰਦੇਸ਼ ਦਾ ਇਕ ਬਹੁਤ ਸੁੰਦਰ ਸਥਾਨ ਹੈ। ਇਥੇ ਹਰ ਪਾਸੇ, ਹਰ ਸਥਾਨ ਤੇ ਨਾਮਧਾਰੀ ਸਿੰਘਾਂ ਦੇ ਦਰਸ਼ਨ ਹੁੰਦੇ ਹਨ। ਇਥੋਂ ਦੀ ਨਾਮਧਾਰੀ ਸਾਧ-ਸੰਗਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਿਸ਼ੇਸ਼ ਬਖਸ਼ਸ਼ ਤੇ ਕ੍ਰਿਪਾ ਦੇ ਪਾਤਰ ਹਨ। ਸ੍ਰੀ ਭੈਣੀ ਸਾਹਿਬ ਵਿਖੇ ਇਥੋਂ ਦੀ ਸਾਧ-ਸੰਗਤ ਨੇ ਸੰਮਤ 2008-1952 ਸੰਨ ਦਾ ਹੋਲਾ ਕਰਨ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਖੇ ਅਰਜ਼ੋਈ ਕੀਤੀ, ਜੋ ਕਿ ਪ੍ਰਵਾਨ ਹੋ ਗਈ। ਸਤਿਗੁਰੂ ਜੀ ਨੇ 28, 29, 30 ਫੱਗਣ ਨੂੰ ਹੋਲੇ ਦੇ ਸ਼ੁਭ ਅਵਸਰ ਤੇ ਮੰਡੀ ਦੀ ਸਾਧ-ਸੰਗਤ ਨੂੰ ਦਰਸ਼ਨਾਂ ਦੀ ਦਾਤ ਬਖਸ਼ੀ।

ਭਾਵੇਂ ਦੂਰੋਂ ਨੇੜਿਉਂ ਸਾਧ-ਸੰਗਤ ਹੋਲੇ ਦੇ ਸ਼ੁਭ ਅਵਸਰ ਤੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਪਹੁੰਚੀ, ਪਰ ਸਾਕੇਤ, ਰਵਾਲਸਰ, ਕਾਂਗੜਾ, ਅਨੰਦਪੁਰ, ਰੋਪੜ, ਨਗਰੋਟਾ, ਗਵਾਲੀਅਰ ਦੀਆਂ ਸੰਗਤਾਂ ਹੁੰਮ-ਹੁਮਾ ਕੇ ਮੰਡੀ ਪਹੁੰਚੀਆਂ। ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ ਜੀ, ਖਜ਼ਾਨ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਸੁਰੀਲੇ ਕੰਠ ਰਾਹੀਂ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਕਰਦੇ ਤੇ ਸੰਤ ਪ੍ਰੀਤਮ ਸਿੰਘ ਜੀ ਵਾਰੇ ਵਾਲੇ, ਵਾਰਾ ਲਗਾ ਕੇ, ਸਾਧ-ਸੰਗਤ ਦੇ ਹਿਰਦਿਆਂ ਨੂੰ ਝੰਜੋੜ ਕੇ ਰੱਖ ਦਿੰਦੇ। ਫਿਰ ਇਸ ਤੋਂ ਉਪਰੰਤ ਭਾਸ਼ਨਾਂ ਤੇ ਵਖਿਆਨਾਂ ਰਾਹੀਂ ਸਾਧ-ਸੰਗਤ ਨੂੰ ਗਿਆਨ ਪ੍ਰਦਾਨ ਕੀਤਾ ਜਾਂਦਾ। ਜਥੇਦਾਰ ਹੱਲੇ ਦੇ ਦੀਵਾਨ ਲਗਾ ਕੇ ਸਾਧ-ਸੰਗਤ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਬਾਰੇ ਤੇ ਹੋਰ ਵਿਸ਼ਿਆਂ ਤੇ ਖੋਜ ਭਰਪੂਰ ਲੈਕਚਰ ਦਿੰਦੇ।

ਅਖੀਰਲੇ ਦਿਨ ਹਵਨ ਰਾਹੀਂ ਸਾਰਾ ਵਾਤਾਵਰਣ ਸ਼ੁੱਧ ਤੇ ਸੁਗੰਧ-ਮਈ ਹੋ ਗਿਆ। ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਕੁਝ ਜੋੜਿਆਂ ਨੂੰ ਵਿਆਹ ਦੇ ਪਵਿੱਤ੍ਰ ਬੰਧਨਾਂ ਵਿਚ ਬੰਨ੍ਹਿਆ ਗਿਆ। ਟਾਲਾ ਸਾਹਿਬ ਦੀ ਸਾਧ-ਸੰਗਤ ਨੇ ਟਾਲਾ ਸਾਹਿਬ ਵਿਖੇ ਹੋਲਾ ਕਰਨ ਦੀ ਅਰਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਕੀਤੀ, ਜੋ ਪ੍ਰਵਾਨ ਹੋ ਗਈ।

## 2009 ਬਿਕ੍ਰਮੀ–1953 ਈਸਵੀ, ਹੋਲਾ ਟਾਲਾ ਸਾਹਿਬ, ਜ਼ਿਲ੍ਹਾ ਬਠਿੰਡਾ।

ਸੰਮਤ 2009–1953 ਈ: ਸੰਨ ਦਾ ਹੋਲਾ ਟਾਲਾ ਸਾਹਿਬ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਟਾਲਾ ਸਾਹਿਬ ਦੀ ਧਰਤੀ ਨੂੰ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੁਹ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਸੀ, ਤੇ ਹੁਣ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਥੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰ ਰਹੇ ਸਨ।

ਸਤਿਜੁਗ ਦੇ ਪੰਨਿਆਂ ਰਾਹੀਂ ਪਹਿਲਾਂ ਤੋਂ ਹੀ ਪ੍ਰਕਾਸ਼ਿਤ ਕਰਵਾ ਦਿਤਾ ਗਿਆ, ਕਿ ਹੋਲੇ ਤੇ ਕਿਸ ਤਰ੍ਹਾਂ ਤੇ ਕਿਵੇਂ ਪਹੁੰਚਣਾ ਹੈ। ਆਦੇਸ਼ਾਨੁਸਾਰ ਸਾਧ-ਸੰਗਤ ਹੋਲੇ ਦੀ ਪਵਿੱਤ੍ਰ-ਪਾਵਨ ਭੂਮੀ ਤੇ ਹੋਲੇ ਦਾ ਆਨੰਦ ਮਾਨਣ ਲਈ ਤੇ ਆਪਣੇ ਪਿਆਰੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚ ਗਈ। ਇਸ ਸ਼ੁਭ ਅਵਸਰ ਤੇ ਪੂਜਯ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਨੇ ਵੀ ਦਰਸ਼ਨ ਦਿਤੇ 17, 18 ਫੱਗਣ ਹੋਲੇ ਦੇ ਵਿਸ਼ੇਸ਼ ਦਿਨ ਸਨ। ਅੰਮ੍ਰਿਤ ਵੇਲੇ ਸੰਤ ਦਰਸ਼ਨ ਸਿੰਘ ਜੀ ਤੇ ਖਜਾਨ ਸਿੰਘ ਜੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਗਾਇਨ ਕਰਕੇ ਸਾਧ-ਸੰਗਤਾਂ ਨੂੰ ਨਿਹਾਲ ਕਰਦੇ। ਪੰਡਿਤ ਗੋਪਾਲ ਸਿੰਘ ਜੀ ਤੇ ਸੰਤ ਨਿਧਾਨ ਸਿੰਘ ਜੀ ਆਲਿਮ ਨੇ ਆਪਣੇ ਵਿਦਵਤਾ ਭਰਪੂਰ ਭਾਸ਼ਨਾਂ ਰਾਹੀਂ ਸਾਧ-ਸੰਗਤ ਨੂੰ ਗਿਆਨ ਪ੍ਰਦਾਨ ਕੀਤਾ। ਜਥੇਦਾਰਾਂ ਨੇ ਹੋਲੇ ਦੇ ਦੀਵਾਨ ਲਗਾ ਕੇ, ਸਭ ਨੂੰ ਅਨੰਦ ਵਿਭੋਰ ਕਰ ਦਿਤਾ।

ਇਸ ਸ਼ੁਭ ਅਵਸਰ ਤੇ ਸਾਧ-ਸੰਗਤ ਦਾ ਬਹੁਤ ਭਾਰੀ ਇਕੱਠ ਹੋਇਆ। ਨਾਮਧਾਰੀ ਦਰਬਾਰ ਦੀ ਇਕੱਤ੍ਰਤਾ ਹੋਈ, ਤੇ ਕਈ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਇਕ ਵਿਸ਼ੇਸ਼ ਮਤਾ ਇਹ ਸੀ, ਕਿ ਸਤਿਜੁਗ ਅਖਬਾਰ ਨੂੰ ਮਾਸਿਕ ਪੱਤ੍ਰਿਕਾ ਦਾ ਰੂਪ ਦਿਤਾ ਜਾਵੇ।

ਅਖੀਰਲੇ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਕਈ ਸਿੰਘਾਂ ਨੇ ਮਾਸ ਸ਼ਰਾਬ ਤਿਆਗ ਕੇ, ਅੰਮ੍ਰਿਤ ਪਾਨ ਕਰਕੇ ਆਪਣਾ ਜਨਮ ਸਫਲ ਕੀਤਾ। ਹਵਨ ਹੋਇਆ, ਅਨੰਦ ਕਾਰਜ ਹੋਏ, ਆਦਿ ਗ੍ਰੰਥ ਸਾਹਿਬ ਦੇ 65 ਪਾਠਾਂ ਦੇ ਭੋਗ ਪਾਏ ਗਏ। ਇਥੋਂ ਦੀ ਸਾਰੀ ਸਾਧ-ਸੰਗਤ ਨੇ ਮਿਲ ਜੁਲ ਕੇ ਮੇਲੇ ਦੀ ਅਣਥੱਕ ਸੇਵਾ ਕੀਤੀ, ਪਰ ਸੰਤ ਸੁਜਾਨ ਸਿੰਘ ਜੀ ਇਕੱਲਿਆਂ ਨੇ ਹੀ ਇਸ ਮੇਲੇ ਲਈ ਮਾਇਕ ਸਹਾਇਤਾ ਦੇ ਕੇ ਆਪਣੇ ਧਨ ਨੂੰ ਸੁਫਲਾ ਕੀਤਾ।

ਦੂਸਰੇ ਪਾਸੇ ਸੰਤ ਨਗਰ ਦੀ ਸਾਧ-ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹੋਲੇ ਦੇ ਦਿਨਾਂ ਤੋਂ ਆਰੰਭ ਕਰਕੇ ਚੇਤ ਵਦੀ ਤੀਜ ਤਕ ਸੰਤ ਨਗਰ ਵਿਖੇ ਸੇਵਾ ਕੀਤੀ ਜਾਵੇ। ਸਤਿਗੁਰੂ ਜੀ ਦੀ ਪ੍ਰਵਾਨਗੀ ਅਨੁਸਾਰ, ਸੰਤ ਨਗਰ ਦੇ ਨੇੜੇ ਤੇੜੇ ਪਿੰਡਾਂ ਦੀ ਸਾਧ-ਸੰਗਤ ਨੇ ਇਕੱਤ੍ਰ ਹੋ ਕੇ 19 ਫੱਗਣ ਤੋਂ ਆਰੰਭ ਕਰਕੇ 21 ਫੱਗਣ ਤਕ ਮੇਲਾ ਕੀਤਾ। ਆਦਿ ਗ੍ਰੰਥ ਸਾਹਿਬ ਦੇ 12 ਪਾਠਾਂ ਦੇ ਭੋਗ ਪਾਏ ਗਏ। ਹਵਨ ਦੀਆਂ ਲਪਟਾਂ ਤੇ ਸਮੱਗਰੀ ਦੀ ਸੁਗੰਧੀ ਨੇ ਸਾਰਾ ਵਾਤਾਵਰਣ ਸ਼ੁੱਧ ਤੇ ਸੁਗੰਧਮਈ ਬਣਾ ਦਿਤਾ। ਅਗਲੇ ਹੋਲੇ ਲਈ ਨਕੋੜੇ ਦੀ ਸਾਧ-ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, ਜੋ ਕਿ ਪ੍ਰਵਾਨ ਹੋ ਗਈ। ਸਾਰੀ ਸਾਧ-ਸੰਗਤ ਤੇ ਨਕੋੜੇ ਦੀ ਸਾਧ-ਸੰਗਤ ਵਿਸ਼ੇਸ਼ ਰੂਪ ਵਿਚ ਖੁਸ਼ੀਆਂ ਲੈ ਕੇ ਆਪਣੇ-ਆਪਣੇ ਘਰਾਂ ਨੂੰ ਵਾਪਿਸ ਪਹੁੰਚੀ।

## 2010 ਬਿਕ੍ਰਮੀ-1954 ਈਸਵੀ, ਹੋਲਾ ਪਿੰਡ ਨਕੋੜਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਸੰਮਤ 2010-1954 ਸੰਨ ਦਾ ਹੋਲਾ ਪਿੰਡ ਨਕੋੜਾ ਵਿਖੇ ਹੋਇਆ। ਇਸ ਅਵਸਰ ਤੇ ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਇੰਦਰ ਸਿੰਘ ਜੀ ਚੱਕਰਵਰਤੀ ਤੇ ਹੋਰ ਪਤਵੰਤੇ ਸੱਜਣਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ-ਸੰਗਤ ਨੂੰ ਆਪਣੇ ਮੁਖਾਰਬਿੰਦ ਤੋਂ ਪਵਿੱਤ੍ਰ ਉਪਦੇਸ਼ ਦਿੱਤੇ।

**ਗੁਰੂ ਬਿਨ ਘੋਰ ਅੰਧਾਰ :**—ਸੰਤ ਨਿਧਾਨ ਸਿੰਘ ਜੀ ਆਲਿਮ ਨੇ 'ਗੁਰ ਬਿਨ ਘੋਰ ਅੰਧਾਰ' ਦੀ ਵਿਆਖਿਆ ਕੀਤੀ, ਜਿਸ ਦਾ ਸਾਰਾਂਸ਼ ਇਸ ਪ੍ਰਕਾਰ ਹੈ :

"ਬਾਹਰ ਢੂੰਢਨ ਤੇ ਛੂਟ ਪਰੀ ਗੁਰ ਘਰ ਹੀ ਮਹਿ ਦਿਖਾਇਆ ਥਾ।"

ਕ੍ਰੋੜ ਪਤੀ ਸੇਠ ਦਾ ਲੜਕਾ ਅਜ ਕੌਡੀ ਦਾ ਮੁਹਤਾਜ ਹੈ। ਸੇਠ ਦੇ ਮਰਨ ਪਿਛੋਂ ਕੁੱਲ ਸਰਮਾਇਆ ਮੁਨੀਮ ਚਟਮ ਕਰ ਗਏ; ਛੱਡ ਗਏ ਮਾਸੂਮ ਬੱਚੇ ਲਈ ਭੁੱਖ, ਦੁੱਖ ਤੇ ਗਰੀਬੀ। ਜੁਆਨ ਹੋਣ ਤੇ ਬੱਚੇ ਨੂੰ ਪਤਾ ਲਗਦਾ ਹੈ ਕਿ ਇਹ ਬਾਜ਼ਾਰਾਂ ਦੇ ਬਾਜ਼ਾਰ ਮੇਰੇ ਪਿਤਾ ਦੀ ਮਲਕੀਅਤ ਸਨ। ਢਿੱਡ ਵਿਚ ਵੱਟ ਪੈਂਦੇ ਹਨ ਤੇ ਮਾਂ ਕੋਲੋਂ ਵਹੀ ਖਾਤੇ ਲੈ ਕੇ ਫਰੋਲਦਾ ਹੈ, ਮਤੇ ਏਡੇ ਵੱਡੇ ਸੇਠ ਦੇ ਖਾਤਿਆਂ ਵਿਚੋਂ ਕੁਝ ਭੂਰ ਚੂਰ ਨਿਕਲ ਪਵੇ। ਨਿਕਲਦਾ ਹੈ ਇਕ ਲੱਖ ਥੰਮ ਸ਼ਾਹ ਦੇ ਨਾਮ ਪਰ। ਥੰਮ ਸ਼ਾਹ ਦਾ ਪਤਾ ਨਹੀਂ ਪੈਂਦਾ ਕੌਣ ਹੈ। ਆਖਰ ਨਿਰਾਸ਼ ਹੋ ਸੰਤਾਂ ਦੀ ਸ਼ਰਨ ਜਾਂਦਾ ਹੈ ਤੇ ਪੁੱਛਦਾ ਹੈ, 'ਸੰਤ ਜੀ ! ਮੇਰੇ ਬਾਪ ਦੀਆਂ ਵਹੀਆਂ ਵਿਚ ਲਿਖਿਆ ਹੈ ਇਕ ਲੱਖ ਥੰਮ ਸ਼ਾਹ ਦੇ ਨਾਮ, ਪਰ ਥੰਮ ਸ਼ਾਹ ਦਾ ਪਤਾ ਨਹੀਂ ਲਗਦਾ ਕਿ ਕੌਣ ਹੈ ? ਤੁਸੀਂ ਸਰਬੱਗ ਹੋ, ਮੈਨੂੰ ਇਸ ਦਾ ਭੇਦ ਦੱਸੋ।' ਸੰਤ ਜੀ ਅੱਗੇ 'ਭਾਈ ਰੇ, ਗੁਰ ਬਿਨ ਗਿਆਨ ਨਾ ਹੋਇ' ਦੀ ਵਿਆਖਿਆ ਕਰਕੇ ਹਟੇ ਸਨ, ਕਹਿਣ ਲੱਗੇ, 'ਭਾਈ ਤੇਰੇ ਘਰ ਚਲ ਕੇ ਦੱਸਦੇ ਹਾਂ।'

ਘਰ ਗਏ ਤੇ ਚੁਫੇਰੇ ਨਿਗਾਹ ਦੁੜਾ ਕੇ ਕਿਹਾ, 'ਭਾਈ ਨੇੜੇ ਆ ਤੈਨੂੰ ਗੁਰ ਮੰਤ੍ਰ

ਜਾਂ ਫੂਕ ਮੰਤ੍ਰ ਦੇਵੀਏ ਕਿਉਂਕਿ ਕੰਨ ਵਿਚ ਦਸੇ ਬਿਨਾਂ ਇਹ ਨਿਸਫਲ ਹੋ ਜਾਂਦਾ ਹੈ' ਇਸ ਲਈ :

"ਗੋਪ ਰਾਖੀਐ ਮੰਤਰ, ਜਿਉਂ ਪ੍ਰਗਟ ਵਿਫਲ ਹੋਇ ਜਾਇ।"

ਘਰ ਵਿਚ ਨਿਗ੍ਹਾ ਮਾਰ ਕੇ ਸੰਤਾਂ ਦਸ ਦਿੱਤਾ, 'ਕਿ ਭਾਈ ਇਸ ਥੰਮ ਦਾ ਨਾਂ ਹੀ ਥੰਮ ਸ਼ਾਹ ਹੈ ਜਿਸ ਨੂੰ ਤੂੰ ਬਾਹਰ ਲੱਭਦਾ ਫਿਰਦਾ ਹੈਂ। ਪੂਰੇ ਗੁਰੂ ਤੋਂ ਬਿਨਾਂ ਇਸ ਦਾ ਪਤਾ ਤੇਰੀਆਂ ਕਿਤਾਬਾਂ ਨਹੀਂ ਦਸ ਸਕੀਆਂ'। ਇਹ ਹੈ :

ਭਾਂਭੀਰੀ ਕੇ ਪਾਤ ਪਾਰਦੋ।

ਪਰ ਦੇਹਧਾਰੀ ਗੁਰੂ ਤੋਂ ਬਿਨਾਂ :

ਨਾਨਕ ਗੁਰ ਬਿਨ ਮਨ ਕਾ ਤਾਕ ਨਾ ਉਘੜੇ,
ਅਵਰ ਨਾਂ ਕੁੰਜੀ ਹਥ।

ਲੈ ਸਾਂਭ ਕੇ ਰਖ ਲੈ ਇਸ ਨੂੰ, ਕਿਸੇ ਨੂੰ ਪਤਾ ਨਾ ਲੱਗੇ। ਪਤਾ ਲਗਣ ਤੇ ਲੋਕੀਂ ਹੀ ਪਟ ਖੜਨਗੇ ਤੇ ਜਾਂ ਸਰਕਾਰ ਵਾਰਸ ਬਣ ਬੈਠੇਗੀ।

ਕੰਨ ਵਿਚ ਮੰਤ੍ਰ ਦੱਸਣ ਦੀ ਇਹ ਫਿਲਾਸਫੀ ਹੈ, ਜਿਸ ਨੂੰ ਪੂਰੇ ਗੁਰੂ ਦੀ ਰਾਹੀ ਪਾ ਕੇ ਜੇ ਆਦਮੀ ਅਭਿਆਸ ਕਰੇ ਤਾਂ :

ਮੈਂ ਬਲਿਹਾਰੀ ਸਤਿਗੁਰ ਤੋਰ।
ਜਿਨ ਸਕਲ ਬਿਕਲ ਭ੍ਰਮ ਕਾਟੇ ਮੋਰ।

ਦੇਹਧਾਰੀ ਗੁਰੂ ਦੀ ਸਤਿਕਾਰ ਯੋਗ ਸੰਤ ਨਿਧਾਨ ਸਿੰਘ ਜੀ 'ਆਲਿਮ' ਨੇ ਇਸ ਦੀ ਐਨੀ ਸੁਚੱਜੀ ਵਿਆਖਿਆ ਕੀਤੀ ਜੋ ਹਜ਼ਾਰਾਂ ਨਰ-ਨਾਰੀ ਦੀ ਭੀੜ ਮੰਤ੍ਰ ਮੁਗਧ ਹੋਈ ਸੁਣ ਰਹੀ ਸੀ। ਆਲਿਮ ਜੀ ਇਸ ਸ਼ਬਦ ਦੀ ਵਿਆਖਿਆ ਕਰ ਰਹੇ ਸਨ :

ਗੁਰ ਬਿਨ ਘੋਰ ਅੰਧਾਰ,
ਗੁਰੂ ਬਿਨ ਸਮਝ ਨਾ ਆਵੈ।

ਦੂਸਰੇ ਦਿਨ ਸ੍ਰੀ 'ਆਲਿਮ' ਜੀ ਨੇ ਫੁਰਮਾਇਆ,

'ਮੈਂ ਉਹ ਆਦਮੀ ਸਾਂ ਜੋ ਨਾਮਧਾਰੀਆਂ ਦਾ ਨਾਂ ਲੈਣਾ ਪਸੰਦ ਨਹੀਂ ਸਾਂ ਕਰਦਾ ਪਰ ਜਦੋਂ ਪੂਰੇ ਸਤਿਗੁਰੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਪੂਰਨ ਪੁਰਖ ਠਾਕਰ ਸੰਤ ਕੇਸਰ ਸਿੰਘ 'ਕੇਸਰ', ਕਿੱਲੀ ਦੇ ਦਰਸ਼ਨ ਹੋਏ, ਜਿਨ੍ਹਾਂ ਮੱਥੇ ਲਗਦਿਆਂ ਆਖਿਆ, 'ਬੱਚਾ ਆ ਗਿਆ ਹੈ?' ਅਸੀਂ ਤੇਰੇ ਲਈ ਹੀ ਏਥੇ ਆਏ ਹਾਂ। ਜਿਸ ਵੇਲੇ ਜਾਦੂ ਮੰਤਰ ਕੰਨ ਵਿਚ ਫੂਕਿਆ ਉਸ ਵੇਲੇ :

'ਹਉ ਆਕਲ ਬਿਕਲ ਭਈ ਗੁਰਦੇਖੇ,
ਲੋਟ ਪੋਟ ਹੁਇ ਪਈਆ।'

ਤਿੰਨ ਘੰਟੇ ਬੇਹੋਸ਼ ਪਏ ਰਹਿਣ ਪਿਛੋਂ ਜਦੋਂ ਹੋਸ਼ ਆਈ ਤਾਂ ਮੈਂ ਠਠੰਬਰ ਗਿਆ ਕਿ ਇਹ ਕੀ। ਕਪੜੇ ਪਾਟ ਗਏ ਹਨ ਤੇ ਮੈਂ ਮਿੱਟੀ ਵਿਚ ਲਿਬੜਿਆ ਪਿਆ ਹਾਂ।

ਸੰਤ ਕੇਸਰ ਸਿੰਘ ਜੀ ਕਿਹਾ, 'ਬੱਚਾ! ਅੱਜ ਤੋਂ ਤੂੰ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਹੋਇਆ, ਤੇਰੀ ਜਨਮ ਜਨਮ ਦੀ ਮੈਲ ਕੱਟ ਕੇ ਪੂਰਨ ਗੁਰਸਿੱਖ ਨਾਮਧਾਰੀ ਬਣਾ ਦਿੱਤਾ।'

ਮੈਂ ਕਿਹਾ, 'ਸੰਤ ਜੀ। ਮੈਂ ਤਾਂ ਦਸਾਂ ਤੋਂ ਅੱਗੇ ਕਿਸੇ ਨੂੰ ਗੁਰੂ ਨਹੀਂ ਮੰਨਦਾ।' ਸੰਤਾਂ ਕਿਹਾ, 'ਆਪੇ ਡਾਢਾ ਮੰਨਵਾ ਲਏਗਾ। ਮੇਰੀ ਰਸਨਾਂ ਚਲਣ ਲਗ ਪਈ; ਭਜਨ ਆਪੇ ਮੂੰਹੋਂ ਬਣ-ਬਣ ਪਿਆ ਨਿਕਲੇ, ਮੇਰੇ ਵਿਚੋਂ ਕੱਟੜ ਸਿੰਘ ਸਭੀਆਂ ਤਦ ਇਉਂ ਨਿਕਲ ਗਿਆ ਜਿਵੇਂ ਕਦੇ ਅੱਗੇ ਆਇਆ ਹੀ ਨਹੀਂ ਹੁੰਦਾ।'

ਸ੍ਰੀ ਆਲਿਮ ਜੀ ਪਿਛੋਂ ਸ੍ਰੀ ਚੱਕਰਵਰਤੀ ਜੀ ਨੇ ਭਾਸ਼ਨ ਦਿੱਤਾ, ਜਿਸ ਦਾ ਸਾਰਾਂਸ਼ ਇਸ ਤਰ੍ਹਾਂ ਹੈ :

**ਆਪਸੀ ਫੁਟ :**—ਸੰਤ ਮੰਗਲ ਸਿੰਘ ਜੀ ਨੇ ਇਕ ਵਾਰੀ ਕਿਹਾ ਸੀ ਵੰਡ ਕੇ ਖਾਓ ਤਾਂ ਚੰਗਾ ਹੈ ਨਹੀਂ ਤਾਂ ਜਿਵੇਂ ਫੁੱਟ ਦਾ ਹਾਲ ਵਿਖਾਉਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੜਾਹ ਪ੍ਰਸ਼ਾਦ ਕਰਾ ਕੇ ਕੁੱਤਿਆਂ ਵਿਚਾਲੇ ਰਖ ਦਿਤਾ, ਕੁੱਤੇ ਆਪਸ ਵਿਚ ਬਹੁਤਾ ਖਾਣ ਲਈ ਲੜ ਮਰੇ ਤੇ ਪ੍ਰਸ਼ਾਦ ਪਿਆ ਹੀ ਰਿਹਾ। ਇਸੇ ਤਰ੍ਹਾਂ ਤੁਹਾਡੇ ਵੀ ਗੁਰਦੁਆਰੇ ਪਏ ਹੀ ਰਹਿਣਗੇ ਤੇ ਸਿੱਖ ਕੌਮ ਲੜ ਮਰੇਗੀ ਪੂਜਾ ਤੋਂ।

ਚਕਰਵਰਤੀ ਜੀ ਨੇ ਕਿਹਾ :—ਮੈਂ ਚਾਹੁੰਦਾ ਹਾਂ ਸ਼੍ਰੋਮਣੀ ਕਮੇਟੀ ਦਾ ਪ੍ਰੈਜ਼ੀਡੈਂਟ ਜੇ ਅਕਾਲੀ ਹੈ ਤਾਂ ਜਥੇਦਾਰ ਨਿਹੰਗ ਹੋਵੇ, ਤੇ ਹਰਿਮੰਦਰ ਸਾਹਿਬ ਦਾ ਪਾਠੀ ਉਦਾਸੀ ਤੇ ਨਿਰਮਲਾ ਉਪਦੇਸ਼ਕ। ਅਸੀਂ ਨਾਮਧਾਰੀ ਤੁਹਾਥੋਂ ਕੋਈ ਅਹੁਦਾ ਨਹੀਂ ਮੰਗਦੇ। ਸਾਰੀਆਂ ਪਾਰਟੀਆਂ ਦੇ ਮਜਮੂਏ ਦਾ ਨਾਮ ਹੀ ਪੰਥ ਹੈ। ਕੋਈ ਇਕ ਪਾਰਟੀ ਪੰਥ ਨਹੀਂ ਅਖਵਾ ਸਕਦੀ।

ਅਜ ਸਾਡੀ ਪਾਟੋ ਧਾੜ ਦੀ ਇਹ ਹਾਲਤ ਹੈ ਕਿ ਜੇ ਪੁਲਿਸ ਦਾ ਚੰਗਾ ਇੰਤਜ਼ਾਮ ਨਾ ਹੁੰਦਾ ਤਾਂ ਸ਼੍ਰੋਮਣੀ ਕਮੇਟੀ ਦਾ ਇਜਲਾਸ ਜਿਸ ਦਿਨ ਕਮੇਟੀ ਤੇ ਮਝੈਲ ਪਾਰਟੀ ਨੇ ਵੋਟਾਂ ਨਾਲ ਕਬਜਾ ਕੀਤਾ ਸੀ, ਹਜ਼ਾਰਾਂ ਲੋਥਾਂ ਵਿਛ ਜਾਂਦੀਆਂ ਤੇ ਅਜ ਕਮੇਟੀ ਦੇ ਅੱਧੋਂ ਬਹੁਤੇ ਮੈਂਬਰਾਂ ਦੀਆਂ ਸਮਾਧਾਂ ਬਣੀਆਂ ਹੁੰਦੀਆਂ ਤੇ ਬਾਕੀ ਹਸਪਤਾਲਾਂ ਵਿਚ ਜੇ ਅੱਜ ਪੰਜਾਬੀ ਸੂਬਾ ਬਣ ਜਾਏ, ਅੰਮ੍ਰਿਤਸਰੋਂ ਮਾਸਟਰ ਜੀ ਦੀ ਟ੍ਰੇਨ ਆਵੇ ਤੇ ਦਿੱਲੀਓਂ ਊਧਮ ਸਿੰਘ ਜੀ ਦੀ, ਤਾਂ ਯਕੀਨਨ ਦੋਵੇਂ ਲਾਈਨ ਕਲੀਅਰ ਨਾਂ ਲੈਣ ਅਤੇ ਪਹਿਲੇ ਦਿਨ ਹੀ ਪੰਜਾਬੀ ਸੂਬਾ ਖਤਮ ਹੋ ਜਾਵੇ। ਸਾਨੂੰ ਆਪਸ ਵਿਚ ਮੇਲ ਜੋਲ ਵਧਾਉਣਾ ਚਾਹੀਦਾ ਹੈ ਤੇ ਗੁਰਦੁਆਰਿਆਂ ਦੀ ਤਰੱਕੀ ਲਈ ਠੋਸ ਕਦਮ ਉਠਾਉਣਾ ਚਾਹੀਦਾ ਹੈ। ਗੁਰਦੁਆਰਿਆਂ ਦੀ ਮਾਇਆ ਨਾਲ ਕੌਮ ਦੀ ਉਸਾਰੀ ਕਰਨੀ ਚਾਹੀਦੀ ਹੈ ਨਾ ਕਿ ਬਰਬਾਦੀ। ਗੁਰਦੁਆਰਾ ਚੋਣਾਂ ਵਿਚ ਲਾਇਕ ਆਦਮੀਆਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਜੋ ਗੁਰਦੁਆਰਿਆਂ ਦੇ ਨਾਲ-ਨਾਲ ਕੌਮ ਨੂੰ ਉੱਚਿਆਂ ਕਰਨ ਦੀ ਵੀ ਤੜਪ ਰਖਦੇ ਹੋਣ।

ਸ੍ਰੀ ਸਤਿਗੁਰੂ ਜੀ ਨੇ ਪਵਿੱਤ੍ਰ ਰਸਨਾਂ ਤੋਂ ਫੁਰਮਾਇਆ :

ਬਾਬਾ ਕਾਹਨ ਸਿੰਘ ਜੀ ਰੁਪਾਣਾਂ (ਮੁਕਤਸਰ) ਦੇ ਨੰਬਰਦਾਰ ਸਨ। ਬਾਬਾ ਜੀ ਤੋਂ ਉਨ੍ਹਾਂ ਦੇ ਦੋਸਤਾਂ ਮਿੱਤਰਾਂ ਨੇ ਝੂਠੀ ਗਵਾਹੀ ਦੁਆ ਦਿੱਤੀ। ਬਾਬਾ ਜੀ ਨੇ ਇਤਨੀ ਨਮੋਸ਼ੀ ਮੰਨੀ ਕਿ ਬਾਬਾ ਜੀ ਦੀ ਅਰਥੀ ਸ਼ਮਸ਼ਾਨ ਵੱਲ ਲਿਜਾਈ ਜਾ ਰਹੀ ਸੀ। ਇਹ ਹੈ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦਾ ਆਦਰਸ਼। ਅੱਜ ਅਸੀਂ ਚਾਹ ਦੀ ਬਾਟੀ ਤੇ ਇਮਾਨ ਵੇਚ ਦਿੰਦੇ ਹਾਂ।

ਸਤਿਗੁਰਾਂ ਫਰਮਾਇਆ, 'ਇਹ ਮੇਰੀ ਖਾਹਿਸ਼ ਹੈ ਕਿ ਪਿਛਲੇ ਗੁਨਾਹਗਾਰਾਂ ਨੂੰ ਜੋ ਅੱਜ ਹਾਜ਼ਰ ਹਨ, ਬਖਸ਼ ਦਿੱਤਾ ਜਾਏ ਜਿਨ੍ਹਾਂ ਪੰਥ ਦਾ ਨੁਕਸਾਨ ਕੀਤਾ ਹੈ, ਪਰ ਸ਼ਰਤ ਇਹ ਹੈ ਕਿ ਉਹ ਗੁਨਾਹ ਤੋਂ ਅੱਗੋਂ ਤੋਬਾ ਕਰਨ, ਜਿਨ੍ਹਾਂ ਦਾ ਲੈਣ ਦੇਣ ਦਾ ਆਪਸ ਦਾ ਝਗੜਾ ਹੈ ਉਹ ਪਹਿਲੋਂ ਹਿਸਾਬ ਸਾਫ਼ ਕਰਨ, ਫਿਰ ਬਖਸ਼ੇ ਜਾਣਗੇ।'

ਅਗਲਾ ਹੋਲਾ 'ਪਿੰਡ ਵਲੋਂ' ਅਰਜ ਕਰਨ ਤੇ ਸਤਿਗੁਰਾਂ ਸੰਤ ਨਗਰ ਨੂੰ ਬਖਸ਼ ਦਿੱਤਾ। ਸਤਿਗੁਰਾਂ ਫਰਮਾਇਆ, 'ਸਾਡੀ ਆਪਣੀ ਹਕੂਮਤ ਹੈ ਮੁਲਕ ਲਈ ਕੁਰਬਾਨੀ ਦਿਉ। ਜੋ ਚਾਹੁੰਦਾ ਹੈ ਫੌਜ ਵਿਚ ਭਰਤੀ ਹੋ ਕੇ ਭਾਰਤ ਦੀ ਸੇਵਾ ਕਰੇ। ਪਰ ਉਥੇ ਵੀ ਜੋ ਨਾਮ ਜਪੇਗਾ ਉਸ ਦੀ ਫਤਹਿ ਤੇ ਰੱਖਿਆ ਹੋਵੇਗੀ। ਅਸੀਂ ਚਾਹੁੰਦੇ ਹਾਂ ਕਿ ਹਰ ਮਾਈ ਭਾਈ ਮਾਲਾ ਪੱਕੀਆਂ ਫੇਰੇ ਦਰਸ਼ਨ ਨਮਿੱਤ। ਸ਼ਬਦ ਪਾਠ ਸਾਡੇ ਨਿਰਵਿਘਨ ਸਮਾਪਤ ਹੋਣ ਜਿਸ ਕਰਕੇ ਦਰਸ਼ਨਾਂ ਵਿਚ ਢਿੱਲ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ, 'ਦੇਹ ਕਰਕੇ ਸਤਿਗੁਰੂ ਰਾਮ ਸਿੰਘ ਜੀ ਢਾਈ ਸੌ ਵਰ੍ਹਾ ਜਿੰਦਾ ਰਹਿਣਗੇ। ਆਪ ਨਿਰਾਸ ਤੇ ਬੇ ਸਿਦਕ ਨਾ ਹੋਵੋ।' ਪੰਡਤ ਗੋਪਾਲ ਸਿੰਘ ਜੀ ਤੇ ਹੋਰ ਵਿਦਵਾਨਾਂ ਨੇ ਬੜੇ ਮਨੋਹਰ ਕੀਰਤਨ ਕੀਤੇ, ਰਾਗੀਆਂ ਤੇ ਮਹਾਰਾਜ ਬੀਰ ਸਿੰਘ ਜੀ ਦੇ ਜੱਥੇ ਨੇ ਵੀ ਦੀਵਾਨ ਦੀ ਚੰਗੀ ਰੌਣਕ ਬਣਾਈ।

ਨਕੋਦਰ ਦੀ ਸਾਰੀ ਸਾਧ-ਸੰਗਤ ਨੇ ਮਿਲਜੁਲ ਕੇ ਮੇਲੇ ਦੀ ਸੇਵਾ ਵਿਚ ਵੱਧ ਤੋਂ ਵੱਧ ਯੋਗਦਾਨ ਦਿੱਤਾ ਜਿਹੜੀ ਆਪਣੇ ਆਪ ਵਿਚ ਮਿਸਾਲ ਸੀ। ਹੋਲੇ ਦੇ ਅੰਤਿਮ ਦਿਨ 1250 ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। 147 ਜੋੜਿਆਂ ਦੇ ਅਨੰਦ ਕਾਰਜ ਹੋਏ।

ਨਾਮਧਾਰੀ ਦਰਬਾਰ ਨੇ ਹੇਠ ਲਿਖਿਤ ਮਤੇ ਪਾਸ ਕੀਤੇ :

**ਵਿਸ਼ੇਸ਼ ਮਤੇ :**—ਨਾਮਧਾਰੀ ਦਰਬਾਰ ਦੇਸ਼ ਪ੍ਰਸਿੱਧ ਆਗੂ ਸ: ਆਤਮਾ ਸਿੰਘ ਜੀ ਰਾਵਲਪਿੰਡੀ ਮੈਂਬਰ ਪਾਰਲੀਮੈਂਟ ਦੇ ਪ੍ਰਲੋਕ ਗਮਨ ਸੰਬੰਧੀ ਹਾਰਦਿਕ ਖੇਦ ਪ੍ਰਗਟ ਕਰਦਾ ਹੈ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਉਹ ਸਰਦਾਰ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਦੀ ਕ੍ਰਿਪਾਲਤਾ ਕਰਨ।

—ਨਾਮਧਾਰੀ ਦਰਬਾਰ ਸਰਦਾਰ ਜੀ ਦੀਆਂ ਨਾਮਧਾਰੀ ਪੰਥ ਦੀ ਉੱਨਤੀ ਅਤੇ ਭਲਾਈ ਨਮਿੱਤ ਘਾਲੀਆਂ ਹੋਈਆਂ ਘਾਲਾਂ ਦੀ ਸੇਵਾ ਜੋ ਕਿ ਉਨ੍ਹਾਂ ਨੇ ਆਪਣੀ ਆਯੂ ਤੇ ਭਿੰਨ-ਭਿੰਨ ਸਮਿਆਂ ਵਿਚੋਂ ਕੀਤੀਆਂ, ਉਨ੍ਹਾਂ ਦੀ ਪ੍ਰਸ਼ੰਸਾ ਕਰਦਾ ਹੈ।

—ਨਾਮਧਾਰੀ ਦਰਬਾਰ ਇਸ ਗੱਲ ਦੀ ਪ੍ਰਬਲ ਮੰਗ ਕਰਦਾ ਹੈ ਕਿ ਦੇਸ਼ ਵਿਚ ਮਨੁੱਖ ਦੇ ਧਾਰਮਿਕ ਜਜ਼ਬੇ ਅਤੇ ਆਰਥਿਕ ਘਾਟੇ ਨੂੰ ਮੁੱਖ ਰਖਦਿਆਂ ਹੋਇਆਂ ਗਊ ਘਾਤ ਨੂੰ ਕਾਨੂੰਨਨ ਬੰਦ ਕੀਤਾ ਜਾਵੇ।

—ਇਸ ਸੰਬੰਧ ਵਿਚ ਦੁੱਧ ਦੇਣ ਵਾਲੇ ਹਰ ਪਸ਼ੂ ਦੇ ਘਾਤ ਨੂੰ ਵੀ ਰੋਕਣਾ ਨਿਹਾਇਤ ਜ਼ਰੂਰੀ ਹੈ।

—ਨਾਮਧਾਰੀ ਦਰਬਾਰ ਪੰਜਾਬ ਸਰਕਾਰ ਦਾ ਧਿਆਨ ਜ਼ਿਲ੍ਹਾ ਗੁੜਗਾਵਾਂ ਵਿਖੇ ਹੋ ਰਹੇ ਗਊ ਬੱਧ ਵੱਲ ਦਿਵਾਉਂਦਾ ਹੋਇਆ ਉਸ ਨੂੰ ਰੋਕਣ ਦੀ ਮੰਗ ਕਰਦਾ ਹੈ।

—ਦਰਬਾਰ, ਪੰਜਾਬ ਸਰਕਾਰ ਦੀ ਸੇਵਾ ਵਿਚ ਕਈ ਵਾਰ ਇਹ ਬੇਨਤੀ ਕਰ ਚੁੱਕਾ ਹੈ, ਕਿ ਸੂਬੇ ਵਿਚ ਲਾਭਦਾਇਕ ਪਸ਼ੂਆਂ ਦਾ ਨਿਕਾਸ ਬੰਦ ਕੀਤਾ ਜਾਵੇ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੀ ਰਾਜ ਸਰਕਾਰ ਨੇ ਇਸ ਸੰਬੰਧ ਵਿਚ ਅਜੇ ਤਕ ਕੋਈ ਕਦਮ ਨਹੀਂ ਚੁਕਿਆ। ਦਰਬਾਰ ਇਹ ਆਸ ਕਰਦਾ ਹੈ ਕਿ ਪੰਜਾਬ ਸਰਕਾਰ ਇਸ ਦੁੱਖਦਾਇਕ ਪਸ਼ੂ ਨਿਕਾਸ ਤੇ ਸਖਤ ਪਾਬੰਦੀ ਲਾ ਕੇ ਇਹਨਾਂ ਪਸ਼ੂਆਂ ਨੂੰ ਬਚਾਉਣ ਦਾ ਯਤਨ ਕਰੇ।

—ਨਾਮਧਾਰੀ ਦਰਬਾਰ 5, 6, 7 ਚੇਤਰ ਨੂੰ ਕੀਤੇ ਹੋਲੇ ਮਹੱਲੇ ਦੀ ਸਫਲਤਾ ਤੇ ਪ੍ਰਬੰਧਕਾਂ ਵਲੋਂ ਤਨ ਮਨ ਧਨ ਨਾਲ ਕੀਤੀ ਸੇਵਾ ਦੀ ਸ਼ਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਵਧਾਈ ਦਿੰਦਾ ਹੈ।

—ਇਸ ਸੰਬੰਧ ਵਿਚ ਦਰਬਾਰ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕਰਨਾ ਵੀ ਜ਼ਰੂਰੀ ਸਮਝਦਾ ਹੈ, ਜਿਨ੍ਹਾਂ ਦੀ ਅਗਵਾਈ ਤੇ ਸਹਿਯੋਗ ਨਾਲ ਇਹ ਵੱਡਾ ਮਹਾਨ ਪੂਰਵ ਸਮਾਪਤ ਹੋਇਆ।

—ਜਿਨ੍ਹਾਂ ਸਿੱਖਾਂ ਸਾਧਾਂ ਲਾਂਗਰੀਆਂ ਤੇ ਮਾਈਆਂ ਸ੍ਰੀ ਬਾਬਾ ਜਗਜੀਤ ਸਿੰਘ ਜੀ, ਸ੍ਰੀ ਬਾਬਾ ਬੀਰ ਸਿੰਘ ਜੀ ਦੀ ਅਗਵਾਈ ਹੇਠ ਰਾਤ ਦਿਨ ਇਕ ਕਰਕੇ ਲੰਗਰ ਦੀ ਅਤੇ ਹੋਰ ਕਿਸੇ ਤਰ੍ਹਾਂ ਦੀ ਸੇਵਾ ਕੀਤੀ ਹੈ, ਦਰਬਾਰ ਉਨ੍ਹਾਂ ਦਾ ਧੰਨਵਾਦ ਕਰਨਾ ਵੀ ਆਪਣਾ ਕਰਤੱਵ ਸਮਝਦਾ ਹੈ।

—ਨਾਮਧਾਰੀ ਦਰਬਾਰ ਕੁੰਭ ਵਿਖੇ ਮਰ ਗਇਆਂ ਦੇ ਪ੍ਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

—ਦਰਬਾਰ ਪਾਕਿਸਤਾਨ ਤੇ ਅਮਰੀਕਾ ਦੇ ਫੌਜੀ ਗਠਜੋੜ ਸੰਬੰਧੀ ਭਾਰਤ ਸਰਕਾਰ ਦੀ ਨੀਤੀ ਦੀ ਹਮਾਇਤ ਕਰਦਾ ਹੈ।

—ਸੰਤ ਨਿਧਾਨ ਸਿੰਘ ਆਲਿਮ ਜੀ ਦੀ ਰਚਿਤ ਪੁਸਤਕ 'ਜੁਗ ਪਲਟਾਊ' ਸਤਿਗੁਰੂ ਨੂੰ ਲਾਇਬਰੇਰੀਆਂ ਵਾਸਤੇ ਸਿਖਸ਼ਾ ਵਿਭਾਗ ਪ੍ਰਵਾਨਗੀ ਦੇਵੇ।

## 2011 ਬਿਕ੍ਰਮੀ–1955 ਈਸਵੀ, ਹੋਲਾ ਸੰਤ ਨਗਰ।

ਸੰਤ ਨਗਰ ਦੀ ਸਾਧ-ਸੰਗਤ ਵਲੋਂ ਹੋਈ ਹੋਲੇ ਦੀ ਅਰਜ ਮਨਜ਼ੂਰ ਕੀਤੀ ਗਈ ਤੇ 2011 ਅਨੁਸਾਰ 1955 ਈਸਵੀ ਦਾ ਹੋਲਾ ਸੰਤ ਨਗਰ ਵਿਖੇ ਮਿਥਿਆ ਗਿਆ।

ਸੰਤ ਨਗਰ ਦੀਆਂ ਸੰਗਤਾਂ ਨੇ ਬੇਪ੍ਰਵਾਹ ਹੋ ਕੇ ਅੰਨ ਧਨ ਇਕੱਤ੍ਰ ਕੀਤਾ ਤੇ ਪੂਰਾ ਸਾਲ ਭਰ ਇਸ ਦੀ ਤਿਆਰੀ ਵਿੱਚ ਲਾ ਦਿਤਾ। ਹੋਲੇ ਤੋਂ ਪਹਿਲਾਂ ਹੀ ਏਥੇ ਜੱਥੇ ਤਿਆਰ ਕੀਤੇ ਗਏ ਤੇ ਸਭ ਨੂੰ ਆਪੋ-ਆਪਣੇ ਕੰਮ ਸੌਂਪ ਦਿਤੇ ਗਏ।

5 ਮਾਰਚ ਸ਼ਨਿਚਰਵਾਰ ਨੂੰ ਹੀ ਕਾਫੀ ਗਿਣਤੀ ਵਿਚ ਸੰਗਤਾਂ ਹੋਲੇ ਮਹੱਲੇ ਦੇ ਅਸਥਾਨ ਤੇ ਆ ਗਈਆਂ ਸਨ। ਸੱਚੇ ਪਾਤਸ਼ਾਹ ਨੇ ਇਸ ਦਿਨ ਸ਼ਾਮ ਦਾ ਦੀਵਾਨ ਹੋਲੇ ਵਾਲੇ ਪੰਡਾਲ ਵਿਚ ਹੀ ਲਾਇਆ, ਤੇ ਨਾਮ ਸਿਮਰਨ ਕਰਕੇ ਹੋਲੇ ਦਾ ਸ੍ਰੀ ਗਣੇਸ਼ ਕੀਤਾ।

ਐਤਵਾਰ 23 ਫੱਗਣ ਅੰਮ੍ਰਿਤ ਵੇਲੇ ਸੰਤ ਗਿਆਨਾ ਸਿੰਘ ਜੀ ਨੇ ਵਾਰਾ ਲਾਇਆ। ਸਾਰਾ ਦਿਨ ਦੀਵਾਨ ਲਗੇ ਰਹੇ ਤੇ ਸ਼ਾਮ ਰਾਗੀਆਂ ਦੇ ਦੀਵਾਨ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਦਿੱਤਾ :—

''ਅਸੀਂ ਹੋਲੇ ਤੇ ਆਏ ਹਾਂ, ਆਪਣਾ ਕੀਮਤੀ ਸਮਾਂ ਤੇ ਪੈਸਾ ਖਰਚ ਕੀਤਾ ਹੈ, ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਆਪਣੇ ਸਮੇਂ ਤੇ ਧਨ ਦੀ ਠੀਕ ਵਰਤੋਂ ਕਰੀਏ। ਪੁਰਾਣੇ ਸਮੇਂ ਤੋਂ ਲੈ ਕੇ ਸਾਡੇ ਦੇਸ਼ ਵਿਚ ਧਾਰਮਿਕ ਮੇਲੇ ਹੁੰਦੇ ਆ ਰਹੇ ਹਨ, ਆਦਿ ਕਾਲ ਤੋਂ ਲੈ ਕੇ ਹੁਣ ਤਕ ਆਸਤਕ ਲੋਕਾਂ ਨੇ ਇਹੋ ਤੱਤ ਕੱਢਿਆ ਹੈ ਕਿ ਮੇਲਿਆਂ ਵਿਚ ਆ ਕੇ ਆਤਮਕ ਸ਼ਾਂਤੀ ਪ੍ਰਾਪਤ ਹੁੰਦੀ ਹੈ। ਅਸੀਂ ਗੁਰੂ ਵਾਲੇ ਹਾਂ ਸਾਡੇ ਪਿਛਲੇ ਸਿੱਖਾਂ ਨੇ ਆਪਣੇ ਸੀਸ ਦਿੱਤੇ, ਦੇਗਾਂ ਵਿੱਚ ਬੈਠੇ, ਆਰੇ ਨਾਲ ਚੀਰੇ ਗਏ, ਬਲਦੀਆਂ ਭੱਠੀਆਂ ਵਿੱਚ ਸਾੜੇ ਗਏ, ਸਿਰਫ ਖੁਸ਼ੀਆਂ ਪ੍ਰਾਪਤ ਕਰਨ ਲਈ। ਤੁਸੀਂ ਸਾਰੇ ਸਤਿਗੁਰੂ ਨਮਿੱਤ ਪਾਠ ਕਰੋ।

ਕੋਈ ਮਾਈ ਬੀਬੀ ਰੰਗਦਾਰ ਕੱਪੜੇ ਪਾ ਕੇ ਮੇਲੇ ਵਿਚ ਨਾ ਆਵੇ। ਨਾਮਧਾਰੀ ਭੈਣਾਂ ਤੇ ਮਾਵਾਂ ਸ਼ੋਖ ਰੰਗ ਵਾਲੇ ਕੱਪੜਿਆਂ ਦਾ ਤਿਆਗ ਕਰਨ, ਚੂੜੀਦਾਰ ਸੁਥਨ ਪਾ ਕੇ ਤੇ ਗਹਿਣੇ ਘਰਾਂ ਵਿੱਚ ਰੱਖ ਕੇ ਏਥੇ ਆਉਣ। ਉਮੀਦ ਹੈ ਕਿ ਸਰਬ ਸਾਧ-ਸੰਗਤ ਏਸ ਬੰਨੇ ਧਿਆਨ ਦੇਵੇਗੀ ਤੇ ਹੋਲੇ ਵਿੱਚ ਬੜੀ ਸਾਦਗੀ ਨਾਲ ਹੀ ਆਉਣ ਦੀ ਖੇਚਲ ਕਰੇਗੀ।''

24 ਫੱਗਣ ਸੋਮਵਾਰ ਸਵੇਰੇ ਪੌਣੇ ਚਾਰ ਵਜੇ ਸੰਤ ਗਿਆਨਾ ਸਿੰਘ ਜੀ ਨੇ ਆਪਣੀਆਂ ਉੱਚੀਆਂ ਸੁਰੀਲੀਆਂ ਸੁਰਾਂ ਰਾਹੀਂ ਆਪਣੇ ਜਥੇ ਸਮੇਤ ਵਾਰਾ ਲਾਇਆ।

ਸੱਚੇ ਪਾਤਸ਼ਾਹ ਜੀ ਨੇ ਵੀ ਵਾਰੇ ਵਿੱਚ ਹਿੱਸਾ ਲਿਆ।

''ਆਪਣੇ ਚੜ ਚੇਤ ਬਸੰਤ ਮੇਰੇ ਪਿਆਰੇ''

ਸ਼ਬਦ ਤੇ ਅਨੇਕਾਂ ਪ੍ਰਮਾਣ ਦਿੱਤੇ। ਜਿੰਨਾ ਚਿਰ ਇਹ ਸ਼ਬਦ ਦੀਨ ਦਿਆਲ ਪੜ੍ਹਦੇ ਰਹੇ ਓਨਾ ਚਿਰ ਆਪ ਦੇ ਨੈਣਾਂ 'ਚੋਂ ਨੀਰ ਚਲਦਾ ਰਿਹਾ।

ਜਥੇਦਾਰਾਂ ਨੇ ਦੁਪਹਿਰ ਵੇਲੇ ਦੇ ਦੀਵਾਨ ਵਿੱਚ ਨਾਮਧਾਰੀ ਇਤਿਹਾਸ ਦਾ ਬੜੇ ਸੁਚੱਜੇ ਢੰਗ ਨਾਲ ਵਰਨਣ ਕੀਤਾ।

ਸ਼ਾਮ ਨੂੰ ਰਾਗੀਆਂ ਦੀਆਂ ਜੋੜੀਆਂ ਨੇ ਕੀਰਤਨ ਕੀਤਾ। ਸਵੇਰ ਵੇਲੇ ਸੱਚੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਕ ਬੜਾ ਵੱਡਾ ਇਕੱਠ ਹੋਇਆ, ਜਿਸ ਵਿਚ ਸੱਚੇ ਪਾਤਸ਼ਾਹ ਜੀ ਦੇ ਹੁਕਮ ਨਾਲ ਪੰਥ ਦੇ ਸਭ ਲੀਡਰ, ਸੂਬੇ, ਜਥੇਦਾਰ, ਸੰਤ, ਸਰਦਾਰ ਸ਼ਾਮਲ ਹੋਏ। ਪੰਥਕ ਉੱਨਤੀ ਦੇ ਕਈ ਮਤੇ ਰਖੇ ਗਏ ਭਾਵੇਂ ਸਾਰੇ ਪੰਥਕ ਕਾਰਜਾਂ ਵੱਲ ਹੀ ਧਿਆਨ ਦਿਤਾ ਗਿਆ, ਪਰ ਇਸ ਮੇਲੇ ਤੇ ਸਭ ਤੋਂ ਬਹੁਤਾ ਤੇ ਉੱਚੇਚਾ ਪ੍ਰਸਤਾਵ ਨਾਮਧਾਰੀ ਵਿਆਹਾਂ ਮੁਤੱਲਕ ਸੀ।

—ਕੋਈ ਨਾਮਧਾਰੀ ਘਰ ਵਿਆਹ ਨਾ ਕਰੇ।

—ਕੋਈ ਨਾਮਧਾਰੀ ਮੁਕਲਾਵੇ ਦੀ ਰਸਮ ਅਦਾ ਨਾ ਕਰੇ।

—ਅਜਿਹਾ ਕਰਨ ਵਾਲੇ ਦਾ ਕੋਈ ਸਾਥ ਨਾ ਦੇਵੇ। ਭਾਵੇਂ ਉਹ ਆਪਣਾ ਪੁੱਤ੍ਰ ਜਾਂ ਭਰਾ ਵੀ ਕਿਉਂ ਨਾ ਹੋਵੇ।

—ਮਿਲਣੀ ਆਦਿ ਕੋਈ ਨਾ ਕਰੇ । ਇਸ ਅਸੂਲ ਨੂੰ ਤੋੜਨ ਵਾਲੇ ਦਾ ਸਭ ਮਿਲ ਕੇ ਬਾਈਕਾਟ ਕਰਨ ।

ਇਹਨਾਂ ਨਿਯਮਾਂ ਤੇ ਮੀਟਿੰਗ ਵਿਚ ਆਏ ਸੱਜਣਾਂ ਨੇ ਭਾਸ਼ਨ ਵੀ ਦਿਤੇ ਪਰ ਖਾਸ ਤੌਰ ਤੇ ਸ਼ਾਮ ਦੇ ਵੱਡੇ ਦੀਵਾਨ ਵਿਚ ਇਸ ਮਸਲੇ ਉਤੇ ਖਾਸ ਲੈਕਚਰ ਕੀਤੇ ਗਏ ।

ਅਨੰਦਾਂ ਕਾਰਜਾਂ ਬਾਰੇ ਕਈ ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਵਿਅਕਤ ਕੀਤੇ । ਸਭ ਤੋਂ ਪਿਛੋਂ ਸੱਚੇ ਪਾਤਸ਼ਾਹ ਜੀ ਨੇ ਆਪਣਾ ਭਾਸ਼ਣ ਦਿੱਤਾ, ਜਿਸ ਵਿਚ ਆਪ ਨੇ ਕਿਹਾ, "ਇਹ ਮੇਰਾ ਹੁਕਮ ਨਹੀਂ, ਇਹ ਮੇਰੇ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ । ਸਾਧ-ਸੰਗਤ ਦੇ ਸੁੱਖ ਵਾਸਤੇ ਹੀ ਇਹ ਸਭ ਕੁਝ ਹੋ ਰਿਹਾ ਹੈ ।"

ਸਾਰੀ ਰਾਤ ਹੱਲੇ ਦੇ ਦੀਵਾਨ ਸੱਜਦੇ ਰਹੇ ਤੇ ਸੰਗਤਾਂ ਪ੍ਰੇਮ-ਪੂਰਵਕ ਸਰਵਣ ਕਰਦੀਆਂ ਰਹੀਆਂ ।

25 ਫਗਣ ਮੰਗਲਵਾਰ ਦਾ ਵਾਰਾ ਸੰਤ ਪ੍ਰੀਤਮ ਸਿੰਘ ਜੀ ਨੇ ਲਾਇਆ । ਆਪ ਦੀਆਂ ਬਰੀਕ ਤੇ ਸੁਰੀਲੀਆਂ ਸੁਰਾਂ ਹਰ ਸਰੋਤੇ ਦੇ ਮਨ ਨੂੰ ਮੋਹਿਤ ਕਰੀ ਜਾ ਰਹੀਆਂ ਸਨ । ਦੁਪਹਿਰ ਵੇਲੇ ਖੂਬ ਹੱਲੇ ਦੇ ਦੀਵਾਨ ਲਗੇ ।

25 ਫੱਗਣ ਸ਼ਾਮ ਵੇਲੇ ਸ੍ਰੀਮਾਨ ਸੰਤ ਨਿਧਾਨ ਸਿੰਘ ਜੀ ਆਲਿਮ ਨੇ ਦੀਵਾਨ ਅਰੰਭ ਕੀਤਾ । ਸ੍ਰੀ ਆਲਿਮ ਜੀ ਨੇ ਪਹਿਲੋਂ "ਰਾਜਾ ਰਾਮ ਮਉਲਿਆ" ਸ਼ਬਦ ਨੂੰ ਬਸੰਤ ਰਾਗ ਵਿਚ ਅਰੰਭ ਕੀਤਾ ਤੇ ਫਿਰ ਉਸ ਦੀ ਵਿਆਖਿਆ ਦਾ ਹੁਕਮ ਹੋਇਆ ।

'ਹੋਲ਼ੀ ਕੀਨੀ ਸੰਤ ਸੇਵ', ਤੋਂ ਪਿਛੋਂ, 'ਫਿਰਉ ਮੈ ਦੀਵਾਨੀ ਆਵਲ ਬਾਵਲ ।' ਦੀ ਵਿਆਖਿਆ ਪ੍ਰਾਰੰਭ ਕੀਤੀ । ਆਪ ਨੇ ਦੱਸਿਆ ਕਿ ਸਾਡੇ ਵਿਚ ਉਹ ਵੀ ਕੰਮ ਕਰ ਰਿਹਾ ਹੈ ਜਿਸ ਨੇ ਨਾਨਕ ਨੂੰ ਦੀਵਾਨਗੀ ਦਾ ਰੁਤਬਾ ਦਿਤਾ, ਤੇਗ ਬਹਾਦਰ ਜੀ ਨੂੰ ਤੇਗਾ ਕਮਲਾ ਕਿਹਾ ਗਿਆ । ਮੀਰਾ ਵੀ ਏਸੇ ਪਾਗਲਪਨ ਦੀ ਰਟ ਲਾਈ ਗਈ ।

**ਗਊ ਹੱਤਿਆ** :—ਗਊ ਹੱਤਿਆ ਬਾਰੇ ਉੱਘੇ ਸੱਜਣਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ । ਸਭ ਤੋਂ ਪਹਿਲਾਂ ਸ੍ਰੀ ਹਰਦੇਵ ਸਹਾਇ ਜੀ ਨੇ ਗਊ ਬੱਧ ਸੰਬੰਧੀ ਤਕਰੀਰ ਕਰਦਿਆਂ ਕਿਹਾ ਕਿ 'ਗਊ ਹੱਤਿਆ ਬੰਦ ਜਰੂਰ ਹੋ ਜਾਵੇਗੀ । ਹੁਣ ਸਰਕਾਰੀ ਕਰਮਚਾਰੀ ਜਾਗ ਰਹੇ ਹਨ, ਅਸਾਂ ਕਈ ਸਤਿਆਗ੍ਰਹਿ ਕੀਤੇ ਹਨ, ਲਾਠੀਆਂ ਖਾਧੀਆਂ ਹਨ, ਮੈਨੂੰ ਵੀ ਇਕ ਲਾਠੀ ਲਗੀ ਸੀ ਲਖਨਊ ਵਿਚ ।'

ਗੁੜਗਾਵਾਂ ਵਿਚ ਵੇਖਿਆ ਗਿਆ ਹੈ ਗਊ ਬੱਧ ਹੁੰਦੀ ਹੈ, ਅਸਾਂ ਸਤਿਗੁਰੂ ਜੀ ਦੇ ਨਾਲ ਜਾ ਕੇ ਵੇਖਿਆ ਹੈ । ਪਰ ਹੁਣ ਆਸ ਬੱਝ ਗਈ ਹੈ, ਅਸੀਂ ਵੀ ਤਕੜੇ ਹੋ ਕੇ ਮਗਰ ਪੈ ਗਏ ਹਾਂ । ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਵੀ ਦੂਜੇ ਸੂਬੇ ਦੇ ਸਰਕਾਰੀ ਮੈਂਬਰਾਂ ਵਾਂਗ ਜਾਗਣਾ ਚਾਹੀਦਾ ਹੈ, ਹੁਣ ਪ੍ਰਚਾਰ ਸਦਕਾ ਲੋਕਾਂ ਚਮੜਾ ਚੁਕਣਾ ਬੰਦ ਕੀਤਾ ਹੈ । ਹੁਣ ਕੰਮ ਕਰਨ ਦੀ ਲੋੜ ਹੈ, ਪਿੰਡ ਪਿੰਡ ਵਿੱਚ ਪ੍ਰਚਾਰ ਕਰੋ ਗਊ, ਬੈਲ ਕੋਈ ਨਾ ਵੇਚੇ । ਹੁਣ ਸਤਿਗੁਰਾਂ ਦੀ ਕਿਰਪਾ ਨਾਲ ਇਕ ਸਾਲ ਵਿੱਚ ਗਊ ਬੱਧ ਬੰਦ ਹੋ ਜਾਵੇਗਾ, ਜਦੋਂ ਲੋਕ ਜਾਗ ਪੈਣਗੇ ਫੇਰ ਕੰਮ ਠੀਕ ਹੋਵੇਗਾ ।'

ਸ੍ਰੀ ਆਲਿਮ ਜੀ ਨੇ ਆਖਿਆ ਕਿ ਨਾਮਧਾਰੀ ਪ੍ਰਣ ਕਰਨ ਕਿ ਅਸੀਂ ਗਊ ਕਿਸੇ ਕੋਲ ਨਹੀਂ ਵੇਚਾਂਗੇ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗਊ ਦੀ ਕਸਮ ਖਾਣ ਵਾਲਿਆਂ ਤੇ ਇਤਬਾਰ ਕਰ ਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀਆਂ ਹਸਰਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਪੂਰੀਆਂ ਕੀਤੀਆਂ।

ਕਵੀ ਦਰਬਾਰ ਆਰੰਭ ਹੋਣ ਤੋਂ ਪਹਿਲੋਂ ਸ੍ਰੀ ਆਲਿਮ ਜੀ ਨੇ ਸਮੱਸਿਆ ਬਾਰੇ ਤੇ ਕਵਿਤਾ ਬਾਰੇ ਕਵੀਆਂ ਨੂੰ ਕੁਝ ਆਦੇਸ਼ ਦਿੱਤੇ।

ਕਵੀ ਦਰਬਾਰ ਵਿਚ ਐਨੀ ਜਨਤਾ ਸੀ ਕਿ ਸਾਰੇ ਪੰਡਾਲ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ। ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ, ਆਏ ਕਈ ਸੱਜਣਾਂ ਦੀਆਂ ਕਵਿਤਾਵਾਂ ਸੁਨਣ ਲਈ ਬੜਾ ਉਤਾਵਲਾ ਸੀ। ਕਵੀ ਦਰਬਾਰ ਵਿਚ ਬੋਲਣ ਵਾਲਿਆਂ ਦੀ ਗਿਣਤੀ ਲੱਗਭਗ 20 ਸੀ।

ਸਾਰੇ ਕਵੀਆਂ ਨੇ ਸੁੰਦਰ ਕਵਿਤਾਵਾਂ ਪੜ੍ਹੀਆਂ, ਪਰ ਹੇਠ ਲਿਖਿਤ ਕਵੀਆਂ ਨੇ ਇਨਾਮ ਪ੍ਰਾਪਤ ਕੀਤੇ :—

—ਪਹਿਲਾ ਦਰਜਾ—ਸੰਤ ਸੰਪੂਰਨ ਸਿੰਘ ਜੀ ਦਿੱਲੀ, 25 ਰੁਪਏ।

—ਦੂਸਰਾ ਦਰਜਾ—ਕਾਕਾ ਸੰਤੋਖ ਸਿੰਘ ਜੀ, ਸੰਤ ਨਗਰ, 15 ਰੁਪਏ।

—ਤੀਸਰਾ ਦਰਜਾ—ਆਤਮਾ ਸਿੰਘ ਜੀ ਸਨਖਤਰਾ, 10 ਰੁਪਏ।

ਇਸ ਸਮੇਂ 156 ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।

2 ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ ਤੇ 36 ਜੋੜਿਆਂ ਦੇ ਅਨੰਦ ਕਾਰਜ ਹੋਏ। ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ-ਸੰਗਤ ਨੂੰ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਪਦੇਸ਼ ਦਿਤਾ :—

"ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਸੀ, ਮੇਰੇ ਲੂੰ ਕੰਡੇ ਖੜੇ ਹੁੰਦੇ ਹਨ। ਤੁਸੀਂ ਭਾਣਾ ਭਾਣਾ ਕਰਦੇ ਹੋ, ਤੁਸੀਂ ਸਿਦਕ ਰਖੋ, ਹੁਣ ਕਈ ਕਮਜ਼ੋਰੀਆਂ ਆ ਗਈਆਂ ਹਨ। ਦੁਨੀਆਂ ਵਿਚ ਬੰਬ ਵਰ ਰਹੇ ਹਨ ਤੇ ਅੱਗੇ ਇਸ ਤਰ੍ਹਾਂ ਦੀਆਂ ਹੋਰ ਵਿਨਾਸ਼ਕਾਰੀ ਚੀਜ਼ਾਂ ਜ਼ੋਰ ਫੜ ਰਹੀਆਂ ਹਨ। ਇਸ ਤਰ੍ਹਾਂ ਤਾਂ ਹੁੰਦਾ ਹੈ ਜੇ ਧਾਰਮਿਕ ਭਾਵਨਾ ਨਹੀਂ ਰਹੀ।

ਹੁਣ ਸਿੱਖ ਜੰਗਲ, ਬਿਨਾਂ ਜਲ ਦੇ ਜਾਂਦੇ ਹਨ। ਭਾਈ ਰਾਏ ਸਿੰਘ ਕਟੜਿਆ ਜਲ ਤੋਂ ਬਿਨਾਂ ਜੰਗਲ ਗਏ ਸਨ। ਸਤਿਗੁਰਾਂ ਕਿਹਾ, 'ਇਸ ਤਰ੍ਹਾਂ ਕਿਉਂ ਕੀਤਾ ਹੈ?' ਅਰਜ਼ ਕੀਤਾ ਕਿ 'ਸੱਚੇ ਪਾਤਸ਼ਾਹ ਬਾਹਰ ਮੀਂਹ ਪਿਆ ਹੈ।' ਆਪ ਨੇ ਕਿਹਾ ਇਹ ਵੱਡਾ ਗੁਨਾਹ ਹੈ ਬਾਹਰ ਜਲ ਲੈ ਕੇ ਜਾਵੋ ਕਿਉਂਕਿ ਵਰ੍ਹਿਆ ਜਲ ਭੂਤਨਿਆਂ ਨੂੰ ਮਿਲਦਾ ਹੈ, ਉਹ ਤੁਸੀਂ ਬੰਦ ਕਰਦੇ ਹੋ। ਜੰਗਲ ਟੋਆ ਪੁੱਟ ਕੇ ਬੈਠਣਾ ਚਾਹੀਦਾ ਹੈ ਤੇ ਜਲ ਵਰਤਣਾ ਚਾਹੀਦਾ ਹੈ। ਹੁਣ ਦੁਨੀਆਂ ਖਲੋ ਕੇ ਮੂਤਨ ਲਗ ਪਈ ਹੈ ਕਿ ਛਿੱਟਾਂ ਨਹੀਂ ਪੈਂਦੀਆਂ। ਗੁਰੂ ਸਾਹਿਬ ਨੇ ਤਾਂ ਮੂਤ ਵਾਲੇ ਕੱਪੜੇ ਸਾਬੂਣ ਨਾਲ ਧੋਣੇ ਲਿਖਿਆ ਹੈ। ਪੱਛਮੀ ਸਭਿਅਤਾ ਬਹੁਤ ਅਸਰ ਕਰ ਰਹੀ ਹੈ। ਸਤਿਗੁਰਾਂ ਨਿਰੇ ਬਦੇਸੀ ਕੱਪੜੇ ਦਾ ਤਿਆਗ ਨਹੀਂ ਸੀ ਕੀਤਾ, ਬਦੇਸ ਕਟਾਈ ਦਾ ਵੀ ਤਿਆਗ ਦੱਸਿਆ ਸੀ। ਸਤਿਗੁਰਾਂ ਨੇ ਤੁਹਾਨੂੰ ਬੀਜ ਵਾਸਤੇ ਬਣਾਇਆ ਹੈ, ਜੇ ਬੀਜ ਹੀ ਸਾਫ

ਨਾ ਰਹਿ ਜਾਏ ਤਾਂ ਫੇਰ ਕੀ ਆਸ ਹੋ ਸਕਦੀ ਹੈ ?"

ਸਤਿਗੁਰਾਂ ਰੰਗੂਣ ਵਿਚ ਦਰਬਾਰਾ ਸਿੰਘ ਨੂੰ ਕਿਹਾ, "ਜਿਹੜੇ ਆਖਦੇ ਸਨ ਸਾਡਾ ਤਨ ਮਨ ਲਗ ਜਾਵੇ—ਉਹ ਮੇਰੇ ਨਮਿੱਤ ਪਾਠ ਕਰਾਉਣ। ਅਸਾਂ ਪਿਛੇ ਢਾਈ ਲੱਖ ਪਾਠ ਕੀਤੇ। ਸਤਿਗੁਰਾਂ ਦਰਸ਼ਨ ਦੇ ਕੇ ਆਖਿਆ ਇਹਨਾਂ ਵਿਚ ਵਿਘਨ ਰਹਿ ਗਿਆ ਹੈ ਸ਼ੁੱਧ ਨਹੀਂ ਹੋਏ। ਹੁਣ ਫ਼ੇਰ ਅਸਾਂ ਇਹ ਕਰਨੇ ਅਰੰਭ ਕੀਤੇ ਹਨ; ਪੰਜ-ਛੇ ਸਤਰਾਂ ਐਤਕੀਂ ਹਰ ਕਿਸੇ ਨੂੰ ਦਿਤੀਆਂ ਹਨ, ਤਕੜੇ ਹੋ ਕੇ ਕਰੋ। ਬਦੋਬਦੀ ਕਿਸੇ ਨੂੰ ਪਾਠ ਨਹੀਂ ਦੇਣਾ ਪਰੇਮ ਨਾਲ ਕਰੋ। ਇਕ ਮਾਤਾ ਮੁਠੱਡਿਆ ਵਿਚ ਹੈ, ਜਿਨ੍ਹਾਂ ਨੇ ਸਤਿਗੁਰਾਂ ਦਾ ਦਰਸਨ ਕੀਤਾ ਹੈ। ਦੁਨੀਆ ਦੇ ਸਿਆਣੇ ਹਾਈਡਰੋਜਨ ਬੰਬ ਤਿਆਰ ਕਰ ਰਹੇ ਹਨ, ਤਬਾਹੀ ਦਾ ਸਾਮਾਨ ਤਿਆਰ ਹੋ ਰਿਹਾ ਹੈ, ਵੇਖੀਏ ਕਿਥੇ ਅੱਗ ਭੜਕ ਉਠਦੀ ਹੈ। ਸਤਿਗੁਰਾਂ ਦੇ ਸਭ ਵਾਕ ਪੂਰੇ ਹੋ ਰਹੇ ਹਨ ਭਜਨ ਬੰਦਗੀ ਤਕੜੇ ਹੋ ਕੇ ਕਰੋ। ਮਾਈਆਂ, ਭੈਣਾਂ ਰੰਗ ਬਰੰਗੇ ਕੱਪੜੇ ਪਾ ਕੇ ਮੇਲਿਆਂ ਵਿਚ ਆਉਂਦੀਆਂ ਹਨ ਹੁਣ ਤਾਂ ਸਭ ਕੁਝ ਲਭਦਾ ਹੈ। ਇਸ ਤਰ੍ਹਾਂ ਕਰਨਾ ਛੱਡ ਦਿਓ। ਸਾਦਾ ਬਾਣਾ ਪਾ ਕੇ ਏਥੇ ਆਇਆ ਕਰੋ। ਨਾਮਧਾਰੀਓ! ਧਰਮ ਤੇ ਕਾਇਮ ਰਹੋ ਏਸੇ ਵਿਚ ਹੀ ਤੁਹਾਡਾ ਭਲਾ ਹੈ।'

ਮਾਈਆਂ ਜੂੜਾ ਕਰਕੇ ਆਇਆ ਕਰਨ, ਪਤਲੇ ਲੀੜੇ ਨਾ ਲਿਆ ਕਰਨ, ਪੁੱਠਾ ਪੱਲਾ ਕਰਕੇ ਵੀ ਨਾ ਲਵੋ, ਤੁਹਾਡਾ ਸਭ ਕੁਝ ਤੁਹਾਡੇ ਪਤੀਆਂ ਦੀ ਅਮਾਨਤ ਹੈ। ਅਮਾਨਤ ਵਿਚ ਵਿਘਨ ਨਾ ਪੈਣ ਦਿਓ। ਅਸੀਂ ਖੁੱਲ੍ਹੇ ਲੋਕਾਂ ਨੂੰ ਉਪਦੇਸ਼ ਕਰਦੇ ਹਾਂ, ਪਹਿਲੋਂ ਆਪ ਤਾਂ ਠੀਕ ਤਰ੍ਹਾਂ ਨਾਲ ਰਹੋ। ਏਹ ਸਭ ਕੁਝ ਤੁਹਾਡੇ ਸੁੱਖ ਵਾਸਤੇ ਕਹਿੰਦਾ ਹਾਂ। ਵਿਆਹ ਤੁਸੀਂ ਏਥੇ ਕਰ ਜਾਂਦੇ ਹੋ ਘਰ ਜਾ ਕੇ ਫੇਰ ਮੁਕਲਾਵੇ ਤੇ ਖਰਚ ਕਰਦੇ ਹੋ। ਮੈਂ ਤਾਂ ਮੁਕਲਾਵਿਆਂ ਦਾ ਕੰਮ ਨਾਲ ਹੀ ਮੁਕਾ ਛੱਡਿਆ ਹੈ ਲੜਕੀ ਵਿਆਹੀ 15 ਦਿਨ ਸੌਹਰੇ ਘਰ ਰਹੇ, ਦੁਨੀਆਂ ਤਾਂ ਔਖੀ ਹੁੰਦੀ ਹੈ, ਤੁਸੀਂ ਕਿਉਂ ਔਖੇ ਹੁੰਦੇ ਹੋ ?"

ਇਸ ਉਪਦੇਸ਼ ਪਿਛੋਂ ਹੋਲੇ ਦਾ ਅਰਦਾਸਾ ਕੀਤਾ ਗਿਆ ਤੇ ਮੇਲੇ ਦੀ ਸਮਾਪਤੀ ਹੋਈ।

## 2012 ਬਿਕ੍ਰਮੀ-1956 ਈਸਵੀ, ਹੋਲਾ ਦਿੱਲੀ ਖਾਸ।

**4, 5, 6** ਚੇਤਰ 2012-1956 ਈਸਵੀ ਤੇ 16, 17, 18 ਮਾਰਚ 1956 ਦੇ ਇਹ ਤਿੰਨ ਦਿਨ ਹਿੰਦੁਸਤਾਨ ਦੇ ਇਤਿਹਾਸ ਵਿੱਚ ਸਦਾ ਚਮਕਦੇ ਰਹਿਣਗੇ। ਇਨ੍ਹਾਂ ਤਿੰਨਾਂ ਦਿਨਾਂ ਦਾ ਵਰਣਨ ਅਕੱਥਨੀਯ ਹੈ, ਕਿਉਂਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਾਮਧਾਰੀ ਪੰਥ ਨੇ ਇਸ ਸਾਲ 2012 ਦਾ ਹੋਲਾ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਮਨਾਇਆ।

ਇਸ ਹੋਲੇ ਵਿਚ ਦੇਸ ਪ੍ਰਦੇਸ ਦੇ ਕਈ ਗੁਰਮੁਖਾਂ ਦਰਸ਼ਨ ਦਿਤੇ। ਨਾਮਧਾਰੀ ਪੰਥ ਦੀਆਂ ਹੋਰ ਖਾਸ-ਖਾਸ ਵਿਅਕਤੀਆਂ ਨੇ ਦਿੱਲੀ ਦੇ ਹੋਲੇ ਦੀ ਰੌਣਕ ਨੂੰ ਵਧਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਦੋ ਦਿਨ ਪਹਿਲੋਂ ਹੀ ਦਰਸ਼ਨ ਦੇ ਕੇ ਪ੍ਰਬੰਧਕਾਂ ਦੇ ਕੰਮ ਵਿਚ ਸਹਾਇਤਾ ਕੀਤੀ। ਹੋਲਾ ਪ੍ਰਬੰਧਕਾਂ ਦੀ ਮਰਜ਼ੀ ਸੀ ਕਿ ਪੰਡਾਲ ਨੂੰ ਏਡੀ ਸ਼ਾਨ ਨਾਲ ਤਿਆਰ ਕੀਤਾ ਜਾਵੇ ਕਿ ਵੇਖਣ ਵਾਲੇ ਦੰਗ ਰਹਿ ਜਾਣ ਪਰ ਦੀਨ ਦਿਆਲ ਜੀ ਨੇ ਆਪਣੀ ਕਿਰਪਾ ਨਾਲ ਉਹਨਾਂ ਨੂੰ ਸਾਦਗੀ ਦਾ ਗੁਰ ਦੱਸ ਕੇ ਨਵਾਂ ਸੁਝਾਓ ਦਿਤਾ।

ਨਾਮਧਾਰੀ ਪੰਥ ਦੇ ਸਭ ਵਿਦਵਾਨਾਂ, ਰਾਗੀਆਂ, ਉੱਘੇ ਪ੍ਰਚਾਰਕਾਂ, ਜਥੇਦਾਰਾਂ, ਕਵੀਆਂ, ਸੰਤਾਂ, ਮਹਾਤਮਾ ਤੇ ਮਸਤਾਨਿਆਂ ਨੇ ਇਸ ਮੇਲੇ ਵਿੱਚ ਪੁੱਜ ਕੇ ਹੋਲੇ ਦੀ ਰੌਣਕ ਨੂੰ ਚਾਰ ਚੰਨ ਲਾਏ। ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਨੇ ਦਿੱਲੀ ਪਹੁੰਚ ਕੇ ਪ੍ਰਬੰਧਕਾਂ ਦੀ ਬੜੇ ਸੁਚੱਜੇ ਢੰਗ ਨਾਲ ਅਗਵਾਈ ਕੀਤੀ।

ਪਹਿਲੇ ਦਿਨ 3 ਚੇਤਰ—15 ਮਾਰਚ ਨੂੰ ਸਵੇਰੇ ਹਵਨ ਤੇ ਭਗੌਤੀਆਂ ਦੀ ਵਰਣੀ ਨਾਲ ਮੇਲੇ ਦਾ ਆਰੰਭ ਕੀਤਾ ਗਿਆ ਜੋ ਅੱਠੇ ਪਹਿਰ ਇਕ ਰਸ ਹੁੰਦਾ ਰਿਹਾ— ਰੋਜ਼ਾਨਾ 9 ਤੋਂ ਸ਼ਾਮ ਦੇ 5 ਵਜੇ ਤੱਕ ਤੇ ਰਾਤ ਨੂੰ 9 ਤੋਂ 3 ਵਜੇ ਤੱਕ ਪੰਥ ਦੇ ਜਥੇਦਾਰਾਂ ਨੇ ਇਕ ਰਸ ਕੀਰਤਨ ਕਰਕੇ ਆਈਆਂ ਸੰਗਤਾਂ ਨੂੰ ਬੜਾ ਅਨੰਦਿਤ ਕੀਤਾ—ਸ਼ਾਮ ਨੂੰ 7 ਤੋਂ 8 ਵਜੇ ਤੱਕ ਰੋਜ਼ਾਨਾ ਨਾਮ ਸਿਮਰਨ ਦੀ ਸਮਾਪਤੀ ਸਮੇਂ ਇੰਦਰ ਦੇਵਤਾ ਜੀ ਨੇ ਦਿੱਲੀ ਦੀਆਂ ਸੰਗਤਾਂ ਦੀ ਪਰੇਰਣਾ ਕਰਕੇ ਸਤਿਗੁਰੂ ਹਰੀ ਸਿੰਘ ਨਗਰ ਦੇ ਹਰੇਕ ਉੱਚੇ ਨੀਵੇਂ ਥਾਂ ਨੂੰ ਬਾਰਸ਼ ਨਾਲ ਧੋ ਦਿਤਾ ਤਾਕਿ ਸੰਗਤਾਂ ਦੇ ਬੈਠਣ ਲਈ ਦੀਵਾਨ ਅਸਥਾਨ ਸਵੱਛ ਹੋ ਜਾਵੇ।

**ਦੁਨੀਆ ਵਿਚ ਨਾ ਰਲੋ :**—ਇਸੇ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਈਆਂ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ, "ਨਾਮਧਾਰੀਓ ਦੁਨੀਆ ਵਿਚ ਰਲਣ ਦੀ ਕੋਸ਼ਿਸ਼ ਨਾ ਕਰੋ, ਆਪਣੇ ਬਾਣੇ ਨੂੰ ਨਾ ਛੱਡੋ। ਰੰਗਦਾਰ ਕੱਪੜੇ ਬੀਬੀਆਂ ਨਾ ਪਾ ਕੇ ਆਉਣ। ਆਪਣੇ ਚਾਲ ਚਲਣ ਨੂੰ ਉੱਚਿਆਂ ਰਖੋ, ਪਤੀ ਵਰਤਾ ਇਸਤ੍ਰੀਆਂ ਵਾਂਗ ਆਪਣੇ ਸਤਿਗੁਰੂ ਰਾਮ ਸਿੰਘ ਜੀ ਤੇ ਭਰੋਸਾ ਰਖੋ।" ਦੀਨ ਦਿਆਲ ਜੀ ਨੇ ਸੀਤਾ ਦੀ ਮਿਸਾਲ ਦੇ ਕੇ ਦੱਸਿਆ ਕਿ ਸੀਤਾ ਭਾਵੇਂ ਰਾਵਣ ਦੀ ਕੈਦ ਵਿੱਚ ਰਹੀ ਪਰ ਉਸ ਨੇ ਆਪਣੇ ਸਤਿ ਨੂੰ ਆਂਚ ਨਾ ਲਗਣ ਦਿਤੀ। ਰਾਵਣ ਆਖਦਾ ਸੀ, 'ਜਦੋਂ ਮੈਂ ਰਾਮ ਦਾ ਰੂਪ ਧਾਰ ਕੇ ਸੀਤਾ ਪਾਸ ਜਾਂਦਾ ਹਾਂ, ਤਾਂ ਮੇਰੇ ਵਿਚੋਂ ਮੰਦੀ ਵਾਸਨਾ ਉੱਡ ਜਾਂਦੀ ਹੈ।' ਇਹ ਹਨ ਸਤੀ ਇਸਤ੍ਰੀਆਂ ਦੇ ਕਰਤੱਵ ਇਸ ਤਰ੍ਹਾਂ ਸਿੱਖ ਨੂੰ ਵੀ ਆਪਣੇ ਗੁਰੂ ਤੋਂ ਬਿਨਾਂ ਕਿਸੇ ਵੱਲ ਨਹੀਂ ਝਾਕਣਾ ਚਾਹੀਦਾ। ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਸੀ ਭਾਵੇਂ ਕੰਧਾ ਭਜਾ ਕੇ ਵੀ ਕੋਈ ਤੁਹਾਨੂੰ ਡੁਲਾਵੇ ਤੁਸੀਂ ਨਹੀਂ ਡੋਲਣਾ। ਅੱਜ ਆਪ ਜੀ ਨੇ ਸਿਦਕ ਨੂੰ ਕਾਇਮ ਰਖਣ ਤੇ ਜ਼ੋਰ ਦਿਤਾ। ਸੰਗਤਾਂ ਧੰਨ ਧੰਨ ਕਰ ਰਹੀਆਂ ਸਨ।

ਸਵੇਰੇ 3 ਵਜੇ ਅੰਮ੍ਰਿਤ ਵੇਲੇ ਰੋਜ਼ ਵਾਰਾ ਲਗਦਾ ਰਿਹਾ। ਸੰਤ ਗਿਆਨਾ ਸਿੰਘ ਜੀ ਤੇ ਸੰਤ ਪ੍ਰੀਤਮ ਸਿੰਘ ਜੀ ਨੇ ਇਸ ਕਾਰਜ ਨੂੰ ਜਿਸ ਉਤਸ਼ਾਹ ਨਾਲ ਜਾਰੀ ਰਖਿਆ ਉਹ ਅਤਿ ਪ੍ਰਸੰਸਾ ਯੋਗ ਹਨ। 18 ਮਾਰਚ ਐਤਵਾਰ ਨੂੰ ਤਾਂ ਵਾਰੇ ਦਾ

ਅਜਿਹਾ ਅਨੰਦ ਬਣਿਆ ਕਿ ਆਈਆਂ ਸੰਗਤਾਂ ਨੂੰ ਆਪਣਾ ਆਪ ਹੀ ਭੁੱਲ ਗਿਆ । ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਅੱਜ ਵੈਰਾਗਮਈ ਦਸ਼ਾ ਵਿਚ ਹੋਰ ਸਭ ਕੁਝ ਭੁੱਲੇ ਹੋਏ ਸਨ ।

ਸੱਚੇ ਪਾਤਸ਼ਾਹ ਜੀ ਨੇ ਇਨ੍ਹਾਂ ਦਿਨਾਂ ਵਿਚ 4 ਭਾਸ਼ਨ ਦਿਤੇ ਇਕ ਭਾਸ਼ਨ ਤਾਂ ਸਾਰੀ ਦੁਨੀਆ ਉੱਤੇ ਸੁਣਿਆ ਗਿਆ ।

16 ਮਾਰਚ 4 ਚੇਤਰ ਦਾ ਭਾਸ਼ਨ ਲਿਖਾਰੀਆਂ, ਜਥੇਦਾਰਾਂ ਤੇ ਨੌਜਵਾਨ ਮੁੰਡਿਆਂ ਉੱਤੇ ਸੀ ।

ਦੀਨ ਦਿਆਲ ਜੀ ਨੇ ਫੁਰਮਾਇਆ, "ਅੱਜ ਦੁਨੀਆਂ ਸੱਚ ਨੂੰ ਛੱਡੀ ਜਾ ਰਹੀ ਹੈ, ਵੇਖੋ ਵੇਖੀ ਸਾਡੇ ਨਾਮਧਾਰੀ ਵੀ ਉਸੇ ਤਰ੍ਹਾਂ ਦੇ ਬਣਨਾ ਚਾਹੁੰਦੇ ਹਨ, ਕੂਕਿਆਂ ਨੇ ਦੁਨੀਆਂ ਨੂੰ ਆਪਣੇ ਪਿੱਛੇ ਲਾਉਣਾ ਸੀ ਪਰ ਅੱਜ ਕੂਕੇ ਦੁਨੀਆਂ ਪਿੱਛੇ ਲੱਗਣ ਵਿੱਚ ਫਖਰ ਸਮਝਦੇ ਹਨ । ਲਿਖਾਰੀ ਤੇ ਜਥੇਦਾਰ ਸੱਚੀਆਂ ਗੱਲਾਂ ਲੋਕਾਂ ਅੱਗੇ ਰਖਣ, ਕਈ ਜਥੇਦਾਰ ਅੱਧੀ ਤੁਕ ਗੁਰਬਾਣੀ ਤੇ ਅੱਧੀ ਆਪਣੇ ਕੋਲੋਂ ਰਲਾ ਲੈਂਦੇ ਹਨ, ਇਹ ਠੀਕ ਨਹੀਂ । ਕਿਰਪਾ ਕਰਕੇ ਨਾ ਕੋਈ ਝੂਠ ਲਿਖੇ ਤਾਂ ਨਾ ਕੋਈ ਝੂਠ ਆਪਣੇ ਪ੍ਰਚਾਰ ਵਿਚ ਰਲਾਵੇ ।

ਕਈ ਇਤਿਹਾਸ ਲਿਖਦੇ ਹਨ, ਤੇ ਕਈ ਇਤਿਹਾਸਕ ਗਲਤੀਆਂ ਕਰ ਲੈਂਦੇ ਹਨ । ਕੋਈ ਕੁਝ ਲਿਖ ਦਿੰਦਾ ਹੈ ਤੇ ਕੋਈ ਕੁਝ, ਇਹ ਠੀਕ ਨਹੀਂ, ਨਾਮਧਾਰੀਆਂ ਬਾਰੇ ਜੋ ਕਿਸੇ ਲਿਖਣਾ ਜਾਂ ਲਿਖਿਆ ਹੋਵੇ ਮੈਨੂੰ ਵਿਖਾਲ ਲੈਣਾ ਚਾਹੀਦਾ ਹੈ, ਮੈਂ ਰੋਕਦਾ ਨਹੀਂ ਕਿ ਕੋਈ ਕੁਝ ਨਾ ਲਿਖੇ, ਪਰ ਠੀਕ ਲਿਖੋ ।"

ਨੌਜਵਾਨ ਗਭਰੂਆਂ ਨੂੰ ਮੁਖਾਤਬ ਕਰਕੇ ਆਪ ਨੇ ਕਿਹਾ ਕਿ ਆਪਣੇ ਬਾਣੇ ਨੂੰ ਛੱਡ—ਕਈ ਮੁੰਡੇ ਪੱਗਾਂ ਤਾ ਸਿੱਧੀਆਂ ਬੰਨ੍ਹਦੇ ਹਨ ਪਰ ਦਾਹੜੀਆਂ ਬੰਨ੍ਹ ਕੇ ਰਖਦੇ ਹਨ, ਜਿਹੜੇ ਕੇਸਾਂ ਵਿਚ ਜਲ ਨਹੀਂ ਪਾਉਂਦੇ ਉਹ ਕੂਕੇ ਕਿਵੇਂ ਰਹਿ ਗਏ ? ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :—

ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥
ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨਾ ਭਾਣੀ ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
ਵੁਠੈ ਅੰਨੁ ਕਮਾਦੁ ਕਪਾਹਾ ਸਭ ਸੈ ਪੜਦਾ ਹੋਵੈ ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰ ਖੁਥੇ ਨਾਵਹਿ ਨਾਹੀ ਤਾ ਸਤਿ ਚਟੇ ਸਿਰਿ ਛਾਈ ॥

(ਪੰਨਾ 150 : ਆਦਿ ਗ੍ਰੰਥ ਸਾਹਿਬ)

ਸਤਿਗੁਰਾਂ ਹੁਕਮ ਕੀਤਾ ਕਿ ਸਤਿਗੁਰੂ ਨੂੰ ਸੱਜਣ ਬਣਾਓ ਲੋਕਾਂ ਮਗਰ ਨਾ ਲਗੋ ।

ਇਕ ਸਜਨ ਸਭ ਸੱਜਨਾਂ
ਇਕ ਵੈਰੀ ਸਭ ਵਾਦਿ ।

17 ਮਾਰਚ 5 ਚੇਤਰ ਨੂੰ ਸਤਿਗੁਰਾਂ ਦਾ ਭਾਸ਼ਨ ਰੇਡਿਓ ਤੇ ਬਰਾਡ-ਕਾਸਟ ਹੋਇਆ ਜੋ ਸਾਰੀ ਦੁਨੀਆਂ ਤੇ ਸੁਣਿਆ ਜਾ ਰਿਹਾ ਸੀ।

ਅੱਜ ਦੁਨੀਆਂ ਜਿਸ ਸ਼ਾਂਤੀ ਨੂੰ ਢੂੰਡ ਰਹੀ ਹੈ ਗਰੀਬ ਨਿਵਾਜ਼ ਜੀ ਨੇ ਦੱਸਿਆ ਕਿ ਸਾਂਤੀ ਕਿਵੇਂ ਹੋ ਸਕਦੀ ਹੈ ? ਅੱਜ ਆਪ ਦੇ ਸਾਹਮਣੇ ਦੋ ਮਜ਼ਮੂਨ ਸਨ।

1. ਸਿੱਖ
2. ਸ਼ਾਂਤੀ ਕਿਵੇਂ ਹੋ ਸਕਦੀ ਹੈ ?

**ਸਿੱਖੀ :**—ਆਪ ਜੀ ਨੇ ਫੁਰਮਾਇਆ, "ਸਰਿਸ਼ਟੀ ਦੇ ਆਦਿ ਤੋਂ ਹੀ ਸਿੱਖੀ ਕਾਇਮ ਹੈ ਜਦ ਗੁਰੂ ਸਦਾ ਹੈ ਤਾਂ ਗੁਰੂ ਜਦੋਂ ਮਰਜ਼ੀ ਸਿੱਖੀ ਰਚ ਲੈਂਦਾ ਹੈ।

ਜਹਿ ਸਤਿਗੁਰ ਤਹਿ
ਸਤ ਸੰਗਤ ਬਣਾਈ ।

ਸਾਧ ਸੰਗਤ ਤੇ ਗੁਰੂ ਰਲ ਕੇ ਇੱਕੀ ਵਿਸਵੇ ਬਣਦੇ ਹਨ ਗੀਤਾ, ਰਾਮਾਇਣ, ਸ੍ਰੀ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੱਸਦੇ ਹਨ ਕਿ ਜਦੋਂ ਅਧਰਮ ਫੈਲਿਆ ਗੁਰੂ ਆਏ...

ਜਬ ਜਬ ਹੋਤ ਅਰਿਸ਼ਟ ਅਪਾਰਾ
ਤਬ ਤਬ ਦੇਹ ਧਰਤ ਅਵਤਾਰਾ ।

ਅਕਬਰ ਬਾਦਸ਼ਾਹ ਨੇ ਕਿਵੇਂ ਦਰਿਆ ਵਿਚ ਆਪ ਛਾਲ ਮਾਰ ਦਿੱਤੀ ਸੀ ਆਪਣੇ ਬੱਚੇ ਵਾਸਤੇ, ਸੇਵਕਾਂ ਦੇ ਹੁੰਦਿਆਂ ਤਿਵੇਂ ਅਕਾਲ ਪੁਰਖ ਵੀ ਆਪਣੇ ਭਗਤਾਂ ਦਾ ਦੁੱਖ ਨਹੀਂ ਜਰ ਸਕਦਾ।

ਜੈਸਾ ਜੈਸਾ ਸਮਾਂ ਆਇਆ ਵੈਸਾ ਵੈਸਾ ਗੁਰੂ ਆਇਆ—ਪਾਰਸ, ਚੰਨਣ ਤੇ ਦੀਪਕ ਦੀ ਮਿਸਾਲ ਦੇ ਕੇ ਆਪ ਨੇ ਫੁਰਮਾਇਆ ਕਿ ਦੀਪਕ ਦੀਵਾ ਜਗਾ ਸਕਦਾ ਹੈ ਜਿਸ ਦਾ ਘਟਦਾ ਵੀ ਕੁਝ ਨਹੀਂ ਤੇ ਆਪਣੇ ਜਿਹਾ ਬਣਾ ਲੈਂਦਾ ਹੈ।"

ਸਿੱਖੀ ਦਾ ਜ਼ਿਕਰ ਕਰਦਿਆਂ ਆਪ ਨੇ ਕਿਹਾ, "ਜ਼ਰਾ ਧਿਆਨ ਦਿਉ ਗੁਰੂ ਰਾਮਦਾਸ ਸਿੱਖੀ ਦਾ ਨਕਸ਼ਾ ਕਿਵੇਂ ਬੰਨਦੇ ਹਨ ?

ਗਉੜੀ ਮਹਲਾ ੪

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ

ਜੋ ਆਪਿ ਜਪੈ ਅਵਰਹ ਨਾਮ ਜਪਾਵੈ ॥

(ਪੰਨਾ 305, ਆਦਿ ਗ੍ਰੰਥ ਸਾਹਿਬ)

ਸਤਿਗੁਰੂ ਜੀ ਨੇ ਬਚਨ ਕੀਤਾ ਕਿ ਅਰਥ ਕਰਨ ਦਾ ਤਾਂ ਹੁਕਮ ਨਹੀਂ ਪਰ ਵੇਖ ਲਵੋ ਸਿੱਖ ਕਿਸ ਤਰ੍ਹਾਂ ਬਣੀਦਾ ਹੈ ?

ਅੱਜ ਸਿੱਖ ਨਾਮ ਬਾਣੀ ਤੇ ਰਹਿਤ ਮਰਯਾਦਾ ਨੂੰ ਭੁੱਲ ਚੁਕੇ ਹਨ ਕਈ ਕੰਮ ਉਲਟੇ-ਪੁਲਟੇ ਵੀ ਕਰਨ ਲਗ ਪਏ ਹਨ ਗੁਰੂ ਜੀ ਨੇ ਫੁਰਮਾਇਆ :—

"ਮੂਤ ਪਲੀਤੀ ਕਪੜ ਹੋਇ ॥"

ਦੱਸਦੇ ਹਨ, ਪਰ ਸਿੱਖਾਂ ਖਲੋ ਕੇ ਮੂਤਨਾ ਸ਼ੁਰੂ ਕਰ ਦਿਤਾ ਹੈ। ਕੀ ਗੋਡਿਆਂ ਤੱਕ ਛਿਟਾਂ ਨਹੀਂ ਪੈਂਦੀਆਂ ? ਸੱਚੇ ਪਾਤਸ਼ਾਹ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਰਹਿਤ ਮਰਯਾਦਾ ਦੀ ਝਾਤੀ ਪਵਾਂਦਿਆਂ ਜੰਗਲ ਜਾਣਾ, ਅਸ਼ਨਾਨ ਕਰਨਾ, ਕੰਘਾ ਦੋਵੇਂ ਵੇਲੇ ਕਰਨਾ ਆਦਿ ਸਭ ਕਰਮ ਦਸ ਕੇ ਧਰਮ ਦਾ ਉਪਦੇਸ਼ ਦਿਤਾ ਤੇ ਕਿਹਾ—

ਜੇ ਸਿੱਖ ਗੁਰੂ ਤੇ ਸ਼ੰਕਾ ਕਰਦਾ ਹੈ, ਉਹ ਸਭ ਕੁਝ ਗਵਾ ਲੈਂਦਾ ਹੈ। ਗੁਰੂ ਦੀ ਮੂਰਤ ਦਾ ਧਿਆਨ ਧਰ ਕੇ ਭਜਨ ਕਰਨ ਦਾ ਉਪਦੇਸ਼ ਕੀਤਾ।

ਸਿੱਖੀ ਕੀ ਹੈ ? ਸਤੇ ਬਲਵੰਡ ਦੀ ਸਾਖੀ ਸੁਣਾਈ ਕਿ ਤਿੰਨ ਟਕੇ ਤੇ ਇਕ ਪੈਸਾ ਗੁਰੂ ਰਾਮਦਾਸ ਜੀ ਨੇ ਉਹਨਾਂ ਅੱਗੇ ਰੱਖ ਕੇ ਕਿਹਾ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਤਿੰਨ ਸਿੱਖ ਪੂਰੇ ਹਨ ਉਹਨਾਂ ਦੇ ਤਿੰਨ ਟਕੇ, ਤੇ ਮੈਂ ਅੱਧਾ ਸਿੱਖ ਮੇਰਾ ਇਕ ਪੈਸਾ। ਇਹ ਜੇ ਸਿੱਖੀ, ਸਾਨੂੰ ਆਪਣੀ ਸਿੱਖੀ ਦੀ ਬੜੀ ਆਕੜ ਹੈ, ਭਾਵੇਂ 20 ਮਾਲਾ ਵੀ ਰੋਜ਼ ਕੋਈ ਫੇਰੇ, ਸਿੱਖ ਨਹੀਂ ਬਣ ਸਕਦਾ, ਕੇਵਲ ਸਤਿਗੁਰੂ ਦੀ ਕਿਰਪਾ ਤੇ ਬਖਸ਼ਸ਼ ਨਾਲ ਸਿੱਖ ਬਣਦਾ ਹੈ। ਗੁਰੂ ਦੀ ਕਿਰਪਾ ਨਾਲ ਇਕ ਸੈਕਿੰਡ ਵਿਚ ਜਣਾਈ ਹੋ ਜਾਂਦੀ ਹੈ।

ਬਖਸ਼ਸ਼ ਮੰਗੋ ਅਦਲ ਨਾ ਮੰਗੋ, ਅਦਲ ਮੰਗਣ ਵਾਲੇ ਨੂੰ 12 ਵਰ੍ਹੇ ਸਿਲ ਪੱਥਰ ਹੇਠਾਂ ਦਬਾਈ ਰਖਣ ਦਾ ਹੁਕਮ ਹੋਇਆ ਸੀ। ਸਿੱਖੀ ਦੀ ਨਿਸ਼ਾਨੀ ਪਰਉਪਕਾਰ ਕਰਨਾ ਹੈ, 420 ਕਰਨ ਵਾਲਾ ਸਿੱਖ ਨਹੀਂ ਹੋ ਸਕਦਾ। ਸਤਿਗੁਰੂ ਹਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਬਣਾਇਆ, ਉਹ ਲਹਿਣੇ ਵਾਂਗ ਸਤਿਗੁਰੂ ਬਣ ਗਏ। ਜਿਹੜਾ ਗੁਰੂ ਹਰੀ ਸਿੰਘ ਨੂੰ ਨਹੀਂ ਮੰਨਦਾ, ਉਹ ਕਿਸੇ ਗੁਰੂ ਨੂੰ ਨਹੀਂ ਮੰਨਦਾ। ਹੁਕਮ ਮੰਨੇ ਤਾਂ ਹੀ ਸਿੱਖ ਬਣੀ ਦਾ ਹੈ। ਆਪ ਨੇ ਦੱਸਿਆ ਕਿ ਨੀਲਾ ਪਹਿਨਣਾ ਮਨਾਹੀ ਹੈ ਆਦਿ।

ਗੁਰੂ ਗੋਬਿੰਦ ਸਿੰਘ ਜੀ ਨੇ ਨੀਲ ਦੀ ਸਖਤ ਮਨਾਹੀ ਕਰ ਦਿਤੀ ਹੈ :—

"ਨੀਲ ਬਸਤ੍ਰ ਲੈ ਕਪੜੇ ਫਾਰੇ<br>
ਤੁਰਕ ਪਠਾਣੀ ਅਮਲ ਗਇਆ ॥"

ਨੀਲ ਨੂੰ ਗਊ ਰੱਤ ਲਗਦੀ ਹੈ, ਜਿਹੜਾ ਨਾਮਧਾਰੀ ਨੀਲ ਪਾਉਂਦਾ ਹੈ ਉਹ ਦੇਣ ਦਾਰ ਹੈ, ਸਰਬੰਸ ਵਾਰ ਕੇ ਗੁਰੂ ਜੀ ਨੇ ਇਹ ਤੁੱਕ ਉਲਟਾਈ ਸੀ।

ਆਪ ਜੀ ਨੇ ਅਨੇਕਾਂ ਪ੍ਰਮਾਣ ਗੁਰਬਾਣੀ ਤੇ ਇਤਿਹਾਸ ਦੇ ਕੇ ਦੱਸਿਆ ਕਿ

ਸਿੱਖੀ ਕੀ ਹੈ ? ਇਹ ਭਾਸ਼ਨ ਰੇਡੀਉ ਰਾਹੀਂ ਬਰਾਡ ਕਾਸਟ ਕੀਤਾ ਜਾ ਰਿਹਾ ਸੀ ।

**ਸ਼ਾਂਤੀ ਕਿਵੇਂ ?** :—ਸ਼ਾਂਤੀ ਕਿਵੇਂ ਹੋ ਸਕਦੀ ਹੈ ? ਬਾਬਤ ਸਭ ਤੋਂ ਵੱਡੀ ਤੇ ਨੇਕ ਸਲਾਹ ਆਪ ਨੇ ਇਹ ਦਿੱਤੀ ਕਿ, ਜਿੰਨਾ ਚਿਰ ਕੋਈ ਆਦਮੀ ਕਿਸੇ ਜੀਵ ਨੂੰ ਦੁੱਖ ਦੇਂਦਾ ਹੈ ਉਨਾ ਚਿਰ ਸ਼ਾਂਤੀ ਨਹੀਂ ਹੋ ਸਕਦੀ, ਮਨ ਨੂੰ ਸੰਤੋਖ ਨਹੀਂ ਆ ਸਕਦਾ ।

'ਮਨ ਸੰਤੋਖ ਸਰਬ ਜੀਅ ਦਇਆ'
'ਧੌਲ ਧਰਮ ਦਇਆ ਕਾ ਪੂਤ'
'ਪਰ ਕਾ ਬੁਰਾ ਨ ਰਾਖਹੁ ਚੀਤ'
'ਤੁਮ ਕਉ ਦੁਖ ਨਹੀਂ ਭਾਈ ਮੀਤ'

ਹਥਿਆਰਾਂ ਦੀ ਲੋੜ ਵੱਧ ਰਹੀ ਹੈ । ਮਿੰਟ ਵਿਚ ਦੁਨੀਆਂ ਨੂੰ ਤਬਾਹ ਕਰਨ ਵਾਲੇ ਹਥਿਆਰ ਬਣ ਰਹੇ ਹਨ, ਉਹ ਪਹਿਲੋਂ ਸਾਰੇ ਹਥਿਆਰ ਸਮੁੰਦਰ ਵਿਚ ਸੁੱਟ ਦੇਣ । ਗੱਲਾਂ ਨਾਲ ਸ਼ਾਂਤੀ ਨਹੀਂ ਹੋ ਸਕਦੀ ।

ਧਰਮ ਕਰਮ ਦੁਨੀਆਂ ਛੱਡ ਬੈਠੀ ਹੈ, ਕੂਕੇ ਵੀ ਨਿਤਨੇਮ ਛੱਡੀ ਜਾ ਰਹੇ ਹਨ, ਕੂਕਿਓ ਭੁੱਲੋ ਨਾ ਧਰਮ ਤੇ ਕਾਇਮ ਰਹੋ...ਆਪ ਲੋਕੀਂ ਮਹੱਲਾਂ ਵਿਚ ਰਹਿੰਦੇ ਹਨ ਪਰ ਗਰੀਬਾਂ ਦੀ ਕੁੱਲੀ ਵੀ ਨਹੀਂ ਭਾਉਂਦੀ, ਏਸ ਤਰ੍ਹਾਂ ਸ਼ਾਂਤੀ ਕਿਵੇਂ ਹੋ ਸਕਦੀ ਹੈ ? ਗਰੀਬਾਂ ਦੀ ਮਦਦ ਕਰੋ, ਨਾਮ ਜਪੋ, ਆਪੋ ਆਪਣੇ ਧਰਮ ਵੱਲ ਮੁੜੋ ।

ਗਰੀਬਾਂ ਨੂੰ ਵੀ ਸੰਤੋਖ ਰਖਣਾ ਚਾਹੀਦਾ ਹੈ । ਅੱਜ ਦੁਨੀਆਂ ਕਬਜੇ ਤੇ ਤੁਲੀ ਹੋਈ ਹੈ । ਜੋ ਕਿਸੇ ਦੇ ਹੱਥ ਆ ਜਾਂਦਾ ਹੈ ਛੱਡਣ ਨੂੰ ਜੀਅ ਨਹੀਂ ਕਰਦਾ । ਲੋਕੀਂ ਕਾਨੂੰਨ ਦੀ ਸ਼ਰਨ ਲੈ ਕੇ ਆਪਣੇ ਧਰਮ ਨੂੰ ਛੱਡ ਰਹੇ ਹਨ । ਕਾਨੂੰਨ ਕੁਝ ਪਿਆ ਕਰੇ ਪਰ ਆਪਣੇ ਬਚਨ ਨੂੰ ਨਾ ਤਿਆਗੋ, ਕਿਸੇ ਦਾ ਦਿਲ ਨਾ ਦੁਖਾਓ, ਆਪਣੇ ਧਰਮ ਗ੍ਰੰਥ ਪੜ੍ਹ ਕੇ ਵੇਖੋ ਆਪਣੇ ਸਤਿਗੁਰੂਆਂ ਦੇ ਕਾਰਨਾਮੇ ਪੜ੍ਹੋ ਫੇਰ ਆਪ ਨੂੰ ਸ਼ਾਂਤੀ ਮਿਲ ਜਾਵੇਗੀ ।

ਕਿਸੇ ਸ਼ਾਂਤ ਨ ਆਈਆ ।
ਬਿਨ ਸਤਿਗੁਰ ਕੈ ਉਪਦੇਸ ।

18 ਮਾਰਚ 6 ਚੇਤਰ ਨੂੰ ਜੋ ਅਨੰਦਾਂ (ਵਿਆਹਾਂ) ਦਾ ਦਰਿਸ਼ ਸੀ, ਉਹ ਅਕਥਨੀਯ ਸੀ । ਹਜ਼ਾਰਾਂ ਨਰ ਨਾਰੀਆਂ ਇਸ ਵਿਆਹ ਰਸਮ ਨੂੰ ਦੇਖਣ ਆਈਆਂ ਹੋਈਆਂ ਸਨ । ਵਿਆਹ ਹੁੰਦੇ ਵੇਖ ਗੈਰ ਨਾਮਧਾਰੀਆਂ ਤੇ ਵੀ ਬੜਾ ਪ੍ਰਭਾਵ ਪਿਆ । ਇਨ੍ਹਾਂ ਵਿਆਹਾਂ ਵਿਚ ਇਕ ਹਿੰਦੂ ਜੋੜਾ ਵੀ ਸ਼ਾਮਲ ਸੀ, ਜਿਸ ਨੇ ਇਸ ਸ਼ਾਦੀ ਤੇ ਘੱਟ ਖਰਚ ਰਸਮ ਨਾਲ ਆਪਣਾ ਵਿਆਹ ਕਰਵਾਇਆ ।

ਇਸ ਦਿਨ ਹੀ ਸ਼ਾਮ ਦੇ ਤਿੰਨ ਵਜੇ ਗਊ ਰੱਖਿਆ ਸੰਮੇਲਨ ਅਰੰਭ ਹੋਇਆ । ਇਸ ਵਿਚ ਚੰਗੇ ਦੇਸ਼ ਹਿਤੈਸ਼ੀਆਂ ਤੇ ਗਊ ਰਖਸ਼ਕਾਂ ਨੇ ਦਰਸ਼ਨ ਦਿਤੇ ਤੇ ਕੁਝ ਨੇ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਭਾਸ਼ਨ ਵੀ ਦਿਤੇ । ਸੱਚੇ ਪਾਤਸ਼ਾਹ ਜੀ ਨੇ ਗਊ ਰੱਖਿਆ ਉਤੇ ਚਾਨਣਾ ਪਾਇਆ । ਆਪ ਨੇ ਡਾਲਡੇ ਘਿਉ ਖਾਣ ਦੀ ਸਖਤ ਮਨਾਹੀ ਕੀਤੀ । ਆਪ ਨੇ ਫੁਰਮਾਇਆ ਜੋ ਇਹ ਡਾਲਡਾ ਗਰੀ ਮੂੰਗਫਲੀ ਤੇ ਤਿਲਾਂ ਦਾ ਜਮਾਇਆ ਹੋਇਆ ਹੈ ਤਾਂ ਤੁਸੀਂ ਵੀ ਤੇਲ ਕਿਉਂ ਨਹੀਂ ਖਾ ਲੈਂਦੇ, ਉਹ ਇਸ ਨਾਲੋਂ

ਸਾਫ ਹੀ ਹੋਵੇਗਾ। ਪ੍ਰਣ ਕਰੋ ਕਿ ਡਾਲਡਾ ਘਿਓ ਨਹੀਂ ਖਾਵਾਂਗੇ। ਨਾਮਧਾਰੀ ਗਊਆਂ ਰਖਣ, ਮੈਂ ਇਸ ਸੰਬੰਧ ਵਿੱਚ ਉਹਨਾਂ ਦੀ ਸੇਵਾ ਕਰ ਸਕਾਂਗਾ ਸਾਡੀ ਆਤਮਾ ਨੀਵੀਂ ਹੋ ਗਈ ਹੈ। ਸਭ ਆਪੋ-ਆਪਣਾ ਰਾਜ ਮੰਗਦੇ ਹਨ। ਕਿਉਂ ਨਹੀਂ ਸਾਰੇ ਰਲ ਕੇ ਧਰਮ ਦਾ ਰਾਜ ਮੰਗਦੇ ?

ਚੰਡੀ ਦੀ ਵਾਰ ਤੋਂ ਮਗਰੋਂ ਅਰਦਾਸ ਕਰੋ, "ਹੇ ਜਗਦੰਭਾ ਗਊ ਘਾਤਕਾਂ ਦਾ ਨਾਸ ਕਰੋ। ਅੱਜ ਜੋ ਗਊ ਦਾ ਹਾਲ ਹੈ, ਉਹ ਕਦੀ ਨਹੀਂ ਸੀ ਹੋਇਆ; ਗਊਆਂ ਦਾ ਬਹੁਤ ਬੁਰੀ ਤਰ੍ਹਾਂ ਕਤਲ ਹੋ ਰਿਹਾ ਹੈ; ਸਭ ਸਭਾ ਸੁਸਾਇਟੀਆਂ ਨੂੰ ਇਸ ਕੰਮ ਵਿੱਚ ਜੁਟ ਜਾਣ ਲਈ ਸਤਿਗੁਰਾਂ ਕਿਹਾ। ਮੰਡੀਆਂ ਵਿਚ ਡੰਗਰ ਵੇਚਣ ਦੀ ਆਪ ਨੇ ਮਨਾਹੀ ਕੀਤੀ। ਆਏ ਸੱਜਣਾਂ ਦਾ ਸਤਿਗੁਰਾਂ ਬੜੇ ਪਿਆਰ ਨਾਲ ਧੰਨਵਾਦ ਕੀਤਾ।

19 ਮਾਰਚ 7 ਚੇਤਰ ਦਾ ਦਿਨ ਮੇਲੇ ਵਿਚ ਸ਼ਾਮਲ ਨਹੀਂ ਪਰ ਇਸ ਦਿਨ ਵੀ ਬੜਾ ਅਨੰਦਮਈ ਵਾਰਾ ਲਗਾ। ਵਾਰੇ ਉਪਰੰਤ ਸੰਤ ਦੇਵਾ ਸਿੰਘ ਜੀ ਨੇ ਅਜਿਹਾ ਭਾਸ਼ਨ ਦਿਤਾ ਜਿਸ ਨੇ ਸਾਰੇ ਹੋਲੇ ਦਾ ਸਿੱਟਾ ਕੱਢ ਦਿਤਾ। ਸੰਤਾਂ ਨੇ ਸਤਿਗੁਰੂ ਹਰੀ ਸਿੰਘ ਜੀ ਦੀ ਕਥਾ ਬੜੀ ਵੈਰਾਗਮਈ ਦਸ਼ਾ ਵਿਚ ਸੁਣਾਈ। ਪਿਛੋਂ ਸੰਤ ਧਾਰਾ ਸਿੰਘ ਤੇ ਜਗਤ ਸਿੰਘ ਘੋੜਿਆਂ ਵਾਲਿਆਂ ਨੇ ਵੀ ਚੀਨੀ ਵਾਲ਼ੇ ਦੇ ਪਿਆਰਮਈ ਬਚਨ ਸੁਣਾਏ।

ਸਤਿਗੁਰੂ ਜੀ ਨੇ ਹੋਲੇ ਸੰਬੰਧੀ ਦਿੱਲੀ ਦੀਆਂ ਸੰਗਤਾਂ ਨੂੰ ਕਿਹਾ, 'ਟੁੱਟੀ ਗੰਢਣ ਹਾਰ ਗੁਰੂ ਹਰੀ ਸਿੰਘ ਜੀ ਨੇ ਸਾਡਾ ਮੇਲਾ ਪੂਰਾ ਕਰ ਦਿਤਾ ਹੈ। ਸਭ ਅਰਜ ਕਰੋ ਸਾਡਾ ਧਰਮ ਬਣਿਆ ਰਹੇ ਜਿਨ੍ਹਾਂ ਨੇ ਸੇਵਾ ਕੀਤੀ ਹੈ ਉਨ੍ਹਾਂ ਨੂੰ ਸਤਿਗੁਰੂ ਬਖਸ਼ਸ਼ ਦਾ ਦਾਨ ਦੇਵੇ।'

'ਮੇਲੇ ਨੂੰ ਮੈਲਾ ਕਦੀ ਨਹੀਂ ਕਰਨਾ ਚਾਹੀਦਾ। ਧਾਰਮਿਕ ਮੇਲਿਆਂ ਵਿਚ ਧਰਮ ਦੀਆਂ ਹੀ ਗੱਲਾਂ ਕਰਿਆ ਕਰੋ ਰਾਜਨੀਤਕ ਮਸਲਿਆਂ ਨੂੰ ਧਰਮ ਵਿਚ ਨਹੀਂ ਲਿਆਉਣਾ ਚਾਹੀਦਾ, ਅਗੋਂ ਪਿਛੋਂ ਰਾਜਨੀਤਕ ਮੀਟਿੰਗਾਂ ਕਰ ਲਿਆ ਕਰੋ।'

ਸ਼ਬਦ (ਪਾਠ) ਜੋ ਸੰਗਤਾਂ ਕਰ ਰਹੀਆਂ ਹਨ ਦਾ ਜ਼ਿਕਰ ਕਰਦਿਆਂ ਸੱਚੇ ਪਾਤਸ਼ਾਹ ਜੀ ਨੇ ਕਿਹਾ 'ਜਿਹੜੇ ਸ਼ਬਦ ਮੋੜਦੇ ਹਨ, ਉਹਨਾਂ ਦਾ ਸਤਿਗੁਰੂ ਦੇ ਦਰਬਾਰ ਵਿਚ ਕੀ ਹਾਲ ਹੋਵੇਗਾ ? ਹਿੱਸਾ ਸਾਰੇ ਪਾਓ ਵਾਂਝੇ ਨਾ ਰਹਿ ਜਾਇਓ।'

'ਕੂਕਿਓ ਭਾਣੇ ਨੂੰ ਸਦਾ ਚੇਤੇ ਰਖੋ, ਖੁੱਲ੍ਹ ਕੇ ਦੱਸਣ ਦੀ ਲੋੜ ਨਹੀਂ। ਪਰ ਭੋਲੇ ਨਾ ਬਣੋ' ਮੇਰੀ ਅਰਜ਼ ਹੈ, 'ਹੋਊ ਆਟਾ ਨਹੀਂ ਤਾਂ ਦਲੀਆ ਜ਼ਰੂਰ ਹੋਵੇਗਾ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ।"

20 ਮਾਰਚ ਨੂੰ ਸੱਚੇ ਪਾਤਸ਼ਾਹ ਜੀ ਨੇ ਰਮੇਸ਼ ਨਗਰ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਵਾਰੇ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ, 'ਨਾਮਧਾਰੀ ਮੰਗਣੀਆਂ ਕਰਨ ਲਗ ਪਏ ਹਨ, ਇਹ ਗੁਰਮਤ ਨਹੀਂ। ਸੋ ਕੋਈ ਨਾਮਧਾਰੀ ਜਥੇਦਾਰ ਮੰਗੇਵੇ ਵਾਲੇ ਘਰ ਦੀਵਾਨ ਨਾ ਲਾਵੇ ਤੇ ਨਾ ਅਰਦਾਸ ਕਰੇ।' ਅਖੀਰ ਵਿੱਚ ਪੰਡਤ ਗੋਪਾਲ ਸਿੰਘ ਜੀ ਨੇ 353 ਸਰੀਰਾਂ ਨੂੰ ਭਜਨ ਦੱਸਿਆ ਤੇ 104 ਆਦਿ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ।

## 2013 ਬਿਕ੍ਰਮੀ–1957 ਈਸਵੀ, ਹੋਲਾ ਸ੍ਰੀ ਭੈਣੀ ਸਾਹਿਬ–ਲੁਧਿਆਣਾ।

ਸੰਨ 1957, ਬਿਕ੍ਰਮੀ 2013 ਦੇ ਹੋਲੇ ਦਾ ਆਰੰਭ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਸਵਾ ਲੱਖ ਚੰਡੀ ਦੀ ਵਾਰ ਦੇ ਮਹਾਨ ਪ੍ਰਯੋਗ ਨਾਲ, 7 ਮਾਘ ਸੰਮਤ 2013 ਵਾਲੇ ਦਿਨ ਸ੍ਰੀ ਭੈਣੀ ਸਾਹਿਬ ਦੀ ਤਪੋ-ਭੂਮੀ ਵਿਖੇ ਕੀਤਾ। ਹੋਲੇ ਦੀਆਂ ਤਰੀਕਾਂ ਭਾਵੇਂ 2, 3, 4 ਚੇਤਰ ਸਨ, ਪਰ ਹੋਲੇ ਦੇ ਸਮਾਗਮ ਦਾ ਸਾਖਿਆਤ ਰੂਪ 28 ਫੱਗਣ ਤੋਂ ਆਪਣੇ ਪੂਰੇ ਆਕਾਰ ਵਿਚ ਆ ਗਿਆ ਸੀ। ਰਾਗੀਆਂ ਤੇ ਜਥੇਦਾਰਾਂ ਨੇ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਦੇ ਦੀਵਾਨ ਵਿਚ ਨਾਮ ਬਾਣੀ ਦੀ ਮਹੱਤਤਾ ਦਾ ਵਰਨਣ ਕਰਕੇ ਸਾਰੀ ਸਾਧ-ਸੰਗਤ ਨੂੰ ਆਨੰਦ ਵਿਭੋਰ ਕਰ ਦਿਤਾ।

ਪਹਿਲੀ ਚੇਤਰ ਨੂੰ ਸੰਤ ਕਰਤਾਰ ਸਿੰਘ ਜੀ ਤੇ ਸੰਤ ਦਿਆਲ ਸਿੰਘ ਜੀ ਨੇ ਆਪਣੀਆਂ ਸੁਰੀਲੀਆਂ ਸੁਰਾਂ ਰਾਹੀਂ—

"ਚੜਿ ਚੇਤ ਬਸੰਤ ਮੇਰੇ ਪਿਆਰੇ ਭਲੀਏ ਰੁਤੇ"

ਗਾਵਿਆ ਕਿ ਹਰੀ ਮੰਦਰ ਅੰਦਰ ਸਰੋਤਿਆਂ ਨੂੰ ਇਕ ਉਹ ਹਲੂਣਾ ਆਇਆ, ਜਿਹੜਾ ਮਨੁੱਖਾ ਜੀਵਨ ਵਿੱਚ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਕਦੇ-ਕਦੇ ਆਉਂਦਾ ਹੈ। ਸ਼ਾਮ ਦੇ ਦੀਵਾਨ ਵਿੱਚ ਸੰਤ ਦਰਸ਼ਨ ਸਿੰਘ ਖਜਾਨ ਸਿੰਘ ਜੀ ਨੇ—

'ਜੇ ਰਾਜ ਦੇਹਿ ਤ ਕਵਨ ਬਡਾਈ'

'ਗੁਰੂ ਬਿਨ ਮਨ ਕਾ ਤਾਕ ਨ ਉਘੜੈ।'

ਆਦਿ ਸੁੰਦਰ ਲੈਅ ਤਾਲ ਵਿਚ ਸ਼ਬਦ ਪੜ੍ਹ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਅਗਲੇ ਦਿਨ ਦੋ ਮਾਰਚ ਨੂੰ ਸੰਤ ਕਰਤਾਰ ਸਿੰਘ, ਸੰਤ ਪੂਰਨ ਸਿੰਘ, ਸੰਤ ਦਿਆਲ ਸਿੰਘ ਜੀ, ਸੰਤ ਆਲਾ ਸਿੰਘ ਜੀ ਨੇ ਇਕੱਠਿਆਂ ਮਿਲ ਕੇ ਵਾਰੇ ਦਾ ਕੀਰਤਨ ਸੁਰੀਲੀਆਂ ਮਧੁਰ ਸੁਰਾਂ ਰਾਹੀਂ—

"ਗੁਰ ਸਿਖ ਲੰਘ ਗੁਰੂ ਪਹਿ ਜਾਈ"

ਸ਼ਬਦ ਗਾਇਨ ਕਰਕੇ ਸ੍ਰੀ ਰਾਮਸਰ ਦੇ ਆਲੇ ਦੁਆਲੇ ਦੇ ਸਭ ਜੀਵਾਂ ਤੇ ਜੰਤਾਂ ਦੇ ਹਿਰਦਿਆਂ ਨੂੰ ਝੰਜੋੜ ਦਿਤਾ। ਸ਼ਾਮ ਦੇ ਦੀਵਾਨ ਵਿੱਚ ਭਾਈ ਤਾਰਾ ਸਿੰਘ, ਗਣੇਸ਼ਾ ਸਿੰਘ ਤੇ ਸੰਤ ਦਰਸ਼ਨ ਸਿੰਘ ਨੇ ਸਰੋਤਿਆਂ ਦੇ ਕੰਨਾਂ ਵਿੱਚ ਸ਼ਬਦ ਕੀਰਤਨ ਦਾ ਅੰਮ੍ਰਿਤ ਘੋਲ ਦਿਤਾ।

ਤਿੰਨ ਮਾਰਚ ਨੂੰ ਸੰਤ ਪ੍ਰੀਤਮ ਸਿੰਘ ਨੇ ਆਪਣੇ ਜਥੇ ਸਮੇਤ ਸੁਰੀਲੀਆਂ ਤੇ ਮਿੱਠੀਆਂ ਧੁਨਾਂ ਰਾਹੀਂ ਖਚਾ ਖਚ ਭਰੇ ਪੰਡਾਲ ਨੂੰ ਆਨੰਦ ਮਗਨ ਕਰ ਦਿਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ—

'ਪਿਰ ਦੇਖਣ ਕੀ ਆਸ ।' ਅਤੇ
'ਜੇ ਸਹੁ ਪ੍ਰੀਤ ਨ ਜਾਇ ।'

ਗਾਇਨ ਕਰਦੇ ਹੀ ਮਸਤਾਨਿਆਂ ਦੀਆਂ ਟੋਲੀਆਂ ਮਸਤ ਹੋ ਕੇ ਸੂਤਰ ਪਾ ਰਹੀਆਂ ਸਨ । ਆਪਣੇ ਪਿਆਰੇ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਅਸਹਿ ਬਣ ਗਿਆ ਸੀ । ਸੰਤ ਫਤਹਿ ਸਿੰਘ ਜੀ ਨੇ ਸਤਿਗੁਰੂ ਜੀ ਦੇ ਹੁਕਮਾਨੁਸਾਰ ਆਪਣੇ ਵਿਚਾਰ ਪ੍ਰਗਟ ਕੀਤੇ ।

ਆਪ ਨੇ ਦੱਸਿਆ ਕਿ ਸਾਰੀ ਦੁਨੀਆਂ ਦੋ ਚੀਜ਼ਾਂ ਦੇ ਆਸਰੇ ਤੇ ਨਿਰਭਰ ਹੈ, ਇਕ ਸੰਤ ਗੁਰੂ, ਇਕ ਗੌਰਮਿੰਟ । ਸੰਤ ਗੁਰੂਆਂ ਦੇ ਸੰਬੰਧ ਵਿਚ ਆਪ ਨੇ ਸ੍ਰੀ ਸਤਿਗੁਰੂ ਰਾਮ ਸਿੰਘ, ਸ੍ਰੀ ਸਤਿਗੁਰੂ ਹਰੀ ਸਿੰਘ ਤੇ ਹਜ਼ੂਰ ਸ੍ਰੀ ਸਤਿਗੁਰੂ ਜੀ ਦੇ ਪ੍ਰਚਲਿਤ ਕੀਤੇ ਹੋਏ ਸਤਿਜੁਗੀ ਅਸੂਲਾਂ ਦਾ ਵਰਨਣ ਕੀਤਾ ਤੇ ਦੱਸਿਆ ਜੇ ਕਰ ਦੁਨੀਆਂ ਦੇ ਲੋਕ ਇਨ੍ਹਾਂ ਅਸੂਲਾਂ ਨੂੰ ਅਪਣਾਉਣ ਤੇ ਕਿਸੇ ਨੂੰ ਕੋਈ ਤਕਲੀਫ ਰਹੇ ਤਾਂ ਮੈਂ ਜ਼ੁੰਮੇਵਾਰੀ ਲੈਂਦਾ ਹਾਂ । ਪਰ ਚੂੰਕਿ ਦੁਨੀਆਂ ਬਹੁਤਾ ਆਸਰਾ ਗੌਰਮਿੰਟ ਦਾ ਲੈਂਦੀ ਹੈ, ਤੇ ਗੌਰਮਿੰਟ ਦੇ ਜੋ ਅਸੂਲ ਹੁੰਦੇ ਹਨ ਉਹ ਹੁੰਦੇ ਹਨ ਸਿਆਸੀ, ਤੇ ਸਿਆਸਤ ਬੇਈਮਾਨੀ ਦਾ ਦੂਸਰਾ ਨਾਮ ਹੈ । ਇਸ ਵਾਸਤੇ ਬੇਈਮਾਨੀ ਦੇ ਆਸਰੇ ਕਦੇ ਕੋਈ ਵੱਧ ਫੁੱਲ ਨਹੀਂ ਸਕਦਾ ।

ਅੱਜ ਦੀ ਗੌਰਮਿੰਟ ਵਿਚ ਹੋਰਨਾਂ ਮਹਿਕਮਿਆਂ ਦੀ ਗੱਲ ਛੱਡ ਦਿਓ, ਹਾਲਾਂ ਤਕ ਪਟਵਾਰੀ ਹੀ ਕਾਬੂ ਨਹੀਂ ਆਉਂਦੇ, ਕੁਝ ਛਕਣ ਤੋਂ ਬਗੈਰ । ਇਹ ਅੱਜ ਦੀ ਗੱਲ ਹੀ ਨਹੀਂ ਕਬੀਰ ਜੁਲਾਹਾ ਸੀ । ਹਾਲਾਂ ਉਸ ਨੂੰ ਜ਼ਮੀਨ ਵਗੈਰਾ ਦਾ ਖਾਸ ਕੰਮ ਭੀ ਨਹੀਂ ਪੈਂਦਾ ਸੀ । ਪਰ ਪਟਵਾਰੀ ਦੇ ਰਵੱਈਏ ਤੇ ਉਹ ਭੀ ਪਿੱਟ ਉਠਿਆ ਸੀ :

"ਹਰਿ ਕੇ ਲੋਗਾ ਮੋਕਉ ਨੀਤ ਡਸੈ ਪਟਵਾਰੀ ।"

ਪਰ ਨਾਮਧਾਰੀਆਂ ਨੂੰ ਬਾਕੀ ਪਾਸੇ ਧਿਆਨ ਨਹੀਂ ਦੇਣਾ ਚਾਹੀਦਾ । ਜਿਹੜੇ ਹੁਕਮ ਸਤਿਗੁਰਾਂ ਨੇ ਨਾਮਧਾਰੀਆਂ ਨੂੰ ਦਿੱਤੇ ਹਨ ਉਨ੍ਹਾਂ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ । ਨਾਮਧਾਰੀਓ ! ਤੁਸੀਂ ਅੱਜ ਦੀ ਆਪਣੀ ਪੋਜੀਸ਼ਨ ਤੇ ਸਤਿਗੁਰਾਂ ਦੇ ਪਿਛਲੇ ਹੁਕਮਾਂ ਨੂੰ ਤੱਕੜੀ ਤੇ ਧਰ ਕੇ ਵੇਖੋ ਬੜਾ ਫਰਕ ਨਜ਼ਰ ਆਵੇਗਾ ।

ਅਸੀਂ ਇਹ ਪਾਠ ਪ੍ਰਯੋਗ ਓਪਰੇ ਭਾਵਾਂ ਨਾਲ ਇਹਨਾਂ ਸਤਿਗੁਰਾਂ ਦੇ ਹੁਕਮ ਰੂਪ, ਬੰਧਨ ਵਿੱਚ ਕਰਦੇ ਹਾਂ, ਦਿਲੋਂ ਹੋ ਕੇ ਸ਼ਰਧਾ ਨਾਲ ਨਹੀਂ ਕਰਦੇ, ਜੇ ਅਸੀਂ ਦਿਲੋਂ ਹੋ ਕੇ ਇਹ ਪ੍ਰਯੋਗ ਕਰੀਏ ਤਾਂ ਕੋਈ ਵਜ੍ਹਾ ਨਹੀਂ ਸਤਿਗੁਰੂ ਸਾਡੀ ਫਰਿਆਦ ਨਾ ਸੁਣੇ । ਦਰਸ਼ਨ ਦੀ ਦੇਰੀ ਦਾ ਸਾਡਾ ਆਪਣਾ ਕਸੂਰ ਹੈ । ਸਤਿਗੁਰੂ ਸਦਾ ਸਾਡੇ ਅੰਗ ਸੰਗ ਹੈ ।

ਸੰਤਾਂ ਦੀ ਵਿਆਖਿਆ ਤੋਂ ਪਿਛੋਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸੰਤਾਂ ਦੇ ਸ਼ਬਦਾਂ ਨੂੰ ਦੁਹਰਾਂਦਿਆਂ ਹੋਇਆਂ ਆਪਣੇ ਮੇਲਿਆਂ ਦਾ ਆਦਰਸ਼ ਦਸਦਿਆਂ ਬਚਨ ਕੀਤਾ, "ਸੰਤ ਕੇਸਰ ਸਿੰਘ ਜੀ ਆਖਦੇ ਹੁੰਦੇ ਸਨ, ਮੇਲਿਆਂ ਨੂੰ ਮੈਲਿਆਂ ਨਾ ਕਰੋ, ਭਾਈ ਉਹ ਸਮਾਂ ਛੇਤੀ ਆਉਣ ਵਾਲਾ ਹੈ । ਐਟਮ ਬੰਬ ਬਣ ਰਹੇ ਹਨ । ਨਾਮਧਾਰੀਓ ਨਾਮ ਜਪੋ, ਬਾਣੀ ਪੜ੍ਹੋ ਸਤਿਗੁਰਾਂ ਨਮਿੱਤ ਸਵਾ ਲੱਖ ਪਾਠਾਂ ਨੂੰ ਤਕੜੇ ਹੋ ਕੇ ਕਰੋ । ਘੰਟਾ ਭਰ ਨਾਮ ਸਿਮਰਨ ਦਾ ਨਿੱਤਨੇਮ ਜ਼ਰੂਰ ਕਰਿਆ ਕਰੋ । ਆਪਣੇ ਜੀਵਨ ਨੂੰ ਅਮਲੀ

ਜੀਵਨ ਦੇ ਸਾਂਚੇ ਵਿਚ ਢਾਲੋ ।''

4 ਚੇਤਰ ਭੋਗ ਵਾਲੇ ਦਿਨ 35 ਜੋੜਿਆਂ ਦੇ ਅਨੰਦ ਕਾਰਜ ਹੋਏ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਨੰਦਾਂ ਦੇ ਪਿਛੋਂ, ਦਸਮੇਸ਼ ਜੀ ਦੇ ਪਿਛੋਂ ਦੀ ਸਿੱਖੀ ਦਾ ਵਰਣਨ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਰਯਾਦਾ ਸੰਬੰਧੀ ਪ੍ਰਭਾਵਸ਼ਾਲੀ ਉਪਦੇਸ਼ ਦਿਤਾ, ਅਤੇ ਲੜਕੇ ਲੜਕੀਆਂ ਨੂੰ ਗੁਰਮਤ ਵਿਚ ਤੱਤਪਰ ਰਹਿਣ ਦੀ ਤੇ ਗੁਰਮੁਖੀ ਅੱਖਰ ਪੜ੍ਹਨ ਵਾਸਤੇ ਤਾਕੀਦ ਕੀਤੀ ।

ਲਾਵਾਂ ਹਵਨ ਦੇ ਦੁਆਲੇ ਲੈਣ ਦਾ ਪ੍ਰਯੋਜਨ ਦੱਸਦਿਆਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਹਵਨ ਦੀ ਅਗਨ ਵਰ ਕੰਨਿਆਂ ਵਾਸਤੇ ਸਾਰੀ ਜ਼ਿੰਦਗੀ ਵਾਸਤੇ ਸਾਖੀ ਰੂਪ ਹੈ ਤੇ ਇਕ ਪ੍ਰਣ ਹੈ ਕਿ ਜੱਦ ਤੱਕ ਦੋਹਾਂ ਵਿਚੋਂ ਇਕ ਇਸ ਅਗਨ ਦੀ ਭੇਟ ਨਹੀਂ ਹੋਵੇਗਾ, ਇਹ ਕਿਸੇ ਤਲਾਕ ਵਗੈਰਾ ਨਾਲ ਨਹੀਂ ਹਟ ਸਕੇਗਾ, ਇਸ ਦੇ ਮੁਕਾਬਲੇ ਬਾਕੀ ਦੇ ਸਭ ਲੋਕਾਂ ਦੇ ਵਿਆਹ ਅਦਾਲਤਾਂ ਵਿਚ ਤਲਾਂਜਲੀ ਰਾਹੀਂ ਟੁੱਟ ਸਕਦੇ ਹਨ । ਬਹੁਤ ਸਿੱਖਿਆ ਤੇ ਉਪਦੇਸ਼ ਦੇਣ ਉਪਰੰਤ 201 ਆਦਿ ਗ੍ਰੰਥ ਸਾਹਿਬ ਦੇ ਸਾਧਾਰਨ ਪਾਠਾਂ ਦੇ ਭੋਗ ਤੇ ਸਵਾ ਲੱਖ ਭਗੌਤੀਆਂ ਦੀਆਂ ਮਾਲਾਂ ਦੇ ਭੋਗ ਸਤਿਗੁਰਾਂ ਦੇ ਦਰਸ਼ਨ ਨਮਿੱਤ ਪਾਏ ।

ਇਸੇ ਸਮੇਂ ਹੀ ਸਤਿਗੁਰੂ ਜੀ ਨੇ ਕੁਝ ਨਾਮਧਾਰੀ ਮੁਕੱਦਮਿਆਂ ਦੇ ਫੈਸਲੇ ਕਰਦਿਆਂ ਹੁਕਮ ਕੀਤਾ ਕਿ, 'ਏਥੇ ਆਇਆ ਜਿਹੜਾ ਭੀ ਕੋਈ ਦੋਸ਼ ਕਰਨ ਵਾਲਾ ਸਿੱਖ ਆਪਣੇ ਅਪਰਾਧ ਦਾ ਪ੍ਰਾਸ਼ਚਿਤ ਕਰਦਾ ਹੈ, ਉਸ ਲਈ ਸਤਿਗੁਰਾਂ ਦੇ ਘਰੋਂ ਬਖਸ਼ਸ਼ਾਂ ਹਨ ।' ਇਸ ਤਰ੍ਹਾਂ ਸਾਰੀ ਸਾਧ-ਸੰਗਤ ਨੇ ਸਤਿਗੁਰੂ ਜੀ ਦੀਆਂ ਵਿਸ਼ੇਸ਼ ਬਖਸ਼ਸ਼ਾਂ ਤੇ ਖੁਸ਼ੀਆਂ ਪ੍ਰਾਪਤ ਕਰਕੇ, ਮੇਲੇ ਦੇ ਸਥਾਨ ਤੋਂ ਪ੍ਰਸਥਾਨ ਕੀਤਾ ।

## 2014 ਬਿਕ੍ਰਮੀ–1958 ਈਸਵੀ, ਹੋਲਾ ਸੰਤ ਨਗਰ–ਹਿਸਾਰ ।

1958 ਬਿਕ੍ਰਮੀ–2014 ਦਾ ਹੋਲਾ 20, 21, 22, 23 ਫੱਗਣ ਨੂੰ ਹੋਣਾ ਨਿਸ਼ਚਿਤ ਹੋਇਆ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਉੱਚ ਕੋਟੀ ਦੇ ਮਹਾਪੁਰਖ, ਮਹਾਂਵੀਰ, ਮਹਾਂਕਰਨੀ ਵਾਲੇ ਸੱਜਣ ਤੇ ਅਨਗਿਣਤ ਸਾਧ-ਸੰਗਤ, ਇਸ ਮਹਾਨ-ਕੁੰਭ ਵਿਚ ਹਿੱਸਾ ਲੈਣ ਲਈ ਸੰਤ ਨਗਰ ਦੀ ਪਾਵਨ ਧਰਤੀ ਤੇ ਪਹੁੰਚ ਗਏ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਬੰਧ ਵਿੱਚ ਉਚੇਚੇ ਤੌਰ ਤੇ ਦਿਲਚਸਪੀ ਲਈ ਤੇ ਇਥੋਂ ਦੀ ਸਾਧ-ਸੰਗਤ ਨੇ ਵੱਧੀਆ ਪ੍ਰਬੰਧ ਕਰਨ ਵਿੱਚ ਕੋਈ ਕਸਰ ਨਾ ਛੱਡੀ । ਸਵੇਰੇ, ਸ਼ਾਮ ਤੇ ਰਾਤ ਨੂੰ ਕਥਾ-ਕੀਰਤਨ ਦਾ ਪ੍ਰਵਾਹ ਉਮੜ ਪਿਆ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ-ਸੰਗਤ ਨੂੰ ਪਵਿੱਤ੍ਰ ਉਪਦੇਸ਼ ਦਿੱਤੇ :—

**ਪਵਿੱਤ੍ਰ ਉਪਦੇਸ਼:**—ਜਿਸ ਦੇ ਘਰ ਵਿਆਹ ਰਚਿਆ ਹੋਵੇ, ਉਹ ਕੋਸ਼ਿਸ਼ ਕਰਦਾ ਹੈ ਕਿ ਸੁੱਖ-ਸ਼ਾਂਤੀ ਨਾਲ ਸਾਰੇ ਕੰਮ ਸਿਰੇ ਚੜ੍ਹ ਜਾਣ । ਇਸੇ ਤਰ੍ਹਾਂ ਹੀ ਹੋਲੇ ਦੇ ਮੇਲੇ ਨੂੰ ਸਮਝ ਕੇ ਦਿਨ ਰਾਤ ਸਾਧ-ਸੰਗਤ ਦੀ ਸੇਵਾ ਵਿੱਚ ਜੁਟ ਜਾਓ, ਤੇ ਬੜੀ ਨਿਮਰਤਾ ਨਾਲ ਆਪਣੀਆਂ-ਆਪਣੀਆਂ ਡਿਊਟੀਆਂ ਭੁਗਤਾਓ ।

ਹੋਲਾ ਮੇਲਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦਾਤ ਹੈ ਤੇ ਸਤਿਗੁਰਾਂ ਦੇ ਦਰਸ਼ਨ ਨਮਿੱਤ ਹੀ ਕਰੀਦਾ ਹੈ, ਇਸ ਲਈ ਇਹਦੇ ਨਾਲ ਘੋਲਾਂ ਤੇ ਕਬੱਡੀਆਂ ਦਾ ਕੋਈ ਜੋੜ ਨਾ ਜੋੜਿਆ ਜਾਏ ।

ਸਤਿਗੁਰੂ ਜੀ ਨੇ ਚਿਤਾਵਨੀ ਦਿਤੀ ਕਿ ਪਿੰਡ ਵਿੱਚ, ਇਕ ਹਲਕਾ ਅਜਿਹਾ ਵੀ ਹੈ, ਜੋ ਸਾਡੇ ਇਸ ਮੇਲੇ ਨੂੰ ਮੈਲਾ ਵੀ ਕਰ ਸਕਦਾ ਹੈ । ਪਰ ਅਸਾਂ ਪੂਰਨ ਸ਼ਾਂਤੀ ਤੇ ਸੰਜਮ ਤੋਂ ਕੰਮ ਲੈ ਕੇ, ਜੇ ਉਹ ਹਲਕਾ ਕੁਝ ਛੇੜਖਾਨੀ ਦੀ ਕੋਸ਼ਿਸ਼ ਵੀ ਕਰੇ ਤਾਂ ਜਰ ਜਾਣਾ ਹੈ, ਪ੍ਰੇਮ ਨਾਲ ਰੋਕਣਾ ਹੈ ।

ਆਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਤਿਗੁਰੂ ਜੀ ਬਚਨ ਕੀਤਾ ਅਸੀਂ ਜਿਹੜੇ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਇਥੇ ਆ ਕੇ ਇਕੱਠੇ ਹੋਏ ਹਾਂ, ਅਸਾਂ ਚਾਰ ਦਿਨ ਸਿਰਫ ਤਮਾਸ਼ਾ ਹੀ ਨਹੀਂ ਵੇਖਣਾ । ਗੁਰਸਿੱਖੀ ਸਰੋਵਰ 'ਚੋਂ ਅਸਾਂ ਅੰਮ੍ਰਿਤਪਾਨ ਵੀ ਕਰਨਾ ਹੈ । ਇਸ ਲਈ ਹਰ ਮਾਈ ਭਾਈ ਜਿੰਨੇ ਦਿਨ ਏਥੇ ਰਹੇ, ਘਟੋ ਘੱਟ ਇਕ ਮਾਲਾ ਭਗੌਤੀਆਂ ਦੀ ਤੇ ਢਾਈ ਮਾਲਾ ਭਜਨ ਦੀਆਂ ਜ਼ਰੂਰ ਫੇਰੇ ।

ਕ੍ਰਿਪਾ ਨਿਧਾਨ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਯਾਦ ਕਰਵਾਇਆ ਤੇ ਫੁਰਮਾਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਨ ਕੀਤਾ ਸੀ ਕਿ ਜਦੋਂ ਸੁਹੇਵੇ ਸਾਹਿਬ ਵਿਚਲੇ ਜੰਡ ਨੂੰ ਪਿਪਲ ਖਾ ਜਾਵੇਗਾ ਤਦੋਂ ਉਹ ਸਮਾਂ ਅਵੱਸ਼ ਆਵੇਗਾ ਜਿਸ ਦੀ ਬਾਬਤ ਸੌ ਸਾਖੀ ਤੇ ਹੋਰ ਗ੍ਰੰਥਾਂ ਵਿੱਚ ਲਿਖਿਆ ਹੈ । ਹੁਣ ਜੰਡ ਨੂੰ ਪਿਪਲ ਨੇ ਖਾ ਲਿਆ ਹੈ, ਕੋਈ ਕਿਸੇ ਨਾਲ ਰਲ ਕੇ ਨਹੀਂ ਚਲਦਾ । ਝੂਠ, ਪਾਪ ਤੇ ਉਪਦਰਵ ਬੇਬਹਾ ਹੋ ਗਏ ਹਨ । ਵਿਸ਼ਵਾਸਘਾਤ ਹਰ ਥਾਂ ਪਰਧਾਨ ਹੈ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਣ ਦੀਆਂ ਏਹੋ ਨਿਸ਼ਾਨੀਆਂ ਹਨ । ਤੁਸੀਂ ਸਤਿਗੁਰੂ ਵਾਲੇ ਹੋ, ਦੁਨੀਆਂ ਤੇ ਭਾਂਬੜ ਬਲਦੇ ਹਨ, ਪਰ ਤਾਂ ਵੀ ਅੱਜ ਤੁਸੀਂ ਆਪਣੀ ਰੱਖਿਆ ਆਪ ਕਰ ਸਕਦੇ ਹੋ । ਸਾਡਾ ਕੀਤਾ ਹੋਇਆ ਭਜਨ ਪਾਠ ਸਾਡੀ ਸਹਾਇਤਾ ਕਰੇਗਾ । ਅਸੀਂ ਚਾਹੁੰਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੀ ਇਹ ਸਿੱਖੀ ਗੁਲਜਾਰ ਉਹਨਾਂ ਦੇ ਹਾਜ਼ਰ ਕਰਕੇ ਸੁਰਖਰੂ ਹੋਈਏ ।

ਸਤਿਗੁਰੂ ਜੀ ਨੇ ਅੱਜ ਦੇ ਬਚਨਾਂ ਵਿੱਚ ਨਲਕੇ ਦਾ ਜਲ ਵਰਤਣ ਵਾਲੇ ਨਾਮਧਾਰੀਆਂ ਨੂੰ ਮੁਖਾਤਬ ਕਰਦਿਆਂ ਫੁਰਮਾਇਆ ਕਿ ਜੇਕਰ ਆਪ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਅਸਲ ਵਿੱਚ ਲਿਆਂਦੀ ਮਰਯਾਦਾ ਦੇ ਧਾਰਨੀ ਨਹੀਂ ਰਹਿ ਸਕਦੇ, ਨਲਕੇ ਦਾ ਪਾਣੀ ਪੀਂਦੇ ਹੋ, ਦੁਕਾਨਾਂ, ਹੋਟਲਾਂ ਦਾ ਨਾ ਸੁੱਚਾ ਭੋਜਨ ਵਰਤਦੇ ਹੋ, ਚਾਹਾਂ ਪੀਂਦੇ ਹੋ ਜਿਨ੍ਹਾਂ ਵਿਚ ਤਮਾਕੂ ਦੀਆਂ ਪੁਠਾਂ ਵੀ ਦਿੱਤੀਆਂ ਜਾਂਦੀਆਂ ਹਨ, ਡਾਲਡਾ ਵਰਤਦੇ ਹੋ, ਜਿਸ ਵਿਚ ਚਰਬੀ ਮਿਲਾਣ ਤੱਕ ਵੀ ਅਪੜਿਆ ਜਾਂਦਾ ਹੈ, ਤਾਂ ਤੁਸੀਂ ਸਾਰੇ ਹੀ ਬਿਨਾਂ ਛੂਤ ਅਛੂਤ ਦਾ ਭਰਮ ਕੀਤਿਆਂ ਇਕੋ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕ ਸਕਦੇ ਹੋ । ਸਾਡੀ ਵੱਖਰੀ ਪੰਗਤ ਸਿਰਫ ਉਹਨਾਂ ਨਾਮਧਾਰੀਆਂ ਲਈ ਹੀ ਹੈ ਜੋ ਚਿਰਾਂ ਤੋਂ ਸੁੱਚ ਸੋਧ ਦਾ ਜਲ ਪ੍ਰਸਾਦ ਛੱਕਦੇ ਆ ਰਹੇ ਹਨ ।

21 ਤਾਰੀਕ ਸਵੇਰੇ ਆਸਾ ਦੀ ਵਾਰ ਦੇ ਵੇਲੇ ਸੰਤ ਬਲਵੰਤ ਸਿੰਘ ਜੀ ਮਸ਼ੀਨਮੈਨ

ਦੀ ਅਗਵਾਈ ਹੇਠ ਨੌਜਵਾਨ ਜੱਥੇ ਨੇ ਉੱਚੀਆਂ ਸੁਰਾਂ ਰਾਹੀਂ ਰਸ ਭਰਪੂਰ ਕੀਰਤਨ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਸਿੰਘ, ਖਜ਼ਾਨ ਸਿੰਘ ਦੇ ਨਾਲ

"ਮਾਘ ਬਤੀਤ ਭਏ ਰੁਤ ਫਾਗਨ ਆਇ ਗਈ, ਸਭ ਖੇਲਤ ਹੋਰੀ।"

ਪਰਮਾਣਾਂ ਸਹਿਤ ਗਾ ਕੇ ਸਾਧ-ਸੰਗਤ ਨੂੰ ਵੈਰਾਗੀ ਕਰ ਦਿਤਾ। ਜਥੇਦਾਰਾਂ ਨੇ ਹੱਲੇ ਦੇ ਦੀਵਾਨ ਲਗਾ ਕੇ ਸਾਰਾ ਪੰਡਾਲ ਗੂੰਜਾ ਦਿਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ-ਸੰਗਤ ਨੂੰ ਆਪਣਾ ਪਵਿੱਤ੍ਰ ਉਪਦੇਸ਼ ਦਿਤਾ।

ਸਤਿਗੁਰੂ ਜੀ ਦੀ ਸਾਜੀ ਨਿਵਾਜੀ ਸਾਧ-ਸੰਗਤ ਜੀ ਦੇ ਸ਼ਬਦਾਂ ਨਾਲ ਸਾਧ-ਸੰਗਤ ਨੂੰ ਸੰਬੋਧਿਤ ਕਰਕੇ, ਹਜ਼ੂਰ ਨੇ ਇਕ ਸੂਫੀ ਸੰਤ ਦੀ ਘਟਨਾ ਸੁਣਾਈ, ਕਿ ਉਹ ਆਪਣੇ ਡੇਰੇ ਵਿੱਚ ਬੈਠਾ ਕਵਾਲੀ ਸੁਣਾ ਰਿਹਾ ਸੀ ਕਿ ਮਸਤੀ ਵਿੱਚ ਆ ਕੇ ਕੂਕ ਉਠਿਆ "ਮੈਂ ਖ਼ੁਦ ਖ਼ੁਦਾ ਹਾਂ, ਮੈਂ ਖ਼ੁਦ ਖ਼ੁਦਾ ਹਾਂ।" ਕੁਝ ਉਸ ਦੇ ਵਿਰੋਧੀ ਭੀ ਉੱਥੇ ਬੈਠੇ ਸੁਣ ਰਹੇ ਸਨ ਉਹਨਾਂ 'ਚੋਂ ਵੀ ਇਕ ਨੇ ਕਿਹਾ "ਮੈਂ ਖ਼ੁਦਾ ਦਾ ਪਿਓ ਹਾਂ।" ਸੂਫੀ ਨੇ ਕਵਾਲੀ ਬੰਦ ਕਰਵਾ ਕੇ ਪੁਛਿਆ ਕਿ ਖ਼ੁਦਾ ਤਾਂ ਭਲਾ ਹੈ ਹੀ, ਖ਼ੁਦਾ ਦਾ ਪਿਉ ਕਿਵੇਂ ਬਣਿਆ ? ਇਸ ਦਾ ਜਵਾਬ ਕੀ ਮਿਲਦਾ, ਕਿਉਂਕਿ ਸਾਰਾ ਅਡੰਬਰ ਤਾਂ ਈਰਖਾ ਦਾ ਸੀ। ਇਹ ਮਿਸਾਲ ਦੇ ਕੇ ਹਜ਼ੂਰ ਨੇ ਅਜਿਹੇ ਲੋਕਾਂ ਨੂੰ ਕਿਹਾ :—

"ਹੁਣ ਕੁਝ ਅਜਿਹੇ ਲੇਖਕ ਨਜ਼ਰ ਪੈਂਦੇ ਹਨ, ਜੋ ਖ਼ੁਦਾ ਦੇ ਪਿਉ ਬਣਦੇ ਹਨ। ਜੋ ਨਾਲੇ ਤਾਂ ਮੈਨੂੰ ਸਨਮਾਨ ਭਰੇ ਸ਼ਬਦਾਂ ਨਾਲ ਸੰਬੋਧਨ ਕਰਦੇ ਹਨ ਤੇ 'ਸਤਿਗੁਰੂ ਜੀ' ਆਖਦੇ ਹਨ, ਅਤੇ ਨਾਲ ਹੀ ਮੈਨੂੰ ਸਿੱਖਿਆ ਦਿੰਦੇ ਹਨ। ਉਹ ਕਹਿੰਦੇ ਹਨ ਹੋਲਾ ਇਉਂ ਮਨਾਓ, ਇਸ ਤੇ ਅਹਿ ਕਰੋ ਅਹੁ ਕਰੋ, ਅਸੀਂ ਉਹਨਾਂ ਅੱਗੇ ਅਰਜ਼ ਕਰਦੇ ਹਾਂ ਕਿ ਉਹ ਆਪ ਹੋਲਾ ਕਰਕੇ ਉਹ ਸਾਰੀਆਂ ਗੱਲਾਂ ਕਰਕੇ ਵੇਖਣ ਜੋ ਸਾਨੂੰ ਉਪਦੇਸ਼ਦੇ ਹਨ। ਕਹਾਉਂਦੇ ਨਾਮਧਾਰੀ ਹਨ ਤੇ ਨਸੀਹਤਾਂ ਮੈਨੂੰ ਦੇਂਦੇ ਹਨ। ਮੈਂ ਕਹਾਂਗਾ ਕਿ ਅਜਿਹੇ ਅਖਬਾਰ ਦੇ ਲੇਖਕ ਲੇਖ ਲਿਖਣੇ ਬੰਦ ਕਰ ਦੇਣ। ਤਾਂ ਹੀਂ ਤਾਂ ਅਜਿਹੇ ਆਦਮੀ ਨਾਮਧਾਰੀ ਪੰਥ ਨਾਲ ਕੋਈ ਤਾਲੁੱਕ ਨਹੀਂ ਰੱਖਦੇ।"

ਜਥੇਦਾਰਾਂ, ਪ੍ਰਚਾਰਕਾਂ ਨੇ ਹੱਲੇ ਦੇ ਦੀਵਾਨ ਲਗਾ ਕੇ ਸਾਧ-ਸੰਗਤ ਨੂੰ ਨਿਹਾਲ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਜ਼ਿਆਦਾ ਦੇਰ ਤੱਕ ਦੀਵਾਨ ਵਿੱਚ ਨਹੀਂ ਬੈਠ ਸਕਦੇ ਸਨ, ਪਰ ਫਿਰ ਵੀ ਹੋਲੇ ਮੇਲੇ ਵਿੱਚ ਸਾਧ-ਸੰਗਤ ਨੂੰ ਦਰਸ਼ਨ ਦੀ ਦਾਤ ਬਖਸ਼ਣ ਹਿਤ ਕਈ-ਕਈ ਘੰਟੇ ਦੀਵਾਨ ਵਿੱਚ ਬੈਠ ਕੇ ਦਰਸ਼ਨ ਦਿੰਦੇ ਰਹੇ' ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਨੇ ਰਾਗਾਂ ਵਿੱਚ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕੀਤਾ। ਰਾਤ ਨੂੰ ਕਵੀ ਦਰਬਾਰ ਹੋਇਆ ਤੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਸਾਧ-ਸੰਗਤ ਨੂੰ ਨਿਹਾਲ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 22 ਫੱਗਣ ਵਾਲੇ ਦਿਨ ਤੁਲਸੀ ਦਾਸ ਜੀ ਦੀਆਂ ਰਾਮ ਚਰਿਤ ਮਾਨਸ ਵਿਚ ਲਿਖੀਆਂ ਤੁਕਾਂ ਦੇ ਆਰੰਭ ਨਾਲ ਆਪਣਾ ਭਾਸ਼ਣ ਪਰਾਰੰਭ ਕੀਤਾ।

"ਬੰਦੋਂ ਸੰਤ ਅਸਜਨ ਚਰਨਾ।"

ਤੁਲਸੀ ਦਾਸ ਜੀ ਨੇ ਸੰਤਾਂ ਨੂੰ ਤੇ ਦੁਸ਼ਟਾਂ ਦੋਹਾਂ ਨੂੰ ਚਰਨ ਬੰਦਨਾ ਕੀਤੀ ਹੈ।

ਏਸੇ ਖਿਆਲ ਨਾਲ ਸਤਿਗੁਰੂ ਜੀ ਨੇ ਫੁਰਮਾਇਆ ਕਿ ਅਸੀਂ ਅਕਾਲੀਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਮੁਖਾਲਫਤ ਕੀਤੀ, ਪਰ ਉਸ ਮੁਖਾਲਫ਼ਤ ਨੇ ਨਾਮਧਾਰੀ ਸਾਧ-ਸੰਗਤ ਨੂੰ "ਧੰਨ ਸਤਿਗੁਰੂ ਰਾਮ ਸਿੰਘ ਜੀ" ਕਹਿਣ ਦਿਤਾ। ਏਸੇ ਤਰ੍ਹਾਂ, ਸੰਤ ਹਰਨਾਮ ਸਿੰਘ ਜੀ ਕਿਲੇ ਵਾਲਿਆਂ ਗੁਰੂ ਹਰੀ ਸਿੰਘ ਜੀ ਦੀ ਮਹਾਨਤਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਤਾਂ ਨਾਮਧਾਰੀ ਸਾਧ-ਸੰਗਤ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਧੰਨ ਕਹਿਣਾ ਆਰੰਭ ਕੀਤਾ। ਇਸ ਤਰ੍ਹਾਂ ਮੁਖਾਲਫਤ ਕਰਨ ਵਾਲੇ ਵੀ ਕਈ ਚੰਗੀਆਂ ਪਿਰਤਾਂ ਪਵਾਉਣ ਵਿਚ ਮਦਦ ਕਰਦੇ ਹਨ। ਇਸ ਜ਼ਿਕਰ ਦੇ ਨਾਲ ਸਤਿਗੁਰੂ ਜੀ ਨੇ ਅੱਗੇ ਚਲ ਕੇ ਨਾਮਧਾਰੀ ਰਹਿਤ ਮਰਿਆਦਾ, ਨਾਮ ਦੀ ਮਹਾਨਤਾ ਤੇ ਉਸ ਦਾ ਮੰਤ੍ਰ ਰੂਪ ਵਿਚ ਨਾਮਧਾਰੀ ਬਣਨ ਵਾਲੇ ਦੇ ਕੰਨਾਂ ਵਿੱਚ ਪਰਵੇਸ਼ ਹੋਣਾ, ਅੰਗਰੇਜ਼ ਦੇ ਵੇਲੇ ਦੀਆਂ ਉਠੀਆਂ ਸਾਰੀਆਂ ਕੂੜ ਕਹਾਣੀਆਂ ਆਦਿ ਦਾ ਜ਼ਿਕਰ ਕਰਦਿਆਂ ਆਪਣਾ ਭਾਸ਼ਣ ਸਮਾਪਤ ਕੀਤਾ।

22 ਫੱਗਣ ਆਸਾ ਦੀ ਵਾਰ ਦਾ ਕੀਰਤਨ ਸੰਤ ਪ੍ਰੀਤਮ ਸਿੰਘ ਜੀ ਪੱਧੀ ਤੇ ਸੰਤ ਨਗਰ ਦੇ ਜਥੇ ਨੇ ਮਿਲ ਕੇ ਕੀਤਾ। ਸੰਤ ਨਗਰ ਦੇ ਜਥੇ ਦੇ ਆਗੂ ਸੰਤ ਦਲੀਪ ਸਿੰਘ ਜੀ ਸਨ। ਸਾਧੂ ਸਿੰਘ ਜੀ, ਬਲੀ ਸਿੰਘ ਜੀ, ਸ਼ਿੰਗਾਰਾ ਸਿੰਘ ਜੀ, ਗੁਰਦਿਆਲ ਸਿੰਘ ਜੀ, ਗੁਰਬਖਸ਼ ਸਿੰਘ ਜੀ, ਧਰਮ ਸਿੰਘ ਜੀ, ਕਰਤਾਰ ਸਿੰਘ ਜੀ ਤੇ ਗੁਰਮੁਖ ਸਿੰਘ ਜੀ ਸੰਤ ਨਗਰ ਵਾਰਾ ਜਥੇ ਦੇ ਮੈਂਬਰ ਸਨ।

ਇਕ ਪਾਸੇ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ, ਦੂਜੇ ਪਾਸੇ ਪੰਡਾਲ ਵਿੱਚ ਹਵਨ ਹੋ ਰਿਹਾ ਸੀ ਤੇ ਅੰਮ੍ਰਿਤ ਤਿਆਰ ਹੋ ਰਿਹਾ ਸੀ। ਦਿਨ ਦੇ ਚੜ੍ਹਨ ਨਾਲ ਵਿਆਹ ਵਾਲੇ ਜੋੜੇ ਪੰਡਾਲ ਵਿਚ ਬਿਠਾਉਣੇ ਸ਼ੁਰੂ ਕੀਤੇ ਗਏ। ਸਫੈਦ ਬਸਤਰਾਂ ਵਿੱਚ ਨੌਜਵਾਨ ਲੜਕੇ ਲੜਕੀਆਂ ਨੰਗੀਂ ਮੂੰਹੀਂ, ਮਾਪਿਆਂ ਦੀ ਤਜਵੀਜ਼ ਮੁਤਾਬਿਕ ਜੁੜਦੇ ਗਏ। ਇਸਤ੍ਰੀਆਂ ਤੇ ਨਵੇਂ ਦਰਸ਼ਕ ਨਾਮਧਾਰੀ ਅਨੰਦ ਮਰਯਾਦਾ ਤਕਣ ਲਈ ਬੜੇ ਉਤਾਵਲੇ ਸਨ। ਸਤਿਗੁਰੂ ਜੀ ਨੇ ਆਪ ਅਗਵਾਈ ਕਰਕੇ 'ਭਈ ਮੈ ਨਿਰਾਸੀ ਬਹੁਤ-ਦਿਨ ਲਾਗੇ' ਸ਼ਬਦ ਨੂੰ ਅਨੇਕਾਂ ਪਰਮਾਣਾਂ ਨਾਲ ਵਾਰੇ ਦੇ ਜਥੇ ਨਾਲ ਗਾਇਆ।

ਅਨੰਦ ਹੋਣ ਉਪਰੰਤ ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ ਨਾਮਧਾਰੀ ਪੰਥ ਦੇ ਮਹਾਨ ਤੇ ਪੁਰਾਣੇ ਪਰਚਾਰਕ ਅਤੇ ਗੁਰਮਤ ਦੇ ਫਿਲਾਸਫਰ ਸੰਤ ਫਤਹ ਸਿੰਘ ਜੀ ਮਾਂਗਾ ਨੇ 'ਅਨੰਦ' ਉਤੇ ਇਕ ਬੜੀ ਪ੍ਰਭਾਵਸ਼ਾਲੀ ਤੇ ਪੁਰ ਅਸਰ ਤਕਰੀਰ ਕੀਤੀ, ਜਿਸ ਵਿੱਚ ਦੱਸਿਆ ਕਿ ਸੰਸਾਰ ਉਤੇ ਗ੍ਰਿਸਤ ਧਰਮ ਨੂੰ ਨਿੰਦਣ ਵਾਲੇ ਉਹ ਲੋਕ ਹੀ ਹੋਏ ਹਨ, ਜਿਨ੍ਹਾਂ ਵ੍ਹੇਲਿਆਂ ਰਹਿ ਕੇ ਗ੍ਰਿਸਤੀਆਂ ਤੋਂ ਆਪਣੇ ਸੁੱਖ ਸਾਧਨ ਇਕੱਤ੍ਰ ਕੀਤੇ। ਆਪਣੇ ਦੇਸ਼ ਦੇ ਗੁਰੂਆਂ ਤੇ ਅਵਤਾਰਾਂ ਤੋਂ ਲੈ ਕੇ ਯੂਰਪ ਅਤੇ ਇਸਲਾਮ ਦੇ ਵੀ ਸਭ ਪੈਗੰਬਰਾਂ ਨੇ ਗ੍ਰਿਸਤ ਨੂੰ ਵਡਿਆਇਆ ਤੇ ਨਿਬਾਹਿਆ। ਇਹ ਤਕਰੀਰ ਗੁਰਮਤ, ਗੁਰਬਾਣੀ ਤੇ ਸੰਸਾਰ ਇਤਿਹਾਸ ਉਤੇ ਨਿਰਭਰ ਸੀ ਤੇ ਇਸਨੂੰ ਹੋਲੇ ਦੀ ਮਹਾਨ ਪ੍ਰਭਾਵਸ਼ਾਲੀ ਤਕਰੀਰ ਮੰਨਿਆ ਗਿਆ।

ਸੰਤ ਜੀ ਦੀ ਤਕਰੀਰ ਤੋਂ ਪਿਛੋਂ ਸੰਤ ਦੇਵਾ ਸਿੰਘ ਜੀ ਤਤਲੇ ਨੇ 15 ਮਿੰਟ

ਵਿੱਚ ਨਾਮਧਾਰੀ ਪੰਥ ਦੀ ਏਕਤਾ, ਗੁਰਬਾਣੀ ਨੂੰ ਆਧਾਰ ਮੰਨ ਕੇ ਜਥੇਦਾਰਾਂ ਦਾ ਕੀਰਤਨ ਕਰਨਾ ਤੇ ਨੌਜਵਾਨਾਂ ਦਾ ਦਾਹੜੀ ਨੂੰ ਸਵਾਰਨ ਦੇ ਖਿਆਲ ਨਾਲ ਕਿਸੇ ਤਰ੍ਹਾਂ ਦੀ ਦਾੜ੍ਹੀ ਭੋਰੂ ਸਕੀਮ ਦੀ ਵਿਰੋਧਤਾ ਕਰਨ ਤੇ ਜ਼ੋਰ ਦਿਤਾ। ਸੰਤ ਜੀ ਨੇ ਉਹਨਾਂ ਲੋਕਾਂ ਵੱਲ ਵੀ ਇਸ਼ਾਰਾ ਕੀਤਾ ਜੋ ਗੁਰਸਿੱਖੀ ਗੁਲਜ਼ਾਰ ਦੇ ਹੇਠ ਬਾਰੂਦ ਰੱਖਣ ਦੀਆਂ ਸਾਜ਼ਸ਼ਾਂ ਕਰ ਰਹੇ ਹਨ ਅਤੇ ਇਕ ਜ਼ਰੂਰੀ ਗੱਲ ਇਹ ਦੱਸੀ ਕਿ ਹਰ ਨਾਮਧਾਰੀ ਬੱਚੇ ਨੂੰ 8 ਸਾਲ ਦੀ ਉਮਰ ਵਿੱਚ ਜ਼ਰੂਰ ਉਚੇਚਿਆਂ ਭਜਨ ਪੁੱਛਣਾ ਚਾਹੀਦਾ ਹੈ।

ਪੰਡਿਤ ਗੋਪਾਲ ਸਿੰਘ ਜੀ ਸ਼ੁਰੂ ਵਿੱਚ ਮੌਲਾਨਾ ਆਜ਼ਾਦ ਜੀ ਦੇ ਦੇਹਾਵਸਾਨ ਦੇ ਸੰਬੰਧ ਵਿੱਚ ਸਤਿਗੁਰੂ ਜ਼ੀ ਅਤੇ ਸੰਗਤ ਵਲੋਂ ਹੇਠ ਲਿਖਿਆ ਸ਼ੋਕ ਪ੍ਰਸਤਾਵ ਪੇਸ਼ ਕੀਤਾ, ਜੋ ਸਾਰੀ ਸੰਗਤ ਵਲੋਂ ਪ੍ਰਵਾਨ ਕੀਤਾ ਗਿਆ। ਪ੍ਰਸਤਾਵ ਦੇ ਸ਼ਬਦ ਸਨ :

ਅੱਜ ਦਾ ਨਾਮਧਾਰੀ ਦੀਵਾਨ ਮੌਲਾਨਾ ਆਜ਼ਾਦ ਜੀ ਦੇ ਇਸ ਵਕਤ ਚਲਾਣਾ ਕਰ ਜਾਣ ਤੇ ਅਤੀ ਦੁੱਖ ਪ੍ਰਗਟ ਕਰਦਾ ਹੈ। ਉਹਨਾਂ ਜੈਸੇ ਨੀਤਕ ਆਗੂ ਦੇ ਐਸ ਨਾਜ਼ਕ ਸਮੇਂ ਚਲੇ ਜਾਣ ਨਾਲ ਰਾਜ ਨੂੰ ਬਹੁਤ ਘਾਟਾ ਪਿਆ ਹੈ ਜੋ ਪੂਰਾ ਨਹੀਂ ਹੋ ਸਕਦਾ। ਨਾਮਧਾਰੀ ਸੰਗਤ ਅਕਾਲ ਪੁਰਖ ਦੇ ਚਰਨਾਂ ਵਿੱਚ ਪ੍ਰਾਰਥਨਾ ਕਰਦੀ ਹੈ ਕਿ ਉਹਨਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ।

ਪੰਡਿਤ ਗੋਪਾਲ ਸਿੰਘ ਜੀ ਨੇ ਅੰਤ ਉਤੇ ਤਾਸ਼ ਦੀ ਖੇਡ ਤੇ ਅਧਾਰਿਤ ਰੰਗ ਦੀ ਦੁੱਕੀ ਦੀ ਮਹਾਨਤਾ ਦੱਸਦਿਆਂ ਕਿਹਾ ਕਿ ਦੁੱਕੀ ਭਾਵੇਂ ਤਾਸ਼ ਵਿੱਚ ਇਕ ਤੁੱਛ ਹਸਤੀ ਰਖਦੀ ਹੈ, ਪਰ ਜਦ ਇਹ ਰੰਗ ਨਾਲ ਸੰਬੰਧਿਤ ਹੋਵੇ ਤਾਂ ਬਾਦਸ਼ਾਹਾਂ ਤੱਕ ਨੂੰ ਮਾਤ ਪਾ ਸਕਦੀ ਹੈ, ਏਸੇ ਤਰ੍ਹਾਂ ਨਾਮ ਰੰਗ ਵਿੱਚ ਰਤੇ ਗੁਰਮੁਖ ਜਿਨ੍ਹਾਂ ਨੂੰ ਕਦੇ ਵੀ ਕੋਈ ਨਹੀਂ ਜਾਣਦਾ ਹੁੰਦਾ ਸਮਾਂ ਆਉਣ ਤੇ ਸਭ ਤੋਂ ਬਾਜ਼ੀ ਲੈ ਜਾਂਦੇ ਹਨ।

ਉਪਰੰਤ ਭਾਈ ਸੰਦਲ ਜੀ ਨੇ ਗੁਰੂ ਘਰ ਪ੍ਰਤੀ ਪ੍ਰੇਮ ਤੇ ਆਪਣੇ ਵਿਚਾਰ ਦੱਸੇ।

ਅੰਤਮ ਭਾਸ਼ਣ ਸ੍ਰੀ ਸਤਿਗੁਰੂ ਜੀ ਦਾ ਸੀ ਜਿਸ ਵਿੱਚ ਸਤਿਗੁਰੂ ਜੀ ਨੇ ਸਾਰੇ ਪੰਥ ਦਾ ਧੰਨਵਾਦ ਕੀਤਾ, ਤੇ ਉਹਨਾਂ ਸੰਗਤਾਂ ਦਾ ਖਾਸ ਕਰ ਜੋ ਉਚੇਚੇ ਇਸ ਰੁਝੇਵੇਂ ਭਰੇ ਸਮਿਆਂ ਵਿੱਚ ਸੰਤ ਨਗਰ ਹੋਲੇ ਵਿਖੇ ਆਏ ਅਤੇ ਸੰਤ ਨਗਰ ਦੀ ਸੰਗਤ ਦੀ ਸਲਾਹੁਣਾ ਕੀਤੀ, ਜਿਨ੍ਹਾਂ ਤਨ, ਮਨ ਤੇ ਧਨ ਨਾਲ ਹੋਲੇ ਨੂੰ ਨਿਰਵਿਘਨ ਸਮਾਪਤ ਕਰਨ ਵਿੱਚ ਵਡੇਰੀ ਪਹੁੰਚ ਤੋਂ ਕੰਮ ਲਿਆ। ਸਤਿਗੁਰੂ ਜੀ ਨੇ ਵਿਰੋਧੀ ਵਿਚਾਰ ਰਖਣ ਵਾਲਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਅਰਜ਼ੀਆਂ ਪਰਚੇ ਕਰਨ ਤੇ ਹੀ ਨਾ ਰਹਿਣ ਤੇ ਇਸ ਤਰ੍ਹਾਂ ਪੰਥ ਦੀ ਹਤੱਕ ਨਾ ਕਰਨ ਝੂਠ ਨੂੰ ਤੇ ਜ਼ਿਦ ਨੂੰ ਕੋਈ ਮਾਨਤਾ ਨਾ ਦੇ ਕੇ ਸਿੱਧੇ ਆਪ ਆ ਕੇ ਆਪਣੇ ਝਗੜਿਆਂ ਤੇ ਗੱਲ ਕਰ ਲੈਣ, ਕੀ ਕੁਝ ਹੈ, ਜੋ ਪਰਸਪਰ ਮਿਲ ਕੇ ਨਜਿੱਠਿਆ ਨਹੀਂ ਜਾ ਸਕਦਾ। ਜਾਂ ਜਿਸ ਨੂੰ ਮਧਿਅਸਤ ਪੈ ਕੇ ਮੁਕਾ ਨਾ ਸਕਣ ਅਤੇ ਸਤਿਗੁਰੂ ਜੀ ਨੇ ਸੰਤ ਫਤਹ ਸਿੰਘ ਜੀ ਤੇ ਸੰਤ ਦੇਵਾ ਸਿੰਘ ਜੀ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ।

ਇਸ ਸਮੇਂ ਤੋਂ ਕੁਝ ਚਿਰ ਹੀ ਪਹਿਲਾਂ ਹੋਲੇ ਦੇ ਪ੍ਰਬੰਧਕਾਂ ਵਲੋਂ ਉਚੇਚੇ ਤੌਰ ਤੇ ਪਹੁੰਚ ਕੇ ਸਤਿਗੁਰੂ ਜੀ ਨੂੰ ਵਿਸ਼ੇਸ਼ ਭੇਟਾ ਅਰਪਣ ਕੀਤੀ। ਤੇ ਗੁਰੂ ਕੀਆਂ ਖੁਸ਼ੀਆਂ

ਪ੍ਰਾਪਤ ਕੀਤੀਆਂ ।

ਅੰਤਲੇ ਦਿਨ ਹਵਨ ਹੋਇਆ । ਅੰਮ੍ਰਿਤ ਤਿਆਰ ਕੀਤਾ ਗਿਆ ਤੇ ਅਨੰਦ ਕਾਰਜ ਹੋਏ । 242 ਆਦਿ ਗ੍ਰੰਥ ਸਾਹਿਬ ਤੇ ਇਕ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਪਾਇਆ ਗਿਆ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਸਦਕਾ ਇਹ ਹੋਲਾ ਨਿਰਵਿਘਨ ਸਮਾਪਤ ਹੋਇਆ ।

ਸਤਿਗੁਰੂ ਜੀ ਦੀ ਸੇਵਾ ਵਿੱਚ ਕਈ ਪਾਸਿਆਂ ਤੋਂ ਹੋਲਾ, ਸਾਲ 2015 ਦਾ, ਕਰਨ ਦੀਆਂ ਬੇਨਤੀਆਂ ਕੀਤੀਆਂ ਗਈਆਂ ਸਨ । ਪਰ ਜੀਵਨ ਨਗਰ ਦੀ ਸੰਗਤ ਨੂੰ ਅਗਲੇ ਸਾਲ ਦਾ ਹੋਲਾ ਇਸ ਸ਼ਰਤ ਤੇ ਦਿਤਾ ਗਿਆ ਕਿ ਇਹ ਹੋਲਾ ਪੂਰਨਮਾਸ਼ੀ ਤੋਂ ਅੱਗੇ ਪਿਛੇ ਹੋ ਸਕੇਗਾ, ਕਿਉਂਕਿ ਅਫਰੀਕਾ ਦੀ ਸੰਗਤ ਨੇ ਅਗਲੇ ਹੋਲੇ ਦੀ ਬੇਨਤੀ ਕੀਤੀ ਹੋਈ ਹੈ । ਸੋ ਨਿਸ਼ਚਿਤ ਤਾਰੀਖ ਦਾ ਹੋਲਾ ਤਾਂ ਅਫਰੀਕਾ ਵਿੱਚ ਹੋਵੇਗਾ, ਪਰ ਭਾਰਤ ਦਾ ਹੋਲਾ ਸ੍ਰੀ ਜੀਵਨ ਨਗਰ ਵਿੱਚ ਜ਼ਰਾ ਬਦਲਵੀਆਂ ਤਾਰੀਖਾਂ ਤੇ ਹੋਵੇਗਾ ।

## 2015 ਬਿਕ੍ਰਮੀ–1959 ਈਸਵੀ, ਹੋਲਾ ਸ੍ਰੀ ਜੀਵਨ ਨਗਰ–ਹਿਸਾਰ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰ ਦਰਿਸ਼ਟੀ, ਉੱਦਮ ਤੇ ਪ੍ਰੇਰਨਾ ਨਾਲ ਆਬਾਦ ਕੀਤਾ ਜੀਵਨ ਨਗਰ ਦਾ ਹਲਕਾ, ਉਹਨਾਂ ਲੋਕਾਂ ਲਈ ਸਖਤ ਹੈਰਾਨੀ ਦਾ ਕਾਰਨ ਸੀ ਜਿਨ੍ਹਾਂ ਨੇ ਕੁਝ ਸਾਲ ਪਹਿਲਾਂ ਇਸ ਬੀਆਬਾਨ ਤੇ ਜੰਗਲੀ ਇਲਾਕੇ ਨੂੰ ਵੇਖਿਆ ਸੀ । ਸਤਿਗੁਰੂ ਜੀ ਦੀ ਛਤਰ ਛਾਇਆ ਤੇ ਸੁਜਤਨਾਂ ਨਾਲ ਇਸ ਹਲਕੇ ਵਿੱਚ ਵਸਦੇ ਨਾਮਧਾਰੀਆਂ ਨੇ ਜੀਵਨ ਨਗਰ ਦੇ ਇਲਾਕੇ ਨੂੰ ਸੁੰਦਰ ਉਪਜਾਊ ਧਰਤੀ ਵਿੱਚ ਬਦਲ ਦਿਤਾ । ਚਚਾਲ ਕੋਠੀ ਜਿਸ ਨੂੰ ਕਦੇ ਅੰਗ੍ਰੇਜ਼ ਨੇ ਬਣਾਇਆ ਸੀ ਤੇ ਫੇਰ ਚੁਰੂ ਦੇ ਸੇਠਾਂ ਦੀ ਜੋ ਸ਼ਿਕਾਰ ਗਾਹ ਰਹੀ, ਹੁਣ ਨਾਮਧਾਰੀ ਪੰਥ ਦੇ ਦਿਲਦਾਰ ਤੇ ਸਤਿਗੁਰੂ ਜੀ ਦਾ ਨਿਵਾਸ ਸਥਾਨ ਬਣ ਕੇ ਸ੍ਰੀ ਜੀਵਨ ਨਗਰ (ਪੂਜਯ ਮਾਤਾ ਜੀਵਨ ਕੌਰ ਦੇ ਨਾਮ ਤੇ) ਦੇ ਨਾਮ ਨਾਲ ਪ੍ਰਸਿੱਧਤਾ ਹਾਸਲ ਕਰ ਚੁਕੀ ਹੈ । ਹਰੇਕ ਨਾਮਧਾਰੀ ਦੀ ਰੀਝ, ਸ੍ਰੀ ਜੀਵਨ ਨਗਰ ਨੂੰ ਵੇਖਣ ਦੀ ਸਦਾ ਹੀ ਰਹੀ, ਜਦੋਂ ਤੋਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਨਿਵਾਸ ਦਾ ਮਾਣ ਇਸ ਨੂੰ ਬਖਸ਼ਿਆ ਹੈ ।

ਪਾਕਿਸਤਾਨ ਬਨਣ ਤੋਂ ਪਿਛੋਂ ਨਾਮਧਾਰੀ ਪੰਥ ਦੇ ਹੋਲੇ ਮਹੱਲੇ ਰਵਾਇਤ ਅਨੁਸਾਰ ਵੱਖ ਵੱਖ ਥਾਈਂ ਹੁੰਦੇ ਰਹੇ ਪਰ ਸ੍ਰੀ ਜੀਵਨ ਨਗਰ ਦੇ ਨਾਮਧਾਰੀ ਹਲਕੇ ਵਿੱਚ ਨਕੌੜੇ ਅਤੇ ਸੰਤ ਨਗਰ ਦੇ ਹੋਲੇ ਮੇਲਿਆਂ ਨੇ, ਸੇਵਾ ਉਮਾਹ, ਪਿਆਰ ਸ਼ਰਧਾ, ਨਾਮਬਾਣੀ ਤੇ ਸਾਧ-ਸੰਗਤ ਦੇ ਜੋੜ ਮੇਲੇ ਦੇ ਆਪਣੇ ਰੀਕਾਰਡ ਕਾਇਮ ਕੀਤੇ । ਪਰੰਤੂ ਜੀਵਨ ਨਗਰ ਅੱਜੇ ਹੋਲੇ ਮੇਲੇ ਸਮੇਂ ਸਾਧ-ਸੰਗਤ ਦੀ ਸੇਵਾ ਨਹੀਂ ਕਰ ਸਕਿਆ ।

ਸਤਿਗੁਰੂ ਸੱਚੇ ਪਾਤਸ਼ਾਹ ਤਾਂ ਅਨੇਕਾਂ ਅਵਸਰਾਂ ਤੇ ਉਚੇਚੇ ਲੰਗਰ ਅਤੇ ਮੇਲੇ ਕਰਕੇ ਜਾਂ ਪਸ਼ੂ ਨੁਮਾਇਸ਼ਾਂ ਲਾ ਕੇ ਸਾਧ-ਸੰਗਤ ਦਾ ਸੁਆਗਤ ਕਰਦੇ ਹੀ ਰਹੇ, ਪਰ ਜੀਵਨ ਨਗਰ ਦੇ ਦੂਜੇ ਵਸਨੀਕਾਂ ਨੂੰ ਚਿਰਾਂ ਤੋਂ ਇਹ ਖਿਆਲ ਖਟਕਦਾ ਰਹਿੰਦਾ ਸੀ

ਕਿ ਉਹਨਾਂ ਦੀ ਨਿੱਕੀ ਆਬਾਦੀ ਹੋਲੇ ਦੀ ਸੇਵਾ ਕਿਵੇਂ ਪ੍ਰਾਪਤ ਕਰੇ ਤੇ ਨੇਪਰੇ ਚਾੜ੍ਹ ਸਕੇ। ਅੰਤ ਜੀਵਨ ਨਗਰ ਦੇ ਸਮੂਹ ਵਾਸੀਆਂ ਤੇ ਆਗੂਆਂ ਨੇ ਮਿਲ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਆਸ ਓਟ ਤੇ, ਸੰਤ ਨਗਰ ਹੋਲੇ ਸਮੇਂ ਇਸ ਸਾਲ ਜੀਵਨ ਨਗਰ ਹੋਲੇ ਦੀ ਮੰਗ ਸਤਿਗੁਰੂ ਜੀ ਤੇ ਸੰਗਤ ਤੋਂ ਕਰ ਲਈ।

ਗਿਣਤੀ ਵਿੱਚ ਥੋੜ੍ਹੇ ਸੱਜਣਾਂ ਨੇ ਬਹੁਤਾ ਭਾਰ ਚੁਕਣਾ ਸੀ—ਪਰ ਦ੍ਰਿੜ੍ਹ ਇਰਾਦੇ ਕੀ ਨਹੀਂ ਕਰ ਸਕਦੇ ? ਸਾਰੀ ਆਬਾਦੀ ਦੇ ਮਿਲਵੇਂ ਜਤਨਾਂ ਨੇ ਜੀਵਨ ਨਗਰ ਵਿੱਚ ਚਾਰ ਕੁ ਦਿਨਾਂ ਦਾ ਹੋਲੇ ਦਾ ਇਕੱਠ ਸੰਭਾਲ ਲਿਆ।

ਇਸ ਵਾਰ ਦੇ ਹੋਲੇ ਦੀ ਪ੍ਰਚਾਰ ਮੁਹਿੰਮ ਸ਼ੁਰੂ ਨਹੀਂ ਕੀਤੀ ਜਾ ਸਕੀ ਸੀ, ਤਾਂ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਭਾਟ ਆਦਿ ਫਿਰਤੂ ਕਬੀਲੇ ਜੀਵਨ ਨਗਰ ਦੇ ਦੁਆਲੇ ਛਾਉਣੀਆਂ ਦੋ ਦਿਨ ਪਹਿਲਾਂ ਹੀ ਲਾ ਬੈਠੇ ਤੇ ਵਾਸਤਵ ਵਿੱਚ ਹੋਲੇ ਦੀਆਂ ਰੌਣਕਾਂ ਦਾ ਆਰੰਭ 17 ਫੱਗਣ ਤੋਂ ਹੀ ਸ਼ੁਰੂ ਹੋ ਗਿਆ।

ਲੰਗਰ ਵਿਚ ਆਟੇ ਦੀਆਂ ਬੋਰੀਆਂ ਤੇ ਬੋਰੀਆਂ ਖੁੱਲ੍ਹਣ ਖੱਪਣ ਲੱਗੀਆਂ ਪਰ 'ਜਿਸਕਾ ਕਾਮ ਸੋਈ ਕਰ ਜਾਣੇ ਮਾਨਸ ਕਿਆ ਬੇਚਾਰਾ ਰਾਮ', ਦਾ ਕਥਨ ਪੂਰਾ ਕਰਨ ਵਾਲਾ ਸਤਿਗੁਰੂ ਤਾਂ ਹਾਜ਼ਰ ਨਾਜ਼ਰ ਸੀ।

19 ਫੱਗਣ ਨੂੰ ਸੰਤ ਨਗਰ ਦੇ ਵਾਰੇ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ। ਸੰਤ ਨਗਰ ਦੇ ਜਥੇ ਦੇ ਸੰਤ ਦਲੀਪ ਸਿੰਘ ਜੀ, ਤੇ ਉਹਨਾਂ ਦੇ ਸਾਥੀਆਂ ਨੇ ਬੜਾ ਟਿਕਵਾਂ ਰਸ ਭਰਪੂਰ ਕੀਰਤਨ ਕੀਤਾ। ਸ੍ਰੀਮਾਨ ਸੰਤ ਆਲਾ ਸਿੰਘ ਜੀ, ਸੂਬਾ ਵਰਿਆਮ ਸਿੰਘ ਜੀ ਦੇ ਸੁਜਤਨਾਂ ਕਰਕੇ ਗੁਰਮੁਖਾਂ ਦਾ ਇਹ ਇਕੱਠ ਉਪਰੋਕਤ ਸੰਤ-ਜਨਾਂ ਦੇ ਨਿਕਟ ਰਹਿੰਦਾ ਤੇ ਕਥਾ ਕੀਰਤਨ ਦਾ ਪਰਵਾਹ ਜਾਰੀ ਰਖਦਾ।

ਨਾਮਧਾਰੀ ਹੋਲੇ ਮੇਲਿਆਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਾਸਤੇ ਰਾਗੀਆਂ ਪਰਚਾਰਕਾਂ ਜਾਂ ਜਥੇਦਾਰਾਂ ਨੂੰ ਉਚੇਚੇ ਸੱਦਾ ਪਤ੍ਰ ਜਾਰੀ ਨਹੀਂ ਕਰਨੇ ਪੈਂਦੇ। ਸੁਭਾਵਕ ਹੀ ਗੁਣੀ ਜਨ ਦਰਸ਼ਨ ਕਰਨ ਤੇ ਆਪਣੀ ਸੇਵਾ ਦਾ ਭਾਗ ਮੇਲਿਆਂ ਤੇ ਪਾਉਣ ਆਉਂਦੇ ਹਨ। ਇਸ ਤਰ੍ਹਾਂ ਨਾਮਧਾਰੀ ਪੰਥ ਦੇ ਉੱਘੇ ਪਰਚਾਰਕ ਇਸ ਹੋਲੇ ਸਮੇਂ ਵੀ ਪਹੁੰਚੇ ਹੋਏ ਸਨ। ਸ੍ਰੀਮਾਨ ਸੰਤ ਫਤਹਿ ਸਿੰਘ ਜੀ ਮਾਂਗਾ, ਬਜ਼ੁਰਗ ਤੇ ਸ਼੍ਰੋਮਣੀ ਪਰਚਾਰਕ ਤੇ ਵਿਚਾਰਵਾਨ ਨੇ 19 ਫੱਗਣ ਨੂੰ ਦੁਪਹਿਰ ਦੇ ਦੀਵਾਨ ਸਮੇਂ ਦਵੈਸ਼ ਉਤੇ ਗੁਰਮਤ ਪ੍ਰਮਾਣਾਂ ਸਹਿਤ ਬੜੀ ਤੁਲਵੀਂ ਵਿਆਖਿਆ ਕੀਤੀ। ਇਸ ਵਾਰ ਆਪ ਦਾ ਪੁਰਾਣਾ ਜੁੱਟ ਆਪ ਦੇ ਨਾਲ ਸੀ। ਲੋਕ ਜੀਵਨ 'ਚੋਂ ਮਿਸਾਲਾਂ ਦੇ ਕੇ, ਇਤਿਹਾਸਕ ਘਟਨਾਵਾਂ ਦੇ ਹਵਾਲੇ ਦੇ ਕੇ ਆਪ ਨੇ ਸਾਧ-ਸੰਗਤ ਦੇ ਭਰੇ ਪੰਡਾਲ ਨੂੰ ਇਹ ਸਪੱਸ਼ਟ ਕੀਤਾ ਕਿ ਜੇ ਨਾਮਧਾਰੀ ਪੰਥ ਆਪਣੀ ਅਖੰਡਤਾ ਨੂੰ ਕਾਇਮ ਨਾ ਰਖ ਸਕਿਆ ਤਾਂ ਇਹ ਦੁਰਭਾਗ ਹੋਵੇਗਾ। ਸਾਰੇ ਸਮਿਆਂ ਨਾਲੋਂ ਇਸ ਵੇਲੇ ਵਧੇਰੇ ਏਕਤਾ ਤੇ ਇਕ-ਸੁਰਤਾ ਦੀ ਲੋੜ ਹੈ ਤੇ ਖਾਸਕਰ ਇਕੱਠੇ ਵੱਸਦੇ ਨਾਮਧਾਰੀਆਂ ਵਿਚ ਕੋਈ ਝਗੜੇ ਖੜੇ ਨਹੀਂ ਹੋਣੇ ਚਾਹੀਦੇ, ਜੇ ਹੋਣ ਤਾਂ ਪਰੇਮ ਤੇ ਸ਼ਾਂਤੀ ਨਾਲ ਪਰਸਪਰ ਮਿਲ ਕੇ ਨਜਿੱਠੇ ਜਾਣ।

ਸੁਯੋਗ ਪ੍ਰਚਾਰਕ ਸੰਤ ਕਰਮ ਸਿੰਘ ਜੀ 'ਬਾਲਮ' ਦਿੱਲੀ ਵਾਲਿਆਂ ਨੇ ਸੰਗੀਤਮਈ

ਤਰਜ਼ਾਂ ਗੁਦਵੇਂ ਚੋਣਵੇਂ ਲਫਜ਼ਾਂ ਤੇ ਅਦਾਇਗੀ ਨਾਲ ਦੋ ਘੰਟੇ ਏਸੇ ਸ਼ਬਦ ਦੀ ਵਿਆਖਿਆ ਕੀਤੀ ਕਿ

"ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥"

ਸਭ ਤਰ੍ਹਾਂ ਦੇ ਪਖੰਡ ਦਾ ਖੰਡਨ ਗੁਰਬਾਣੀ ਤੇ ਜਨ-ਜੀਵਨ ਦੀਆਂ ਮਿਸਾਲਾਂ ਨਾਲ ਕੀਤਾ। ਸੰਤ ਗਿਆਨ ਸਿੰਘ ਜੀ ਵੀਰੋਕਿਆਂ ਵਾਲਿਆਂ, ਆਪਣਾ ਸਾਰਾ ਸਮਾਂ

'ਐਸੇ ਲੋਗਨ ਸਿਉ ਕਿਆ ਕਹੀਐ,
ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥'

ਦੀ ਗੁਰਬਾਣੀ ਵਿਚੋਂ ਹੀ ਅਨੰਤ ਮਿਸਾਲਾਂ ਨਾਲ ਵਿਆਖਿਆ ਕੀਤੀ।

ਸੰਤ ਗੁਰਬਖਸ਼ ਸਿੰਘ ਜੀ ਗਿਆਨੀ, ਦਿੱਲੀ ਨੇ ਲੰਮੀਆਂ ਹੇਕਾਂ ਨਾਲ ਪਰੇਮ ਭਰਪੂਰ ਹੋ ਨਾਮਧਾਰੀ ਸ਼ਹੀਦਾਂ ਦੀ ਐਸੀ ਦਿਲ ਖਿਚਵੀਂ ਤਸਵੀਰ ਦੀਵਾਨ ਦੇ ਵਿੱਚ ਪੇਸ਼ ਕੀਤੀ ਕਿ ਸੰਗਤਾਂ ਧੰਨ ਧੰਨ ਕਰ ਉਠੀਆਂ।

ਕਵੀਆਂ ਨੇ ਸਤਿਗੁਰੂ ਜੀ ਦੀ ਸਿਮ੍ਰਤੀ ਵਿੱਚ ਕਵੀ ਦਰਬਾਰ ਸਜਾਏ ਤੇ ਸਤਿਗੁਰੂ ਜੀ ਨੇ ਬਚਨ ਕੀਤੇ :—

ਇਹ ਮੇਲੇ, ਇਹ ਹੋਲੇ ਭਾਗਾਂ ਨਾਲ ਹੀ ਕਰਵਾਉਣ ਦਾ ਅਵਸਰ ਪ੍ਰਾਪਤ ਹੁੰਦਾ ਹੈ। ਇਹਨਾਂ ਵਿੱਚ ਉੱਦਮ ਨੂੰ ਕਦੇ ਨਹੀਂ ਵਿਸਾਰਨਾ ਚਾਹੀਦਾ ਤੇ ਨਾ ਹੀ ਆਪਣਾ ਆਪ ਬਚਾ ਕੇ ਡਿਊਟੀਆਂ ਤੋਂ ਸੰਕੋਚ ਕਰਨਾ ਚਾਹੀਦਾ ਹੈ। ਇਹ ਮੇਲੇ ਹੋਲੇ ਭੁਗਤਾਉਣੇ ਮਿਲਵੀਂ ਜਨ-ਸ਼ਕਤੀ ਦਾ ਹੀ ਕੰਮ ਹੁੰਦਾ ਹੈ। ਕੱਲ੍ਹ ਤੋਂ ਕੋਈ ਇਹ ਨਾ ਸਮਝੇ ਕਿ ਇਹ ਕੰਮ ਮੇਰੇ ਜ਼ਿੰਮੇ ਨਹੀਂ, ਮੈਨੂੰ ਕਿਹਾ ਨਹੀਂ ਗਿਆ ਜਾਂ ਕੋਈ ਹੋਰ ਬਹਾਨਾ ਲਾਉਣਾ ਠੀਕ ਨਹੀਂ, ਲੋੜ ਹੈ ਮੇਲੇ ਵਿਚ ਲੋੜੀਂਦੇ ਕੰਮਾਂ ਨੂੰ ਸੇਵਾ ਸਮਝ ਕੇ ਆਪਣੇ ਆਪ ਹੀ ਕੀਤਾ ਜਾਵੇ। ਸੇਵਾ ਕਰਦਿਆਂ ਹੀ ਮਨੁੱਖਾ ਜਨਮ ਸਫਲਾ ਹੋ ਸਕਦਾ ਹੈ।

"ਗੁਰ ਸੇਵਾ ਤੇ ਭਗਤਿ ਕਮਾਈ। ਤਬ ਇਹ ਮਾਨਸ ਦੇਹੀ ਪਾਈ ॥"

19 ਫੱਗਣ ਨੂੰ ਸ਼ਾਮ ਦੇ ਦੀਵਾਨ ਵਿਚ ਸ੍ਰੀ ਸਤਿਗੁਰੂ ਜੀ ਨੇ ਸਾਧ-ਸੰਗਤ ਦੇ ਨਾਮ ਸੰਦੇਸ਼ ਦਿੰਦਿਆਂ ਇਸ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਨਾਮਧਾਰੀਆਂ ਨੇ ਸਦਾ ਹੀ ਗੁਰ-ਹੁਕਮਾਂ ਤੇ ਫੁੱਲ ਚਾੜ੍ਹੇ ਹਨ ਅਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨੂੰ ਖਿੜੇ ਮੱਥੇ ਪਰਵਾਨ ਕੀਤਾ ਹੈ। ਹੁਣ ਨਿੱਕਾ ਜਿਹਾ ਹੰਭਲਾ ਹੋਰ ਮਾਰਨ ਦੀ ਲੋੜ ਹੈ ਉਹ ਹੈ ਇਕ ਲੱਖ ਪਾਠਾਂ ਦੀ ਪੂਰਤੀ ਹਿਤ, ਤਾਣ ਲਾਉਣਾ। ਸ੍ਰੀ ਸਤਿਗੁਰੂ ਜੀ ਨੇ ਭਾਸ਼ਣ ਕਰਦਿਆਂ ਬਾਬਾ ਦਰਬਾਰਾ ਸਿੰਘ ਜੀ ਦਾ ਬਚਨ ਯਾਦ ਕਰਵਾਇਆ। ਬਾਬਾ ਜੀ ਸਤਿਗੁਰੂ ਜੀ ਦੇ ਪਰਦੇਸ ਗਮਨ ਤੋਂ ਤਿੰਨ ਸਾਲ ਬਾਅਦ ਰੰਗੂਨ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨ ਪਰਸੇ। ਸਤਿਗੁਰੂ ਰਾਮ ਸਿੰਘ ਜੀ ਨੇ ਫੁਰਮਾਇਆ ਕਿ ਜਿਹੜੇ ਕਹਿੰਦੇ ਸੀ ਕਿ ਉਹ ਸਰਬੰਸ ਨਿਉਛਾਵਰ ਕਰਨਗੇ ਮੇਰੇ ਨਮਿੱਤ, ਉਹ ਕੇਵਲ ਪਾਠ ਕਰਨ। ਏਸ ਬਚਨ ਨੂੰ 47 ਸਾਲ ਹੋ ਗਏ ਹਨ। ਤਦ ਤੋਂ ਅਖੰਡ ਪਾਠਾਂ, ਸਾਧਾਰਨ ਪਾਠਾਂ ਦਾ ਪਰਵਾਹ ਜਾਰੀ ਹੈ। ਪਰ 'ਪੂਰੇ ਕਾ ਕੀਆ ਹੀ ਸਭ ਪੂਰਾ ਹੋ ਸਕਦਾ ਹੈ।' ਸਤਿਗੁਰੂ ਜੀ ਨੇ ਦੋ ਲੱਖ ਪਾਠ ਕਰਵਾਉਣ ਲਈ ਕਿਹਾ ਸੀ, ਸਾਥੋਂ

ਉਹ ਪੂਰਾ ਨਹੀਂ ਹੋਇਆ—ਸੋ ਸੱਚੇ ਪਾਤਸ਼ਾਹ ਅਜੇ ਦਰਸ਼ਨ ਨਹੀਂ ਦਿਤੇ। ਹੁਣ ਤੀਸਰੀ ਵਾਰ ਪਾਠ ਟੋਰੇ ਹੋਏ ਹਨ। ਕਈ ਸਰੀਰਾਂ ਦੋ-ਦੋ ਵੇਰ ਤੇ ਕਈਆਂ ਨੇ ਤਿੰਨ-ਤਿੰਨ ਵੇਰ ਪਾਠ ਲੈ ਕੇ ਸੰਪੂਰਨ ਕੀਤੇ ਹਨ, ਬੜੀ ਖੁਸ਼ੀ ਦੀ ਗੱਲ ਹੈ। ਪਰ ਕਈ ਉਹ ਵੀ ਹਨ ਜਿਨ੍ਹਾਂ ਇਕ ਵਾਰ ਵੀ ਪਾਠ ਨਹੀਂ ਲਏ। ਅਸੀਂ ਸਭ ਅਗੇ ਅਰਜ਼ ਕਰਦੇ ਹਾਂ 'ਕਰਹੁ ਜਤਨ ਜੇ ਹੋਇ ਮਿਹਰਵਾਨਾ' ਸਿਰਫ 40 ਪਤਰੇ ਪਾਠ ਕਰਨ ਵਾਲੇ ਰਹਿ ਗਏ ਹਨ, ਮਿਲ ਕੇ ਹੰਭਲਾ ਮਾਰੋ ਤੇ ਅਗਲੇ ਹੋਲੇ ਨੂੰ ਪਾਠਾਂ ਦੇ ਭੋਗ ਪਾ ਕੇ ਇਸ ਪ੍ਰਯੋਗ ਵਲੋਂ ਸੁਰਖਰੂ ਹੋਈਏ।

ਸਤਿਗੁਰੂ ਜੀ ਨੇ ਕਥਨ ਕਰਦਿਆਂ ਨਾਮਧਾਰੀਆਂ ਦੀ ਆਪਣੀ ਢਿਲਾਂ ਵੱਲ ਵੀ ਧਿਆਨ ਦੁਆਇਆ ਤੇ ਕਿਹਾ, 'ਹੁਣ ਜੋ ਵਰਤ ਰਿਹਾ ਹੈ ਇਹ ਸਭ ਉਹਨਾਂ ਦਾ ਹੁਕਮ ਹੀ ਹੈ, ਕਿਉਂਕਿ ਲਿਖਿਆ ਹੈ—"ਕਲਿ ਮੈ ਐਸੀ ਹੋਇਗੀ ਸਿਦਕੀ ਰਹੈ ਨ ਕੋਇ।" ਐਸ ਵੇਲੇ ਖਾਸ ਕਰ ਮੈਂ ਨਾਮਧਾਰੀਆਂ ਅੱਗੇ ਅਰਜ਼ ਕਰਨੀ ਹੈ ਕਿ ਨਾਮਧਾਰੀ ਆਪਣਾ ਪਹਿਰਾਵਾ, ਖਾਣਾ, ਪੀਣਾ ਤੇ ਰਹਿਣ-ਸਹਿਣ ਬਦਲ ਰਹੇ ਹਨ। ਸਾਦਗੀ ਉੱਠ ਰਹੀ ਹੈ, ਨਿਕੰਮੇ ਸ਼ੌਕ ਜ਼ੋਰ ਫੜ ਰਹੇ ਹਨ। ਆਪਣੇ ਨਿਯਮ ਤੇ ਆਪਣੇ ਕਰਮ ਕਾਂਡ ਵਿੱਚ ਐਨੀ ਸ਼ਕਤੀ ਹੈ ਕਿ ਉਹ ਸਾਨੂੰ ਕਈ ਵਿਕਾਰਾਂ ਤੋਂ ਰੋਕ ਸਕਦਾ ਹੈ। ਅਤੇ ਸਾਹਿਬਾਂ ਮਿਸਾਲ ਦਿਤੀ :

ਰਾਵਨ ਨੇ ਇਕ ਵੇਰ 6-6 ਮਹੀਨੇ ਸੁੱਤੇ ਹੀ ਰਹਿਣ ਵਾਲੇ ਆਪਣੇ ਭਰਾ ਕੁੰਭਕਰਨ ਨੂੰ ਜਾ ਜਗਾਇਆ।

"ਕੀ ਬਿਪਤਾ ਪੈ ਗਈ ?" ਕੁੰਭਕਰਨ ਨੇ ਕਿਹਾ।

"ਮੈਂ ਸੀਤਾ ਚੁਰਾ ਲਿਆਇਆਂ।"

"ਭੋਗੀ ਵੀ ਕਿ ਨਹੀਂ ?"

"ਉਹ ਰਾਮ ਤੋਂ ਬਿਨਾਂ ਕਿਸੇ ਨੂੰ ਨੇੜੇ ਨਹੀਂ ਲਗਣ ਦਿੰਦੀ।"

"ਤੂੰ ਰਾਮ ਬਣ ਜਾਣਾ ਸੀ, ਦੇਹ ਬਦਲੀ ਦੇ ਮੰਤਰ ਤੈਨੂੰ ਆਉਂਦੇ ਹਨ।"

ਕਰੁਣਾ ਵਿਭੋਰ ਹੋ ਰਾਵਣ ਨੇ ਕਿਹਾ, "ਇਹੋ ਤਾਂ ਮੁਸ਼ਕਲ ਹੋ ਜਾਂਦੀ ਹੈ। ਮੈਂ ਰਾਮ ਦਾ ਰੂਪ ਧਾਰਦਾ ਹਾਂ ਤਾਂ ਕਾਮ ਹੁਰੀਂ ਮੈਥੋਂ ਕੋਹਾਂ ਦੂਰ ਨੱਸ ਜਾਂਦੇ ਹਨ। ਮੇਰੀ ਵਾਸਨਾ ਮੁੱਕ ਜਾਂਦੀ ਹੈ।" ਸਤਿਗੁਰੂ ਜੀ ਯਾਦ ਕਰਵਾਇਆ ਕਿ ਇਹੋ ਸਿਫਤ ਤੁਹਾਡੇ ਪਹਿਰਾਵੇ ਦੀ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ੀ ਪੁਸ਼ਾਕ ਨੂੰ ਜਦ ਅਸੀਂ ਪਹਿਣਦੇ ਹਾਂ ਤਾਂ ਇਸ ਦੀ ਉੱਚਤਾ ਤੇ ਪਵਿੱਤਰਤਾ ਸਾਨੂੰ ਵਿਕਰਮ ਕਰਨੋਂ ਰੋਕਦੀ ਹੈ। ਇਸ ਲਈ ਮਾੜੇ ਪਾਸਿਉਂ ਬਚਣ ਲਈ ਸਾਡੀ ਮਾਨ ਮਰਯਾਦਾ ਤੇ ਸਾਡੀ ਪੋਸ਼ਾਕ ਬਹੁਤ ਮਦਦ ਕਰਦੀ ਹੈ, ਸਾਨੂੰ ਰੰਗ ਬਿਰੰਗੇ ਲੋਕਾਂ ਨੂੰ ਵੇਖ ਕੇ ਆਪਣਾ ਆਪ ਨਹੀਂ ਗਵਾ ਲੈਣਾ ਚਾਹੀਦਾ।

ਅਮਨ ਉਹਦੀ ਰਜ਼ਾ ਹੈ। ਸਤਿਗੁਰੂ ਜੀ ਨੇ ਕੌਮਾਂਤਰੀ ਅਮਨ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਅਮਨ ਅਮਨ ਕਰਦਿਆਂ ਜੰਗੀ ਬੱਦਲਾਂ ਨੇ ਆਕਾਸ਼ ਮਲ ਰਖਿਆ ਹੈ। ਠੰਢੀ ਲੜਾਈ ਜੰਗੀ ਬੁਖਾਰ ਨੂੰ ਕਾਇਮ ਰੱਖਣ ਲਈ ਚਲਾਈ ਜਾ ਰਹੀ ਹੈ। ਰੂਸ ਤੇ ਚੀਨ ਵਰਗੀਆਂ ਮਹਾਨ ਤਾਕਤਾਂ ਅਮਨ ਦੀਆਂ ਖਾਹਸ਼ਮੰਦ ਹੁੰਦਿਆਂ

ਹੋਇਆਂ ਵੀ ਹਥਿਆਰ ਬਨਾਉਣ ਤੇ ਮਜ਼ਬੂਰ ਹਨ, ਪਰ ਮੁਖਾਲਫ ਟਿਚਕਰਾਂ ਕਰਦੇ ਹਨ, ਉਹ ਅਮਨ ਦੀਆਂ ਗੱਲਾਂ ਚੰਗੀਆਂ ਨਹੀਂ ਸਮਝਦੇ। ਪਰ ਹੋਣਾ ਉਹੋ ਹੀ ਜੋ ਉਹਦੀ ਰਜ਼ਾ ਹੈ। ਪਰੰਤੂ ਸਤਿਗੁਰੂ ਰਾਮ ਸਿੰਘ ਜੀ ਅੱਜ ਤੋਂ 82 ਸਾਲ ਪਹਿਲਾਂ ਪਹਿਲੀ ਵੇਰ ਭਾਰਤ ਵਿੱਚ ਅਮਨ ਦਾ ਸਫੈਦ ਝੰਡਾ ਝੁਲਾ ਕੇ ਸੰਸਾਰ ਨੂੰ ਅਮਨ ਦਾ ਸੰਦੇਸ਼ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਜ਼ਰੂਰ ਦਰਸ਼ਨ ਦੇਣਗੇ, ਉਹ ਨਾਮਧਾਰੀ, ਨਾਮਧਾਰੀ ਹੀ ਨਹੀਂ ਜੋ ਦਿਨ ਵਿੱਚ ਇਕ ਵਾਰ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਨੂੰ ਯਾਦ ਨਹੀਂ ਕਰਦੇ। ਸਤਿਗੁਰਾਂ ਦੀ ਉਮਰ ਏਸ ਵੇਲੇ 143 ਸਾਲ ਦੀ ਬਣਦੀ ਹੈ। ਉਹ ਤਾਂ ਸਤਿਗੁਰੂ ਹਨ, ਪਰ ਰੂਸ ਵਿੱਚ 6 ਲੱਖ ਬੰਦੇ ਅਜਿਹੇ ਹਨ ਜਿਨ੍ਹਾਂ ਦੀ ਉਮਰ 99 ਤੋਂ 150 ਸਾਲ ਤੱਕ ਦੀ ਹੈ। ਏਸੇ ਲਈ ਸੱਚੇ ਪਾਤਸ਼ਾਹ ਰੂਸ ਨੂੰ ਨਿਵਾਜਿਆ ਹੈ ਤਾਂਕਿ ਕਿਸੇ ਨੂੰ ਉਮਰ ਵਾਲੇ ਪਾਸਿਉਂ ਕੋਈ ਕਿੰਤੂ ਨਾ ਰਹੇ। ਸਤਿਗੁਰੂ ਜੀ ਕਿਹਾ ਸੀ, "ਮੈਂ ਚੋਲਾ ਬਦਲ ਕੇ ਆ ਸਕਦਾ ਹਾਂ, ਪਰ ਨਹੀਂ ਮੈਂ ਏਸੇ ਦੇਹ ਵਿੱਚ ਆਵਾਂਗਾ।" ਬਾਬਾ ਕਾਨ੍ਹ ਸਿੰਘ, ਜੋ ਪਿਛੋਂ ਆ ਕੇ ਗੁਰੂ ਹਰੀ ਸਿੰਘ ਜੀ ਦੇ ਹਜ਼ੂਰੀ ਸੇਵਕ ਬਣੇ, ਪਰਦੇਸ ਗਵਨ ਸਮੇਂ ਗੱਡੇ ਦੇ ਨਾਲ ਤਿਹੱਡੇ (ਤਿੰਨ ਪਿੰਡਾਂ ਦੀਆਂ ਜੁੜਵੀਆਂ ਹੱਦਾਂ) ਤੱਕ ਗਏ। ਸਤਿਗੁਰਾਂ ਬਚਨ ਕੀਤਾ, "ਮੈਂ ਅੱਗ ਵਿੱਚ ਸੜਦਾ ਨਹੀਂ, ਪਾਣੀ ਵਿੱਚ ਡੁਬਦਾ ਨਹੀਂ, ਜੇ ਕੋਈ ਮਰ ਗਿਆ ਕਹੇ ਤਾਂ ਵਿਸ਼ਵਾਸ ਨਹੀਂ ਕਰਨਾ, ਮੈਂ ਏਸੇ ਮੜ੍ਹੇ ਵਿੱਚ ਆਵਾਂਗਾ।"

ਸਤਿਗੁਰਾਂ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਲਿਜਾਣ ਸਮੇਂ ਉਸ ਜਹਾਜ਼ ਨੂੰ ਡੋਬਣ ਦੀ ਕੋਸ਼ਿਸ਼ ਕੀਤੀ ਗਈ, ਪਰ ਜਿਸ ਸ਼ਾਹੂਕਾਰ ਦਾ ਜਹਾਜ਼ ਸੀ ਉਸ ਦੀ ਅਰਜੋਈ ਸੁਣ ਕੇ ਭਾਈ ਨਾਨੂੰ ਸਿੰਘ ਤੋਂ ਗੜਵਾ ਲੈ ਸਮੁੰਦਰ ਦੀ ਭੇਟਾ ਕਰਕੇ ਜਹਾਜ਼ ਡੁਬਣੋਂ ਬਚਾਅ ਲਿਆ। ਸਤਿਗੁਰਾਂ ਢਾਈ ਸੌ ਸਾਲ ਕੌਤਕ ਵਰਤਾਉਣੇ ਹਨ ਤੇ ਅਜੇ ਤਾਂ ਮਸਾਂ 143 ਸਾਲ ਹੀ ਬੀਤੇ ਹਨ। ਭਰੋਸਾ ਅਡੋਲ ਰੱਖੋ, ਉਹ ਆਉਣਗੇ ਤੇ ਜ਼ਰੂਰ ਆਉਣਗੇ ਉਹਨਾਂ ਦੀ ਯਾਦ ਹਿਰਦਿਆਂ ਵਿੱਚ ਸਦਾ ਰੱਖੋ :—

"ਖਾਣਾ ਪੀਣਾ ਹਸਣਾ ਬਾਦਿ। ਜਬ ਲਗੁ ਰਿਦੈ ਨ ਆਵਹਿ ਯਾਦਿ ॥"

ਤੇ ਉਸ ਯਾਦ ਵਿੱਚ ਹਰ ਨਾਮਧਾਰੀ ਨੂੰ ਇਕ ਘੰਟਾ ਸਿਮਰਨ ਤਾਂ ਜ਼ਰੂਰ ਹੀ ਕਰਨਾ ਚਾਹੀਦਾ ਹੈ।

ਬੈਟਰਮੈਂਟ ਟੈਕਸ ਬਾਰੇ ਸਤਿਗੁਰੂ ਜੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਫੁਰਮਾਇਆ, 'ਬੈਟਰਮੈਂਟ ਕਿਸਾਨਾਂ ਨਾਲ ਬੜਾ ਅਨਿਆਇ ਹੈ। ਕਿਸਾਨਾਂ ਦੀਆਂ ਏਸ ਮਸਲੇ ਤੇ ਗ੍ਰਿਫਤਾਰੀਆਂ ਅਤੇ ਤਸ਼ੱਦਦ ਕੋਈ ਸਿਆਣੀ ਨੀਤੀ ਨਹੀਂ। ਸੱਚਮੁਚ ਗਰੀਬ ਕਿਸਾਨਾਂ ਦਾ ਦੋ ਸਾਲਾਂ ਦੀਆਂ ਜ਼ਰਦੀ ਉਪਜਾਂ ਕਮਜ਼ੋਰ ਪੈਦਾ ਹੋਣ ਨਾਲ ਤੇ ਅੰਨ ਦੀ ਅਤਿ ਦੀ ਮਹਿੰਗਾਈ ਕਰਕੇ ਲੱਕ ਟੁੱਟਾ ਪਿਆ ਹੈ, ਉਤੋਂ ਬੈਟਰਮੈਂਟ ਟੈਕਸ ਦਾ ਲਗਾਉਣਾ ਕੋਈ ਨਿਆਇ ਸੰਗਤ ਨਹੀਂ। ਸਤਿਗੁਰੂ ਜੀ ਜ਼ਿਕਰ ਕੀਤਾ ਕਿ ਕਾਂਗਰਸ ਸਰਕਾਰਾਂ, ਗਰੀਬ ਵਸੋਂ ਵਲੋਂ ਉੱਕਾ ਹੀ ਬੇਧਿਆਨੀ ਵਰਤ ਰਹੀਆਂ ਹਨ। ਭ੍ਰਿਸ਼ਟਾਚਾਰ, ਜ਼ਿੰਦਾਬਾਦ ਤੇ ਮੁਖਾਲਫਾਂ ਵੱਲ ਕੱਟੜ ਰਵੱਈਆ, ਮੌਜੂਦਾ ਸਰਕਾਰਾਂ ਦੀ ਅਧੋਗਤੀ

ਦੀਆਂ ਨਿਸ਼ਾਨੀਆਂ ਹਨ ।

ਪਿਛੋਂ ਸਤਿਗੁਰੂ ਜੀ ਹੁਕਮ ਕੀਤਾ : ਇਹ ਅਨੰਦ ਮਰਯਾਦਾ ਜਿਸ ਵਿਚ ਸਮੁੱਚੀ ਜੁੜੀ ਸੰਗਤ ਜਾਂਵੀ-ਮਾਂਵੀ ਦੇ ਤੌਰ ਤੇ ਸ਼ੋਭਦੀ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਖੋਟਿਆਂ ਦੇ ਮੇਲੇ ਤੇ ਪਰਚਲਤ ਕੀਤੀ । ਸਾਦਗੀ ਬੇ-ਰਸਮਗੀ ਦਾ ਏਦੂੰ ਵੱਧ ਹੋਰ ਕੀ ਨਜ਼ਾਰਾ ਹੋ ਸਕਦਾ ਹੈ । ਉਹ ਨਾਮਧਾਰੀ ਚੰਗਾ ਨਹੀਂ ਕਰਦੇ, ਜੋ ਏਥੇ ਸਾਦਾ ਮਰਯਾਦਾ ਕਰ, ਫੇਰ ਘਰੀਂ ਜਾ ਕੇ ਸਾਰੀਆਂ ਹੀ ਲੋਕਾ-ਚਾਰ ਰਸਮਾਂ ਅਦਾ ਕਰਦੇ ਹਨ ।

ਸਤਿਗੁਰੂ ਜੀ ਨੇ ਜ਼ੋਰ ਦਿੰਦਿਆਂ ਆਖਿਆ, 'ਅਨੰਦ ਮੇਲੇ ਸਮੇਂ ਹੋਣੇ ਜ਼ਰੂਰੀ ਹਨ, ਪਰ ਪਾਬੰਦੀਆਂ ਚੁੱਕ ਲਈਆਂ ਜਾਂਦੀਆਂ ਹਨ । ਚੰਗਾ ਹੋਵੇ, ਜੇ ਲੜਕੇ ਲੜਕੀਆਂ ਪੜ੍ਹੇ ਹੋਏ ਹੋਣ । 16 ਸਾਲ ਦੀ ਲੜਕੀ ਤੇ 18 ਸਾਲ ਦਾ ਲੜਕਾ ਹੋਵੇ । ਹਰ ਜੋੜਾ ਇਕ ਸਾਧਾਰਨ ਪਾਠ ਦਾ ਭੋਗ ਪੁਆਏ, ਪਰ ਜੇ ਸਾਧ-ਸੰਗਤ ਇਹਨਾਂ ਜ਼ਰੂਰੀ ਗੱਲਾਂ ਨੂੰ ਇਕ ਪਾਬੰਦੀ ਦੇ ਤੌਰ ਤੇ ਠੀਕ ਨਾ ਸਮਝਦੀ ਹੋਵੇ ਤਾਂ ਅੱਜ ਤੋਂ ਇਹਨਾਂ ਗੱਲਾਂ ਤੇ ਜ਼ੋਰ ਨਹੀਂ ਦਿਤਾ ਜਾਵੇਗਾ । ਪਰ ਹਰ ਹਾਲ ਆਪਣੀ ਸਾਦਾ ਮਰਯਾਦਾ ਨੂੰ ਸਾਨੂੰ ਗਵਾਉਣਾ ਨਹੀਂ ਚਾਹੀਦਾ ।

20 ਫੱਗਣ ਨੂੰ ਸ੍ਰੀਮਾਨ ਸੰਤ ਪ੍ਰੀਤਮ ਸਿੰਘ ਜੀ (ਪੱਦੀ ਖਾਲਸਾ) ਫਗਵਾੜੇ ਵਾਲਿਆਂ ਦੇ ਜੱਥੇ ਦੇ ਹਿੱਸੇ ਆਇਆ । ਇਹ ਜੱਥਾ ਜਿਸ ਚੜ੍ਹਤ ਨਾਲ ਵਾਰ ਦਾ ਕੀਰਤਨ ਕਰਦਾ ਹੈ ਉਹ ਦੇਖਿਆ ਸੁਣਿਆਂ ਹੀ ਬਣਦਾ ਹੈ । ਹਰ ਸ਼ਬਦ ਚੜ੍ਹਦੀ ਲੋਅ ਤੇ ਚੜ੍ਹਦੀ ਸੁਰ ਵਿਚ ਉਠਦਾ ਹੈ ਤੇ 'ਤੁਮ ਘਰ ਆਉ ਮੇਰੇ ਮੀਤ' ਤੱਕ ਪਹੁੰਚਦਿਆਂ ਇਉਂ ਲਗਦਾ ਹੈ ਜਿਵੇਂ ਅਸੀਂ ਫਰਸ਼ਾਂ ਤੋਂ ਉੱਡ ਕੇ ਅਰਸ਼ਾਂ ਤੱਕ ਪਹੁੰਚ ਗਏ ਹੁੰਦੇ ਹਾਂ । ਗਿਆਨੀ ਜੀ ਦੀ ਢੋਲਕ, ਦਿਆਲ ਸਿੰਘ ਜੀ ਦਾ ਹਾਰਮੋਨੀਅਮ, ਦੂਜੇ ਸਾਥੀਆਂ ਦੇ ਛੈਣੇ ਅਜਿਹਾ ਰਸ ਬੰਨਦੇ ਸਨ, ਜੀਅ ਕਰਦਾ ਕਿ ਇਹ ਸਿਲਸਿਲਾ ਹਮੇਸ਼ਾਂ ਲਈ ਚਲਦਾ ਰਹੇ ।

21 ਫੱਗਣ ਭੋਗ ਵਾਲਾ ਦਿਨ ਸੀ । ਸ੍ਰੀ ਸਤਿਗੁਰੂ ਜੀ ਨੇ ਏਸ ਦਿਹਾੜੇ ਨੂੰ ਸਾਂਝੇ ਵਾਰਾਂ ਜਥਿਆਂ ਨਾਲ ਅਰੰਭਣ ਦੀ ਪਰੰਪਰਾ ਜਾਰੀ ਕਰ ਦਿਤੀ । ਸ੍ਰੀ ਜੀਵਨ ਨਗਰ ਦਾ ਜੱਥਾ, ਸੰਤ ਨਗਰ ਦਾ ਜੱਥਾ ਤੇ ਪ੍ਰੀਤਮ ਸਿੰਘ ਜੀ ਪਦੀ ਦਾ ਜੱਥਾ ਜਦ ਜੁੜ ਕੇ ਕੀਰਤਨ ਕਰਨ ਬੈਠੇ ਤਾਂ ਸੁਆਦ ਦੇ ਸੋਮੇ ਖੁੱਲ੍ਹ ਗਏ ।

ਸ੍ਰੀ ਸਤਿਗੁਰੂ ਜੀ ਬਿਰਧ ਅਵਸਥਾ ਦੀ ਪਰਵਾਹ ਨਾ ਕਰਦਿਆਂ ਹੋਲੇ ਦੇ ਪੁਰਬ ਨੂੰ ਸੁਹਾਵਣਾ ਕਰਨ ਲਈ ਤਿੰਨੇ ਦਿਨ ਹੀ ਸੰਤ ਦਰਸਨ ਸਿੰਘ, ਖਜ਼ਾਨ ਸਿੰਘ ਜੀ ਨਾਲ ਮਿਲ ਕੇ ਭੈਰਵੀ ਦੀ ਚੌਂਕੀ ਵਿਚ ਭਾਗ ਲੈਂਦੇ ਰਹੇ । ਇਕ ਪਾਸੇ ਸ੍ਰੀ ਸਤਿਗੁਰੂ ਜੀ ਆਪਣੇ ਨਿਕਟ ਵਰਤੀ ਸੰਤ-ਸੱਜਣਾਂ ਸਮੇਤ ਤੇ ਦੂਜੇ ਪਾਸੇ ਸਮੂਹ ਕੀਰਤਨੀ ਜੱਥੇ ਮਿਲ ਕੇ ਜਦ—

'ਜੋਬਨ ਜਾਂਦੇ ਨਾ ਡਰਾਂ ਜੇ ਸਹੁ ਪ੍ਰੀਤ ਨ ਜਾਇ ॥'


ਜਾਂ ਕੋਈ ਹੋਰ ਬਿਰਹੋਂ ਭਰਿਆ ਸ਼ਬਦ ਗਾਇਨ ਕਰਦੇ ਤਾਂ ਮਸਤੀ ਤੇ ਅਨੰਦ ਦਾ ਉਹ ਰੰਗ ਬੱਝਦਾ ਕਿ ਪ੍ਰੇਮੀ-ਹਿਰਦੇ ਫੜਕ ਉਠਦੇ ਤੇ ਕੂਕਾਂ ਮਾਰਦੇ ਦੀਵਾਨ ਵਿਚ




ਅਪ੍ਰੈਲ ੧੯੫੩ ਈ: - ਅਫ਼ਰੀਕਾ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਪ੍ਰੀਤਮ ਸਿੰਘ ਧੱਦੀ ਵਾਲਿਆਂ ਨਾਲ ਕੀਰਤਨ ਦਾ ਰਸ ਪ੍ਰਦਾਨ ਕਰਦੇ ਹੋਏ।



ਫਰਵਰੀ ੧੯੩੯ ਈ: – ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਸਟੇਟ ਪੀਪਲਜ਼ ਕਾਨਫਰੰਸ ਦੇ ਜਲੂਸ ਦੀ ਅਗਵਾਈ ਕਰਦੇ ਹੋਏ।




ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਤੰਤਰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸਾਦ ਨੂੰ ਅਸ਼ੀਰਵਾਦ ਦਿੰਦੇ ਹੋਇਆਂ ਬਚਨ ਕੀਤਾ, ''ਮੈਨੂੰ ਖੁਸ਼ੀ ਹੈ ਕਿ ਸਾਡੇ ਪਹਿਲੇ ਰਾਸ਼ਟਰਪਤੀ ਇੱਕ ਰਾਜ ਰਿਸ਼ੀ ਹਨ।''



੧੭ ਫਰਵਰੀ ੧੯੩੯ ਈ: - ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉੱਘੇ ਰਾਸ਼ਟਰੀ ਨੇਤਾਵਾਂ —ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਡਾ. ਸੈਫ਼ੂਦੀਨ ਕਿਚਲੂ ਅਤੇ ਮੌਲਾਨਾ ਹਬੀਬੁੱਲਾ ਨਾਲ ਸੁਤੰਤਰਤਾ ਸੰਗ੍ਰਾਮ ਦਾ ਅਗਾਮੀ ਪ੍ਰੋਗ੍ਰਾਮ ਉਲੀਕਣ ਬਾਰੇ ਵਿਚਾਰ ਵਟਾਂਦਰਾ ਕਰਦੇ ਹੋਏ।




ਹਿੰਦੂ ਸਿੱਖ ਮਿਲਾਪ ਕਾਨਫਰੰਸ ਸ੍ਰੀ ਭੈਣੀ ਸਾਹਿਬ ੨੫ ਮਾਰਚ ੧੯੪੩ ਈ: ਪ੍ਰਧਾਨ ਸੇਠ ਜੁਗਲ ਕਿਸ਼ੋਰ ਜੀ ਬਿਰਲਾ ਤਕਰੀਰ ਕਰ ਰਹੇ ਹਨ। ਆਪਦੇ ਸੱਜੇ ਪਾਸੇ ਗੋਸਵਾਮੀ ਗਨੇਸ਼ ਦੱਤ ਜੀ ਸੰਤ ਇੰਦਰ ਸਿੰਘ ਚਕਰਵਰਤੀ ਜੀ ਨਾਲ ਬਚਨ ਕਰ ਰਹੇ ਹਨ। ਖੱਬੇ ਪਾਸੇ ਬੈਠੇ ਹਨ ਬਾਵਾ ਗੁਰਮੁਖ ਸਿੰਘ ਜੀ, ਗਿਆਨੀ ਤੇਜਾ ਸਿੰਘ ਜੀ,ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਲਾਲਾ ਸ਼ਿਵ ਰਾਮ ਸੇਵਕ, ਮਹਾਸ਼ਾ ਖੁਸ਼ਾਲ ਚੰਦ ਜੀ, ਪੰਡਿਤ ਪਰਸ ਰਾਮ ਜੀ, ਸੰਤ ਨਿਧਾਨ ਸਿੰਘ ਜੀ ਆਲਮ ਅਤੇ ਸਰਮੁਖ ਸਿੰਘ ਜੀ ਚਮਕ।




ਸ੍ਰੀ ਭੈਣੀ ਸਾਹਿਬ ਅਕਤੂਬਰ ੧੯੪੨ ਵਿੱਚ ਹੋਈ ਪੰਜਾਬੀ ਕਾਨਫਰੰਸ।
ਸ੍ਰ: ਬਲਦੇਵ ਸਿੰਘ ਆਜਾਦ ਭਾਰਤ ਦੇ ਸਾਬਕਾ ਰਕਸ਼ਾ ਮੰਤਰੀ (ਉਸ ਵੇਲੇ ਵਜ਼ੀਰ ਤਰੱਕੀਆਤ ਪੰਜਾਬ) ਨੇ ਸੰਮੇਲਨ ਦੀ ਪ੍ਰਧਾਨਗੀ ਕੀਤੀ। ਉਹਨਾਂ ਦੇ ਸੱਜੇ ਪਾਸੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਖੱਬੇ ਪਾਸੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਸ਼ਸ਼ੋਭਿਤ ਹਨ।




ਪਿੰਡ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਸੰਨ 1863 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅਨੰਦ ਮਰਯਾਦਾ ਦੀ ਪ੍ਰੰਪਰਾ ਆਰੰਭ ਕੀਤੀ ਸੀ ਉਸੇ ਵਿਧੀ ਨਾਲ ਹੀ ਸੰਮਤ 1999 ਸੰਨ 1943 ਈ. ਦੇ ਹੋਲੇ ਮਹੱਲੇ ਦੇ ਸੁਭ ਅਵਸਰ ਤੇ ਅਨੰਦ ਕਾਰਜ ਹੋ ਰਹੇ ਹਨ ।



ਸ੍ਰੀ ਭੈਣੀ ਸਾਹਿਬ ਵਿਖੇ ਮਹਾਨ ਹਵਨ ਯੱਗ ਦਾ ਇਕ ਦ੍ਰਿਸ਼ ।



1953 ਈ. ਵਿਚ ਨੈਰੋਬੀ ਵਿਖੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ
ਸਾਧ-ਸੰਗਤ ਵਲੋਂ ਸੁਆਗਤ ।



ਸਤਿਗੁਰੂ ਪਰਤਾਪ ਸਿੰਘ ਜੀ ਪਸ਼ੂਆਂ ਨੂੰ ਬਹੁਤ ਪਿਆਰ ਕਰਦੇ ਸਨ । ਇਸ ਤਸਵੀਰ ਵਿਚ ਇਕ ਵੱਛਾ ਸਤਿਗੁਰੂ ਜੀ ਦੇ ਪਵਿੱਤ੍ਰ ਹਸਤ-ਕੰਵਲਾਂ ਰਾਹੀਂ ਸਨੇਹ-ਭਰੀ ਛੁਹ ਪ੍ਰਾਪਤ ਕਰਦਾ ਹੋਇਆ ।

ਲੋਟਣ ਪੋਟਣ ਹੋ ਕੇ ਆਪਣੀ ਵੇਦਨ ਦਾ ਪ੍ਰਗਟਾਵਾ ਕਰਦੇ। ਸੱਚਮੁਚ ਹੀ ਰਾਮ ਬਿਓਗੀਆਂ ਦਾ ਇਹ ਕੀਰਤਨ ਚੀਨੀ ਵਾਲੇ ਸਤਿਗੁਰੂ ਦੀ ਪਰਦੇਸ-ਗਵਨਤਾ ਦੀ ਯਾਦ ਦਿਲਾ ਕੇ ਪੱਥਰ ਹਿਰਦਿਆਂ ਨੂੰ ਵੀ ਝੰਜੋੜ ਦਿੰਦਾ ਸੀ।

ਸ੍ਰੀ ਸਤਿਗੁਰੂ ਜੀ ਨੇ 21 ਫੱਗਣ ਨੂੰ ਗੁਰਬਾਣੀ ਸੰਗੀਤ ਦੀ ਸਮਾਪਤੀ ਪਿਛੋਂ ਉਹਨਾਂ ਨਾਮਧਾਰੀਆਂ ਲਈ ਬਖਸ਼ਸ਼ ਦਾ ਦਰਵਾਜ਼ਾ ਖੋਲ੍ਹਿਆ, ਜਿਨ੍ਹਾਂ ਨੂੰ ਸੰਗਤ ਵਲੋਂ ਨਾਮਧਾਰੀ ਮਤ ਦੀ ਉਲੰਘਣਾ ਵਜੋਂ, ਦੋਸ਼ੀ ਠਹਿਰਾਇਆ ਗਿਆ ਸੀ। ਸਤਿਗੁਰੂ ਜੀ ਨੇ ਐਲਾਨ ਕੀਤਾ ਕਿ ਜਿਨ੍ਹਾਂ ਲੋਕਾਂ ਦਾ ਇਕ ਦੂਜੇ ਨਾਲ ਲੈਣ ਦੇਣ ਦਾ ਝਗੜਾ ਹੈ, ਉਹਨਾਂ ਲਈ ਬਖਸ਼ਸ਼ ਦਾ ਸੁਆਲ ਪੈਦਾ ਨਹੀਂ ਹੁੰਦਾ, ਉਹ ਆਪਣੇ ਪ੍ਰਤੀਪੱਖੀ ਨਾਲ ਲੈਣ ਦੇਣ ਨਿਬੇੜਨ ਜਾਂ ਉਸ ਨੂੰ ਰਜ਼ਾਮੰਦ ਕਰਨ।

ਮੁਕਤਸਰ ਦੇ ਹੋਲੇ ਪਿਛੋਂ ਜਦੋਂ 1869 ਬਿਕ੍ਰਮੀ ਵਿੱਚ ਰਾਵਲਪਿੰਡੀ ਵਿੱਚ ਹੋਲਾ ਹੋਇਆ ਤਾਂ ਸੰਤ ਚਵਿੰਡੇ ਵਾਲਿਆਂ (ਸੰਤ ਕੇਸਰ ਸਿੰਘ ਜੀ) ਮੇਰੀ ਬਾਂਹ ਫੜ ਲਈ ਤੇ ਕਿਹਾ, 'ਗੁਰੂ ਰਾਮ ਸਿੰਘ ਜੀ ਦੀ ਬਖਸ਼ਸ਼ ਦਾ ਦਰਵਾਜ਼ਾ ਬੰਦ ਨਾ ਕਰੋ।' ਸਾਨੂੰ ਆਪਣੇ ਅਦਲ ਦੀ ਹਿਮਾਕਤ ਦਾ ਗਿਆਨ ਹੋ ਗਿਆ। ਉਸ ਦਿਨ ਤੋਂ ਅੱਜ ਤੱਕ ਸੰਤਾਂ ਦਾ ਬਚਨ ਮੈਨੂੰ ਹਰ ਇਕ ਮੇਲੇ ਤੇ ਯਾਦ ਆ ਜਾਂਦਾ ਹੈ ਜਦੋਂ ਗੁਰੂ ਜੀ ਆਪ ਮਿਹਰਵਾਨ ਹੁੰਦੇ ਹਨ, ਉਦੋਂ ਹੀ ਸੰਗਤ ਵਿਚ ਸਤਿਗੁਰਾਂ ਦੀ ਬਖ਼ਸ਼ਸ਼ ਦਾ ਦਰਵਾਜ਼ਾ ਖੁਲ੍ਹਦਾ ਹੈ!

ਅਖੀਰਲੇ ਦਿਨ 83 ਆਦਿ ਗ੍ਰੰਥ ਸਾਹਿਬ ਦੇ ਸਾਧਾਰਨ ਪਾਠਾਂ ਦਾ ਭੋਗ ਪਾਇਆ ਗਿਆ। ਇਸ ਹੋਲੇ ਤੇ ਮਾਸਟਰ ਤਾਰਾ ਸਿੰਘ ਜੀ, ਸਤਿਗੁਰੂ ਜੀ ਦੇ ਪਾਵਨ ਦਰਸ਼ਨਾਂ ਲਈ, ਸ੍ਰੀ ਜੀਵਨ ਨਗਰ ਵਿਖੇ ਆਏ, ਤੇ ਕੁਝ ਸ਼ਬਦਾਂ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਹੋਲਾ ਬੜਾ ਕਾਮਯਾਬ ਰਿਹਾ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਸਦਕਾ ਨਿਰਵਿਘਨ ਸਮਾਪਤ ਹੋਇਆ।

## 2015 ਬਿਕ੍ਰਮੀ–1959 ਈਸਵੀ, ਹੋਲਾ ਕੰਪਾਲਾ (ਯੁਗੰਡਾ)।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਰਾਗੀ ਜੱਥੇ ਸਮੇਤ, ਤੇ ਠਾਕੁਰ ਦਲੀਪ ਸਿੰਘ ਸਹਿਤ, 22 ਮਾਰਚ ਐਤਵਾਰ ਵਾਲੇ ਦਿਨ ਸ਼ਾਮ ਦੇ ਪੰਜ ਵਜੇ ਅਫਰੀਕਾ ਦੇ ਸ਼ਹਿਰ ਕੰਪਾਲੇ ਵਿਖੇ ਦਰਸ਼ਨ ਦੇ ਕੇ ਸੰਗਤਾਂ ਦੀ ਚਿਰ ਉਡੀਕ ਨੂੰ ਤ੍ਰਿਪਤ ਕੀਤਾ। ਉਥੋਂ ਦੀ ਪ੍ਰਸਿੱਧ ਲਗੋਗੋ ਗਰਾਊਂਡ ਵਿੱਚ ਸਮੂਹ ਸੰਪ੍ਰਦਾਵਾਂ ਦੇ ਲੋਕ ਸਤਿਗੁਰੂ ਜੀ ਦਾ ਹਾਰਦਿਕ ਸੁਆਗਤ ਕਰਨ ਲਈ ਉਤਾਵਲੇ ਹੋ ਰਹੇ ਸਨ। ਸਰਦਾਰ ਮੋਹਨ ਸਿੰਘ ਜੀ, ਜਗਤ ਸਿੰਘ ਜੀ ਨੇ ਫੁੱਲਾਂ ਦੇ ਹਾਰਾਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਤੇ ਠਾਕੁਰ ਦਲੀਪ ਸਿੰਘ ਜੀ ਦਾ ਅਭਿਨੰਦਨ ਕੀਤਾ। ਫੋਟੋ ਖਿੱਚਣ ਵਾਲਿਆਂ ਦਾ ਤੇ ਅਖਬਾਰਾਂ ਦੇ ਸੰਪਾਦਕਾਂ ਦਾ ਤਾਂਤਾ ਲਗਿਆ ਹੋਇਆ ਸੀ।

ਬਾਬੂ ਕਿਸ਼ਨ ਸਿੰਘ ਜੀ ਨੇ ਸੁਆਗਤ ਕਰਦਿਆਂ ਹੋਇਆਂ ਸਭ ਨੂੰ ਜੀ ਆਇਆਂ ਆਖਿਆ ਤੇ ਆਪਣੇ ਮਿੱਠੇ ਬਚਨਾਂ ਰਾਹੀਂ ਸਾਧ-ਸੰਗਤ ਦੇ ਚਰਨਾਂ ਵਿੱਚ ਬੇਨਤੀ ਕੀਤੀ

ਕਿ ਇਸ ਅਮੋਲਕ ਅਵਸਰ ਨੂੰ ਹੱਥੋਂ ਨਹੀਂ ਗਵਾਉਣਾ ਚਾਹੀਦਾ ਤੇ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼ ਸੁਣ ਕੇ, ਮੰਨ ਕੇ ਆਪਣਾ ਜਨਮ ਸਫਲ ਕਰਨਾ ਚਾਹੀਦਾ ਹੈ। ਇਹਨਾਂ ਤੋਂ ਉਪਰੰਤ ਹਜ਼ੂਰੀ ਰਾਗੀ ਦਰਸ਼ਨ ਸਿੰਘ ਤੇ ਖਜ਼ਾਨ ਸਿੰਘ ਜੀ ਨੇ ਆਪਣੇ ਮਨੋਹਰ ਕੀਰਤਨ ਨਾਲ ਸੰਗਤਾਂ ਵਿੱਚ ਇਕ ਨਵੀਂ ਰੂਹ ਭਰ ਦਿਤੀ। ਇਹਨਾਂ ਤੋਂ ਪਿਛੋਂ ਸੱਚੇ ਪਾਤਸ਼ਾਹ ਜੀ ਨੇ ਆਪਣੇ ਮੁਖਾਰ ਬਿੰਦ ਤੋਂ ਫੁੱਲਾਂ ਦੀ ਬਰਖਾ ਕੀਤੀ। ਆਪ ਜੀ ਨੇ ਸ੍ਰੀ ਦਸਮ ਪਾਤਸ਼ਾਹ ਦੀ ਚਲਾਈ ਰੀਤੀ 'ਹੋਲੇ' ਦਾ ਮਹੱਤਵ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਵਲੋਂ ਮੁੜ ਅਲੋਪ ਹੋਈ ਹੋਲੇ ਦੀ ਮਰਿਯਾਦਾ ਨੂੰ ਚਾਲੂ ਕਰਨ ਬਾਬਤ ਦੱਸਿਆ। ਸਤਿਗੁਰੂ ਜੀ ਦੇ ਬਚਨਾਂ ਵਿੱਚ ਉਹੋ ਤਾਸੀਰ ਸੀ ਜਿਸ ਨੂੰ ਸੁਣ ਸੰਗਤਾਂ ਦੀ "ਕਹਿ ਕਬੀਰ ਗੂੰਗੇ ਗੁੜ ਖਾਇਆ" ਵਾਲੀ ਦਸ਼ਾ ਸੀ।

ਸਤਿਗੁਰੂ ਜੀ ਤੋਂ ਉਪਰੰਤ ਸੂਬਾ ਦਸੌਂਧਾ ਸਿੰਘ ਜੀ ਨੇ ਡੇਢ ਘੰਟੇ ਦੇ ਕਰੀਬ ਹੱਲੇ ਦਾ ਦੀਵਾਨ ਸਜਾਇਆ, ਜਿਸ ਵਿੱਚ ਗੁਰੂ ਪ੍ਰਨਾਲੀ ਤੇ ਰੋਸ਼ਨੀ ਪਾਉਂਦੇ ਹੋਇਆਂ ਸ੍ਰੀ ਸਤਿਗੁਰੂ ਜੀ ਵਲੋਂ ਹੋਲੇ ਦੀ ਦਸੀ ਮਰਯਾਦਾ ਦੇ ਵਰਨਣ ਦੀ ਪ੍ਰੋੜ੍ਹਤਾ ਕਰਦਿਆਂ ਦੱਸਿਆ ਕਿ ਇਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਲਾਈ ਰੀਤੀ ਤੇ ਸਾਰਾ ਨਾਮਧਾਰੀ ਪੰਥ ਮੌਜੂਦਾ ਸਤਿਗੁਰੂ ਜੀ ਦੇ ਹੁਕਮ ਨਾਲ ਫੁੱਲ ਚੜ੍ਹਾ ਰਿਹਾ ਹੈ।

23.3.59 ਸਵੇਰੇ ਸਾਢੇ ਚਾਰ ਵਜੇ ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ, ਖਜ਼ਾਨ ਸਿੰਘ ਜੀ ਨੇ ਆਪਣੀਆਂ ਰਸ ਭਿੰਨੀਆਂ ਸਵਰਾਂ ਨਾਲ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਕੇ ਸੰਗਤਾਂ ਨੂੰ ਮਸਤ ਕਰਕੇ ਆਪਾ ਭੁਲਾ ਦਿਤਾ।

ਸਤਿਗੁਰੂ ਜੀ ਦੇ ਪਿਛਲੇ ਸਾਲ ਦੇ ਦੌਰੇ ਤੋਂ ਬਾਅਦ ਕਈ ਸੱਜਣਾਂ ਦੇ ਦਿਲੀ ਪ੍ਰਸ਼ਨ ਸਨ ਜਿਨ੍ਹਾਂ ਦੀ ਸ਼ੰਕਾ ਉਹ ਸਤਿਗੁਰੂ ਜੀ ਪਾਸੋਂ ਹੀ ਨਵਿਰਤ ਕਰਾਉਣੀ ਚਾਹੁੰਦੇ ਸਨ। ਇਸ ਲਈ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਅਰਜ਼ ਕਰਕੇ ਹਰ ਰੋਜ਼ ਲਈ ਹੀ 9 ਤੋਂ 11 ਵਜੇ ਦਾ ਵਕਤ ਸਤਿਗੁਰੂ ਜੀ ਦੇ ਡੇਰੇ ਵਾਲੇ ਸਥਾਨ ਤੇ ਲਿਆ ਗਿਆ, ਜਿਸ ਵਿੱਚ ਅਭਿਲਾਸ਼ੀ ਸੱਜਣਾਂ ਨੇ ਸਤਿਗੁਰੂ ਜੀ ਨਾਲ ਖੁਲ੍ਹੇ ਬਚਨ ਕਰਕੇ ਆਪਣੀਆਂ ਸ਼ੰਕਾਵਾਂ ਨੂੰ ਨਵਿਰਤ ਕੀਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਥਾ ਦਾ ਵਰਨਣ ਕਰਦਿਆਂ ਦੱਸਿਆ ਕਿ ਸਾਨੂੰ ਸ੍ਰੀ ਗੁਰੂ ਨਾਨਕ ਨਾਮ ਲੇਵਾ ਸਮੂਹ ਸੰਪ੍ਰਦਾਵਾਂ ਨੂੰ ਸਦਾ ਇਕੱਤਰ ਹੋ ਕੇ ਰਹਿਣਾ ਚਾਹੀਦਾ ਹੈ। ਇਕ ਦੂਸਰੇ ਤੇ ਟੀਕਾ ਟਿੱਪਣੀ ਕਰਨੀ ਚੰਗੀ ਨਹੀਂ। 1933 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਕੀਤੀ ਗਈ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਦਾ ਹਵਾਲਾ ਦਿੰਦਿਆਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਭਾਵੇਂ ਕਿੰਨੇ ਗੁਰੂਆਂ ਤਕ ਮੰਨੋ ਪਰ ਸਾਨੂੰ ਗੁਰੂ ਨਾਨਕ ਨਾਮ ਤੇ ਜ਼ਰੂਰ ਇਕੱਤਰ ਹੋ ਜਾਣਾ ਚਾਹੀਦਾ ਹੈ, ਕਿਉਂਕਿ 'ਗੁਰੂ ਨਾਨਕ' ਸਾਡਾ ਮੁੱਢ ਹੈ ਤੇ ਅਸੀਂ ਸਾਰੇ ਉਸੇ ਦੀ ਫੁਲਵਾੜੀ ਹਾਂ, ਇਸ ਲਈ ਸਦਾ ਇਕੱਠੇ ਬੈਠ ਕੇ ਦੀਵਾਨ ਲਾਓ, ਕੀਰਤਨ ਕਰੋ ਤੇ ਸਾਂਝੀਆਂ ਵਿਚਾਰਾਂ ਕਰਨ ਦੇ ਯਤਨ ਕਰੋ।"

ਖਾਸ ਕਰ ਰਾਮਗੜ੍ਹੀਆ ਕੌਮ (ਜਿਸ ਦੀ ਇਥੇ ਅਫਰੀਕਾ ਵਿਚ ਬਹੁ-ਗਿਣਤੀ ਹੈ) ਤੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਅਪਾਰ ਕਿਰਪਾ ਹੈ, ਜਿਸ ਦੀ ਮਿਹਰ ਦੇ ਸਦਕੇ ਅੱਜ ਤੁਸੀਂ ਸਾਰੇ ਸੁੱਖੀ ਨਜ਼ਰ ਆਉਂਦੇ ਹੋ। ਭਾਵੇਂ ਸੁੱਖ ਵਿੱਚ ਰੱਬ ਜ਼ਰੂਰ ਭੁੱਲ

ਜਾਂਦਾ ਹੈ ਪਰ ਉਸ ਨੂੰ ਚੇਤੇ ਰੱਖਣ ਦੇ ਯਤਨ ਨਾਮ ਬਾਣੀ ਦੇ ਅਭਿਆਸ ਦਵਾਰਾ ਕਰਦੇ ਰਹਿਣਾ ਸਾਡਾ ਜ਼ਰੂਰੀ ਫਰਜ਼ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦਸੀ ਰੀਤੀ ਕੜਾਹ ਪ੍ਰਸ਼ਾਦ ਦੇ ਕਰਨ ਦੀ ਵਿਧੀ ਦਾ ਵਰਣਨ ਕਰਨ ਤੋਂ ਉਪਰੰਤ, ਸਮੇਂ ਦੇ ਹਾਲਾਤ ਨੂੰ ਮੁੱਖ ਰੱਖਦਿਆਂ, ਬਹੁਤੀ ਸੰਤਾਨ ਹੋਣ ਦੇ ਦੁੱਖ ਨੂੰ ਅਨੁਭਵ ਕਰਦਿਆਂ, ਸਤਿਗੁਰ ਜੀ ਨੇ ਫੁਰਮਾਇਆ, ਕਿ ਦਵਾਈਆਂ ਦੀ ਵਰਤੋਂ ਤੋਂ ਬਗੈਰ ਆਪਣੇ ਮਨ ਦਵਾਰਾ ਸੰਜਮ ਦਾ ਅਭਿਆਸ ਕਰੋ, ਜਿਸ ਨਾਲ ਸਰੀਰ ਦਾ ਭੀ ਬਚਾਅ ਹੋ ਸਕੇ। ਹਰ ਬੱਚੇ ਦਾ ਚਾਰ ਪੰਜ ਸਾਲ ਦਾ ਫਰਕ ਹੋਣਾ ਬਹੁਤ ਜ਼ਰੂਰੀ ਹੈ। ਸ੍ਰੀ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਸੁਭ ਬਚਨ ਹਰੇਕ ਪ੍ਰਾਣੀ ਮਾਤਰ ਸਰੋਤਿਆਂ ਦੇ ਹਿਰਦੇ ਤੇ ਵਸਣ ਵਾਲੇ ਸਨ। ਸਾਰੇ ਪੰਡਾਲ ਵਿਚ ਚੁੱਪ ਹੋਣ ਕਰਕੇ ਸਮੂਹ ਸੰਗਤ ਮੂਰਤੀਮਾਨ ਹੋਈ ਬੈਠੀ ਸੀ। ਪ੍ਰੋਗਰਾਮਾਂ ਨੂੰ ਰੀਕਾਰਡ ਕਰਨ ਤੋਂ ਪਿਛੋਂ ਰਾਮਗੜ੍ਹੀਆ ਸਿੱਖ ਸਕੂਲ ਕੰਪਾਲਾ ਦੀ ਹੈਡਮਿਸਟ੍ਰੈਸ ਬੀਬੀ ਪ੍ਰੀਤਮ ਕੌਰ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਈਸਟ ਅਫਰੀਕਾ ਵਿਖੇ ਦਰਸ਼ਨ ਦੇਣ ਦੀ ਖੁਸ਼ੀ ਵਿਚ, ਸੰਗਤਾਂ ਨੂੰ ਬਹੁਤ ਬਹੁਤ ਵਧਾਈ ਦਿਤੀ, ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਧੰਨ ਭਾਗ ਸਮਝੇ।

ਅੱਠ ਵਜੇ ਤੋਂ ਦਸ ਵਜੇ ਤਕ ਪੰਡਤ ਗੋਪਾਲ ਸਿੰਘ ਜੀ ਨੇ ਆਪਣੇ ਹੱਲੇ ਦੇ ਕੀਰਤਨ ਤੇ ਲੈਕਚਰ ਦਵਾਰਾ ਸੰਗਤਾਂ ਨੂੰ ਨਿਹਾਲ ਕੀਤਾ। ਆਪ ਜੀ ਦਾ ਟਾਈਮ ਸਿਰਫ ਇਕ ਘੰਟਾ ਸੀ, ਪਰ ਦੋ ਘੰਟੇ ਦੀਵਾਨ ਲੱਗੇ ਰਹਿਣ ਲਈ ਭੀ ਸੰਗਤਾਂ ਨੇ ਟਾਈਮ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਕੋਈ ਅਕੇਵਾਂ ਨਾ ਸਮਝਿਆ। ਸਰੋਤਿਆਂ ਪ੍ਰਸ਼ਾਦਾ ਛੱਕਣ ਦੀ ਲਾਲਸਾ ਛੱਡ ਕੇ ਭੀ ਪੰਡਤ ਜੀ ਦੇ ਦੀਵਾਨ ਦਾ ਰਸ ਮਾਨਣ ਵਿਚ ਹੀ ਆਪਣਾ ਭਲਾ ਸਮਝਿਆ। ਪੰਡਤ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਚਲਾਈ ਹੋਲੇ ਦੀ ਮਰਯਾਦਾ ਦੀ ਮਹੱਤਤਾ ਦਾ ਵਰਣਨ ਕਰਦਿਆਂ ਦੇਹਧਾਰੀ ਗੁਰੂ ਦੀ ਹੋਂਦ ਦਾ ਜ਼ਿਕਰ ਕੀਤਾ ਜੋ ਕਿ ਇਤਿਹਾਸ ਨਾਲ ਸੰਬੰਧਿਤ ਸੀ। ਪੰਡਤ ਜੀ ਦੇ ਇਸ ਦੀਵਾਨ ਦਾ ਰਸ ਕਹਿਣੀ ਤੇ ਕਥਨੀ ਤੋਂ ਬਾਹਰ ਸੀ।

24.3.59 ਦੀ ਸਵੇਰ ਨੂੰ ਸਾਢੇ ਚਾਰ ਵਜੇ ਸੰਤ ਪ੍ਰੀਤਮ ਸਿੰਘ ਜੀ ਪਦੀ ਨੇ ਆਪਣੇ ਜੱਥੇ ਸਮੇਤ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭਿਆ। ਇਹਨਾਂ ਦੇ ਨਾਲ ਹੀ ਸ੍ਰੀ ਸਤਿਗੁਰੂ ਜੀ ਨੇ ਜੋ ਸੰਗੀਤ ਅਲਾਪਨ ਦੀ ਵਰਖਾ ਆਪਣੇ ਮੁਖਾਰਬਿੰਦ ਤੋਂ ਕੀਤੀ, ਉਸ ਦਾ ਰਸ ਕੁਝ ਨਿਆਰਾ ਜਿਹਾ ਸੀ, ਜਿਸ ਨੂੰ ਸੁਣ ਕੇ ਨੈਰੋਬੀ ਤੋਂ ਆਈ ਬੀਬੀ ਮਸਤਾਨੀ ਹੋ ਗਈ ਤੇ ਆਪਾ ਭੁੱਲ ਗਈ। ਇਹ ਕੁਦਰਤੀ ਗੱਲ ਸੀ ਕਿ ਇਕ ਤਾਂ ਅੰਮ੍ਰਿਤ ਵੇਲੇ ਦਾ ਮਹੱਤਵ, ਦੂਸਰੇ ਰਾਗ ਤੇ ਬਾਣੀ, ਤੇ ਫਿਰ ਇਸ ਨੂੰ ਗਾਇਨ ਭੀ ਆਪ ਅਕਾਲ ਪੁਰਖ ਕਰਦਾ ਹੋਵੇ, ਇਹ ਅਵਸਰ ਸ਼ਾਇਦ ਦੇਵਤਿਆਂ ਨੂੰ ਭੀ ਕਦੇ ਕਦਾਈਂ ਪ੍ਰਾਪਤ ਹੁੰਦਾ ਹੋਵੇਗਾ, ਜਿਹੜਾ ਸਤਿਗੁਰੂ ਜੀ ਦੀ ਬਖਸ਼ਸ਼ ਦਾ ਸਦਕਾ ਈਸਟ ਅਫਰੀਕਾ ਨਿਵਾਸੀਆਂ ਨੂੰ ਹੋਇਆ। 9 ਤੋਂ 10 ਵਜੇ ਤੱਕ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਗੀਤ ਦਰਬਾਰ ਹੋਇਆ ਜਿਸ ਵਿਚ ਅਨੇਕਾਂ ਸੰਗੀਤਕਾਰਾਂ ਨੇ ਹਿੱਸਾ ਲਿਆ ਤੇ ਪੁਰਾਤਨ ਸ਼ਾਸਤ੍ਰੀਯ ਸੰਗੀਤ ਰਾਹੀਂ ਸੰਗਤਾਂ ਨੂੰ

ਨਿਹਾਲ ਕਰਦਿਆਂ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

10 ਤੋਂ 11 ਤੱਕ ਨੈਰੋਬੀ ਤੋਂ ਆਏ ਸੰਤ ਸੂਰਤ ਸਿੰਘ ਜੀ ਨੇ ਜੱਥੇ ਸਮੇਤ ਕੀਰਤਨ ਤੇ ਆਪਣੇ ਲੈਕਚਰ ਦਵਾਰਾ ਸੰਗਤਾਂ ਨੂੰ ਨਿਹਾਲ ਕੀਤਾ ਤੇ ਇਸ ਥੋੜ੍ਹੇ ਸਮੇਂ ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਪਸਚਾਤ ਅਲੋਪ ਹੋਈ ਸਿੱਖੀ ਦੀ ਮਰਯਾਦਾ ਦਾ ਵਰਣਨ ਕਰਦਿਆਂ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਦਸਮ ਪਾਤਸ਼ਾਹ ਦੀ ਦੱਸੀ ਰੀਤੀ ਤੇ ਫੁੱਲ ਚੜ੍ਹਾਉਂਦਿਆਂ ਖਾਲਸੇ ਨੂੰ ਸਿੱਧੇ ਰਸਤੇ ਪਾਇਆ ਤੇ ਬਾਣੀ ਪੜ੍ਹਣ ਤੇ ਨਾਮ ਸਿਮਰਨ ਕਰਨ ਦੀਆਂ ਵਿਉਂਤਾਂ ਦੱਸ ਕੇ ਸਾਡੇ ਤੇ ਵੱਡਾ ਉਪਕਾਰ ਕੀਤਾ, ਜਿਸ ਨੂੰ ਭੁਲਾਉਣਾ ਸਾਡੀ ਅਕ੍ਰਿਤਘਣਤਾ ਹੈ ਤੇ ਸਤਿਗੁਰੂ ਜੀ ਦੇ ਬਾਰ੍ਹਵੇਂ ਅਵਤਾਰ ਨੂੰ ਸਿੱਧ ਕੀਤਾ ।

11 ਤੋਂ 12 ਤੱਕ ਨਕੋਰੋ ਤੋਂ ਆਏ ਪ੍ਰਸਿੱਧ ਕਵੀ ਤੇ ਲੈਕਚਰਾਰ ਗਿਆਨੀ ਕਰਤਾਰ ਸਿੰਘ ਜੀ 'ਸੇਵਕ' ਨੇ ਆਪਣਾ ਵਿਦਵਤਾ ਭਰਪੂਰ ਲੈਕਚਰ ਦਿਤਾ ਜਿਸ ਵਿੱਚ ਧਰਮ ਅਰਥ ਤੇ ਫਰਜ਼ ਉਪਰ ਵਿਆਖਿਆ ਕੀਤੀ । ਸਰੋਤਿਆਂ ਨੇ ਬਹੁਤ ਅਨੰਦ ਮਾਣਿਆ, ਕਿਉਂਕਿ ਇਹਨਾਂ ਦੀ ਖੁਦ ਦੀ ਕਹਿਣੀ ਤੇ ਕਰਨੀ ਵਿੱਚ ਫਰਕ ਨਹੀਂ । ਅੰਤ ਵਿੱਚ ਇਹਨਾਂ ਇਕ ਕਵਿਤਾ ਪੜ੍ਹੀ, ਜਿਸ ਦਾ ਭਾਵ ਸੀ ਕਿ 'ਏਕਤਾ' ਸਭ ਤੋਂ ਵੱਡੀ ਤੇ ਜ਼ਰੂਰੀ ਚੀਜ਼ ਹੈ ਤੇ ਸਾਨੂੰ ਸਾਰਿਆਂ ਨੂੰ ਅਪਨਾਉਣੀ ਚਾਹੀਦੀ ਹੈ । ਇਹਨਾਂ ਮੇਲਿਆਂ ਦਾ ਭਾਵ ਇਹੋ ਹੁੰਦਾ ਹੈ ਕਿ ਅਸੀਂ ਇਥੋਂ ਕੁਝ ਸਿਖ ਕੇ ਜਾਈਏ । ਸੇਵਕ ਜੀ ਦੇ ਲੈਕਚਰ ਤੇ ਕਵਿਤਾ ਦੀ ਬਹੁਤ ਸਲਾਹੁਣਾ ਕੀਤੀ ਗਈ ।

2 ਤੋਂ 4 ਵਜੇ ਤੱਕ ਨੈਰੋਬੀ ਤੋਂ ਇਸਤਰੀ ਸਭਾ ਦੀ ਪ੍ਰਧਾਨ ਮਾਤਾ ਜੋਗਿੰਦਰ ਕੌਰ ਜੀ ਨਾਲ ਆਏ ਨਾਮਧਾਰੀ ਇਸਤਰੀ ਸਭਾ ਦੇ ਜੱਥੇ ਨੇ ਪਹਿਲਾਂ ਸੋਹਣੀਆਂ ਤੇ ਸੁਰੀਲੀਆਂ ਸੁਰਾਂ ਵਿੱਚ ਧਾਰਨਾ ਦੇ ਸ਼ਬਦ ਪੜ੍ਹੇ । ਉਪਰੰਤ ਕੀਰਤਨ ਤੇ ਲੈਕਚਰ ਕੀਤਾ, ਜਿਸ ਵਿੱਚ ਦੇਹਧਾਰੀ ਗੁਰੂ ਦੀ ਲੋੜ ਨੂੰ, ਅਨੇਕਾਂ ਇਤਿਹਾਸਕ ਪ੍ਰਮਾਣਾਂ ਦੁਵਾਰਾ ਸਿੱਧ ਕਰਕੇ ਸਰੋਤਿਆਂ ਨੂੰ ਨਿਹਾਲ ਕੀਤਾ । ਮਾਈਆਂ ਬੀਬੀਆਂ ਦੇ ਇਸ ਅਣਥੱਕ ਜੱਥੇ ਦੀ ਸੰਗਤ ਨੇ ਬਹੁਤ ਸ਼ਲਾਘਾ ਕੀਤੀ ਤੇ ਬਾਹਰੋਂ ਹੋਰ ਸ਼ਹਿਰਾਂ ਤੋਂ ਆਈਆਂ ਭੈਣਾਂ ਨੇ ਭੀ ਇਹਨਾਂ ਵਾਂਗ ਆਪਣੇ-ਆਪਣੇ ਸ਼ਹਿਰ ਵਿਚ ਇਸਤਰੀ ਜੱਥੇ ਬਨਾਉਣ ਦੀ ਸਿੱਖਿਆ ਪ੍ਰਾਪਤ ਕੀਤੀ ।

4 ਤੋਂ 5 ਤੱਕ ਭਾਰਤ ਤੋਂ ਆਏ ਸੰਤ ਮਨਮੋਹਣ ਸਿੰਘ ਜੀ ਨੇ, ਸਤਿਗੁਰੂ ਜੀ ਤੋਂ ਮਨਜ਼ੂਰੀ ਲੈ ਕੇ ਏਕਤਾ ਤੇ ਵਿਆਖਿਆ ਕਰਦਿਆਂ, 'ਸੂਈ ਤੇ ਕੈਂਚੀ' ਦਾ ਪ੍ਰਮਾਣ ਦਿੰਦਿਆਂ, ਸਤਿਗੁਰੂ ਜੀ ਦੇ ਹੁਕਮਾਂ ਤੇ ਚਲਣ ਦੀ ਪ੍ਰੇਰਨਾ ਕੀਤੀ, ਤੇ ਉਹਨਾਂ ਦੇ ਖੁਦਾਈ ਬਚਨਾਂ ਦੀ ਸਲਾਹੁਣਾ ਕੀਤੀ । ਆਪ ਜੀ ਨੇ ਦੱਸਿਆ ਕਿ ਸਤਿਗੁਰੂ ਜੀ ਦੇ ਬਚਨ ਅਨਮੋਲ ਰਤਨ ਹਨ, ਜੋ ਕਿ ਹੰਸਾਂ ਦਾ ਚੋਗਾ ਹੈ, ਸਮਾਂ ਹੱਥੋਂ ਨਾ ਗਵਾਉਣਾ ਤੇ ਪਾਤਸ਼ਾਹ ਦੇ ਬਚਨ ਮੰਨ ਕੇ ਜਨਮ-ਸਫਲਾ ਕਰਨਾ, ਗੁਰਸਿੱਖੀ ਦੇ ਸਾਖਿਆਤ ਨਮੂਨੇ ਦਾ ਵਰਣਨ ਕਰਦਿਆਂ ਨਾਮਧਾਰੀ ਪੰਥ ਦੀ ਮਹੱਤਤਾ ਦਾ ਜ਼ਿਕਰ ਕੀਤਾ, ਤੇ ਪਿਛਲੇ ਸਮੇਂ ਦੇ ਸਿੰਘਾਂ ਵਿਚੋਂ ਭਾਈ ਸੁਬੇਗ ਸਿੰਘ ਜੀ ਦੀ ਕੁਰਬਾਨੀ ਦੀ ਸਾਖੀ ਸੁਣਾ ਕੇ ਆਪਣਾ ਵਖਿਆਨ ਸਮਾਪਤ ਕੀਤਾ ।

4 ਤੋਂ 7 ਵਜੇ ਤੱਕ ਸੂਬਾ ਦਸੌਂਧਾ ਸਿੰਘ ਜੀ ਨੇ ਹੋਲੇ ਦਾ ਦੀਵਾਨ ਲਾਇਆ। ਆਪ ਨੇ ਸਿੱਖ ਰਾਜ ਦੇ ਪਿਛੋਂ ਸਿੱਖੀ ਵਿਗੜ ਜਾਣ ਦੀ ਹਾਲਾਤ ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਬਖਸ਼ਸ਼ ਦਾ ਸਦਕਾ ਹੀ ਅਸੀਂ ਸਿੱਖੀ ਰੂਪ ਵਿੱਚ ਨਜ਼ਰ ਆਉਂਦੇ ਹਾਂ। ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਸਿੱਖਾਂ ਲਈ ਬਹੁਤ ਕੁਝ ਕੀਤਾ ਹੈ, ਐਸ਼ੋ ਇਸ਼ਰਤ ਵਿਚ ਪਏ ਸਿੱਖ ਨੂੰ ਦੱਸਿਆ ਕਿ ਅਲਮਾਰੀਆਂ ਨੂੰ ਲਗੀਆਂ ਸਿਉਂਕਾਂ ਵਿਚੋਂ ਸ੍ਰੀ ਗ੍ਰੰਥ ਸਾਹਿਬ ਨੂੰ ਕੱਢ ਕੇ, ਚੌਕਾ ਦੇ ਕੇ ਪ੍ਰਕਾਸ਼ ਕਰਨਾ ਤੇ ਉਥੇ ਧੂਪ ਦੀਪ ਦੇਣਾ ਸਾਡਾ ਧਰਮ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਲਾਈ ਪੂਰਨ ਮਰਯਾਦਾ ਭਾਈ ਰਾਏ ਸਿੰਘ ਜੀ ਦੀ ਹੱਥੀਂ ਸ੍ਰੀ ਹਜ਼ੂਰ ਸਾਹਿਬ ਤੋਂ ਮੰਗਵਾ ਕੇ ਉਸ ਤੇ ਚੱਲਣ ਲਈ, ਖਾਲਸੇ ਨੂੰ ਪੇਰਨਾ ਦਿਤੀ। ਸੂਬਾ ਜੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਪ੍ਰਹਿਲਾਦ ਭਗਤ ਜੀ ਦੀ ਸਾਖੀ ਸੁਣਾ ਕੇ ਸੰਗਤਾਂ ਤੇ ਡੂੰਘਾ ਅਸਰ ਪਾਇਆ।

7 ਤੋਂ 7–30 ਵਜੇ ਤੱਕ ਹਜ਼ੂਰੀ ਰਾਗੀ ਭਾਈ ਦਰਸ਼ਨ ਸਿੰਘ ਖਜ਼ਾਨ ਸਿੰਘ ਜੀ ਨੇ ਆਪਣੀ ਸੰਗੀਤ ਕਲਾ ਦਵਾਰਾ ਸੰਗਤਾਂ ਤੇ ਉਹ ਅਸਰ ਪਾਇਆ ਕਿ ਸਰੋਤੇ ਆਪਣਾ ਆਪ ਭੁੱਲ ਗਏ। ਸਾਹਮਣੇ ਸਤਿਗੁਰੂ ਜੀ ਦੇ ਸਾਖਿਆਤ ਦਰਸਨ ਤੇ ਕੰਨਾਂ ਵਿਚ ਸੰਗੀਤ ਦੀ ਗੂੰਜ, ਇਸ ਤੋਂ ਵੱਧ ਹੋਰ ਕਿਹੜਾ ਬੈਕੁੰਠ ਹੋ ਸਕਦਾ ਸੀ, ਮਾਨੋ ਇਸ ਸਮੇਂ ਇਹੋ ਕੰਪਾਲੇ ਦੀ ਧਰਤੀ ਹੀ ਬੈਕੁੰਠ ਧਾਮ ਬਣ ਚੁਕੀ ਸੀ।

7–30 ਤੋਂ 8 ਵਜੇ ਤੱਕ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਫੁੱਲਾਂ ਦੀ ਵਰਖਾ ਕੀਤੀ, ਜਿਸ ਵਿੱਚ ਸੰਗਤ ਨੂੰ ਸੁਭ ਉਪਦੇਸ਼ ਕਰਦਿਆਂ ਦੱਸਿਆ ਕਿ ਸਾਡੀ ਏਕਤਾ ਹੋ ਜਾਣ ਨਾਲ ਸਾਨੂੰ ਹੇਠ ਲਿਖੇ ਤਿੰਨ ਕੰਮ ਕਰਨੇ ਬਹੁਤ ਜ਼ਰੂਰੀ ਹਨ। ਆਪ ਅਫਰੀਕਾ ਨਿਵਾਸੀਆਂ ਲਈ ਇਹ ਸੇਵਾ ਜ਼ਰੂਰ ਬਣ ਆਉਂਦੀ ਹੈ, ਇਸ ਲਈ ਜ਼ਰੂਰ ਕੋਸ਼ਿਸ਼ ਕਰੋ, ਇਸ ਵਿੱਚ ਬਹੁਤਿਆਂ ਦਾ ਭਲਾ ਹੈ।

**ਗਰੀਬਾਂ ਦੀ ਭਲਾਈ :—** (ੳ) ਗਰੀਬਾਂ ਲਈ ਲੰਗਰ ਦਾ ਪ੍ਰਬੰਧ ਜ਼ਰੂਰ ਕੀਤਾ ਜਾਵੇ। ਇਕ ਸਿਆਣਾ ਸੱਜਣ (ਭਾਈ) ਰਖੋ ਜੋ ਘਰਾਂ ਤੋਂ ਜ਼ਰੂਰਤ ਅਨੁਸਾਰ ਪ੍ਰਸ਼ਾਦੇ ਲਿਆ ਕੇ, ਆਏ ਅਤਿਥੀਆਂ ਵਿੱਚ ਵੰਡ ਦਿਆ ਕਰੇ। ਉਤਨੇ ਘਰਾਂ ਤੋਂ ਇਕ ਇਕ ਪ੍ਰਸ਼ਾਦਾ ਲਿਆਵੇ, ਜਿਤਨਿਆਂ ਦੀ ਲੋੜ ਹੋਵੇ। ਇਸ ਤਰ੍ਹਾਂ ਪ੍ਰਸ਼ਾਦੇ ਦੇਣ ਵਾਲਿਆਂ ਤੇ ਕੋਈ ਭਾਰ ਨਾ ਪੈਣ ਕਰਕੇ, ਉਹ ਕੋਈ ਤਕਲੀਫ ਨਹੀਂ ਸਮਝਣਗੇ, ਤੇ ਅਨੇਕਾਂ ਗਰੀਬਾਂ ਦੇ ਭੁੱਖੇ ਪੇਟਾਂ ਦੀ ਪਾਲਨਾ ਹੋ ਸਕੇਗੀ ਤੇ ਵਰੋਸਾਏ ਗ੍ਰਿਸਤੀਆਂ ਨੂੰ ਦਾਨ ਕਰਨ ਦਾ ਮੌਕਾ ਮਿਲਦਾ ਰਹੇਗਾ।

(ਅ) ਇਕ ਸਹਾਇਕ ਫੰਡ ਹੋਵੇ, ਜਿਸ ਨਾਲ ਕਈ ਗਰੀਬਾਂ ਦੇ ਪੜ੍ਹਾਈ ਦਾ ਉਤਸ਼ਾਹ ਰਖਣ ਵਾਲੇ ਬੱਚੇ ਬਾਹਰ ਪੜ੍ਹਨ ਭੇਜੇ ਜਾ ਸਕਿਆ ਕਰਨ ਤੇ ਆਉਣ ਵਾਲੀ ਨੇਸ਼ਨ ਸੂਝਵਾਨ ਹੋ ਸਕੇ। ਬਹੁਤ ਗਰੀਬ ਘਰਾਂ ਦੇ ਪੁੱਤਰ, ਮਾਇਆ ਦੀ ਤੰਗੀ ਹੋਣ ਕਰਕੇ, ਵਿਦਿਆਹੀਣ ਰਹਿ ਜਾਂਦੇ ਹਨ। ਇਸ ਲਈ ਇਸ ਸਹਾਇਕ ਫੰਡ ਰਾਹੀਂ ਉਹਨਾਂ ਦੀ ਸੇਵਾ ਕੀਤੀ ਜਾਇਆ ਕਰੇ।

(ੲ) ਪਾਠਸ਼ਾਲਾ ਦੀ ਮੁੱਢਲੀ ਵਿਦਿਆ ਵਿੱਚ ਤਿੰਨ ਜਮਾਤਾਂ ਤੱਕ ਧਾਰਮਿਕ

ਵਿਦਿਆ ਜ਼ਰੂਰ ਹੋਵੇ, ਜਿਸ ਨੂੰ ਪੜ੍ਹਾਉਣ ਵਾਲਾ ਸਿਆਣੀ ਉਮਰ ਦਾ ਸੱਜਣ ਤੇ ਖੁਦ ਅੱਛੇ ਚਾਲ ਚਲਣ ਵਾਲਾ ਹੋਵੇ। ਉਪਰੰਤ ਪਾਠਸ਼ਾਲਾ ਵਿੱਚ ਦਸਤਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਤਨਾ ਚਿਰ ਬੱਚੇ ਹੱਥੀਂ ਕੰਮ ਕਰਨਾ ਨਹੀਂ ਸਿਖਣਗੇ, ਆਲਸ ਵਧਦਾ ਜਾਵੇਗਾ ਤੇ ਬੱਚੇ ਨਿਰੋਲ ਕਲਮ ਦੀ ਨੌਕਰੀ ਦੀ ਤਲਾਸ਼ ਵਿੱਚ ਫਿਰਦੇ ਰਹਿਣਗੇ। ਇਸ ਲਈ ਤੁਹਾਡਾ ਮਾਪਿਆਂ ਤੇ ਖਾਸ ਕਰ ਸਕੂਲ ਅਧਿਆਪਕਾਂ ਦਾ ਫਰਜ਼ ਹੈ ਕਿ ਸਕੂਲਾਂ ਵਿਚ ਦਸਤਕਾਰੀ ਦਾ ਹੋਣਾ ਜ਼ਰੂਰੀ ਨੀਯਤ ਕਰਕੇ ਬੱਚਿਆਂ ਨੂੰ ਮਿਹਨਤ ਨਾਲ ਕੰਮ ਕਰਨ ਦੀਆਂ ਆਦਤਾਂ ਪਾਈਆਂ ਜਾਣ।

ਸਤਿਗੁਰਾਂ ਫੁਰਮਾਇਆ ਕਿ ਰਾਮਗੜ੍ਹੀਆਂ ਕੌਮ ਦੀ ਈਸਟ ਅਫਰੀਕਾ ਵਿਚ ਬਹੁ ਗਿਣਤੀ ਹੈ। ਇਸ ਲਈ ਇਥੇ ਕੌਮ ਦਾ ਜ਼ਰੂਰੀ ਫਰਜ਼ ਹੈ ਕਿ ਇਹੋ ਜਿਹੀਆਂ ਕੌਮਾਂ ਉੱਨਤੀ ਦੀਆਂ ਸਕੀਮਾਂ ਵਿੱਚ, ਵੱਧ ਤੋਂ ਵੱਧ ਸਮਾਂ ਤੇ ਧਨ ਖਰਚ ਕੇ, ਆਪਣੇ ਬੱਚਿਆਂ ਦੀਆਂ ਜ਼ਿੰਦਗੀਆਂ ਨੂੰ ਉੱਚਿਆਂ ਕਰੇ। ਗਰੀਬ ਨਿਵਾਜ ਜੀ ਦੇ ਦੱਸੇ ਸਭ ਪ੍ਰੋਗਰਾਮਾਂ ਤੇ ਬਚਨਾਂ ਨੂੰ ਸੁਣ ਕੇ ਸੰਗਤਾਂ ਗੱਦ ਗੱਦ ਹੋ ਰਹੀਆਂ ਸਨ। ਸਤਿਗੁਰੂ ਜੀ ਨੇ ਡੇਰੇ ਜਾਣ ਤੋਂ ਪਹਿਲੋਂ, ਸੱਦੇ ਗਏ ਮਾਸਟਰ ਜੈਯੰਤ ਜੀ ਕੋਲੋਂ ਉਹਨਾਂ ਦਾ ਦਿਲਰੁਬਾ ਸੁਣਨ ਦੀ ਇੱਛਾ ਪ੍ਰਗਟ ਕੀਤੀ। ਮਾਸਟਰ ਜੀ ਨੇ ਪੁਰਾਤਨ ਸੰਗੀਤ ਦੇ ਢੰਗ ਅਨੁਸਾਰ, ਅੱਧੇ ਘੰਟੇ ਲਈ, ਦਿਲਰੁਬਾ ਸੁਣਾ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

8-30 ਤੋਂ 10 ਵਜੇ ਤੱਕ ਪੰਡਤ ਗੋਪਾਲ ਸਿੰਘ ਜੀ ਨੇ ਉਹ ਵਿਦਵਤਾ ਭਰਪੂਰ ਲੈਕਚਰ ਕੀਤਾ ਕਿ ਸੰਗਤਾਂ ਮੰਤਰ ਮੁਗਧ ਹੋ ਗਈਆਂ। ਸਤਿਗੁਰੂ ਜੀ ਦੀ ਬਖਸ਼ਸ਼ ਦਾ ਸਦਕਾ ਪੰਡਤ ਜੀ ਨੇ ਹੋਲੇ ਦੇ ਮਹੱਤਵ ਦੀ ਪ੍ਰੋੜ੍ਹਤਾ ਕਰਦਿਆਂ, ਕਈ ਭਾਂਤ ਦੀਆਂ ਸਾਖੀਆਂ ਵਰਣਨ ਕਰਦਿਆਂ, ਭਾਈ ਗੁਰਦਾਸ ਜੀ, ਸ੍ਰੀ ਦਸਮ ਗ੍ਰੰਥ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਹਵਾਲੇ ਦਿੰਦਿਆਂ ਮਾਸ ਸ਼ਰਾਬ ਨੂੰ ਤਿਆਗਣ ਦੀ ਬੇਨਤੀ ਕੀਤੀ। ਇਸ ਦੇ ਅਸਰ ਨਾਲ ਅਨੇਕਾਂ ਪ੍ਰਾਣੀਆਂ ਨੇ ਇਹਨਾਂ ਭੈੜੀਆਂ ਚੀਜ਼ਾਂ ਦਾ ਤਿਆਗ ਕਰਕੇ ਭਜਨ ਪੁੱਛ ਕੇ ਆਪਣਾ ਜਨਮ ਸਫਲਾ ਕੀਤਾ।

25.3.59 ਦੀ ਸਵੇਰ ਨੂੰ 4-30 ਤੋਂ 7 ਵਜੇ ਤੱਕ ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ, ਖਜ਼ਾਨ ਸਿੰਘ ਨੇ ਮਧੁਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। 9 ਵਜੇ ਸਤਿਗੁਰੂ ਜੀ ਦੀ ਛਤ੍ਰ ਛਾਂ ਹੇਠ ਕਵੀ ਦਰਬਾਰ ਹੋਇਆ ਜਿਸ ਵਿਚ ਉੱਘੇ ਕਵੀਆਂ ਨੇ, ਦਿਤੀਆਂ ਸਮੱਸਿਆਵਾਂ ਦੇ ਅਨੁਕੂਲ, ਤੇ ਕੁਝ ਖੁਲ੍ਹੀਆਂ ਕਵਿਤਾਵਾਂ, ਪੜ੍ਹ ਕੇ ਕਵੀ ਦਰਬਾਰ ਦੀ ਰੌਣਕ ਨੂੰ ਚਾਰ ਚੰਨ ਲਾਏ।

ਦੁਪਹਿਰ ਦੇ ਦੀਵਾਨ ਵਿਚ ਸੂਬਾ ਦਸੌਂਧਾ ਸਿੰਘ ਜੀ ਨੇ ਹੋਲੇ ਦਾ ਦੀਵਾਨ ਲਾਇਆ ਜਿਸ ਵਿੱਚ ਗੁਰੂ ਘਰ ਦੀਆਂ ਅਨੇਕਾਂ ਪੁਰਾਤਨ ਸਾਖੀਆਂ ਸੁਣਾ ਕੇ ਤੇ ਇਤਿਹਾਸਕ ਹਵਾਲਿਆਂ ਰਾਹੀਂ ਦੇਹਧਾਰੀ ਗੁਰੂ ਦੀ ਲੋੜ ਦਾ ਵਰਨਣ ਕਰਕੇ ਸੰਗਤਾਂ ਤੇ ਡੂੰਘਾ ਅਸਰ ਪਾਇਆ।

ਪੰਡਤ ਗੋਪਾਲ ਸਿੰਘ ਜੀ ਨੇ ਦੀਵਾਨ ਵਿੱਚ ਦਰਸ਼ਨ ਦਿਤੇ ਜਦ ਕਿ ਮੇਲੇ ਦਾ ਇਹ ਦਿਨ ਤੇ ਇਹ ਟਾਈਮ ਆਪਣੇ ਪੂਰੇ ਜੋਬਨ ਵਿਚ ਸੀ। ਪੰਡਤ ਜੀ ਨੇ ਹੋਲੇ ਦੀ

ਧਾਰਨਾ ਪੜ੍ਹਨ ਤੋਂ ਉਪਰੰਤ ਆਪਣੇ ਲੈਕਚਰ ਵਿੱਚ ਅੱਜ ਫਿਰ ਇਤਿਹਾਸਕ ਪਰਮਾਣਾਂ ਨਾਲ ਮਾਸ ਸ਼ਰਾਬ ਦੀ ਨਿਖੇਧੀ ਕੀਤੀ ਜਿਸ ਦੇ ਸਦਕਾ ਸੈਂਕੜੇ ਸਰੀਰਾਂ ਭਜਨ ਪੁੱਛ ਕੇ ਮਾਸ ਸ਼ਰਾਬ ਦਾ ਤਿਆਗ ਕੀਤਾ। ਇਧਰ ਪੰਡਤ ਜੀ ਦਾ ਫਿਲਾਸਫੀ ਭਰਪੂਰ ਲੈਕਚਰ ਤੇ ਉਧਰ ਸਤਿਗੁਰੂ ਜੀ ਨਾਲ ਵਰੋਸਾਏ ਭਾਰਤ ਤੋਂ ਆਏ ਜੱਥੇ ਦੇ ਸਿੰਘ ਅੰਮ੍ਰਿਤ ਤਿਆਰ ਕਰ ਰਹੇ ਸਨ ਤੇ ਹਵਨ ਦੀਆਂ ਬਾਣੀਆਂ ਪੜ੍ਹ ਪ੍ਰਜੰਵਲਤ ਅਗਨੀ ਵਿੱਚ ਜਲ ਦੇ ਛਿੱਟੇ, ਘਿਉ ਤੇ ਹੋਰ ਸਮੱਗਰੀ ਸਹਿਤ ਅਹੂਤੀਆਂ ਪਾ ਰਹੇ ਸਨ। ਇਸੇ ਸਮੇਂ ਤੀਸਰੇ ਬੰਨੇ ਆਦਿ ਗ੍ਰੰਥ ਸਾਹਿਬਾਂ ਦੇ ਭੋਗ ਪਾਉਣ ਲਈ ਸਤਿਗੁਰੂ ਜੀ ਦੀ ਪ੍ਰੇਰਨਾ ਨਾਲ ਬੀੜਾਂ ਦੇ ਪ੍ਰਕਾਸ਼ ਹੋ ਰਹੇ ਸਨ। ਚੌਥੇ ਪਾਸੇ ਸ਼ਹਿਨਸ਼ਾਹ "ਆਪ ਨਰਾਇਣ ਕਲਾਧਾਰ ਜਗ ਮਹਿ ਪ੍ਰਵਰਿਓ" ਦੇ ਬਚਨਾਂ ਅਨੁਸਾਰ ਕੋਟਾਨ ਪੂਰਨਮਾਂ ਦੇ ਚੰਦ੍ਰਮਾ ਦਰਸ਼ਨ ਦੇ ਰਹੇ ਸਨ। ਇਉਂ ਭਾਸਦਾ ਸੀ ਮਾਨੋਂ ਤੇਤੀਸ ਕਰੋੜ ਦੇਵਤੇ ਇਸ ਸਮਾਗਮ ਦੇ ਦਰਸ਼ਨਾਂ ਲਈ ਖਲੋਤੇ ਸਨ ਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ। ਅਰਸ਼ ਤੇ ਫਰਸ਼ ਵਿੱਚ ਕੋਈ ਫਰਕ ਨਹੀਂ ਸੀ ਰਿਹਾ। ਈਸਟ ਅਫਰੀਕਾ ਦੀ ਧਰਤੀ ਤੇ ਇਥੇ ਰਹਿਣ ਵਾਲੇ ਬੜੇ ਭਾਗਸ਼ਾਲੀ ਸਨ। ਕੰਪਾਲਾ ਦੀ ਧਰਤੀ ਜਿਥੇ ਇਹ ਸਮਾਗਮ ਰਚਿਆ ਗਿਆ ਸੀ ਧੰਨ ਧੰਨ ਹੋ ਰਹੀ ਸੀ। ਪਤਾ ਨਹੀਂ ਕਿਸ ਦੀ ਅਰਦਾਸ ਮਨਜ਼ੂਰ ਹੋ ਕੇ ਕਰੋੜਾਂ ਜੀਵਨਾਂ ਦਾ ਭਲਾ ਹੋਇਆ।

ਸੰਗਤਾਂ ਚਾਹੁੰਦੀਆਂ ਨਹੀਂ ਸੀ ਕਿ ਪੰਡਤ ਜੀ ਵੀ ਆਪਣੇ ਲੈਕਚਰ ਦਾ ਸੰਕੋਚ ਕਰਨ ਪਰ ਪਾਤਸ਼ਾਹ ਦੇ ਹੁਕਮ ਅਨੁਸਾਰ ਗਿਆਰਾਂ ਆਦਿ ਬੀੜਾਂ ਦੇ ਪ੍ਰਕਾਸ਼ ਹੁੰਦਿਆਂ ਹੀ, ਪਾਠੀ ਸੱਜਣਾਂ ਨੇ ਕੀਤੇ ਗਏ ਹੋਲੇ ਸੰਬੰਧੀ ਪਾਠਾਂ ਦੇ ਭੋਗ ਪਾਉਣੇ ਸ਼ੁਰੂ ਕਰ ਦਿੱਤੇ ਤੇ ਉਧਰ ਸਤਿਗੁਰੂ ਜੀ ਦੇ ਹੁਕਮ ਨਾਲ ਹਜ਼ੂਰੀ ਰਾਗੀਆਂ ਨੇ ਆਪਣੇ ਮਨੋਹਰ ਸੰਗੀਤ ਦਾ ਆਰੰਭ ਕੀਤਾ ਜਿਸ ਨੂੰ ਸੁਣ ਕੇ ਸੰਗਤਾਂ ਨਿਹਾਲ ਹੋ ਰਹੀਆਂ ਸਨ। ਸਤਿਗੁਰੂ ਜੀ ਵਲੋਂ ਅੰਮ੍ਰਿਤ ਵਰਖਾ ਹੋਣ ਤੋਂ ਪਹਿਲੋਂ ਪਾਤਸ਼ਾਹ ਨੇ ਆਪਣੇ ਹਸਤ ਕੰਵਲਾਂ ਨਾਲ ਸੰਗੀਤ ਸੰਮੇਲਨ ਵਾਲੇ ਰਾਗੀਆਂ ਤੇ ਕਵੀ ਦਰਬਾਰ ਦੇ ਕਵਿਤਾ ਪੜ੍ਹਨ ਵਾਲਿਆਂ ਨੂੰ ਸਿਰੋਪੇ ਦਿਤੇ। ਰਾਮਗੜ੍ਹੀਆਂ ਸੇਵਕ ਜੱਥੇ ਦਾ ਖਾਸ ਪਰੇਮ ਦੇਖ ਕੇ ਉਹਨਾਂ ਨੂੰ ਪੰਜ ਮਿੰਟ ਲਈ ਪੰਡਾਲ ਵਿਚ ਬੈਂਡ ਵਜਾਉਣ ਦੀ ਖੁੱਲ੍ਹ ਦਿਤੀ। ਸਤਿਗੁਰੂ ਜੀ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਹੋਲੇ ਤੇ ਆਈ ਸਮੂਹ ਸਾਧ-ਸੰਗਤ ਨੂੰ ਅਸ਼ੀਰਵਾਦ ਦੇਣ ਦੇ ਨਾਲ ਹੀ ਸ਼ੁਭ ਉਪਦੇਸ਼ ਦਿੰਦਿਆਂ ਇਕ ਸੱਜਣ ਵਲੋਂ ਦਿਤੇ ਹੋਏ ਤਿੰਨ ਪ੍ਰਸ਼ਨਾਂ ਦਾ ਉੱਤਰ ਦਿਤਾ :

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਸਚਾਤ ਇਤਿਹਾਸਕ ਖੋਜ ਨਾਲ ਸ੍ਰੀ ਗੁਰੂ ਬਾਲਕ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦਾ ਬਾਰ੍ਹਵੀਂ ਜੋਤ ਵਿਚ ਅਵਤਾਰ ਹੋਣਾ।

(ਅ) ਵਿਆਹ ਵੇਲੇ ਜੋ ਫੇਰੇ ਦਿੰਦੇ ਹਨ (ਖੱਬੇ ਨੂੰ ਤੁਰਨਾ ਸਿੱਧਾ ਹੈ ਜਾਂ ਸੱਜੇ ਨੂੰ) ਕਿਧਰ ਨੂੰ ਸਿੱਧਾ ਮੰਨਣਾ ਚਾਹੀਦਾ ਹੈ।

(ੲ) ਕੜਾਹ ਪ੍ਰਸਾਦ ਵਿੱਚ ਕਰਦ ਭੇਟ ਕਰਨੀ ਜ਼ਰੂਰੀ ਹੈ ਕਿ ਨਹੀਂ ?

ਸ੍ਰੀ ਸਤਿਗੁਰੂ ਜੀ ਨੇ ਚੰਗੇ ਮਿੱਠੇ ਬਚਨਾਂ ਦਵਾਰਾ ਇਹਨਾਂ ਪ੍ਰਸ਼ਨਾਂ ਦਾ ਉੱਤਰ

ਦਿੱਤਾ ਜਿਸ ਨਾਲ ਸ਼ੰਕਾ ਕਰਨ ਵਾਲੇ ਸੱਜਣਾਂ ਦੀ ਸ਼ੰਕਾ ਨਵਿਰਤ ਹੋਣ ਤੇ ਉਹਨਾਂ ਨੇ ਭਜਨ ਪੁੱਛਿਆ ਤੇ ਸਤਿਗੁਰੂ ਜੀ ਦੇ ਚਰਨਾਂ ਦੀ ਛੁਹ ਪ੍ਰਾਪਤ ਕੀਤੀ।

ਸਤਿਗੁਰੂ ਜੀ ਦੇ ਅਨਮੋਲ ਬਚਨ ਸੁਣ-ਸੁਣ ਸੰਗਤਾਂ ਬਹੁਤ ਪ੍ਰਸੰਨ ਸਨ ਤੇ ਪ੍ਰਤੱਖ ਦਿਸ ਰਿਹਾ ਸੀ ਕਿ ਇਹੋ ਗੁਰੂ ਨਾਨਕ ਦੀ ਗੱਦੀ ਦੀ ਸੱਚੀ ਜੋਤ ਹੈ ਜੋ ਇਸ ਵੇਲੇ ਪ੍ਰਕਾਸ਼ਮਾਨ ਹੈ ਤੇ ਸਾਖਿਆਤ ਦਰਸ਼ਨ ਹੋ ਰਹੇ ਹਨ। ਇਸੇ ਦੀ ਕਿਰਪਾ ਦਾ ਸਦਕਾ ਹੀ, ਇਹੋ ਜਿਹੇ ਘੋਰ ਕਲਿਜੁਗ ਵਿੱਚ ਜਦ ਕਿ ਸਾਰੀ ਦੁਨੀਆਂ ਦੀ ਬਹੁ ਗਿਣਤੀ ਮਾਸਾਹਾਰੀ ਬਣ ਚੁਕੀ ਹੈ ਤੇ "ਇਹ ਜਗ ਮਿੱਠਾ ਅਗਲਾ ਕਿਸ ਡਿਠਾ" ਦੀ ਕਹਾਵਤ ਹਰੇਕ ਦੇ ਮੂੰਹ ਵਿੱਚ ਹੈ ਤੇ ਪਾਪਣ ਸ਼ਰਾਬ ਨੇ ਕਰੋੜਾਂ ਜੀਵਾਂ ਦੇ ਦਿਲ ਸਾੜ ਕੇ ਰੱਬ ਨੂੰ ਭੁੱਲਾ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਰੱਖੀ। ਆਪਣੇ ਚਰਨੀਂ ਲਾ ਕੇ ਕਲਿਜੁਗ ਦੀ ਤੱਪਦੀ ਹਵਾ ਤੋਂ ਬਚਾਉਣ ਦੀ ਕਿਰਪਾ ਕੀਤੀ ਹੈ। ਅੱਜ ਦੀ ਇਕ ਇਕ ਘੜੀ ਛੇ ਪਲ-ਪਲ ਵੀ ਦੁਲੱਭ ਸੀ, ਜੋ ਬੜੇ ਭਾਗਾਂ ਨਾਲ ਮਿਲ ਸਕਦਾ ਹੈ।

ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਹੋਈ ਫੁੱਲਾਂ ਦੀ ਬਰਖਾ ਦੇ ਉਪਰੰਤ ਬਾਬੂ ਕਿਸ਼ਨ ਸਿੰਘ ਜੀ 'ਪਨੇਸਰ' ਤੇ ਗਿਆਨੀ ਕੇਸਰ ਸਿੰਘ ਜੀ ਨੇ, ਸਤਿਗੁਰੂ ਜੀ ਦੀ ਮਹਾਨਤਾ, ਹਜ਼ੂਰੀ ਰਾਗੀਆਂ ਦੇ ਕੀਰਤਨ ਦੀ ਸ਼ੋਭਾ ਤੇ ਸੰਤ ਪ੍ਰੀਤਮ ਸਿੰਘ ਜੀ ਦੇ ਜੱਥੇ ਸਮੇਤ ਵਾਰੇ ਦੀ ਮਹਿਮਾ ਤੇ ਪੰਡਤ ਗੋਪਾਲ ਸਿੰਘ ਜੀ ਦੇ ਫਿਲਾਸਫੀ ਭਰਪੂਰ ਲੈਕਚਰ ਤੇ ਵਖਿਆਨ ਸੂਬਾ ਦਸੌਂਧਾ ਸਿੰਘ ਜੀ ਦੇ ਇਤਿਹਾਸਕ ਖੋਜ ਲੈਕਚਰ ਤੇ "ਠਾਕੁਰ" ਜੀ ਦੀ ਬਾਲ ਲੀਲਾ ਦਾ ਵਰਨਣ ਕਰਦਿਆਂ ਸਭ ਦਾ ਬਹੁਤ ਬਹੁਤ ਧੰਨਵਾਦ ਕੀਤਾ। ਈਸਟ ਅਫਰੀਕਾ ਤੋਂ ਆਈ, ਤੇ ਖਾਸ ਕਰ ਨੈਰੋਬੀ ਤੋਂ ਆਈ ਸੰਗਤ ਦਾ, ਰਾਮਗੜ੍ਹੀਆ ਸੇਵਕ ਜੱਥਾ ਕੰਪਾਲਾ, ਤੇ ਇਸਤਰੀ ਸਤਿਸੰਗ, ਜਿਨ੍ਹਾਂ ਦੀ ਕਿਰਪਾ ਨਾਲ ਲੰਗਰ ਦਾ ਪ੍ਰਬੰਧ ਹੁੰਦਾ ਰਿਹਾ, ਸਭ ਦਾ ਧੰਨਵਾਦ ਕੀਤਾ।

ਭਾਵੇਂ ਬਾਹਰੋਂ ਆਏ ਕਿਸੇ ਮਾਈ ਭਾਈ ਵਲੋਂ ਕਿਸੇ ਕਿਸਮ ਦੀ ਕੋਈ ਸ਼ਿਕਾਇਤ ਨਹੀਂ ਸੀ ਮਿਲੀ ਪਰ ਫੇਰ ਭੀ ਇਸ ਗੱਲ ਦੀ ਖਿਮਾਂ ਮੰਗੀ, ਕਿ ਜੇ ਕਿਸੇ ਦੀ ਸੇਵਾ ਨਾ ਹੋ ਸਕੀ ਹੋਵੇ, ਤਾਂ ਉਹ ਸੱਜਣ ਖਿਮਾਂ ਬਖਸ਼ਣ। ਬਾਬੂ ਕਿਸ਼ਨ ਸਿੰਘ ਜੀ ਹੋਰਾਂ ਬੜੀ ਗੰਭੀਰਤਾ ਨਾਲ ਤੇ ਅੰਦਰ ਦੀ ਖਿੱਚ ਨਾਲ ਇਹਨਾਂ ਸ਼ਬਦਾਂ ਦਾ ਵਰਨਣ ਕੀਤਾ, "ਗਰੀਬ ਨਿਵਾਜ਼। ਸਾਡਾ ਦਿਲ ਨਹੀਂ ਚਾਹੁੰਦਾ ਕਿ ਸਾਨੂੰ ਇਤਨੇ ਸੁਭਾਗੇ ਬਣਾ ਕੇ ਹਜ਼ੂਰ ਸਾਡੇ ਕੋਲੋਂ ਜਾਵੋ, ਸਾਡੀ ਇਹੋ ਅਰਦਾਸ ਹੈ ਕਿ ਸਾਨੂੰ ਆਪਣੀ ਚਰਨੀਂ ਲਾ ਕੇ ਨਾਮ ਬਾਣੀ ਦੀ ਦਾਤ ਬਖਸ਼ੋ, ਸਾਡੇ ਤੇ ਕਿਰਪਾ ਕਰੋ ਅਸੀਂ ਭਜਨ ਬੰਦਗੀ ਨਹੀਂ ਕਰ ਸਕਦੇ, ਇਸ ਲਈ ਤੇਰੇ ਘਰ ਵਿੱਚ ਗਰੀਬ ਹਾਂ, ਸਾਡੇ ਤੇ ਮਿਹਰ ਭਰਿਆ ਹੱਥ ਰਖੋ।" ਇਹ ਸ਼ਬਦ ਵੈਰਾਗ ਵਿੱਚ ਆਖਦਿਆਂ-ਆਖਦਿਆਂ, ਕਿੰਨਾ ਚਿਰ ਚੁੱਪ ਹੋ ਗਏ, ਪਤਾ ਨਹੀਂ ਇਹਨਾਂ ਦੇ ਬੋਲਣ ਵਿਚ ਕੀ ਤਾਸੀਰ ਸੀ ਕਿ ਸਭ ਦੇ ਦਿਲਾਂ ਅੰਦਰ ਖਿੱਚ ਪਈ।

ਪਾਠਾਂ ਦੇ ਭੋਗ ਪਾਉਣ ਲਈ ਪਾਠੀ ਸੰਤ ਦਿਆਲ ਸਿੰਘ, ਭਗਵਾਨ ਸਿੰਘ ਜੀ ਤੇ ਸੰਤ ਪੂਰਨ ਸਿੰਘ, ਗਿਆਨੀ ਸਿੰਘ ਤੇ ਸੰਤ ਪ੍ਰੀਤਮ ਸਿੰਘ ਤੇ ਸੰਤ ਫੁਮਣ ਸਿੰਘ ਜੀ "ਕੰਵਲ" ਹੋਰਾਂ ਨੂੰ ਹੁਕਮ ਲਾਇਆ ਗਿਆ, ਪੁਰਾਤਨ ਮਰਿਆਦਾ ਦੇ ਪਾਠ ਕਰਨ ਦੀ

ਟਕਸਾਲ ਨਾਲ ਹੰਦੇ ਪਾਠੀਆਂ ਨੇ ਭੋਗਾਂ ਦੇ ਸਲੋਕ ਪੜ੍ਹੇ, ਜਿਸ ਨੂੰ ਸੁਣ ਕੇ ਸੰਗਤਾਂ ਬਹੁਤ ਹੀ ਪ੍ਰਸੰਨ ਹੋਈਆਂ। ਈਸਟ ਅਫਰੀਕਾ ਦੇ ਭਿੰਨ-ਭਿੰਨ ਸ਼ਹਿਰਾਂ ਤੋਂ ਕੀਤੇ ਗਏ ਇਕ ਸੌ ਇਕਵੰਜਾ ਸਹਿਜ ਪਾਠਾਂ ਦੇ ਭੋਗ ਭੀ ਪਾਏ ਗਏ, ਜਿਸ ਵਿਚ 150 ਪਾਠ ਈਸਟ ਅਫਰੀਕਾ ਵਿੱਚ ਹੋਲੇ ਦੀ ਖੁਸ਼ੀ ਤੇ ਸਤਿਗੁਰੂ ਜੀ ਦੇ ਦਰਸ਼ਨਾਂ ਨਮਿੱਤ ਸਨ, ਤੇ ਇਕ ਪਾਠ ਦਾ ਭੋਗ ਬਾਬਾ ਬੀਰ ਸਿੰਘ ਜੀ ਦੀ ਰਿਹਾਈ ਨਮਿੱਤ ਸੀ। ਨੈਰੋਬੀ ਵਾਸੀ ਸੰਗਤ ਦੇ ਉੱਦਮ ਨਾਲ ਤਿੰਨ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਭੋਗ ਪਾਏ ਗਏ, ਜਿਨ੍ਹਾਂ ਦੇ ਸਲੋਕ ਸੰਤ ਦਿਆਲ ਸਿੰਘ ਜੀ ਤੇ ਸੰਤ ਫੁਮਣ ਸਿੰਘ ਜੀ ਹੋਰਾਂ ਸੰਗਤਾਂ ਨੂੰ ਸਰਵਨ ਕਰਵਾਏ। ਫਾਰਸੀ ਜ਼ਬਾਨ ਵਿਚ ਬਾਣੀ ਸੁਣ ਕੇ ਮੁਸਲਮਾਨੀ ਮੱਤ ਦੇ ਲੋਕਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਤੇ ਵਾਹ-ਵਾਹ ਗੁਰੂ ਗੋਬਿੰਦ ਸਿੰਘ ਕਹਿ ਉਠੇ।

ਭੋਗ ਪੈਣ ਤੋਂ ਬਾਅਦ, ਪੰਡਤ ਗੋਪਾਲ ਸਿੰਘ ਜੀ ਨੇ ਦੀਵਾਨ ਸਮਾਪਤੀ ਦੀ ਅਰਦਾਸ ਕੀਤੀ। ਉਪਰੰਤ ਸੈਂਕੜੇ ਜੀਵਾਂ ਨੇ ਅੰਮ੍ਰਿਤ ਛੱਕਿਆ ਤੇ ਭਜਨ ਪੁੱਛ ਸਤਿਗੁਰ ਚਰਨਾਂ ਨਾਲ ਅਭੇਦ ਹੋ ਗਏ।

26.3.59 ਅੰਮ੍ਰਿਤ ਵੇਲੇ 4.30 ਤੋਂ 7 ਵਜੇ ਤਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੰਤ ਪ੍ਰੀਤਮ ਸਿੰਘ ਜੀ ਨੇ ਆਪਣੇ ਜੱਥੇ ਸਮੇਤ ਕੀਤਾ ਇਹਨਾਂ ਦੀਆਂ ਸੁਰੀਲੀਆਂ ਤੇ ਮਨਮੋਹਕ ਸੁਰਾਂ ਨੇ ਅਸਮਾਨ ਗੂੰਜਾ ਦਿਤਾ, ਭਾਵੇਂ ਮੇਲੇ ਦੀ ਸਮਾਪਤੀ ਹੋ ਚੁੱਕੀ ਸੀ ਪਰ ਫੇਰ ਵੀ ਪੰਡਾਲ ਵਿੱਚ ਸੰਗਤਾਂ ਦੀ ਗਹਿਮਾ ਗਹਿਮ ਸੀ। ਸਤਿਗੁਰੂ ਚਰਨਾਂ ਦੇ ਭੌਰਿਆਂ ਨੇ ਗੁਰਬਾਣੀ ਦਾ ਕੀਰਤਨ ਸੁਣ ਕੇ ਰੱਬੀ ਜੋਤ ਦੇ ਦਰਸ਼ਨ ਕਰ ਆਪਣਾ ਜਨਮ ਸਫਲਾ ਕੀਤਾ।

26.3.59 ਸ਼ਾਮ ਦਾ ਦੀਵਾਨ ਰਾਮਗੜ੍ਹੀਆ ਗੁਰਦੁਆਰਾ ਜੀਜੇ ਵਿਖੇ ਸਜਿਆ ਜਿਸ ਵਿੱਚ ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ ਜੀ, ਖਜ਼ਾਨ ਸਿੰਘ ਜੀ ਦੇ ਕੀਰਤਨ ਕਰਨ ਤੋਂ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਮੂਹ ਸ਼ਹਿਰ ਨਿਵਾਸੀ ਤੇ ਬਾਹਰੋਂ ਆਈਆਂ ਸੰਗਤਾਂ ਨੂੰ ਆਪਣੇ ਮਨੋਹਰ ਬਚਨਾਂ ਨਾਲ ਤਾਰਿਆ ਤੇ ਪਿਛੋਂ ਪੰਡਤ ਜੀ ਦਾ ਦੀਵਾਨ ਤੇ ਲੈਕਚਰ ਸੁਣ ਕੇ ਸੰਗਤਾਂ ਮਸਤੀ ਵਿਚ ਝੂਮ ਉਠੀਆਂ।

27.3.59 ਦੀ ਸਵੇਰ ਨੂੰ ਰਾਮਗੜ੍ਹੀਆ ਗੁਰਦੁਆਰਾ ਜੀਜੇ ਵਿਖੇ ਸੰਤ ਪ੍ਰੀਤਮ ਸਿੰਘ ਜੀ ਨੇ ਆਪਣੇ ਜੱਥੇ ਸਮੇਤ ਉੱਚੀਆਂ ਸੁਰਾਂ ਵਿੱਚ ਆਸਾ ਜੀ ਦੀ ਵਾਰ ਦਾ ਗਾਇਨ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਅਸ਼ੀਰਵਾਦ ਦੇਣ ਤੋਂ ਪਸ਼ਚਾਤ ਆਪਣੇ ਸ਼ਰਧਾਲੂ ਸਿੰਘਾਂ ਦੇ ਘਰੀਂ ਚਰਨ ਪਾਉਣ ਤੋਂ ਬਾਅਦ ਆਪਣੇ ਅਨਿੰਨ ਸੇਵਕ ਸੰਤ ਨਰੈਣ ਸਿੰਘ ਜੀ ਦੀ ਬੇਨਤੀ ਨੂੰ ਮਸਿੰਦੀ ਜਾਣ ਲਈ ਪਰਵਾਨ ਕੀਤਾ। ਏਅਰ ਪੋਰਟ ਤੇ ਜਾਣ ਤੋਂ ਪਹਿਲੇ ਸੰਤ ਪ੍ਰੀਤਮ ਸਿੰਘ ਦਰਸ਼ਨ (ਇੰਡੀਅਨ ਬਿਲਡਿੰਗ ਕੰਟਰੈਕਟਰਜ਼) ਦੇ ਘਰ ਚਰਨ ਪਾਏ ਜਿਥੇ ਕਿ ਕੰਪਾਲਾ, ਜੀਜੇ ਤੇ ਮਬਾਲੀ ਦੀਆਂ ਨਾਮਧਾਰੀ ਸੰਗਤ ਦੀਆਂ ਚੋਣਾਂ ਕਰਨ ਦੇ ਨਾਲ ਹੀ ਸ: ਪ੍ਰੀਤਮ ਸਿੰਘ ਜੀ ਮਬਾਲੀ ਵਾਲਿਆਂ ਨੂੰ ਯੁਗੰਡੇ ਵਿਚ ਨਾਮਧਾਰੀ ਸਾਧ-ਸੰਗਤ ਦੇ "ਸੂਬਾ" ਜੀ ਦੀ ਪਦਵੀ ਬਖਸ਼ੀ ਤੇ ਇਹਨਾਂ ਦੇ ਐਸਿਸਟੈਂਟ, ਯਾਨੀ, ਯੁਗੰਡੇ ਦੀ ਨਾਮਧਾਰੀ ਸੰਗਤ ਦੇ ਜਰਨਲ ਸੈਕਟਰੀ ਬਨਣ ਦਾ ਮਾਣ ਗਿਆਨੀ ਕੇਸਰ ਸਿੰਘ ਜੀ ਕੰਪਾਲੇ ਵਾਲਿਆਂ ਨੂੰ

ਦਿੱਤਾ ਗਿਆ । ਜੀਜੇ ਹਵਾਈ ਅੱਡੇ ਤੇ ਪਹੁੰਚ ਕੇ ਸਪੈਸ਼ਲ ਏਅਰਮੇਲ ਦੀ ਸਰਵਿਸ ਰਾਹੀਂ ਇਹਨਾਂ ਦੀ ਮਿਲ "ਪ੍ਰਤਾਪ ਸਾ ਮਿਲ" ਮਸਿੰਦੀ ਨੂੰ ਠਾਕੁਰ ਜੀ ਤੇ ਸੰਤ ਰਤਨ ਸਿੰਘ, ਭਾਈ ਵਜ਼ੀਰ ਸਿੰਘ ਜੀ ਸਹਿਤ ਜਾ ਭਾਗ ਲਾਏ, ਇਸ ਤੋਂ ਬਾਅਦ ਉਸੇ ਏਅਰ ਸਰਵਿਸ ਰਾਹੀਂ ਸਤਿਗੁਰੂ ਜੀ ਆਪਣੇ ਹਜ਼ੂਰੀਆਂ ਸਮੇਤ ਕਿਟਾਲੀ ਕੀਨੀਆਂ ਪਹੁੰਚੇ । ਜੀਜੇ ਏਅਰ ਪੋਰਟ ਤੇ ਸਤਿਗੁਰੂ ਜੀ ਨੇ ਯੁਗੰਡੇ ਦੀ ਸਮੁੱਚੀ ਸੰਗਤ ਵਲੋਂ ਹੋਲਾ ਮਹੱਲਾ ਮਨਾਇਆ ਜਾਣ ਦਾ ਆਸ਼ੀਰਵਾਦ ਦਿੰਦਿਆਂ, ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਕਈ ਸਫਲ ਵਰ ਯੁਗੰਡੇ ਦੀ ਸੰਗਤ ਨੂੰ ਬਖਸ਼ੇ । ਇਸ ਲਈ ਮਾਨੋਂ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਈਸਟ ਅਫਰੀਕਾ ਦੇ ਸ਼ਹਿਰ (ਕੰਪਾਲੇ) ਦਾ ਮਹਾਨ ਉਤਸਵ ਹੋਲਾ ਮਨਾਇਆ ਜਾਣ ਦਾ ਇਕ ਇਤਿਹਾਸਕ ਦਿਨ ਮੰਨਿਆ ਜਾਵੇਗਾ, ਜਿਹੜਾ ਕਿ ਸਾਰੀ ਈਸਟ ਅਫਰੀਕਾ ਵਿੱਚ ਸਦਾ ਯਾਦ ਰਹੇਗਾ । ਇਹ ਸਭ ਸਤਿਗੁਰੂ ਜੀ ਦੀ ਕਿਰਪਾ ਸਦਕਾ ਹੀ ਹੋ ਸਕਿਆ ।

# ਇਹੋ ਮਹੱਲਾ ਹੋਲੇ ਖੇਲੇ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਧੁਰ ਛੱਤਰ ਛਾਇਆ ਹੇਠ ਹੋਲਿਆਂ ਦਾ ਪ੍ਰਵਾਹ ਬਿਕ੍ਰਮੀ 1963-ਸੰਨ 1907 ਤੋਂ ਬਿਕ੍ਰਮੀ 2015-ਸੰਨ 1959 ਤੱਕ ਨਿਰੰਤਰ ਚਲਦਾ ਰਿਹਾ। ਇਨ੍ਹਾਂ ਹੋਲਿਆਂ ਦੇ ਸ਼ੁਭ ਅਵਸਰ ਤੇ ਅਨੇਕਾਂ ਪ੍ਰਾਣੀਆਂ ਨੂੰ ਨਾਮ ਸਿਮਰਨ ਦੀ, ਪ੍ਰਭੂ ਭਗਤੀ ਦੀ ਦਾਤ ਬਖਸ਼ ਕੇ, ਉਹਨਾਂ ਦੀ ਜੀਵਨ ਯਾਤਰਾ ਨੂੰ ਸਫਲ ਕੀਤਾ, ਅਣਗਿਣਤ ਭੁੱਲੇ ਭਟਕੇ ਜੀਵਾਂ ਤੇ ਰਹਿਮਤ ਤੇ ਬਖਸ਼ਸ਼ਾਂ ਦੇ ਭੰਡਾਰੇ ਉਡੇਲ ਕੇ ਪਿਛਲੇ ਔਗੁਣਾਂ ਨੂੰ ਖੁੱਲ੍ਹ-ਦਿਲੀ ਨਾਲ ਮੁਆਫ ਕਰ ਦਿੱਤਾ; ਲੱਖਾਂ ਲੋਕਾਂ ਨੇ ਸਤਿਗੁਰੂ ਜੀ ਦੀ ਨਾਮ ਰੂਪੀ ਬੇੜੀ ਵਿਚ ਸਵਾਰ ਹੋ ਕੇ ਸੰਸਾਰ ਰੂਪੀ ਭਵਜਲ ਤੋਂ ਪਾਰ ਉਤਾਰਾ ਕੀਤਾ, ਅਣਗਿਣਤ ਸਨ ਉਹ, ਜਿਹੜੇ ਦਿਨ-ਰਾਤ ਅਣਥੱਕ ਸੇਵਾ ਕਰਦੇ-ਕਰਦੇ ਸੇਵਾ ਰੂਪ ਹੋ ਗਏ ਸਨ। ਕਿੰਨੇ ਭਾਗਸ਼ਾਲੀ ਸਨ ਉਹ, ਜਿਹੜੇ ਆਪਣੇ ਮਧੁਰ ਸੁਰੀਲੇ ਕੰਠ ਰਾਹੀਂ ਗੁਰਬਾਣੀ ਦਾ ਗਾਇਨ ਕਰਕੇ ਆਪ ਤਾਂ ਤ੍ਰਿਪਤ ਹੁੰਦੇ ਹੀ, ਪਰ ਸਾਧ-ਸੰਗਤ ਦੇ ਉਤੇ ਮਿੱਠੀ-ਮਿੱਠੀ ਫੁਹਾਰ ਤੇ ਨਾਮ ਰਸ ਦਾ ਛਿੜਕਾ ਕਰਕੇ ਹਰ ਪਾਸੇ ਸੁਗੰਧੀ ਬਿਖੇਰ ਦਿੰਦੇ, ਕਿੰਨੇ ਵੱਡੇ ਭਾਗਾਂ ਵਾਲੇ ਸਨ ਉਹ, ਜਿਹੜੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠ ਕੇ, ਆਪਣੇ ਮਿਠਾਸ ਭਰਪੂਰ ਬਚਨਾਂ ਨਾਲ, ਉਪਦੇਸ਼ਾਂ ਨਾਲ ਮਨੁੱਖੀ ਮਨਾਂ ਨੂੰ ਗਿਆਨ ਦੀ ਰੌਸ਼ਨੀ ਪ੍ਰਦਾਨ ਕਰਦੇ, ਤੇ ਉਹ ਆਪਣੇ ਪਿਆਰੇ ਗੁਰੂ ਕੋਲੋਂ ਕੰਨ ਵਿਚ ਮੰਤਰ ਲੈ ਕੇ, ਉਸ ਨਾਲ ਇਕ ਮਿਕ ਹੋ ਕੇ, ਮਸਤੀ ਤੇ ਸੁਤਰ ਦੀ ਅਵਸਥਾ ਵਿਚ, ਦੌੜ ਕੇ ਅੱਗ ਦੀਆਂ ਲਪਟਾਂ ਵਿਚ ਜਾ ਵੜਦੇ ਤੇ ਅੱਗ ਉਹਨਾਂ ਦਾ ਕੁਝ ਵੀ ਨਾ ਵਿਗਾੜ ਸਕਦੀ, ਉਹਨਾਂ ਦੇ ਲੂੰ ਤੱਕ ਨੂੰ ਰਤੀ ਭਰ ਵੀ ਸੇਕ ਨਾ ਲਗਾ, ਤੇ ਦੇਖਣ ਵਾਲੇ ਵਿਸਮਾਦਿਤ ਹੋ ਉਠਦੇ, ਸਭ ਪਾਸੇ ਸਫੈਦ, ਸਵੱਛ ਬਸਤ੍ਰ, ਸਫੈਦ ਦਸਤਾਰੇ, ਗਲ ਵਿਚ ਸਫੈਦ ਉੱਨ ਦੀ ਮਾਲਾ, ਆਸਨ, ਗੜਵਾ, ਪਊਆ-ਕਲਿਜੁਗ ਵਿਚ ਸਤਿਜੁਗ ਦਾ ਸਾਖਿਆਤਕਾਰ ਹੋ ਰਿਹਾ ਸੀ, ਦੁਨੀਆਵੀ ਬਖੇੜਿਆਂ-ਝੇੜਿਆਂ ਤੋਂ ਦੂਰ, ਆਪਣੇ ਪੂਜਯ ਸਤਿਗੁਰੂ ਦਾ ਸਨੇਹ ਪ੍ਰਾਪਤ ਕਰਕੇ ਸੰਗਤਾਂ ਗੂਹੜੇ ਮਜੀਠੇ ਰੰਗ ਵਿਚ ਰੰਗੀਆਂ ਜਾਂਦੀਆਂ।

ਸਭ ਸਾਧ-ਸੰਗਤ ਨੂੰ ਪਹਿਲਾਂ ਤੋਂ ਹੀ ਸਤਿਗੁਰੂ ਜੀ ਸਤਿਜੁਗ ਦੇ ਪੰਨਿਆਂ

ਰਾਹੀਂ ਅਵਗਤ ਕਰਾ ਦਿੰਦੇ ਕਿ ਹੋਲੇ ਤੇ ਕਿਸ ਤਰ੍ਹਾਂ ਪਹੁੰਚਣਾ ਹੈ ? ਜਥੇਦਾਰ ਢੋਲਕ ਛੈਣਿਆਂ ਦੀ ਮਧੁਰ ਛਣਕਾਰ ਨਾਲ ਕੀਰਤਨ ਕਰਦੇ ਹੋਏ ਸਭ ਨੂੰ ਆਪਣੇ ਵੱਲ ਖਿਚ ਪਾਉਂਦੇ ਤੇ ਅਨੇਕਾਂ ਲੋਕ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ, ਭਜਨ ਪੁੱਛ ਕੇ ਨਾਮਧਾਰੀ ਸਿੰਘ ਸਜਦੇ। ਉਹਨਾਂ ਨੂੰ ਸਤਿਗੁਰੂ ਜੀ ਦਾ ਆਦੇਸ਼ ਸੀ ਕਿ ਜਿਸ ਨੇ ਭਜਨ ਪੁੱਛਿਆ ਹੋਵੇ ਸਿਰਫ ਉਸ ਦੇ ਘਰ ਦਾ ਛੱਕਣਾ, ਨਹੀਂ ਤੇ ਆਪੇ ਪ੍ਰਸ਼ਾਦਾ ਬਣਾ ਕੇ ਛੱਕਣ ਕਿਉਂਕਿ :

"ਜਹਾਂ ਕਹਾਂ ਕਾ ਛਕੇ ਪ੍ਰਸਾਦਿ,
ਸਿਖ ਨਹੀਂ ਮੇਰਾ ਆਦਿ ਜੁਗਾਦਿ।"

ਤੇ

"ਜਾਕੀ ਰਹਿਤ ਨ ਜਾਣੀਐ
ਗੁਰ ਮੰਤਰ ਨਹੀਂ ਚੀਤ॥
ਉਨਕਾ ਭੋਜਨ ਖਾਇਕੈ
ਬਿਸਰੈ ਹਰਿ ਸਿਉ ਪ੍ਰੀਤ॥"

ਵਡ ਪ੍ਰਤਾਪੀ ਸਤਿਗੁਰੂ ਜੀ ਨੇ ਕਲਜੁਗ ਵਿਚ ਸੁੱਚ ਸੋਧ ਨਾਮ ਬਾਣੀ ਦਾ ਨਿਰੰਤਰ ਪ੍ਰਵਾਹ ਚਲਾ ਦਿੱਤਾ, ਤੇ ਇਸ ਦੇ ਅਸਲੀ ਰੂਪ ਦੀ ਸਿੱਖਿਆ ਹੋਲੇ ਦੇ ਸ਼ੁਭ ਅਵਸਰ ਤੇ ਦਿੱਤੀ ਜਾਂਦੀ। ਅੰਮ੍ਰਿਤ ਪਾਨ ਕਰਵਾਇਆ ਜਾਂਦਾ, ਹਵਨ ਕਰਕੇ ਵਾਤਾਵਰਣ ਸ਼ੁੱਧ, ਤੇ ਰਸ ਭਿੰਨੇ ਦਰਸ਼ਨ, ਭਜਨ ਬਾਣੀ ਦੀ ਮਿੱਠੀ-ਮਿੱਠੀ ਮਹਿਕ ਹੋਲੇ ਦੇ ਥਾਂ ਦੇ ਹਰ ਕਣ-ਕਣ ਨੂੰ ਪਵਿੱਤ੍ਰ ਬਣਾਉਂਦੀ, ਰਾਗੀਆਂ, ਪ੍ਰਚਾਰਕਾਂ ਦੇ ਸ਼ੁੱਭ ਉਪਦੇਸ਼ ਦੂਰ-ਦੂਰ ਤੱਕ ਨਾਮ ਬਾਣੀ ਦਾ ਸੰਦੇਸ਼ ਫੈਲਾਅ ਦਿੰਦੇ, ਫਿਰ ਭਲਾ ਹਰ ਮਨੁੱਖੀ ਮਨ ਆਪਣੇ ਪਿਆਰੇ ਸਤਿਗੁਰੂ ਜੀ ਦੀ ਯਾਦ ਵਿੱਚ ਕਿਵੇਂ ਨਾ ਲਿਵ-ਲੀਣ ਹੋਵੇ ?

ਹੋਲਿਆਂ ਦੇ ਅਵਸਰ ਤੇ ਸਿਰਫ ਵੱਡਿਆਂ ਤੇ ਬਜ਼ੁਰਗਾਂ ਵੱਲ ਹੀ ਧਿਆਨ ਨਹੀਂ ਸੀ ਦਿੱਤਾ ਜਾਂਦਾ, ਸਗੋਂ ਬੱਚਿਆਂ ਨੂੰ ਵੀ ਵੱਖ-ਵੱਖ ਪ੍ਰਤਿਯੋਗਤਾਵਾਂ ਵਿਚ ਹਿੱਸਾ ਲੈ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤ੍ਰ ਕਰ-ਕੰਵਲਾਂ ਤੋਂ ਇਨਾਮ ਪ੍ਰਾਪਤ ਕਰਨ ਦਾ ਸੁਭਾਗ ਮਿਲਦਾ। ਸਤਿਗੁਰੂ ਜੀ ਹੋਲੇ ਦੇ ਸ਼ੁਭ ਅਵਸਰ ਤੇ ਹਿੰਦੂ, ਸਿੱਖ, ਮੁਸਲਮਾਨ ਸਾਰਿਆਂ ਨੂੰ ਇਕੋ ਮੰਚ ਤੇ ਇਕੱਠਾ ਕਰਕੇ ਮੇਲ-ਮਿਲਾਪ, ਆਪਸੀ-ਭਾਈਚਾਰਾ, ਪ੍ਰੇਮ-ਪਿਆਰ ਦਾ ਸੰਦੇਸ਼ ਦਿੰਦੇ। ਸਾਰੇ ਇਕੋ ਹੀ ਮਾਲਾ ਦੇ ਮਣਕੇ ਵਿੱਚ ਪਰੋਏ ਜਾਂਦੇ। ਇਸ ਮੌਕੇ ਤੇ ਅਨੇਕਾਂ ਹੀ ਸਮਾਜ ਸੁਧਾਰਕ ਕੰਮਾਂ ਦੀ ਰੂਪ ਰੇਖਾ ਬਣਾਈ ਜਾਂਦੀ, ਤੇ ਫਿਰ ਉਸ ਨੂੰ ਅਮਲੀ ਜਾਮਾ ਪਹਿਣਾਇਆ ਜਾਂਦਾ। ਸਮਾਜ ਦੇ ਦਾਜ ਦਹੇਜ ਹੋਰ ਵਿਆਹ ਤੇ ਅਨੇਕਾਂ ਹੀ ਕੁਪ੍ਰਥਾਵਾਂ ਨੂੰ ਜੜ੍ਹ ਤੋਂ ਉਖਾੜਨ ਦੇ ਆਦੇਸ਼ ਦਿੰਦੇ ਤੇ ਸਵਦੇਸ਼ੀ ਵਸਤੂਆ ਦੀ ਵਰਤੋਂ ਤੇ ਜ਼ੋਰ ਦਿੱਤਾ ਜਾਂਦਾ। ਦੇਸ਼ ਨਾਲ ਸੰਬੰਧਿਤ ਵੱਡੀਆਂ-ਵੱਡੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾਂਦਾ ਤੈ ਇਸ ਲਈ ਨਾਮਧਾਰੀ ਦਰਬਾਰ ਦੀਆਂ ਇਕੱਤ੍ਰਤਾਵਾਂ ਕਰਕੇ ਅਨੇਕਾਂ ਮਤੇ ਪਾਸ ਕੀਤੇ ਜਾਂਦੇ। ਇਸ ਤਰ੍ਹਾਂ ਕੀ ਦੇਸ਼, ਕੀ ਵਿਦੇਸ਼ ਸਤਿਗੁਰੂ ਜੀ ਮਨੁੱਖਤਾ ਦੇ ਹਰਮਨ ਪਿਆਰੇ ਤਾਂ ਸਨ ਹੀ, ਜਾਨਵਰ ਵੀ ਵਿਸ਼ੇਸ਼ ਕ੍ਰਿਪਾ ਤੇ ਸਨੇਹ ਦੇ ਪਾਤਰ ਸਨ, ਘੋੜੇ, ਗਾਵਾਂ, ਬੈਲ ਇਤਿਆਦਿ ਦੀਆਂ ਇਹਨਾਂ ਮੇਲਿਆਂ ਤੇ ਪਸ਼ੂ-ਪ੍ਰਦਰਸ਼ਨੀਆਂ ਕਰਵਾ ਕੇ ਉਨ੍ਹਾਂ ਦੇ ਮਾਲਿਕਾਂ ਨੂੰ ਇਨਾਮ ਦਿੱਤਾ

ਜਾਂਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਹੋਲੇ ਦੇ ਦਿਨਾਂ ਵਿਚ ਅਨੇਕਾਂ ਕੌਤਕ ਕਰਦੇ, ਜਿਹੜੇ ਜਾਣਕਾਰੀ ਦੀ ਘਾਟ ਕਰਕੇ ਇਸ ਪੁਸਤਕ ਵਿਚ ਨਹੀਂ ਲਿਖੇ ਗਏ ਹੋਣਗੇ, ਇਸ ਲਈ ਮੈਂ ਆਪਣੇ ਪਿਆਰੇ ਪੂਜਯ ਸਤਿਗੁਰੂ ਜੀ ਤੋਂ ਖਿਮਾ ਦੀ ਜਾਚਿਕਾ ਹਾਂ। ਆਪ ਜੀ ਦਾ ਆਖਰੀ ਹੋਲਾ ਬਿਕ੍ਰਮੀ 2015-ਸੰਨ 1959 ਦਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰਕ ਉਹਲਾ ਕਰਨ ਤੋਂ ਉਪਰੰਤ ਸਤਿਗੁਰੂ ਜਗਜੀਤ ਸਿੰਘ ਨਾਮਧਾਰੀ ਪੰਥ ਦੇ ਰਹਿਨੁਨਾ ਦਿਲਬਰ, ਪੱਥ-ਪ੍ਰਦਰਸ਼ਕ ਤੇ ਸਭ ਕੁਝ ਬਣ ਗਏ। ਸਤਿਗੁਰੂ ਸੱਚੇ ਪਾਤਸ਼ਾਹ ਜੀ ਸੀਤਲਤਾ ਦੇ ਸ੍ਰੋਤ, ਸ਼ਾਂਤੀ ਤੇ ਸਾਦਗੀ ਦੀ ਪ੍ਰਤਿਮਾ, ਵਾਤਸਲਯ ਤੇ ਸਨੇਹ ਦੇ ਪੁੰਜ, ਨਿਮਰਤਾ, ਮਿਠਾਸ, ਪਵਿੱਤ੍ਰਤਾ, ਗੰਭੀਰਤਾ, ਉਦਾਰਤਾ ਦੇ ਅਥਾਹ ਭੰਡਾਰ, ਨੇਤਰ ਅੰਮ੍ਰਿਤ ਭਿੰਨੇ, ਬੁੱਲ੍ਹਾਂ ਤੇ ਹਰ ਵੇਲੇ ਮਨ-ਮੋਹਕ ਮੁਸਕਰਾਹਟ, ਭਜਨ ਬੰਦਗੀ, ਨਾਮ ਸਿਮਰਨ, ਪਾਠ ਗੁਰਬਾਣੀ ਦੇ ਨਿਰੰਤਰ ਪ੍ਰਵਾਹ, ਪਸ਼ੂ ਪੰਛੀ, ਜੀਵ-ਜੰਤੂ, ਮਨੁੱਖਤਾ ਦੀ ਕਸਕ, ਪੀੜਾ ਵੇਦਨਾ ਦੁੱਖਾਂ ਦੇ ਨਿਵਾਰਕ, ਸੰਵੇਦਨਸ਼ੀਲ ਹਨ।

ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲੇ ਮਹੱਲੇ ਦੀ ਪਰੰਪਰਾ ਨੂੰ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਛੱਡ ਗਏ ਸਨ, ਹੋਰ ਅਗਾਂਹ ਟੋਰਿਆ, ਤੇ ਉਸ ਦੀ ਮਹੱਤਤਾ ਹੋਰ ਵਧਾ ਦਿੱਤੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਵਿਸ਼ੇਸ਼ ਕ੍ਰਿਪਾ ਕੀਤੀ। ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਦਿਵਸ, ਹੋਲੇ ਦਾ ਪਰਵ, ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਵਸ ਤਿੰਨਾਂ ਨੂੰ ਮਿਲਾ ਕੇ ਤ੍ਰਿਬੇਣੀ ਦਾ ਕੁੰਭ ਬਣਾ ਦਿੱਤਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤ੍ਰ ਛਾਇਆ ਹੇਠ ਸੰਨ ਬਿਕ੍ਰਮੀ-2016 ਸੰਨ-1960 ਤੋਂ ਲੈ ਕੇ ਹੁਣ ਤੱਕ ਹੋਲਿਆਂ ਦਾ ਪ੍ਰਵਾਹ ਨਿਰੰਤਰ ਚਲ ਰਿਹਾ ਹੈ। ਆਪ ਜੀ ਦੇ ਸਮੇਂ ਵਿਚ ਹੋਏ ਹੋਲਿਆਂ ਦਾ ਵੇਰਵਾ ਇਸ ਪ੍ਰਕਾਰ ਹੈ :—

| ਈਸਵੀ | ਬਿਕ੍ਰਮੀ | ਸਥਾਨ |
|---|---|---|
| 1960 | 2016 | ਆਰ. ਬੀ. ਗੰਗਾ ਨਗਰ |
| 1961 | 2017 | ਸ੍ਰੀ ਭੈਣੀ ਸਾਹਿਬ-ਲੁਧਿਆਣਾ |
| 1962 | 2018 | ਬਾਜਾ ਖਾਨਾ-ਬਠਿੰਡਾ |
| 1963 | 2019 | ਸੰਤ ਨਗਰ-ਹਿਸਾਰ |
| 1964 | 2020 | ਕਰੀ ਵਾਲਾ-ਹਿਸਾਰ |
| 1965 | 2021 | ਸਿਰਸਾ-ਹਿਸਾਰ |
| 1966 | 2022 | ਦਿੱਲੀ-ਖਾਸ |
| 1967 | 2023 | ਦਮਦਮਾ ਸਾਹਿਬ |
| 1968 | 2024 | ਲੁਧਿਆਣਾ ਸ਼ਹਿਰ-ਖਾਸ |
| 1969 | 2025 | ਮੁਠੱਡੇ ਕਲਾਂ-ਜਲੰਧਰ |
| 1970 | 2026 | ਅੰਮ੍ਰਿਤਸਰ ਸ਼ਹਿਰ |
| 1971 | 2027 | ਅਨੰਦਪੁਰ ਸਾਹਿਬ |

| ਈਸਵੀ | ਬਿਕ੍ਰਮੀ | ਸਥਾਨ |
|---|---|---|
| 1972 | 2028 | ਸ੍ਰੀ ਜਗਜੀਤ ਨਗਰ ਅਤੇ ਬੈਂਕੋਕ (ਥਾਈਲੈਂਡ) |
| 1973 | 2029 | ਕਰੀਵਾਲਾ (ਸਿਰਸਾ) |
| 1974 | 2030 | ਅਮਰਾਸਰ ਕਲਾਂ (ਸਿਰਸਾ) |
| 1975 | 2031 | ਅਮਰਾਸਰ ਕਲਾਂ (ਸਿਰਸਾ) |
| 1976 | 2032 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1977 | 2033 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1978 | 2034 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1979 | 2035 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1980 | 2036 | ਰਾਣੀਆ (ਸਿਰਸਾ) |
| 1981 | 2037 | ਸੰਤ ਨਗਰ ਤੇ ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1982 | 2038 | ਗੋਲਾ ਗੋਕਰਨ ਨਾਥ (ਯੂ. ਪੀ.) |
| 1983 | 2039 | ਅਮਰਾਸਰ ਕਲਾਂ (ਸਿਰਸਾ) |
| 1984 | 2040 | ਸ੍ਰੀ ਜੀਵਨ ਨਗਰ ਸਿਰਸਾ ਅਤੇ ਬਰਮਿੰਘਮ (ਇੰਗਲੈਂਡ) |
| 1985 | 2041 | ਨਵੀਂ ਦਿੱਲੀ |
| 1985 | 2042 | ਦਾਰਾਸਲਮਾ (ਤਨਜ਼ਾਨੀਆ) |
| 1986 | 2042 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1987 | 2043 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1988 | 2044 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1989 | 2045 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1990 | 2046 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |
| 1991 | 2047 | ਸ੍ਰੀ ਭੈਣੀ ਸਾਹਿਬ (ਲੁਧਿਆਣਾ) |

ਉਹੀ ਭਜਨ ਬੰਦਗੀ, ਉਹੀ ਨਾਮ ਸਿਮਰਨ, ਕਥਾ ਕੀਰਤਨ ਦਾ ਅਖੰਡ ਪ੍ਰਵਾਹ, ਸ਼ੁਭ ਬਚਨ ਤੇ ਪਵਿੱਤ੍ਰ ਉਪਦੇਸ਼ ਆਦਿ ਗ੍ਰੰਥ ਸਾਹਿਬ ਤੇ ਦਸਮ-ਗ੍ਰੰਥ ਦੇ ਪਾਠਾਂ ਦੇ ਭੋਗ, ਪੁਰਾਤਨ ਅਨੰਦ ਮਰਿਆਦਾ ਅੰਮ੍ਰਿਤ-ਪਾਨ ਤੇ ਹਵਨ ਦੀ ਸੁਗੰਧੀ ਨਾਲ ਸਾਰਾ ਵਾਤਾਵਰਨ ਸ਼ੁਧ ਤੇ ਸੁਗੰਧਮਈ, ਉਹੀ ਮਸਤੀ, ਉਹੀ ਖੇੜਾ, ਉਹੀ ਹੁਲਾਸ ਤੇ ਵਰਤਮਾਨ ਸਤਿਗੁਰੂ ਜੀ ਦੀ ਛੱਤ੍ਰ ਛਾਂ ਹੇਠਾਂ, ਕੀ ਨਾਮਧਾਰੀ ਸਿੱਖ, ਕੀ ਹਿੰਦੂ, ਕੀ ਮੁਸਲਮਾਨ ਸਭ ਦਰਸ਼ਨਾਂ ਦੀ ਦਾਤ ਪ੍ਰਾਪਤ ਕਰਕੇ ਧੰਨ ਧੰਨ ਹੁੰਦੇ ਹਨ ।

ਸਤਿਗੁਰੂ ਜੀ ਬੱਚਿਆਂ ਤੇ ਨੌਜਵਾਨਾਂ, ਬ੍ਰਿਧਾਂ ਵੱਲ ਵਿਸ਼ੇਸ਼ ਰੂਪ ਵਿਚ ਧਿਆਨ ਦਿੰਦੇ ਹਨ । ਬੱਚਿਆਂ ਦੀ ਬਹੁ-ਪੱਖੀ ਪ੍ਰਤਿਭਾ ਦੇ ਵਿਕਾਸ ਲਈ ਸਤਿਗੁਰੂ ਜੀ ਹਰ ਤਰ੍ਹਾਂ ਦੇ ਪ੍ਰਯਤਨ ਕਰਦੇ ਹਨ, ਹਰ ਤਰ੍ਹਾਂ ਦੇ ਸਾਧਨ ਜੁਟਾਂਦੇ ਹਨ । ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ, ਦਿੱਲੀ ਤੇ ਸਤਿਗੁਰੂ ਪ੍ਰਤਾਪ ਸਿੰਘ ਐਕਾਡਮੀ, ਸ੍ਰੀ ਭੈਣੀ ਸਾਹਿਬ ਵਿਖੇ ਸਥਾਪਿਤ ਕਰਕੇ ਬੱਚਿਆਂ ਦੀ ਬਹੁ-ਪੱਖੀ ਸਖਸੀਅਤ ਨੂੰ ਉਭਾਰਨ ਲਈ ਸਭ ਤਰ੍ਹਾਂ ਦੇ ਪ੍ਰਬੰਧ ਕਰ

ਦਿੱਤੇ। ਹੋਲੇ ਦੇ ਸ਼ੁਭ ਅਵਸਰ ਤੇ ਛੋਟੇ-ਛੋਟੇ ਬੱਚੇ ਹੋਲੇ ਦੇ ਦੀਵਾਨ ਲਗਾ ਕੇ, ਸ਼ਾਸਤ੍ਰੀਯ ਸੰਗੀਤ ਵਿਚ ਸ਼ਬਦਾਂ ਦਾ ਗਾਇਨ ਕਰਕੇ, ਸਤਿਗੁਰਾਂ ਤੇ ਸੰਤਾਂ ਸੰਬੰਧੀ ਜੀਵਨੀਆਂ ਤੇ ਵਿਖਿਆਣ ਦੇ ਕੇ ਆਦਿ ਗ੍ਰੰਥ ਸਾਹਿਬ ਤੇ ਦਸਮ-ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਪਾ ਕੇ, ਆਸਾ ਜੀ ਦੀ ਵਾਰ ਤੇ ਵਾਰਾ ਲਗਾ ਕੇ, ਅਨੰਦ-ਕਾਰਜਾਂ ਵੇਲੇ ਲਾਵਾਂ ਦਾ ਉਚਾਰਣ ਕਰਕੇ, ਅੰਗ੍ਰੇਜ਼ੀ, ਹਿੰਦੀ, ਪੰਜਾਬੀ ਵਿਚ ਕਵਿਤਾਵਾਂ ਦਾ ਪਾਠ ਕਰਕੇ, ਦੇਸ਼ ਵਿਦੇਸ਼ ਤੋਂ ਆਈ ਸਮੂਹ ਸਾਧ-ਸੰਗਤ ਨੂੰ ਅਤਿ ਪ੍ਰਭਾਵਿਤ ਕਰਦੇ ਹਨ। ਇਹ ਸਭ ਸਤਿਗੁਰੂ ਜੀ ਦੀ ਵਿਸੇਸ਼ ਕ੍ਰਿਪਾ ਸਦਕਾ ਹੀ ਉਪਲਬੱਧ ਹੋ ਸਕਿਆ ਹੈ। ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ !

## ਧੰਨਵਾਦ ਸਹਿਤ ਹੇਠ ਲਿਖਿਤ ਪੁਸਤਕਾਂ ਤੇ ਪੱਤ੍ਰਿਕਾਵਾਂ 'ਚੋਂ

| | |
|---|---|
| —ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ | —ਸਤਿਗੁਰੂ ਅਰਜਨ ਦੇਵ ਜੀ |
| —ਦਸਮ-ਗ੍ਰੰਥ ਸਾਹਿਬ | —ਸਤਿਗੁਰੂ ਗੋਬਿੰਦ ਸਿੰਘ ਜੀ |
| —ਹੁਕਮਨਾਮੇ | —ਸਤਿਗੁਰੂ ਰਾਮ ਸਿੰਘ ਜੀ |
| —ਅਜਿਤੇ ਰੰਧਾਵੇ ਦੀ ਗੋਸ਼ਟ | —ਭਾਈ ਬਾਲੇ ਵਾਲੀ ਜਨਮ-ਸਾਖੀ |
| —ਸੂਰਜ ਪ੍ਰਕਾਸ਼ | —ਭਾਈ ਸੰਤੋਖ ਸਿੰਘ ਜੀ |
| —ਸੌ ਸਾਖੀ | —ਸਤਿਗੁਰੂ ਗੋਬਿੰਦ ਸਿੰਘ ਜੀ |
| —ਗੁਰਿੰਡ ਨਾਮਾ | —ਸਤਿਗੁਰੂ ਗੋਬਿੰਦ ਸਿੰਘ ਜੀ |
| —ਜੁਗ ਪਲਟਾਉ ਸਤਿਗੁਰੂ | —ਸੰਤ ਨਿਧਾਨ ਸਿੰਘ ਜੀ ਆਲਮ |
| —ਪੰਥ ਪ੍ਰਕਾਸ਼ | —ਗਿਆਨੀ ਗਿਆਨ ਸਿੰਘ ਜੀ |
| —ਵਾਰਾਂ | —ਭਾਈ ਗੁਰਦਾਸ ਜੀ |
| —ਮਹਾਨ ਕੋਸ਼ | —ਭਾਈ ਕਾਨ੍ਹ ਸਿੰਘ ਜੀ |
| —ਸਤਿਗੁਰੁ ਬਿਲਾਸ | —ਭਾਈ ਧਿਆਨ ਸਿੰਘ ਜੀ |
| —ਜੱਸ-ਜੀਵਨ (ਭਾਗ ਇਕ ਤੋਂ ਚਾਰ) | —ਸੰਤ ਤਰਨ ਸਿੰਘ ਜੀ ਵਹਿਮੀ |
| —ਨਾਮਧਾਰੀ ਅਤੇ ਕਾਂਗਰਸ | —ਮਹਾਰਾਜ ਬੀਰ ਸਿੰਘ ਜੀ |
| —ਸੂਬਾ ਗੰਡਾ ਸਿੰਘ ਜੀ | —ਪ੍ਰਿੰ: ਬੇਅੰਤ ਕੌਰ ਜੀ |
| —ਵਡ ਪਰਤਾਪੁ ਅਚਰਜ ਰੂਪ | —ਤਾਰਾ ਸਿੰਘ ਕਾਮਲ, ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ |
| —ਪਰਤਾਪੁ ਸਦਾ ਗੁਰ ਕਾ ਘਟਿ-ਘਟ | —ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ |
| —ਬਡ ਪਰਤਾਪੁ ਸੁਨਿਓ ਪ੍ਰਭੁ ਤੁਮ੍ਰੋ | —ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ |
| —ਰਹਿਤਨਾਮਾ | —ਭਾਈ ਦੇਸਾ ਜੀ |
| —ਰਾਮਾਇਣ | —ਤੁਲਸੀ ਦਾਸ |
| —ਸ੍ਰੀ ਮਦ ਭਾਗਵਤ ਗੀਤਾ | —ਮਹਾਰਿਸ਼ੀ ਵੇਦ ਵਿਆਸ |
| —ਪ੍ਰੀਤ ਲੜੀ | —ਸ: ਗੁਰਬਖਸ਼ ਸਿੰਘ ਜੀ |
| —ਨਿਰੀਖਿਅਕ | —ਸ: ਦਲੀਪ ਸਿੰਘ ਜੀ |
| —ਸ਼ਤਾਬਦੀ ਨਿਊਜ਼ ਅੰਕ | —ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ ਸਮਿਤੀ |
| —ਸ਼ਹੀਦ | —ਬੇਅੰਤ ਕੌਰ |
| —ਨਾਮਧਾਰੀ ਹੋਲਾ ਮਹੱਲਾ ਅੰਕ | —ਨਾਮਧਾਰੀ ਦਰਬਾਰ |
| —ਸਤਿਜੁਗ ਦੇ ਮਾਸਿਕ ਅੰਕ | |
| —ਸਤਿਜੁਗ ਦੇ ਸਪਤਾਹਿਕ ਅੰਕ | |

# ਸਤਿਗੁਰੂ ਬਚਨ

—''ਅਸਲ ਹੋਲਾ ਇਹ ਹੈ, ਕਿ ਕੋਈ ਭੁੱਖਾ ਤਾਂ ਭਾਵੇਂ ਚਲਾ ਜਾਵੇ, ਪਰ ਦੁੱਖੀ ਨਾ ਜਾਵੇ। ਕੌੜੇ ਬਚਨਾਂ ਨਾਲ ਕਿਸੇ ਦਾ ਦਿਲ ਨਾ ਦੁਖਾਇਆ ਜਾਵੇ। ਕਿਸੇ ਨਾਲ ਵਾਧਾ ਨਾ ਕਰੋ ਤੇ ਅਨਿਆਂ ਜਰੋ ਨਾ। ਵਾਧਾ ਕਰਨ ਵਾਲੇ ਦੀ ਮੁਥਾਜੀ ਨਹੀਂ ਕਰਨੀ, ਮਾਰ ਨਹੀਂ ਖਾਣੀ, ਮਰ ਭਾਵੇਂ ਜਾਣਾ, ਪਰ ਈਮਾਨਦਾਰੀ ਅਣਖ ਤੇ ਆਣ ਵਿਚ ਰਹਿਣਾ।''

—''ਆਪਣੇ ਸਤਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੀਰਤਨ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਸੂਰਜ ਵੱਲ ਮੁੱਖ ਕਰਨ ਤੇ ਪਰਛਾਵਾਂ ਆਪਣੇ ਆਪ ਪਿਛੇ ਲੱਗ ਟੁਰਦਾ ਹੈ, ਤਿਵੇਂ ਸਤਿਗੁਰੂ ਵੱਲ ਮੁੱਖ ਰਖਿਆਂ, ਮਾਇਕੀ ਪਦਾਰਥ ਆਪਣੇ ਆਪ ਪਿੱਛੇ ਲੱਗ ਟੁਰਦੇ ਹਨ।''

—''ਤੰਗੀ ਸਮੇਂ ਜੁੜ ਬੈਠਣ ਦੀ ਜਗ੍ਹਾ ਭੈਣੀ ਸਾਹਿਬ ਨਾਲੋਂ ਹੋਰ ਕੋਈ ਚੰਗੀ ਨਹੀਂ। ਜੋ ਸਾਡੇ ਪਾਸ ਆ ਟਿਕੇਗਾ ਉਸ ਦੀ ਅਸੀਂ ਮਦਦ ਆਪਣੇ ਬੱਚੇ ਵਾਂਗੂ ਬੜੀ ਰਿਆਇਤ ਰਖ ਕਰਾਂਗੇ।''

—''ਕਥਨੀ ਨਾਲੋਂ ਕਰਨੀ ਵੱਲ ਧਿਆਨ ਦੇਣ ਦੀ ਜ਼ਿਆਦਾ ਲੋੜ ਹੈ, ਤਾਂ ਹੀ ਅਸੀਂ ਦੂਸਰੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਾਂ।''

—''ਜੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਨਹੀਂ ਮੰਨੋਗੇ, ਤਾਂ ਅੰਮ੍ਰਿਤ ਕਿਵੇਂ ਤਿਆਰ ਕਰੋਗੇ। ਅਰਦਾਸ ਕਿਥੋਂ ਲੈ ਕਰੋਗੇ ?''

—''ਸਾਡੀ ਆਪਣੀ ਹਕੂਮਤ ਹੈ। ਮੁਲਕ ਲਈ ਕੁਰਬਾਨੀ ਦਿਉ, ਜੋ ਚਾਹੁੰਦਾ ਹੈ ਫੌਜ ਵਿਚ ਭਰਤੀ ਹੋ ਕੇ ਭਾਰਤ ਦੀ ਸੇਵਾ ਕਰੇ। ਪਰ ਉਥੇ ਵੀ ਜੋ ਨਾਮ ਜਪੇਗਾ, ਉਸ ਦੀ ਫਤਹਿ ਤੇ ਰੱਖਿਆ ਹੋਵੇਗੀ।''

—''ਪਾਠਸ਼ਾਲਾ ਵਿਚ ਦਸਤਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਤਨਾ ਚਿਰ ਬੱਚੇ ਹੱਥੀਂ ਕੰਮ ਕਰਨਾ ਨਹੀਂ ਸਿਖਣਗੇ, ਆਲਸ ਵਧਦਾ ਜਾਵੇਗਾ ਤੇ ਬੱਚੇ ਨਿਰੋਲ ਕਲਮ ਦੀ ਨੌਕਰੀ ਦੀ ਤਲਾਸ਼ ਵਿਚ ਫਿਰਦੇ ਰਹਿਣਗੇ।''

(ਇਸੇ ਪੁਸਤਕ 'ਚੋਂ)



ਬੀਬੀ ਬੇਅੰਤ ਕੌਰ ਜੀ ਦੀਆਂ ਵਿੱਦਿਅਕ ਯੋਗਤਾਵਾਂ ਐਮ. ਏ. ਪੰਜਾਬੀ, ਅੰਗਰੇਜ਼ੀ, ਸਾਹਿਤ ਰਤਨ ਹਿੰਦੀ ਅਤੇ ਬੀ. ਟੀ. ਹਨ। ਆਪ ਨੂੰ ਟ੍ਰੇਨਿੰਗ ਕਾਲਜ ਅਤੇ ਕੇਂਦਰੀ ਵਿਦਿਆਲਾ ਹਰਿਦੁਆਰ ਤੇ ਦਿੱਲੀ ਵਿਖੇ ਪੜ੍ਹਾਉਣ ਦਾ ਵਿਸ਼ਾਲ ਅਨੁਭਵ ਪ੍ਰਾਪਤ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਪ ਜੀ ਨੇ ਕੇਂਦਰੀ ਵਿਦਿਆਲਾ ਦੀ ਸਥਾਈ ਨੌਕਰੀ ਛੱਡ ਕੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਵਿਖੇ ਪ੍ਰਿੰਸੀਪਲ ਦੇ ਪਦ ਨੂੰ ਸੰਭਾਲਿਆ। ਇਹਨਾਂ ਦੇ ਵਿਸ਼ਾਲ ਅਨੁਭਵ ਤੇ ਸੁਯੋਗ ਅਗਵਾਈ ਹੇਠ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਸੀਨੀਅਰ ਸੈਕੰਡਰੀ ਸਕੂਲ ਬਣ ਕੇ ਉੱਨਤੀ ਦੇ ਪੱਥ ਤੇ ਅਗ੍ਰਸਰ ਹੋ ਰਿਹਾ ਹੈ।

ਬੀਬੀ ਜੀ ਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਕ ਹੈ ਤੇ ਆਪ ਜੀ ਦੇ ਲੇਖ ਸਤਿਜੁਗ, ਵਰਿਆਮ ਨਿਰੀਖਿਅਕ, ਅਕਸ ਅਤੇ ਪੰਜਾਬੀ ਡਾਈਜੈਸਟ ਆਦਿ ਵਿਚ ਛੱਪ ਚੁੱਕੇ ਹਨ। ਬੀਬੀ ਬੇਅੰਤ ਕੌਰ ਜੀ ਦੀ ਪੁਸਤਕ 'ਸੂਬਾ ਗੰਡਾ ਸਿੰਘ' ਮਾਰਚ 1990 ਵਿਚ ਪਾਠਕਾਂ ਪ੍ਰਤੀ ਪਹਿਲੀ ਭੇਟ ਸੀ। ਇਸ ਤੋਂ ਉਪਰੰਤ 'ਸ਼ਹੀਦ' ਪੱਤ੍ਰਿਕਾ ਪ੍ਰਕਾਸ਼ਿਤ ਕੀਤੀ ਤੇ ਹੁਣ ਹੱਥਲੀ ਪੁਸਤਕ 'ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਹੋਲੇ ਮਹੱਲੇ' ਸਤਿਗੁਰੂ ਜੀ ਦੇ ਚਰਨਾਂ ਵਿਚ ਸਮਰਪਿਤ ਹੈ।